13ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ

VOL -13 ISSUE - 30
October 30, 2024
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ



ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਗੁਰਦੁਆਰਾ ਸਾਹਿਬ ਵਲੋਂ ਸਜਾਏ ਨਗਰ ਕੀਰਤਨ।
(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 3 'ਤੇ)



ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦੇ ਨਾਲ ਹਾਕਮਾਂ ਦੇ ਜ਼ੁਲਮਾਂ ਖਿਲਾਫ ਬੋਲਣ, ਤਰਕਸ਼ੀਲ ਸੋਚ ਰੱਖਣ ਵਾਲੇ ਮਹਾਨ ਚਿੰਤਕ ਸ਼੍ਰੀ ਗੁਰੂ ਨਾਨਕ ਦੇਵ ਜੀ।
(ਸਬੰਧਤ ਲੇਖ ਦੇਖੋ ਸਫਾ 25 'ਤੇ)

## ਡਾ. ਅੰਬੇਡਕਰ ਦਾ ਆਗਮਨ ਦਿਵਸ ਇਤਿਹਾਸਕ ਸਥਾਨ ਅੰਬੇਡਕਰ ਭਵਨ ਵਿਖੇ ਮਨਾਇਆ ਗਿਆ







ਸਬੰਧਤ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 5 'ਤੇ

## ਰਾਸ਼ਟਰਪਤੀ ਬਾਇਡਨ ਨੇ ਵ੍ਹਾਈਟ ਹਾਊਸ 'ਚ ਮਨਾਈ ਦੀਵਾਲੀ



**ਵਾਸ਼ਿੰਗਟਨ (ਬਿਊਰੋ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵ੍ਹਾਈਟ ਹਾਊਸ ਵਿਚ ਭਾਰਤੀ ਮੂਲ ਦੇ ਅਮਰੀਕੀਆਂ ਨਾਲ ਦੀਵਾਲੀ ਮਨਾਈ। ਸਮਾਗਮ ਵਿਚ 600 ਤੋਂ ਵੱਧ ਉੱਘੇ ਭਾਰਤੀ ਅਮਰੀਕੀਆਂ ਨੇ ਹਾਜ਼ਰੀ ਭਰੀ, ਜਿਨ੍ਹਾਂ ਵਿਚ ਸੰਸਦ ਮੈਂਬਰ, ਅਧਿਕਾਰੀ ਤੇ ਦੇਸ਼ ਭਰ ਦੇ ਕਾਰਪੋਰੇਟ ਐਗਜ਼ੀਕਿਊਟਿਵਜ਼ ਵੀ ਸ਼ਾਮਲ ਸਨ। ਬਾਇਡਨ ਨੇ ਵ੍ਹਾਈਟ ਹਾਊਸ ਦੇ ਖਚਾਖਚ ਭਰੇ ਈਸਟ ਰੂਮ ਵਿਚ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ, ''ਮੈਨੂੰ ਰਾਸ਼ਟਰਪਤੀ ਵਜੋਂ ਵ੍ਹਾਈਟ ਹਾਊਸ ਵਿਚ ਦੀਵਾਲੀ ਦੇ ਸਭ ਤੋਂ ਵੱਡੇ ਜਸ਼ਨ ਦੀ ਮੇਜ਼ਬਾਨੀ ਕਰਨ ਦਾ ਮਾਣ ਮਿਲਿਆ ਹੈ। ਮੇਰੇ ਲਈ ਇਹ ਬਹੁਤ ਵੱਡੀ ਗੱਲ ਹੈ। ਸੈਨੇਟਰ, ਉਪ ਰਾਸ਼ਟਰਪਤੀ ਤੇ ਰਾਸ਼ਟਰਪਤੀ ਵਜੋਂ; ਦੱਖਣ ਏਸ਼ਿਆਈ ਅਮਰੀਕੀ ਮੇਰੇ ਸਟਾਫ਼ ਦੇ ਅਹਿਮ ਮੈਂਬਰ ਰਹੇ ਹਨ। ਮੈਨੂੰ ਇਸ ਗੱਲ ਦਾ ਮਾਣ ਹੈ ਮੈਂ ਇਕ ਅਜਿਹਾ ਪ੍ਰਸ਼ਾਸਨ, ਜੋ ਅਮਰੀਕਾ ਵਰਗਾ ਲੱਗਦਾ ਹੈ, ਦੇਣ ਦੀ ਆਪਣੀ ਵਚਨਬੱਧਤਾ ਨੂੰ ਪੂਰਾ ਕਰ ਸਕਿਆ।''

ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਪ੍ਰਥਮ ਮਹਿਲਾ ਜਿਲ ਬਾਇਡਨ ਚੋਣ ਪ੍ਰਚਾਰ ਵਿਚ ਰੁੱਝੇ ਹੋਣ ਕਰਕੇ ਦੀਵਾਲੀ ਦੀ ਜਸ਼ਨਾਂ ਵਿਚ ਸ਼ਾਮਲ ਨਹੀਂ ਹੋ ਸਕੇ। ਵਾਈਸ ਐਡਮਿਰਲ ਤੇ ਅਮਰੀਕੀ ਸਰਜਨ ਜਨਰਲ ਵਿਵੇਕ ਐਚ। ਮੂਰਤੀ, ਸੇਵਾਮੁਕਤ ਜਲਸੈਨਾ ਅਧਿਕਾਰੀ ਤੇ ਨਾਸਾ ਦੀ ਪੁਲਾੜ ਵਿਗਿਆਨੀ ਸੁਨੀਤਾ ਵਿਲੀਅਮਜ਼ (ਜਿਨ੍ਹਾਂ ਕੌਮਾਂਤਰੀ ਪੁਲਾੜ ਸਟੇਸ਼ਨ ਤੋਂ ਰਿਕਾਰਡਿਡ ਵੀਡੀ ਸੁਨੇਹਾ ਭੇਜਿਆ ਸੀ) ਤੇ ਭਾਰਤੀ ਅਮਰੀਕੀ ਯੂਥ ਕਾਰਕੁਨ ਸ਼ਰੁਸ਼ਟੀ ਅਮੁਲਾ ਨੇ ਵੀ ਬਾਇਡਨ ਦੀਆਂ ਉਪਰੋਕਤ ਟਿੱਪਣੀਆਂ ਨੂੰ ਹੀ ਦੁਹਰਾਇਆ। ਅਮਰੀਕੀ ਰਾਸ਼ਟਰਪਤੀ ਨੇ ਸਮਾਗਮ ਦੌਰਾਨ ਵ੍ਹਾਈਟ ਹਾਊਸ ਦੇ ਬਲੂ ਰੂਮ ਵਿਚ ਰਸਮੀ ਦੀਵਾ ਵੀ ਜਗਾਇਆ।

## ਗ਼ੈਰਕਾਨੂੰਨੀ ਤੌਰ 'ਤੇ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ 1100 ਭਾਰਤੀ ਡਿਪੋਰਟ ਕੀਤੇ

**ਨਵੀਂ ਦਿੱਲੀ (ਬਿਊਰੋ)-** ਅਮਰੀਕਾ ਨੇ ਮੁਲਕ 'ਚ ਇਕ ਸਾਲ ਤੋਂ ਗ਼ੈਰਕਾਨੂੰਨੀ ਤੌਰ 'ਤੇ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ 1,100 ਭਾਰਤੀਆਂ ਨੂੰ ਵਤਨ ਵਾਪਸ ਭੇਜਿਆ ਹੈ। ਅਮਰੀਕਾ ਨੇ ਕਿਹਾ ਹੈ ਕਿ ਇਹ ਲੋਕ ਮੈਕਸਿਕੋ ਅਤੇ ਕੈਨੇਡਾ ਰਾਹੀਂ ਮੁਲਕ ਅੰਦਰ ਦਾਖ਼ਲ ਹੋਣਾ ਚਾਹੁੰਦੇ ਸਨ। ਅਮਰੀਕਾ ਮੁਤਾਬਕ ਅਜਿਹੇ ਵਿਅਕਤੀਆਂ 'ਤੇ ਮੁਕੱਦਮਾ ਵੀ ਚਲਾਇਆ ਜਾ ਸਕਦਾ ਹੈ। ਅਮਰੀਕਾ ਦੇ ਹੋਮਲੈਂਡ ਸਕਿਊਰਿਟੀ ਵਿਭਾਗ 'ਚ ਸਰਹੱਦੀ ਅਤੇ ਇਮੀਗਰੇਸ਼ਨ ਨੀਤੀ ਦੀ ਸਹਾਇਕ ਸਕੱਤਰ ਰੌਇਸ ਬਰਨਸਟੀਨ ਮੱਰੇ ਨੇ ਆਨਲਾਈਨ ਮੀਡੀਆ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ, ''ਅਮਰੀਕੀ ਵਿੱਤੀ ਵਰ੍ਹੇ 2024 'ਚ, ਜੋ 30 ਸਤੰਬਰ ਨੂੰ ਖ਼ਤਮ ਹੋਇਆ ਹੈ, ਮੁਲਕ ਨੇ 1,100 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਹੈ।'' ਮੱਰੇ ਨੇ ਕਿਹਾ ਕਿ ਅਮਰੀਕਾ ਕੋਲ ਇਹ ਦੱਸਣ ਲਈ ਪੂਰਾ ਵੇਰਵਾ ਨਹੀਂ ਹੈ ਕਿ ਡਿਪੋਰਟ ਕੀਤੇ ਵਿਅਕਤੀਆਂ 'ਚੋਂ ਕਿਹੜਾ ਪੰਜਾਬ ਜਾਂ ਕਿਸੇ ਹੋਰ ਸੂਬੇ ਦਾ ਵਸਨੀਕ ਹੈ। ਉਂਝ ਮੱਰੇ ਨੇ ਕਿਹਾ ਕਿ 22 ਅਕਤੂਬਰ ਨੂੰ ਚਾਰਟਰਡ ਉਡਾਣ ਪੰਜਾਬ ਦੇ ਹਵਾਈ ਅੱਡੇ 'ਤੇ ਉਤਰੀ ਸੀ। ਜਹਾਜ਼ 'ਚ ਕਰੀਬ 100 ਵਿਅਕਤੀ ਸਵਾਰ ਸਨ। ਮੱਰੇ ਨੇ ਕਿਹਾ ਕਿ ਅਮਰੀਕਾ 'ਚੋਂ ਕੱਢੇ ਗਏ ਲੋਕਾਂ 'ਚ ਸਾਰੇ ਬਾਲਗ ਪੁਰਸ਼ ਅਤੇ ਮਹਿਲਾਵਾਂ ਸਨ ਅਤੇ ਉਨ੍ਹਾਂ 'ਚ ਕੋਈ ਵੀ ਬੱਚਾ ਸ਼ਾਮਲ ਨਹੀਂ ਸੀ। ਡਿਪੋਰਟ ਕੀਤੇ 1,100 ਵਿਅਕਤੀਆਂ ਬਾਰੇ ਮੱਰੇ ਨੇ ਕਿਹਾ ਕਿ ਉਹ ਮੈਕਸਿਕੋ ਅਤੇ ਕੈਨੇਡਾ ਦੀ ਸਰਹੱਦ ਰਾਹੀਂ ਗ਼ੈਰਕਾਨੂੰਨੀ ਤੌਰ 'ਤੇ ਅਮਰੀਕਾ 'ਚ ਦਾਖ਼ਲ ਹੋਣਾ ਚਾਹੁੰਦੇ ਸਨ। ਉਨ੍ਹਾਂ ਕੋਲ ਅਮਰੀਕਾ 'ਚ ਰਹਿਣ ਲਈ ਕੋਈ ਕਾਨੂੰਨੀ ਆਧਾਰ ਨਹੀਂ ਸੀ। ਜਿਹੜੇ ਵਿਅਕਤੀ ਵੀਜ਼ੇ ਦੀ ਮਿਆਦ ਪੁੱਗਣ ਮਗਰੋਂ ਵੀ ਮੁਲਕ 'ਚ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਜਿਹੜਾ ਵਿਅਕਤੀ ਜਾਇਜ਼ ਢੰਗ ਨਾਲ ਅਮਰੀਕਾ ਆਇਆ ਹੈ ਪਰ ਗੰਭੀਰ ਜੁਰਮ ਕਰਦਾ ਹੈ ਤਾਂ ਉਸ ਨੂੰ ਵੀ ਮੁਲਕ 'ਚੋਂ ਬਾਹਰ ਕੱਢਿਆ ਜਾ ਸਕਦਾ ਹੈ। ਅਮਰੀਕੀ ਅਧਿਕਾਰੀ ਨੇ ਕਿਹਾ ਕਿ ਚਾਰਟਰਡ ਉਡਾਣਾਂ ਤੋਂ ਇਲਾਵਾ ਲੋਕਾਂ ਨੂੰ ਕਮਰਸ਼ੀਅਲ ਜਹਾਜ਼ਾਂ ਰਾਹੀਂ ਵੀ ਵਤਨ ਵਾਪਸ ਭੇਜਿਆ ਜਾਂਦਾ ਹੈ।



### ਕੁੱਲ 1.60 ਲੱਖ ਵਿਅਕਤੀਆਂ ਨੂੰ ਡਿਪੋਰਟ ਕੀਤਾ

ਵਿੱਤੀ ਵਰ੍ਹੇ 2024 'ਚ ਅਮਰੀਕੀ ਹੋਮਲੈਂਡ ਸੁਰੱਖਿਆ ਬਾਰੇ ਵਿਭਾਗ ਨੇ 1.60 ਲੱਖ ਤੋਂ ਵਧ ਵਿਅਕਤੀਆਂ ਨੂੰ ਡਿਪੋਰਟ ਕੀਤਾ ਹੈ। ਵਿਭਾਗ ਨੇ ਬਿਆਨ 'ਚ ਦੱਸਿਆ ਕਿ ਉਸ ਨੇ ਭਾਰਤ ਸਮੇਤ 145 ਮੁਲਕਾਂ 'ਚ 495 ਤੋਂ ਵਧ ਉਡਾਣਾਂ ਦਾ ਪ੍ਰਬੰਧ ਕੀਤਾ ਸੀ ਜਿਨ੍ਹਾਂ ਰਾਹੀਂ ਅਮਰੀਕਾ 'ਚ ਗ਼ੈਰਕਾਨੂੰਨੀ ਤੌਰ 'ਤੇ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਵਤਨ ਵਾਪਸ ਭੇਜਿਆ ਗਿਆ ਸੀ।


Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC


SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Sri Guru Ravidass Sabha Pittsburg (CA) Program





**November 01, 2024,**

**Diwali celebration – hosted by Suman family**

Suman family will be hoisting Diwali celebration at Gurughar. Sukhmani Sahib Path will start at 6 PM and followed by Kirtan Diwan. Entire Sangat is requested to participate.

**November 15-16-17, 2024,**

**Gurpurab Sri Guru Nanak dev Ji**

Guru Nanak Dev Ji was the founder of Sikhism and is the first of ten Sikh Gurus. Gurpurav will be celebrated in Gurdwara on Nov 15-16-17, 2024. Arambh Akhand Path Friday, Nov 15, 2024, and will conclude with Bhog on Sunday, Nov 17,2024. Sudhir family will be hosting the path and Langar sewa.

**November 22-23-24, 2024,**

**Akhand Path Sahib Sewa by Bhai Jagir Singh Family**

Bhai Jagir Singh ji is retiring from job and thanking Waheguru ji for all HIS blessing and praying for Future life. Arambh Akhand Path Friday, Nov 22, 2024, and conclude with Bhog on Sunday, Nov 24,2024

**December 8, 2024**

**Sukhmani Sahib Path Sewa by Laskar Family**

**"NANAK NAM CHARDI KALA TERE BHANE SARBAT DA BHALA"**

## Sangat Sewadars

www.srigururavidasstemple.com



Chairman
Vinod Kumar Jakhu



President
Sunita Bangar



Gen. Secretary
Upinder Pal Ricky



Treasurer
Shinder Pal Narabut

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ ਸਜਾਏ ਨਗਰ ਕੀਰਤਨ ਦੌਰਾਨ ਚਮਕਿਆ ਖਾਲਸਾਈ ਰੰਗ





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ)–** ਦਮਦਮੀਂ ਟਕਸਾਲ ਜੱਥਾ ਭਿੰਡਰਾਂ, ਮੁੱਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆ ਦੀ ਰਹਿਨੁਮਾਈ ਅਧੀਨ ਚਲਾਏ ਜਾ ਰਹੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਕੈਲੇਫੋਰਨੀਆਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ 15 ਵਾਂ ਸਲਾਨਾ ਨਗਰ ਕੀਰਤਨ ਕਰਵਾਇਆ ਗਿਆ। ਜਿਸ ਦੌਰਾਨ ਗੁਰੂਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਦੀਵਾਨਾਂ ਵਿੱਚ ਹਜ਼ੂਰੀ ਰਾਗੀ ਭਾਈ ਰਣਜੀਤ ਸਿੰਘ ਦੇ ਜੱਥੇ ਨੇ ਹਾਜ਼ਰੀ ਭਰੀ। ਇਸ ਉਪਰੰਤ ਕਥਾ ਬਾਬਾ ਬੰਤਾ ਸਿੰਘ ਵੱਲੋਂ ਕੀਤੀ ਗਈ। ਜਦ ਕਿ ਗਿਆਨੀ ਜੋਬਨ ਸਿੰਘ ਦਮਦਮੀ ਟਕਸਾਲ, ਗਿਆਨੀ ਦਲੀਪ ਸਿੰਘ ਦਮਦਮੀ ਟਕਸਾਲ ਆਦਿਕ ਹਾਜ਼ਰ ਬਹੁਤ ਸਾਰੇ ਕੀਰਤਨੀ ਜੱਥਿਆ ਅਤੇ ਕਥਾਕਾਰਾਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਨਾਲ ਨਿਹਾਲ ਕੀਤਾ। ਗੁਰੂਘਰ ਦੇ ਬਾਹਰ ਨਗਰ ਕੀਰਤਨ ਵਿੱਚ ਸਾਮਲ ਸੰਗਤਾਂ ਕੇਸ਼ਰੀ, ਨੀਲੀਆਂ, ਹਰੀਆਂ, ਪੀਲੀਆਂ ਅਤੇ ਹੋਰ ਬਹੁਤ ਰੰਗਾ ਦੇ ਨਜ਼ਾਰੇ ਪੇਸ਼ ਕਰਦੀਆਂ ਦਸਤਾਰਾ ਅਤੇ ਦੁਪੱਟਿਆ ਨੇ ਜਿਵੇਂ ਸਾਰੇ ਫਰਿਜ਼ਨੋ ਸ਼ਹਿਰ ਨੂੰ ਹੀ ਖਾਲਸਾਈ ਰੰਗ ਵਿੱਚ ਰੰਗ ਦਿੱਤਾ ਹੋਵੇ।

ਬੱਚਿਆ ਦੇ ਗੱਤਕਾ ਗਰੁੱਪਾ ਦੁਆਰਾ ਆਪਣੀ ਇਸ ਕਲਾ ਦਾ ਖੁਲ ਕੇ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਸਿੱਖ ਕੌਂਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦੇ ਮੈਂਬਰਾਂ ਦੁਆਰਾ ਫਰੀ ਦਸਤਾਰ ਕੈਂਪ ਲਾਇਆ ਹੋਇਆ ਸੀ। ਵੱਖ-ਵੱਖ ਵਿਉਪਾਰਕ ਅਦਾਰਿਆਂ ਵੱਲੋਂ ਆਪਣੇ ਬੂਥ ਵੀ ਲੱਗੇ ਹੋਏ ਸਨ। ਦੁਕਾਨਦਾਰਾ ਵੱਲੋਂ ਅਨੇਕਾ ਦੁਕਾਨਾਂ ਸੰਗਤਾ ਲਈ ਖਿੱਚ ਦਾ ਕੇਂਦਰ ਬਣ ਰਹੀਆਂ ਸਨ। ਲਾਉਡ ਸਪੀਕਰਾਂ ਵਿੱਚ ਗੂੰਜਦੇ ਬੋਲੇ ਸੋ ਨਿਹਾਲ ਦੇ ਜੈਕਾਰਿਆ ਨਾਲ ਜਿਵੇਂ ਅਸਮਾਨ ਗੂੰਜ ਰਿਹਾ ਸੀ।




ਨਗਰ ਕੀਰਤਨ ਦੀ ਸੁਰੂਆਤ ਵਿੱਚ ਆਪਸੀ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਸਭ ਤੋਂ ਮੂਹਰੇ ਨਗਾਰਾ ਫਿਰ ਅਮੈਰੀਕਨ ਝੰਡਾ, ਕੈਲੀਫੋਰਨੀਆਂ ਦਾ ਝੰਡਾ ਅਤੇ ਖਾਲਸੇ ਦਾ ਕੇਸ਼ਰੀ ਨਿਸ਼ਾਨ ਸਾਹਿਬ ਦੁਆਰਾ ਅਗਵਾਈ ਕਰਦੇ ਹੋਏ ਪੰਜ ਪਿਆਰੇ ਕਰ ਰਹੇ ਸਨ। ਖੂਬਸੂਰਤ ਤਰੀਕੇ ਨਾਲ ਸਜੇ ਫਲੋਟ ਉਪਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਪਾਲਕੀ ਵਿੱਚ ਸ਼ਸੋਭਿਤ ਸਨ। ਪੰਜ ਪਿਆਰੇ ਅਤੇ ਨਿਸਾਨਚੀ ਸਿੰਘ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਸੰਗਤਾਂ ਭਾਰੀ ਉਤਸਾਹ ਅਤੇ ਸਰਧਾ ਨਾਲ ਪਾਲਕੀ ਸਾਹਿਬ ਦੇ ਪਿਛੇ ਪੈਦਲ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਜਿਸ ਬਾਅਦ ਫਲੋਟ ਚਲ ਰਹੇ ਸਨ। ਸਥਾਨਿਕ ਗਤਕਾ ਦਲ ਦੇ ਸਿੰਘਾ ਦੇ ਜਬਰਦਸਤ ਗੱਤਕੇ ਦੇ ਜੌਹਰ ਵੀ ਵੇਖਣ ਯੋਗ ਸਨ।

ਇਸ ਸਮੇਂ ਗੁਰੂਘਰ ਦੁਆਰਾ ਚਲਾਏ ਜਾ ਰਹੇ ਪੰਜਾਬੀ ਸਕੂਲ ਦਾ ਫਲੋਟ ਤਸਵੀਰਾਂ ਅਤੇ ਵੱਖ ਸ਼ਬਦਾਂ ਰਾਹੀਂ ਬੱਚਿਆਂ ਨੂੰ ਗੁਰਮਿਤ ਨਾਲ ਜੋੜਨ ਅਤੇ ਪੰਜਾਬੀ ਸਿੱਖਣ ਦਾ ਸੁਨੇਹਾ ਦੇ ਰਿਹਾ ਸੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਸਜਾਏ ਗਏ ਫਲੋਟ ਨਗਰ ਕੀਰਤਨ ਦੀ ਸੋਭਾ ਵਧਾ ਰਹੇ ਸਨ। ਨਗਰ ਕੀਰਤਨ ਲਈ ਫਲੋਟਾਂ ਦੀ ਸੇਵਾ ਵਿੱਚ ਵਿਸਟਰਨ ਟਰੱਕ ਐਂਡ ਟ੍ਰੇਲਰ ਵਾਲੇ ਮਿੰਟੂ ਉੱਪਲੀ ਅਤੇ ਭਿੰਦਾ ਗਿੱਲ ਵੱਲੋਂ ਸ਼ਾਨਦਾਰ ਸੇਵਾਵਾ ਨਿਭਾਈਆਂ ਗਈਆਂ। ਇਸ ਸਮੇਂ ਗੁਰੂਘਰ ਅਤੇ ਹੋਰ ਵੱਖ-ਵੱਖ ਸੰਸਥਾਵਾ ਵੱਲੋਂ ਗੁਰੂ ਦੇ ਲੰਗਰ ਅਤੁੱਟ ਭੰਡਾਰ ਵਰਤੇ।

ਨਗਰ ਕੀਰਤਨ ਫਾਊਲਰ ਸ਼ਹਿਰ ਦੇ ਮਿੱਥੇ ਰੂਟ ਨੂੰ ਤਹਿ ਕਰਦਾ ਹੋਇਆ ਕੁਝ ਸਮੇਂ ਲਈ ਫਾਊਲਰ ਸ਼ਹਿਰ ਪਾਰਕ ਵਿੱਚ ਰੁਕਿਆ। ਜਿੱਥੇ ਸ਼ਟੇਜ ਤੋਂ ਬਹੁਤ ਸਾਰੇ ਧਰਮ ਪ੍ਰਚਾਰਕਾਂ, ਕਵੀਸ਼ਰਾਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਸਰਵਨ ਕਰਵਾਇਆ। ਜਿਸ ਦੌਰਾਨ ਬੁਲਾਰਿਆਂ ਵਿੱਚ ਸਿਟੀ ਮੇਅਰ ਡੈਨੀਅਲ ਪਾਰਾ, ਭਾਈ ਤਰਸੇਮ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਹਰਪ੍ਰੀਤ ਸਿੰਘ ਆਦਿ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਚੜਦੀਕਲਾ ਦਾ ਸੁਨੇਹਾ ਦਿੱਤਾ। ਜਦ ਕਿ ਭਾਈ ਜਗਰੂਪ ਸਿੰਘ ਨੇ ਸਮੂੰਹ ਸੰਗਤਾਂ ਦਾ ਇਸ ਨਗਰ ਕੀਰਤਨ ਵਿੱਚ ਆਉਣ ਅਤੇ ਸੇਵਾਵਾ ਨਿਭਾਉਣ ਲਈ ਧੰਨਵਾਦ ਕੀਤਾ। ਸਟੇਜ਼ ਸੰਚਾਲਨ ਦੀ ਸੇਵਾ ਭਾਈ ਰਾਜ ਸਿੰਘ ਬਦੇਸਾਂ ਨੇ ਹਮੇਸ਼ਾ ਦੀ ਤਰਾਂ ਬਾਖੂਬੀ ਪੰਥਕ ਮੁੱਦਿਆਂ ‘ਤੇ ਗੱਲ ਕਰਦੇ ਹੋਏ ਨਿਭਾਈ। ਗੁਰੂਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਪੱਤਰਕਾਰ ਕੁਲਵੰਤ ਉੱਭੀ ਧਾਲੀਆਂ, ਗੁਰਿੰਦਰਜੀਤ ਨੀਟਾ ਮਾਛੀਕੇ, ਪ੍ਰੋ। ਗੁਰਮਿੰਦਰ ਸਿੰਘ ਸੰਘਾਂ, ਨਰਿੰਦਰ ਸਹੋਤਾ ਅਤੇ ਖਾਲਸਾ ਕਮਿਊਨਟੀਂ ਸੈਂਟਰ ਨੂੰ ਸਨਮਾਨ ਦਿੱਤਾ ਗਿਆ। ਜਦ ਕਿ ਬੀਬੀ ਪ੍ਰਭਲੀਨ ਕੌਰ ਅਤੇ ਭਾਈ ਗੁਰ-ਬੀਰ ਸਿੰਘ ਨੇ ਇਸ ਸੰਬੰਧੀ ਆਪਣੇ ਵਿਚਾਰਾਂ ਦੀ ਸਾਂਝ ਪਾਈ।

ਇੱਥੇ ਵੀ ਵੱਖ-ਲੰਗਰਾਂ ਦੇ ਸਟਾਲ ਲੱਗੇ ਹੋਏ ਸਨ। ਇਸ ਪਾਰਕ ਦੇ ਪੜਾਅ ਦੀ ਸਮਾਪਤੀ ਦੇ ਉਪਰੰਤ ਨਗਰ ਕੀਰਤਨ ਵਾਪਸ ਗੁਰੂਘਰ ਪਹੁੰਚ ਸਮਾਪਤ ਹੋਇਆ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਨਗਰ ਕੀਰਤਨ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜਿਆ।

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

### ਅਮਰੀਕੀ ਰਾਸ਼ਟਰਪਤੀ ਚੋਣਾਂ

# ਰਾਸ਼ਟਰ ਵਿਆਪੀ ਸਰਵੇ ਵਿਚ ਕਮਲਾ ਹੈਰਿਸ ਤੇ ਟਰੰਪ ਵਿਚਾਲੇ ਕਾਂਟੇ ਦੀ ਟੱਕਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕੀ ਰਾਸ਼ਟਰਪਤੀ ਚੋਣਾਂ ਦਾ ਦਿਨ ਜਿਉਂ ਜਿਉਂ ਨੇੜੇ ਆ ਰਿਹਾ ਹੈ ਤਿਉਂ ਤਿਉਂ ਸਥਿੱਤੀ ਸਾਫ ਹੁੰਦੀ ਜਾ ਰਹੀ ਹੈ। ਇਸ ਵਾਰ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਵਿਚਾਲੇ 2020 ਦੀਆਂ ਚੋਣਾਂ ਨਾਲੋਂ ਵੀ ਮੁਕਾਬਲਾ ਵਧੇਰੇ ਫਸਵਾਂ ਬਣਦਾ ਜਾ ਰਿਹਾ ਹੈ। 2020 ਵਿਚ ਵੋਟਾਂ ਦੀ ਗਿਣਤੀ ਵਿੱਚ ਧਾਂਦਲੀਆਂ ਦਾ ਦੋਸ਼ ਲਾ ਕੇ ਡੋਨਾਲਡ ਟਰੰਪ ਨੇ ਆਪਣੇ ਸਮਰਥਕਾਂ ਨੂੰ ਬਗਾਵਤ ਕਰਨ ਲਈ ਉਕਸਾਇਆ ਸੀ। ਮੌਜੂਦਾ ਸਥਿੱਤੀ ਦੇ ਮੱਦੇਨਜ਼ਰ ਕਮਲਾ ਹੈਰਿਸ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਉਨਾਂ ਦਾ ਵਿਰੋਧੀ ਉਮੀਦਵਾਰ ਟਰੰਪ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਤੋਂ ਪਹਿਲਾਂ ਹੀ ਆਪਣੀ ਜਿੱਤ ਦਾ ਐਲਾਨ ਕਰ ਸਕਦਾ ਹੈ। ਰਾਈਟਰਜ/ਇਪਸੋਸ ਵੱਲੋਂ ਕੀਤੇ ਤਾਜ਼ਾ ਸਰਵੇ ਅਨੁਸਾਰ ਰਾਸ਼ਟਰੀ ਪੱਧਰ 'ਤੇ ਹੈਰਿਸ ਨੂੰ ਟਰੰਪ ਉਪਰ ਮਾਮੂਲੀ ਬੜਤ ਹਾਸਲ ਹੈ। ਯੂ ਐਸ ਟੂਡੇਅ/ਸੁਫੋਲਕ ਯੂਨੀਵਰਸਿਟੀ ਦੇ ਵਿਸ਼ੇਸ਼ ਸਰਵੇ ਜਿਸ ਨੂੰ ਬੀਤੇ ਦਿਨ ਜਾਰੀ ਕੀਤਾ ਗਿਆ ਹੈ, ਅਨੁਸਾਰ ਹੈਰਿਸ ਦੇ ਹੱਕ ਵਿਚ 45% ਅਮਰੀਕੀ ਮੱਤਦਾਤਾ ਹਨ ਜਦ ਕਿ 44% ਮੱਤਦਾਤਾ ਟਰੰਪ ਦੇ ਹੱਕ ਵਿਚ ਹਨ। ਅਗਸਤ ਵਿਚ ਕੀਤੇ ਸਰਵੇ ਦੀ ਤੁਲਨਾ ਵਿਚ ਇਸ ਤਾਜ਼ਾ ਸਰਵੇ ਵਿਚ ਵਧੇਰੇ ਫਸਵਾਂ ਮੁਕਾਬਲਾ ਬਣਦਾ ਨਜਰ ਆ ਰਿਹਾ ਹੈ। ਹੈਰਿਸ ਦੇ ਇਕ ਸਲਾਹਕਾਰ ਨੇ ਕਿਹਾ ਹੈ ਕਿ 7 ਅਹਿਮ ਰਾਜਾਂ ਵਿਚ ਕੇਵਲ 1% ਦੇ ਫਰਕ ਨਾਲ ਫੈਸਲਾ ਹੋਵੇਗਾ। ਯੂ ਐਸ ਟੂਡੇਅ /ਸੁਫੋਲਕ ਯੂਨੀਵਰਸਿਟੀ ਦੇ ਸਰਵੇ ਅਨੁਸਾਰ ਟਰੰਪ ਦੀ ਤੁਲਨਾ ਵਿਚ 17% ਵਧ ਔਰਤ ਮੱਤਦਾਤਾ ਹੈਰਿਸ ਨੂੰ ਚਹੁੰਦੇ ਹਨ ਜਦ ਕਿ ਹੈਰਿਸ ਦੀ ਤੁਲਨਾ ਵਿੱਚ 16% ਵਧ ਮਰਦ ਮੱਤਦਾਤਾ ਟਰੰਪ ਦੇ ਹੱਕ ਵਿਚ ਹਨ। ਇਸੇ ਦੌਰਾਨ ਕਮਲਾ ਹੈਰਿਸ ਨੇ ਲਿੰਗ ਅਧਾਰਤ ਪ੍ਰਚਾਰ ਨੂੰ ਰੱਦ ਕਰ ਦਿੱਤਾ ਹੈ ਤੇ ਕਿਹਾ ਹੈ ਕਿ ਇਹ ਉਸ ਲਈ ਨਾਕਾਰਤਮਿਕ ਪਹਿਲੂ ਹੈ। ਉਨਾਂ ਸਰਵੇ ਉਪਰੰਤ ਇਕ ਚੈਨਲ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਮੈ ਕਦੀ ਵੀ ਨਹੀਂ ਚਹੁੰਦੀ ਕਿ ਸਾਡਾ ਦੇਸ਼ ਲਿੰਗ ਜਾਂ ਨਸਲ ਦੇ ਆਧਾਰ 'ਤੇ ਆਪਣਾ ਆਗੂ ਚੁਣੇ। ਇਸ ਦੀ ਬਜਾਏ ਆਗੂਆਂ ਨੂੰ ਵੋਟਾਂ ਦੇਸ਼ ਦੀ ਵਾਸਤਵਿਕਤਾ ਦੇ ਆਧਾਰ 'ਤੇ ਮੰਗਣੀਆਂ ਚਾਹੀਦੀਆਂ ਹਨ। ਹੈਰਿਸ ਨੇ ਹੋਰ ਕਿਹਾ ਕਿ ਮੇਰਾ ਵਿਸ਼ਵਾਸ਼ ਹੈ ਕਿ ਅਮਰੀਕੀ ਇਕ ਔਰਤ ਆਗੂ ਲਈ ਬਿਲਕੁੱਲ ਤਿਆਰ ਹਨ ਤੇ ਇਕ ਗੈਰ ਗੋਰੀ ਔਰਤ ਰਾਸ਼ਟਰਪਤੀ ਬਣਨ ਲਈ ਤਿਆਰ ਹੈ। ਉਨਾਂ ਹਸਦਿਆਂ ਹੋਇਆਂ ਕਿਹਾ ਹਾਂ ਮੈ ਸਪੱਸ਼ਟ ਕਰਦੀ ਹਾਂ ਕਿ ਮੈ ਔਰਤ ਹਾਂ, ਮੈਨੂੰ ਇਸ ਸਬੰਧੀ ਹੋਰ ਕਿਸੇ ਬਾਰੇ ਕੁਝ ਕਹਿਣ ਦੀ ਲੋੜ ਨਹੀਂ ਹੈ। ਹੈਰਿਸ ਨੇ ਐਨ ਬੀ ਸੀ ਨਿਊਜ਼ ਦੇ ਪ੍ਰਤੀਨਿੱਧ ਹੈਲੀ ਜੈਕਸਨ ਨਾਲ ਗੱਲਬਾਤ ਦੌਰਾਨ ਹੋਰ ਕਿਹਾ ਕਿ ਉਸ ਦੇ ਚੋਣ ਮੁਹਿੰਮ ਸੰਚਾਲਕ ਆਪਣੇ ਆਪ ਨੂੰ ਉਸ ਸੰਭਾਵਨਾ ਦੇ ਮੱਦੇਨਜਰ ਤਿਆਰ ਕਰ ਰਹੇ ਹਨ ਜਿਸ ਸੰਭਾਵਨਾ ਤਹਿਤ ਟਰੰਪ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਜੇਤੂ ਐਲਾਨ ਸਕਦੇ ਹਨ। ਉਨਾਂ ਕਿਹਾ ਕਿ ਦੋ ਹਫਤੇ ਬਾਕੀ ਹਨ ਤੇ ਅਸੀਂ ਮੌਜੂਦਾ ਸਥਿੱਤੀ ਦੇ ਮੱਦੇਨਜਰ ਜ਼ਮੀਨੀ ਪੱਧਰ 'ਤੇ ਸੋਚ ਰਹੇ ਹਾਂ। ਅਸੀਂ ਚੋਣ ਵਾਲੀ ਰਾਤ ਤੇ ਅਗਲੇ ਦਿਨਾਂ ਦੌਰਾਨ ਪੈਦਾ ਹੋਣ ਵਾਲੀ ਸਥਿੱਤੀ ਲਈ ਤਿਆਰ ਹਾਂ। ਸਾਡੇ ਕੋਲ ਸਾਧਨ ਹਨ ਤੇ ਮਾਹਿਰ ਹਨ। ਅਸੀਂ ਸਮੁੱਚੀ ਸਥਿੱਤੀ ਵੱਲ ਤਵਜੋਂ ਦੇ ਰਹੇ ਹਾਂ।



## ਅਮਰੀਕਾ ਵਿਚ ਜ਼ਹਿਰੀਲਾ ਖਾਣਾ ਖਾਣ ਨਾਲ 46 ਲੋਕ ਹੋਏ ਬਿਮਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਮੈਰੀਲੈਂਡ ਰਾਜ ਵਿਚ ਜੈਸੁਪ ਵਿਖੇ ਜ਼ਹਿਰੀਲਾ ਖਾਣਾ ਖਾਣ ਨਾਲ 46 ਲੋਕਾਂ ਦੇ ਬਿਮਾਰ ਹੋ ਜਾਣ ਦੀ ਖਬਰ ਹੈ ਜਿਨਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਹੌਵਰਡ ਕਾਊਂਟੀ ਫਾਇਰ ਐਂਡ ਰੈਸਕਿਊ ਸਰਵਿਸਜ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਸੂਚਨਾ ਮਿਲਣ 'ਤੇ ਰਾਹਤ ਟੀਮ ਦੇ ਮੈਂਬਰ ਬਾਲਟੀਮੋਰ ਦੇ ਦੱਖਣ ਪੱਛਮ ਵਿਚ ਤਕਰੀਬਨ 15 ਮੀਲ ਦੂਰ ਸਥਿੱਤ ਜੈਸੁਪ ਵਿਖੇ ਦੁਪਹਿਰ ਬਾਅਦ 3।45 ਵਜੇ ਪਹੁੰਚੇ। ਬਿਆਨ ਅਨੁਸਾਰ ਸਾਰੇ ਪੀੜਤਾਂ ਨੂੰ ਖੇਤਰ ਵਿਚਲੇ ਹਸਪਤਾਲਾਂ ਵਿਚ ਲਿਜਾਇਆ ਗਿਆ ਹੈ। ਸਾਰੇ ਪੀੜਤਾਂ ਨੇ ਇਕੋ ਜਿਹਾ ਹੀ ਖਾਣਾ ਖਾਧਾ ਹੈ ਤੇ ਉਨਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਫਾਕਸ 5 ਡੀ ਸੀ ਦੀ ਰਿਪੋਰਟ ਅਨੁਸਾਰ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਪੀੜਤਾਂ ਨੇ ਨਾਫਕੋ ਹੋਲਸੇਲ ਸੀਫੂਡ ਡਿਸਟ੍ਰੀਬਿਊਟਰ ਵਿਖੇ ਖਾਣਾ ਖਾਧਾ ਸੀ। ਨਾਫਕੋ ਡਿਸਟ੍ਰਿਬਿਊਟਰ ਨੇ ਘਟਨਾ ਉਪਰ ਪ੍ਰਤੀਕਰਮ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

## ਹੱਤਿਆ ਮਾਮਲੇ ਵਿਚ ਪੈਰੋਲ 'ਤੇ ਆਇਆ ਵਿਅਕਤੀ ਆਪਣੀ ਗਰਭਵੱਤੀ ਪਤਨੀ ਦਾ ਕਤਲ ਕਰਕੇ ਹੋਇਆ ਫਰਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਆਪਣੀ ਗਰਭਵੱਤੀ ਪਤਨੀ ਦੀ ਕਥਿੱਤ ਤੌਰ 'ਤੇ ਹੱਤਿਆ ਕਰਨ ਦੇ ਮਾਮਲੇ ਵਿਚ ਪੁਲਿਸ ਵੱਡੀ ਪੱਧਰ 'ਤੇ ਮਿਨੀਸੋਟਾ ਦੇ ਇਕ ਵਿਅਕਤੀ ਦੀ ਭਾਲ ਕਰ ਰਹੀ ਹੈ। ਮਾਈਕਲ ਸਟਾਵਰਜ (36) ਨੂੰ ਹਾਲ ਹੀ ਵਿਚ ਹੱਤਿਆ ਦੇ ਇਕ ਮਾਮਲੇ ਵਿਚ ਪੈਰੋਲ ਉਪਰ ਰਿਹਾਅ ਕੀਤਾ ਗਿਆ ਸੀ। ਉਸ ਵਿਰੁੱਧ ਆਪਣੀ ਪਤਨੀ ਡਮਾਰਾ ਅਲੈਕਸਿਸ ਕਿਰਕਲੈਂਡ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਦੋਸ਼ ਦਾਇਰ ਕੀਤੇ ਗਏ ਹਨ ਜੋ ਤਕਰੀਬਨ 2 ਮਹੀਨੇ ਤੋਂ ਗਰਭਵਤੀ ਸੀ। ਸਟਾਵਰਜ ਵੱਲੋਂ ਘਟਨਾ ਉਪਰੰਤ ਇਕ ਵਿਅਕਤੀ ਨੂੰ ਗੋਲੀ ਮਾਰ ਕੇ ਜ਼ਖਮੀ ਕਰਨ ਉਪਰੰਤ ਉਸ ਦੀ ਕਾਰ ਖੋਹ ਕੇ ਫਰਾਰ ਹੋ ਜਾਣ ਦੀ ਰਿਪੋਰਟ ਹੈ। ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ 'ਤੇ ਪੁੱਜੇ ਤਾਂ ਕਿਰਕਲੈਂਡ ਦੀ ਲਾਸ਼ ਫਰਸ਼ ਉਪਰ ਪਈ ਸੀ। ਸਟਾਵਰਜ ਨੂੰ 2008 ਵਿਚ ਹੋਈ ਗੋਲੀਬਾਰੀ ਦੇ ਮਾਮਲੇ ਵਿਚ ਮਾਰਚ ਵਿੱਚ ਪੈਰੋਲ ਮਿਲੀ ਸੀ। ਇਸ ਗੋਲੀਬਾਰੀ ਵਿਚ ਸੇਂਟ ਪਾਲ ਖੇਤਰ ਦਾ ਇਕ ਵਸਨੀਕ ਮਾਰਿਆ ਗਿਆ ਸੀ ਤੇ ਇਸ ਮਾਮਲੇ ਵਿਚ ਸਟਾਵਰਜ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਦਾਇਰ ਕੀਤੇ ਗਏ ਸਨ।



ਮੁੱਢਲੀ ਜਾਂਚ ਅਨੁਸਾਰ ਜੋ ਗੰਨ ਕਿਰਕਲੈਂਡ ਦੀ ਹੱਤਿਆ ਲਈ ਵਰਤੀ ਗਈ ਹੈ ਉਸ ਦੀ ਵਰਤੋਂ ਹੀ ਕਾਰ ਖੋਹਣ ਦੀ ਘਟਨਾ ਵਿਚ ਕੀਤੀ ਗਈ ਹੈ।

## ਭਾਰਤ-ਚੀਨ ਸਰਹੱਦ ’ਤੇ ਤਣਾਅ ਘਟਣ ਦਾ ਅਮਰੀਕਾ ਵੱਲੋਂ ਸਵਾਗਤ

**ਵਾਸ਼ਿੰਗਟਨ–** ਅਮਰੀਕਾ ਨੇ ਕਿਹਾ ਹੈ ਕਿ ਉਹ ਭਾਰਤ-ਚੀਨ ਸੀਮਾ ’ਤੇ ਤਣਾਅ ਦੀ ਸਥਿਤੀ ਘੱਟ ਹੋਣ ਦਾ ਸਵਾਗਤ ਕਰਦਾ ਹੈ। ਅਮਰੀਕਾ ਨੇ ਦੱਸਿਆ ਕਿ ਨਵੀਂ ਦਿੱਲੀ ਨੇ ਉਸ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਭਾਰਤ ਅਤੇ ਚੀਨ ਦੇ ਵਿਚਕਾਰ ਘਟਨਾਕ੍ਰਮ ’ਤੇ ਨਜ਼ਦੀਕੀ ਨਜ਼ਰ ਰੱਖ ਰਹੇ ਹਾਂ, ਦੋਹਾਂ ਦੇਸ਼ਾਂ ਨੇ ਅਸਲ ਕੰਟਰੋਲ ਰੇਖਾ ’ਤੇ ਟਕਰਾਅ ਵਾਲੇ ਬਿੰਦੂਆਂ ਤੋਂ ਸੈਨਿਕ ਵਾਪਿਸ ਬੁਲਾਉਣ ਦੇ ਸ਼ੁਰੂਆਤੀ ਕਦਮ ਉਠਾਏ ਹਨ। ਸੀਮਾ ’ਤੇ ਤਣਾਅ ਦੀ ਸਥਿਤੀ ਘਟਣ ਦਾ ਅਸੀਂ ਸਵਾਗਤ ਕਰਦੇ ਹਾਂ। ਮਿਲਰ ਨੇ ਇਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਅਮਰੀਕਾ ਦੀ ਇਸ ਵਿਚ ਕੋਈ ਭੂਮੀਕਾ ਨਹੀਂ ਹੈ। ਅਸੀਂ ਆਪਣੇ ਭਾਰਤੀ ਸਾਂਝੇਦਾਰਾਂ ਨਾਲ ਗੱਲ ਕੀਤੀ ਅਤੇ ਸਾਨੂੰ ਜਾਣਕਾਰੀ ਮਿਲੀ ਹੈ।

## ਨਵੇਂ ਸਰਵੇਖਣਾਂ ਵਿਚ ਵੀ ਨਹੀਂ ਬਦਲਿਆ ਅੰਕੜਾ, ਕਾਂਟੇ ਦੀ ਟੱਕਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਕੇਵਲ ਕੁਝ ਦਿਨ ਬਾਕੀ ਹਨ ਤੇ 5 ਨਵੰਬਰ ਨੂੰ ਵੋਟਾਂ ਪਾਉਣ ਦਾ ਆਖਰੀ ਦਿਨ ਹੈ ਪਰੰਤੂ ਅਜੇ ਤੱਕ ਵੀ ਕਿਸੇ ਇਕ ਉਮੀਦਵਾਰ ਦੇ ਹੱਕ ਵਿਚ ਹਵਾ ਦਾ ਰੁਖ ਨਹੀਂ ਹੈ।

2 ਤਾਜ਼ਾ ਸਰਵੇਖਣਾਂ ਵਿਚ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਆਪਣੇ ਵਿਰੋਧੀ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਉਪਰ ਪਿਛਲੇ ਸਰਵੇਖਣ ਵਾਂਗ ਮਾਮੂਲੀ ਬੜਤ ਹਾਸਲ ਹੈ ਜਿਸ ਬੜਤ ਨੂੰ ਪੱਕੀ ਨਹੀਂ ਸਮਝਿਆ ਜਾ ਰਿਹਾ ਹੈ। ਸੀ ਬੀ ਐਸ ਨਿਊਜ਼/ ਯੂਗੋਵ ਪੋਲ ਦੇ ਸਰਵੇ ਅਨੁਸਾਰ ਹੈਰਿਸ ਆਪਣੇ ਵਿਰੋਧੀ ਟਰੰਪ ਨਾਲੋਂ ਰਾਸ਼ਟਰੀ ਪੱਧਰ 'ਤੇ ਕੇਵਲ 1% ਵੋਟਾਂ ਨਾਲ ਅੱਗੇ ਹਨ। ਹੈਰਿਸ ਨੂੰ 50% ਤੇ ਟਰੰਪ ਨੂੰ49% ਸੰਭਾਵੀ ਮੱਤਦਾਤਾ ਦਾ ਸਮਰਥਨ ਹਾਸਲ ਹੈ। ਅੱਧ ਅਕਤੂਬਰ ਵਿਚ ਹੈਰਿਸ ਨੂੰ 51% ਤੇ ਟਰੰਪ ਨੂੰ 48% ਮੱਤਦਾਤਾ ਦਾ ਸਮਰਥਨ ਹਾਸਲ ਸੀ। ਏ ਬੀ ਸੀ ਨਿਊਜ਼/ਇਪੋਸਸ ਚੋਣ ਸਰਵੇ ਅਨੁਸਾਰ ਹੈਰਿਸ ਨੂੰ ਟਰੰਪ ਉਪਰ 4% ਬੜਤ ਹਾਸਲ ਹੈ। ਹੈਰਿਸ ਦੇ ਹੱਕ ਵਿਚ 51% ਮੱਤਦਾਤਾ ਹਨ ਜਦ ਕਿ ਟਰੰਪ ਦੇ ਹੱਕ ਵਿਚ 47% ਮੱਤਦਾਤਾ ਹਨ। ਪਰੰਤੂ ਇਸ ਸਰਵੇ ਵਿਚ ਗਲਤੀ ਦੀ ਪ੍ਰਤੀਸ਼ਤ 2।5% ਮਨਫੀ/ਜਮਾਂ ਰਖੀ ਗਈ ਹੈ। ਸਰਵੇਕਾਰ ਇਸ ਗਲ ਨਾਲ ਸਹਿਮਤ ਹਨ ਕਿ ਹਾਰ ਜਾਂ ਜਿੱਤ ਇਸ ਤੱਥ ਉਪਰ ਨਿਰਭਰ ਕਰੇਗੀ ਕਿ ਚੋਣ ਵਾਲੇ ਦਿਨ ਕਿਹੜਾ ਉਮੀਦਵਾਰ ਜਾਂ ਪਾਰਟੀ ਆਪਣੇ ਸਮਰਥਕਾਂ ਨੂੰ ਮੱਤਦਾਤਾ ਕੇਂਦਰ ਤੱਕ ਪਹੁੰਚਾਉਣ ਵਿਚ ਸਫਲ ਹੁੰਦੀ ਹੈ। ਘੱਟ ਘੱਟ 7 ਅਹਿਮ ਰਾਜਾਂ ਵਿਚ ਤਾਂ ਅਜਿਹੇ ਹੀ ਹਾਲਾਤ ਹਨ ਜੋ ਰਾਜ ਕਿਸੇ ਵੀ ਉਮੀਦਵਾਰ ਦੇ ਵਾਈਟ ਹਾਊਸ ਵਿਚ ਪਹੁੰਚਣ ਲਈ ਫੈਸਲਾਕੁੰਨ ਸਾਬਤ ਹੋਣਗੇ। ਹਾਲਾਂ ਕਿ ਏ ਬੀ ਸੀ ਦੇ ਸਰਵੇ ਵਿਚ ਹੈਰਿਸ ਨੂੰ 4% ਮੱਤਦਾਤਾ ਦਾ ਵਧ ਸਮਰਥਨ ਹਾਸਲ ਹੈ ਪਰੰਤੂ ਸਰਵੇਕਾਰਾਂ ਦਾ ਮੰਨਣਾ ਹੈ ਕਿ ਫੈਸਲਾਕੁੰਨ ਰਾਜ ਪੈਨਸਿਲਵਾਨੀਆ, ਮਿਸ਼ੀਗਨ, ਵਿਸਕਾਨਸਿਨ, ਉੱਤਰੀ ਕੈਰੋਲੀਨਾ, ਜਾਰਜੀਆ,ਐਰੀਜ਼ੋਨਾ ਤੇ ਨੇਵਾਡਾ ਵਿਚ ਮੁਕਾਬਲਾ ਬਹੁਤ ਫਸਵਾਂ ਹੈ। ਮੱਤਦਾਨ ਕਰਨ ਵਾਲੇ ਸੰਭਾਵਿਤ ਮੱਤਦਾਤਾ ਤੋਂ ਇਲਾਵਾ ਸਾਰੇ ਦਰਜ ਮੱਤਦਾਤਾਵਾਂ ਵਿਚ ਵੀ ਹੈਰਿਸ 2% ਵੋਟਾਂ ਨਾਲ ਅੱਗੇ ਹਨ। ਹੈਰਿਸ ਨੂੰ 49 % ਤੇ ਟਰੰਪ ਨੂੰ 47% ਮੱਤਦਾਤਾਵਾਂ ਦਾ ਸਮਰਥਨ ਹਾਸਲ ਹੈ। ਇਹ ਸਰਵੇ 18 ਤੋਂ 22 ਅਕਤੂਬਰ ਦਰਮਿਆਨ 2802 ਇੰਗਲਿਸ਼ ਤੇ ਸਪੈਨਿਸ਼ ਬਾਲਗਾਂ ਉਪਰ ਆਨ ਲਾਈਨ ਕੀਤਾ ਗਿਆ। ਸੰਭਾਵਿਤ ਮੱਤਦਾਤਾ ਸਰਵੇ ਵਿਚ 2।5% ਗਲਤੀ ਦੀ ਸੰਭਾਵਨਾ ਰਖੀ ਗਈ ਹੈ।

ਜਦ ਕਿ ਦਰਜ ਸਮੁੱਚੇ ਮੱਤਦਾਤਾ ਵਿਚ ਗਲਤੀ ਦੀ ਸੰਭਾਵਨਾ 2% ਰੱਖੀ ਗਈ ਹੈ। ਡੈਮੋਕਰੈਟਿਕ ਪਾਰਟੀ ਨਾਲ ਜੁੜੇ 90% ਸਮਰਥਕਾਂ ਦਾ ਕਹਿਣਾ ਹੈ ਕਿ ਉਨਾਂ ਲਈ ਸਿਹਤ ਦਾ ਮੁੱਦਾ ਸਭ ਤੋਂ ਉਪਰ ਹੈ ਜਦ ਕਿ 64% ਰਿਪਬਲੀਕਨ ਸਮਰਥਕਾਂ ਲਈ ਸਿਹਤ ਦਾ ਮੁੱਦਾ ਅਹਿਮ ਹੈ। 91% ਡੈਮੋਕਰੈਟਿਕ ਸਮਰਥਕ ਲੋਕਤੰਤਰ ਦੀ ਰਾਖੀ ਦੇ ਮੁੱਦੇ ਨੂੰ ਅਹਿਮੀਅਤ ਦੇ ਰਹੇ ਹਨ ਜਦ ਕਿ 80% ਰਿਪਬਲੀਕਨ ਸਮਰਥਕ ਲੋਕਤੰਤਰ ਦੀ ਰਾਖੀ ਨੂੰ ਅਹਿਮ ਸਮਝਦੇ ਹਨ। ਦੂਸਰੇ ਪਾਸੇ 96% ਦਰਜ ਰਿਪਬਲੀਕਨ ਮੱਤਦਾਤਾ ਦਾ ਕਹਿਣਾ ਹੈ ਕਿ ਅਰਥਵਿਵਸਥਾ ਉਨਾਂ ਲਈ ਸਭ ਤੋਂ ਉਪਰ ਹੈ ਜਦ ਕਿ 86% ਡੈਮੋਕਰੈਟਿਕ ਸਮਰਥਕ ਮੱਤਦਾਤਾ ਅਰਥਵਿਵਸਥਾ ਦੇ ਮੁੱਦੇ ਨੂੰ ਅਹਿਮ ਸਮਝਦੇ ਹਨ। 90% ਰਿਪਬਲੀਕਨ ਸਮਰਥਕ ਮੱਤਦਾਤਾ ਦਾ ਕਹਿਣਾ ਹੈ ਕਿ ਯੂ ਐਸ- ਮੈਕਸੀਕੋ ਬਾਰਡਰ 'ਤੇ ਇਮੀਗ੍ਰੇਸ਼ਨ ਸਿਸਟਮ ਉਨਾਂ ਲਈ ਬਹੁਤ ਵੱਡਾ ਮਹੱਤਵ ਰਖਦਾ ਹੈ ਜਦ ਕਿ 50% ਡੈਮੋਕਰੈਟਿਕ ਸਮਰਥਕ ਇਸ ਮੁੱਦੇ ਨੂੰ ਅਹਿਮ ਸਮਝਦੇ ਹਨ।

## ਕਰੀਬ 15 ਸਾਲਾਂ ਬਅਾਦ ਭਾਰਤ ਸਰਕਾਰ ਹੁਣ ਕਰਵਾਏਗੀ ਮਰਦਮਸ਼ੁਮਾਰੀ



**ਨਵੀਂ ਦਿੱਲੀ–** ਕਾਫ਼ੀ ਦੇਰ ਬਾਅਦ ਆਖ਼ਰ ਦਹਾਕੇ ਦੀ ਮਰਦਮਸ਼ੁਮਾਰੀ 2025 ਦੀ ਸ਼ੁਰੂਆਤ ’ਚ ਸ਼ੁਰੂ ਹੋਣ ਦੀ ਸੰਭਾਵਨਾ ਹੈ ਤੇ ਇਸਦੇ ਅੰਕੜੇ 2026 ਤੱਕ ਐਲਾਨੇ ਜਾਣਗੇ। ਹਾਲਾਂਕਿ ਹਾਲੇ ਇਸ ਬਾਰੇ ਕੋਈ ਫ਼ੈਸਲਾ ਨਹੀਂ ਕੀਤਾ ਗਿਆ ਕਿ ਜਾਤੀ ਆਧਾਰਤ ਮਰਦ-ਮਸ਼ੁਮਾਰੀ ਕੀਤੀ ਜਾਏਗੀ ਜਾਂ ਨਹੀਂ। ਜਾਤੀਆਂ ਦੀ ਬਹੁਤ ਵੱਡੀ ਗਿਣਤੀ ਦੇ ਕਾਰਨ ਇਸਨੂੰ ਮੁਸ਼ਕਲ ਮੰਨਿਆ ਜਾ ਰਿਹਾ ਹੈ ਪਰ ਇਹ ਤੈਅ ਹੈ ਕਿ ਜੇਕਰ ਜਾਤੀ ਮਰਦਮਸ਼ੁਮਾਰੀ ਹੋਈ ਤਾਂ ਮੁਸਲਮਾਨਾਂ ’ਚ ਵੀ ਜਾਤੀਵਾਰ ਮਰਦਮਸ਼ੁਮਾਰੀ ਹੋਵੇਗੀ। ਵੈਸੇ ਵੀ ਭਾਰਤ ਦੇ ਰਜਿਸਟਰਾਰ ਜਨਰਲ ਤੇ ਮਰਦਮਸ਼ੁਮਾਰੀ ਕਮਿਸ਼ਨਰ ਮ੍ਰਿਤਿਊਂਜੈ ਕੁਮਾਰ ਨਾਰਾਇਣ ਦਾ ਕੇਂਦਰੀ ਡੈਪੂਟੇਸ਼ਨ ਲਗਪਗ ਦੋ ਸਾਲ ਵਧਾਏ ਜਾਣ ਨਾਲ ਮਰਦਮਸ਼ੁਮਾਰੀ ਦੀ ਪ੍ਰਕਿਰਆ ਛੇਤੀ ਸ਼ੁਰੂ ਹੋਣ ਦੀ ਸੰਭਾਵਨਾ ਹੋਰ ਵੱਧ ਗਈ ਹੈ। ਨਿਯੁਕਤੀ ਨਾਲ ਸਬੰਧਤ ਮੰਤਰੀ ਮੰਡਲੀ ਕਮੇਟੀ ਨੇ ਉਨ੍ਹਾਂ ਦਾ ਡੈਪੂਟੇਸ਼ਨ ਚਾਰ ਅਗਸਤ 2026 ਤੱਕ ਵਧਾ ਦਿੱਤਾ ਹੈ। ਮੰਨਿਆ ਜਾ ਰਿਹਾ ਹੈ ਕਿ 2025 ’ਚ ਮਰਦਮਸ਼ੁਮਾਰੀ ਮੁਲਾਜ਼ਮਾਂ ਦੀ ਸਿਖਲਾਈ ਦੇ ਨਾਲ ਮਰਦਮਸ਼ੁਮਾਰੀ ਪ੍ਰਕਿਰਿਆ ਸ਼ੁਰੂ ਹੋ ਜਾਏਗੀ।

ਉੱਤਰ ਪ੍ਰਦੇਸ਼ ਕੈਡਰ ਤੇ 1995 ਬੈਚ ਦੇ ਆਈਏਐੱਸ ਅਧਿਕਾਰੀ ਮ੍ਰਿਤਿਊਂਜੈ ਨੇ ਨਵੰਬਰ 2022 ’ਚ ਮੌਜੂਦਾ ਚਾਰਜ ਸੰਭਾਲਿਆ ਸੀ। ਮ੍ਰਿਤਿਊਂਜੈ ਦਾ ਕਾਰਜਕਾਲ ਵਧਣ ਨਾਲ ਕਿਆਸੇ ਤੇਜ਼ ਹੋ ਗਏ ਹਨ ਕਿ ਉਨ੍ਹਾਂ ਦੀ ਅਗਵਾਈ ’ਚ ਹੀ ਅਗਲੀ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ। ਇਸਦੇ ਲਈ ਅਗਲੇ ਬਜਟ ’ਚ ਜ਼ਰੂਰੀ ਰਕਮ ਦੀ ਵਿਵਸਥਾ ਕੀਤੀ ਜਾ ਸਕਦੀ ਹੈ। ਉਸ ਤੋਂ ਬਾਅਦ 2025 ’ਚ ਮਰਦਮਸ਼ੁਮਾਰੀ ਮੁਲਾਜ਼ਮਾਂ ਦੀ ਸਿਖਲਾਈ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ। ਮਰਦਮਸ਼ੁਮਾਰੀ ਲਈ 30 ਲੱਖ ਤੋਂ ਜ਼ਿਆਦਾ ਸਰਕਾਰੀ ਮੁਲਾਜ਼ਮਾਂ ਨੂੰ ਸਿਖਲਾਈ ਦਿੱਤੀ ਜਾਏਗੀ। ਮਰਦਮਸ਼ੁਮਾਰੀ ਦੀ ਪ੍ਰਕਿਰਿਆ ਦੋ ਪੜਾਵਾਂ ’ਚ ਪੂਰੀ ਕੀਤੀ ਜਾਏਗੀ। ਪਹਿਲੇ ਪੜਾਅ ’ਚ ਪੂਰੇ ਦੇਸ਼ ’ਚ ਘਰਾਂ ਤੇ ਉਨ੍ਹਾਂ ’ਚ ਮੌਜੂਦ ਪਸ਼ੂਧਨ ਤੇ ਹੋਰ ਭੌਤਿਕ ਵਸੀਲਿਆਂ ਦੀ ਗਿਣਤੀ ਕੀਤੀ ਜਾਏਗੀ। ਦੂਜੇ ਪੜਾਅ ’ਚ ਵਿਅਕਤੀਆਂ ਦੀ ਗਿਣਤੀ ਸ਼ੁਰੂ ਹੋਵੇਗੀ। ਮੰਨਿਆ ਜਾ ਰਿਹਾ ਹੈ ਕਿ ਮਰਦਮਸ਼ੁਮਾਰੀ ਕਮਿਸ਼ਨਰ ਛੇਤੀ ਮਰਦ-ਮਸ਼ੁਮਾਰੀ ਦੀਆਂ ਤਰੀਕਾਂ ਦਾ ਐਲਾਨ ਕਰ ਸਕਦੇ ਹਨ।

## ਛੇ ਮਹੀਨੇ ਬਾਅਦ ਜ਼ਮਾਨਤੀ ਬਾਂਡ ਪੇਸ਼ ਕਰਨ ਲਈ ਨਹੀਂ ਕਹਿ ਸਕਦੀਆਂ ਅਦਾਲਤਾਂ: ਸੁਪਰੀਮ ਕੋਰਟ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਅਦਾਲਤਾਂ ਮੁਲਜ਼ਮ ’ਤੇ ਜ਼ਮਾਨਤ ਆਦੇਸ਼ ਜਾਰੀ ਕਰਨ ਦੇ ਛੇ ਮਹੀਨੇ ਬਾਅਦ ਜ਼ਮਾਨਤੀ ਬਾਂਡ ਪੇਸ਼ ਕ ਰਨ ਦੀ ਸ਼ਰਤ ਨਹੀਂ ਲਗਾ ਸਕਦੀਆਂ। ਜੇਕਰ ਅਦਾਲਤ ਮਾਮਲੇ ਦੇ ਗੁਣ-ਦੋਸ਼ (ਮੈਰਿਟ) ਤੋਂ ਸੰਤੁਸ਼ਟ ਹੈ ਤਾਂ ਉਸਨੂੰ ਜਾਂ ਤਾਂ ਜ਼ਮਾਨਤ ਦੇ ਦੇਣੀ ਚਾਹੀਦੀ ਹੈ ਜਾਂ ਫਿਰ ਇਨਕਾਰ ਕਰ ਦੇਣਾ ਚਾਹੀਦਾ ਹੈ। ਜਸਟਿਸ ਬੇਲਾ ਐੱਮ ਤ੍ਰਿਵੇਦੀ ਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦਾ ਬੈਂਚ 24 ਅਕਤੂਬਰ ਨੂੰ ਉਸ ਵਿਅਕਤੀ ਦੀ ਪਟੀਸ਼ਨ ’ਤੇ ਸੁਣਵਾਈ ਕਰ ਰਿਹਾ ਸੀ ਜਿਸਨੇ ਪਟਨਾ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਬਿਹਾਰ ਨਸ਼ੀਲਾ ਪਦਾਰਥ ਰੋਕੂ ਤੇ ਐਕਸਾਈਜ਼ ਡਿਊਟੀ ਸੋਧ ਐਕਟ ਦੇ ਤਹਿਤ ਦਰਜ ਮਾਮਲੇ ’ਚ ਉਸਨੂੰ ਛੇ ਮਹੀਨੇ ਬਾਅਦ ਜ਼ਮਾਨਤੀ ਬਾਂਡ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਸੀ। ਲਿਹਾਜ਼ਾ ਟਰਾਇਲ ਕੋਰਟ ਨੇ ਉਸ ਵਿਅਕਤੀ ਨੂੰ 10 ਹਜ਼ਾਰ ਰੁਪਏ ਦੇ ਬਾਂਡ ਤੇ ਓਨੀ ਹੀ ਰਾਸ਼ੀ ਦੇ ਦੋ ਜ਼ਮਾਨਤਦਾਰ ਪੇਸ਼ ਕਰਨ ’ਤੇ ਰਿਹਾਅ ਕਰਨ ਦਾ ਨਿਰਦੇਸ਼ ਦਿੱਤਾ ਸੀ।

ਪਟੀਸ਼ਨ ’ਤੇ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਪਿਛਲੇ ਕੁਝ ਦਿਨਾਂ ’ਚ ਹਾਈ ਕੋਰਟ ਵਲੋ ਜਾਰੀ ਕੁਝ ਆਦੇਸ਼ਾਂ ’ਚੋਂ ਇਕ ਹੈ ਜਿਸ ਵਿਚ ਮਾਮਲੇ ਦਾ ਗੁਣ-ਦੋਸ਼ ਦੇ ਆਧਾਰ ’ਤੇ ਫ਼ੈਸਲਾ ਕੀਤੇ ਬਿਨਾ ਹਾਈ ਕੋਰਟ ਨੇ ਮੌਜੂਦਾ ਪਟੀਸ਼ਨਰ ਨੂੰ ਇਸ ਸ਼ਰਤ ’ਤੇ ਜ਼ਮਾਨਤ ਦਿੱਤੀ ਕਿ ਪਟੀਸ਼ਨਰ ਆਦੇਸ਼ ਜਾਰੀ ਹੋਣ ਦੇ ਛੇ ਮਹੀਨੇ ਬਾਅਦ ਜ਼ਮਾਨਤੀ ਬਾਂਡ ਪੇਸ਼ ਕਰੇਗਾ।

# ਡਾ. ਅੰਬੇਡਕਰ ਦਾ ਆਗਮਨ ਦਿਵਸ ਇਤਿਹਾਸਕ ਸਥਾਨ ਅੰਬੇਡਕਰ ਭਵਨ ਵਿਖੇ ਮਨਾਇਆ ਗਿਆ

## ਫ੍ਰੀ ਮੈਡੀਕਲ ਚੈਕਅੱਪ ਕੈਂਪ ਲਗਾ ਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ
























**ਜਲੰਧਰ–** ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਆਗਮਨ ਦਿਵਸ 27 ਅਕਤੂਬਰ ਨੂੰ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਅੰਬੇਡਕਰ ਭਵਨ ਟਰੱਸਟ ਵੱਲੋਂ ਫ੍ਰੀ ਮੈਡੀਕਲ ਚੈਕਅੱਪ ਕੈਂਪ ਲਗਾ ਕੇ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਫ੍ਰੀ ਮੈਡੀਕਲ ਚੈਕਅੱਪ ਕੈਂਪ ਵਿੱਚ ਬਹੁਤ ਹੀ ਤਜਰਬੇਕਾਰ ਡਾਕਟਰ ਡਾ. ਚਰਨਜੀਤ ਸਿੰਘ ਐਮਐਸ ਔਰਥੋ, ਸਾਬਕਾ ਐਸਐਮਓ; ਡਾ. ਚੰਦਰ ਪ੍ਰਕਾਸ਼ ਐਮਬੀਬੀਐਸ, ਸਾਬਕਾ ਐਸਐਮਓ; ਡਾ. ਅਮਰਦੀਪ ਸਿੰਘ ਐਮਬੀਬੀਐਸ; ਡਾ. ਨਵਦੀਪ ਐਮਬੀਬੀਐਸ ਅਤੇ ਡਾ. ਜੈਸਮੀਨ ਐਮਡੀ ਮੈਡੀਸਨ ਦੁਆਰਾ ਮਰੀਜ਼ਾਂ ਦਾ ਫ੍ਰੀ ਚੈਕਅੱਪ ਕੀਤਾ ਗਿਆ ਅਤੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਯਾਦ ਰਹੇ ਕਿ 27 ਅਕਤੂਬਰ 1951 ਨੂੰ ਬਾਬਾ ਸਾਹਿਬ ਡਾ. ਭੀਮ ਰਾ   ਅੰਬੇਡਕਰ ਇਸੇ ਜਗ੍ਹਾ ਜਲੰਧਰ ਵਿਖੇ ਪਧਾਰੇ ਸਨ ਅਤੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ। ਬਾਬਾ ਸਾਹਿਬ ਦੀ ਚਰਨ-ਛੋਹ ਪ੍ਰਾਪ੍ਤ ਇਹ ਭੂਮੀ ਉੱਘੇ ਅੰਬੇਡਕਰਵਾਦੀ ਸ੍ਰੀ ਲਾਹੌਰੀ ਰਾਮ ਬਾਲੀ ਨੇ ਆਪਣੇ ਸਾਥੀ ਸ੍ਰੀ ਕਰਮ ਚੰਦ ਬਾਠ ਦੇ ਸਹਿਯੋਗ ਨਾਲ 1963 ਵਿੱਚ ਇੱਕ ਇੱਕ ਰੁਪਈਆ ਇਕੱਠਾ ਕਰਕੇ ਖਰੀਦੀ ਸੀ। ਬਾਲੀ ਸਾਹਿਬ ਨੇ 1972 ਵਿੱਚ 'ਅੰਬੇਡਕਰ ਭਵਨ ਟਰੱਸਟ' ਦੇ ਨਾਮ ਅਧੀਨ ਇਸ ਦਾ ਟਰੱਸਟ ਬਣਾ ਦਿੱਤਾ ਤੇ ਫਿਰ ਆਪਣੇ ਟਰੱਸਟੀ ਸਾਥੀਆਂ ਦੇ ਸਹਿਯੋਗ ਨਾਲ ਇਸ ਤੇ ਆਲੀਸ਼ਾਨ ਭਵਨ ਬਣਾਇਆ। ਇਸੇ ਹੀ ਸਥਾਨ ਤੇ ਬਾਬਾ ਸਾਹਿਬ ਦਾ ਆਗਮਨ ਦਿਵਸ ਫ੍ਰੀ ਮੈਡੀਕਲ ਚੈਕਅੱਪ ਕੈਂਪ ਲਗਾ ਕੇ ਮਨਾਇਆ ਗਿਆ। ਇਸ ਮੌਕੇ 'ਤੇ ਫ੍ਰੀ ਮੈਡੀਕਲ ਚੈਕਅੱਪ ਕੈਂਪ ਤੇ ਮੁੱਖ ਮਹਿਮਾਨ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਉੱਘੇ ਅੰਬੇਡਕਰੀ ਅਤੇ ਬੁੱਧਿਸਟ ਵਿਦਵਾਨ ਡਾ. ਸੁਰਿੰਦਰ ਅਜਨਾਤ ਨੇ ਕਿਹਾ ਕਿ 27 ਅਕਤੂਬਰ, 1951 ਸਾਡੇ ਸਾਰਿਆਂ ਲਈ ਇੱਕ ਇਤਿਹਾਸਿਕ ਦਿਨ ਹੈ।


ਮਾਣਯੋਗ ਅੰਬੈਸਡਰ ਸ੍ਰੀ ਰਮੇਸ਼ ਚੰਦਰ 'ਦੇਸ਼ ਦੁਆਬਾ' ਦੇ ਪਾਠਕਾਂ ਲਈ ਦੋ ਸ਼ਬਦ ਰੱਖਦੇ ਹੋਏ।

ਇਸ ਦਿਨ ਬਾਬਾ ਸਾਹਿਬ ਡਾ. ਅੰਬੇਡਕਰ ਨੇ ਪੰਜਾਬ ਦੀ ਤਿੰਨ ਦਿਨਾਂ ਯਾਤਰਾ ਆਰੰਭ ਕੀਤੀ ਸੀ ਅਤੇ ਪਹਿਲੇ ਹੀ ਦਿਨ ਉਨ੍ਹਾਂ ਇਸ ਸਥਾਨ ਤੇ ਭਾਰੀ ਗਿਣਤੀ ਵਿੱਚ ਸ਼ਾਮਿਲ ਲੋਕਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਸੰਵਿਧਾਨ ਵਿੱਚ ਸੰਕਲਿਤ ਆਪਣੇ ਅਧਿਕਾਰਾਂ ਅਤੇ ਫਰਜ਼ਾਂ ਪ੍ਰਤੀ ਸੁਚੇਤ ਹੋਣ ਦਾ ਅਵਾਹਨ ਕੀਤਾ ਸੀ। ਡਾ. ਅੰਬੇਡਕਰ ਜੀ ਦੇ ਨਿਰੰਤਰ ਸੰਘਰਸ਼ ਸਦਕਾ ਹੀ ਸਦੀਆਂ ਬਾਅਦ ਭਾਰਤ ਦੇ ਕਰੋੜਾਂ ਲੋਕਾਂ ਨੂੰ ਸਿੱਖਿਆ, ਸਰਕਾਰੀ ਨੌਕਰੀਆਂ ਵਿੱਚ ਹਿੱਸਾ ਅਤੇ ਬਰਾਬਰੀ ਦੇ ਅਧਿਕਾਰ ਪ੍ਰਾਪਤ ਹੋਏ।

ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਸ਼੍ਰੀ ਸੋਹਨ ਲਾਲ ਨੇ ਫ੍ਰੀ ਮੈਡੀਕਲ ਚੈਕਅੱਪ ਕੈਂਪ ਦੀ ਮਹੱਤਤਾ ਦਾ ਜ਼ਿਕਰ ਕਰਦਿਆਂ ਲੋੜਵੰਦਾਂ ਨੂੰ ਇਸ ਆਯੋਜਨ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਅਣਥੱਕ ਸੰਘਰਸ਼ ਕਰਕੇ ਸਾਨੂੰ ਖੁਸ਼ਹਾਲ ਜ਼ਿੰਦਗੀ ਜਿਉਣ ਦੇ ਕਾਬਲ ਬਣਾਇਆ ਹੈ। ਅੰਬੇਡਕਰ ਭਵਨ ਟਰੱਸਟ ਨੇ ਸਮਾਜ ਵਿੱਚ ਜਿੱਥੇ ਲੋਕ-ਚੇਤਨਾ ਪੈਦਾ ਕਰਨ ਦਾ ਨਿਰੰਤਰ ਯਤਨ ਕੀਤਾ ਹੈ, ਉੱਥੇ ਬਾਬਾ ਸਾਹਿਬ ਦੀ ਯਾਦ ਨੂੰ ਸਮਰਪਿਤ ਇਹ ਕਾਰਜਕ੍ਰਮ ਵੀ ਟਰੱਸਟ ਦੀ ਲੋਕ ਹਿੱਤਕਾਰੀ ਯੋਜਨਾ ਦਾ ਇੱਕ ਹਿੱਸਾ ਹੈ। ਉਨ੍ਹਾਂ ਨੇ ਡਾਕਟਰਾਂ ਦੀ ਟੀਮ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਜੀ ਆਇਆਂ ਕਹਿੰਦਿਆਂ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।

ਸਮਾਗਮ ਦੇ ਆਰੰਭ ਵਿੱਚ ਟਰੱਸਟ ਦੇ ਜਨਰਲ ਸਕੱਤਰ ਡਾ. ਜੀ.ਸੀ. ਕੌਲ ਨੇ ਅੰਬੇਡਕਰ ਭਵਨ ਦੀ ਇਤਿਹਾਸਕ ਅਹਿਮੀਅਤ ਅਤੇ ਇਸ ਪ੍ਰਮੁੱਖ ਕੇਂਦਰ ਤੋਂ ਪੰਜਾਬ ਵਿੱਚ ਸਮੇਂ-ਸਮੇਂ 'ਤੇ ਆਰੰਭੇ ਗਏ ਅੰਬੇਡਕਰੀ ਜਨਹਿਤ ਅੰਦੋਲਨਾਂ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ। ਬਾਬਾ ਸਾਹਿਬ ਦੇ ਇਤਿਹਾਸਿਕ ਪੰਜਾਬ ਦੌਰੇ ਨਾਲ ਜੁੜੇ ਇਸ ਯਾਦਗਾਰੀ ਅੰਬੇਡਕਰ ਭਵਨ ਦੀ ਉਸਾਰੀ ਵਿੱਚ ਟਰੱਸਟ ਦੇ ਮੋਢੀ ਮੈਂਬਰਾਂ ਸ੍ਰੀ ਲਾਹੌਰੀ ਰਾਮ ਬਾਲੀ, ਸੇਠ ਕਰਮ ਚੰਦ ਬਾਠ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਦੀ ਮਿਹਨਤ, ਲਗਨ ਅਤੇ ਪ੍ਰਤੀਬੱਧਤਾ ਨੂੰ ਸਲਾਮ ਕਰਦਿਆਂ ਉਨ੍ਹਾਂ ਨੇ ਐਡਵੋਕੇਟ ਆਰ.ਸੀ. ਪਾਲ ਰਿਟਾ. ਜੱਜ ਦੇ ਯਤਨਾਂ ਦੀ ਵਿਸ਼ੇਸ਼ ਪ੍ਰਸ਼ੰਸ਼ਾ ਕੀਤੀ।

ਇਸ ਮੌਕੇ 'ਤੇ 27 ਅਕਤੂਬਰ 1951 ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਆਮਦ 'ਤੇ ਸ਼ਡਿਊਲਡ ਕਾਸਟ ਫੈਡਰੇਸ਼ਨ ਪੰਜਾਬ ਦੇ ਤਤਕਾਲੀਨ ਪ੍ਰਧਾਨ ਸੇਠ ਕਿਸ਼ਨ ਦਾਸ, ਸਾਬਕਾ ਐਮਐਲਏ ਵੱਲੋਂ ਬਾਬਾ ਸਾਹਿਬ ਦੇ ਸਨਮਾਨ ਵਿੱਚ ਉਰਦੂ ਭਾਸ਼ਾ ਵਿੱਚ ਪੜ੍ਹੇ ਗਏ 'ਮਾਣ ਪੱਤਰ' ਦੇ ਗੁਰਮੁਖੀ ਵਿੱਚ ਲਿਪੀਅੰਤਰਣ ਦੀ ਕੈਲੀਫੋਰਨੀਆ ਵਿੱਚ ਛਪਦੇ ਦੇਸ਼ ਦੁਆਬਾ ਪੇਪਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੁਆਰਾ ਪ੍ਰਕਾਸ਼ਿਤ ਕਾਪੀ ਵੀ ਰਿਲੀਜ਼ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬ ਸ਼੍ਰੀ ਚਰਨ ਦਾਸ ਸੰਧੂ, ਬਲਦੇਵ ਰਾਜ ਭਾਰਦਵਾਜ, ਹਰਮੇਸ਼ ਜੱਸਲ, ਡਾ. ਮਹਿੰਦਰ ਸੰਧੂ, ਐਡਵੋਕੇਟ ਯਗਿਆਦੀਪ, ਕਮਲਸ਼ੀਲ ਬਾਲੀ, ਜਸਵਿੰਦਰ ਵਰਿਆਣਾ, ਤਿਲਕ ਰਾਜ, ਰਿਟਾ. ਅੰਬੈਸਡਰ ਰਮੇਸ਼ ਚੰਦਰ, ਪ੍ਰੋਫੈਸਰ ਬਲਬੀਰ, ਹਰੀਸ਼ ਸੰਧੂ, ਬਲਵੰਤ ਭਾਟੀਆ, ਸੁਖਵਿੰਦਰ ਸਿੰਘ, ਦੀਪਕ ਗੁਪਤਾ, ਸਾਹਿਲ, ਸੰਧਿਆ, ਮੁਸਕਾਨ ਵਰਮਾ, ਗੌਤਮ ਬੋਧ, ਕਵਿਤਾ ਢਾਂਡੇ, ਨਿਰਮਲ ਬਿੰਜੀ, ਐਡਵੋਕੇਟ ਹਰਭਜਨ ਸਾਂਪਲਾ, ਕਾਂਤਾ ਕੁਮਾਰੀ ਆਦਿ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ।

**ਬਲਦੇਵ ਰਾਜ ਭਾਰਦਵਾਜ**
**ਵਿੱਤ ਸਕੱਤਰ, ਅੰਬੇਡਕਰ ਭਵਨ ਟਰੱਸਟ (ਰਜਿ.)**

## ਇਤਿਹਾਸਕ ਦਸਤਾਵੇਜ ਜਾਰੀ

27 ਅਕਤੂਬਰ 2024 ਨੂੰ ਅੰਬੇਡਕਰ ਭਵਨ ਟਰੱਸਟ ਵੱਲੋਂ ਲਗਾਏ ਗਏ ਫਰੀ ਮੈਡੀਕਲ ਚੈਕਅਪ ਕੈਂਪ ਦੇ ਮੌਕੇ 'ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਆਗਮਨ ਸਮੇਂ 27 ਅਕਤੂਬਰ 1951 ਨੂੰ ਸੇਠ ਕਿਸ਼ਨ ਦਾਸ, ਸਾਬਕਾ ਐਮ. ਐਲ. ਏ. ਅਤੇ ਤਤਕਾਲੀਨ ਪ੍ਰਧਾਨ ਸ਼ਡਿਊਲਡ ਕਾਸਟ ਫੈਡਰੇਸ਼ਨ, ਪੰਜਾਬ ਵੱਲੋਂ ਬਾਬਾ ਸਾਹਿਬ ਦੇ ਸਨਮਾਨ ਵਿਚ ਪ੍ਰਸਤੁਤ ਉਰਦੂ ਵਿਚ ਲਿਖੇ ਗਏ ਮਾਣ ਪੱਤਰ ਦੀ ਪੰਜਾਬੀ ਵਿਚ ਲਿਪੀਅੰਤਰ ਕੀਤੀ ਗਈ ਕਾਪੀ ਵੀ ਜਾਰੀ ਕੀਤੀ ਗਈ।ਉਰਦੂ ਵਿਚ ਲਿਖੇ ਇਸ ਮਾਣ-ਪੱਤਰ ਦੀ ਕਾਪੀ ਸਾਨੂੰ 'ਅੰਬੇਡਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਕੈਲੇਫੋਰਨੀਆ, ਅਮਰੀਕਾ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਤੋਂ ਜੁਲਾਈ 2024 ਵਿਚ ਪ੍ਰਾਪਤ ਹੋਈ। ਵਾਸਤਵ ਵਿਚ ਇਸ ਇਤਿਹਾਸਕ ਦਸਤਾਵੇਜ਼ ਦੀ ਕਾਪੀ ਜਲੰਧਰ ਦੇ ਸਿਧਾਰਥ ਨਗਰ ਨਿਵਾਸੀ ਸ੍ਰੀ ਰਾਮ ਲਾਲ ਦਾਸ ਕੋਲ ਸੰਭਾਲੀ ਪਈ ਸੀ ਜੋ ਉਹਨਾਂ ਨੇ ਜੁਲਾਈ 2024 ਨੂੰ ਸ਼ਡਿਊਲਡ ਕਾਸਟ ਫੈਡਰੇਸ਼ਨ, ਪੰਜਾਬ ਦੇ ਤਤਕਾਲੀਨ ਜਨਰਲ ਸਕੱਤਰ ਸ੍ਰੀ ਕੇ. ਸੀ. ਸੁਲੇਖ (ਚੰਡੀਗੜ੍ਹ) ਨੂੰ ਭੇਂਟ ਕੀਤੀ। ਯਾਦ ਰਹੇ ਕਿ ਸ੍ਰੀ ਸੁਲੇਖ ਸਾਹਿਬ ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਦੇ ਸੀਨੀਅਰ ਟਰੱਸਟੀ ਰਹੇ ਹਨ ਅਤੇ 97 ਸਾਲ ਦੀ ਉਮਰ ਵਿਚ ਵੀ ਬਾਬਾ ਸਾਹਿਬ ਦੇ ਮਿਸ਼ਨ ਦੀ ਪ੍ਰਗਤੀ ਅਤੇ ਵਿਕਾਸ ਲਈ ਆਪਣੀਆਂ ਅਗਾਂਹਵਧੂ ਅਤੇ ਤਰਕਸ਼ੀਲ ਲਿਖਤਾਂ ਰਾਹੀਂ ਨਿਰੰਤਰ ਯੋਗਦਾਨ ਪਾ ਰਹੇ ਹਨ। 27 ਅਕਤੂਬਰ 1951 ਨੂੰ ਬਾਬਾ ਸਾਹਿਬ ਦੇ ਜਲੰਧਰ ਆਗਮਨ ਮੌਕੇ ਸਟੇਜ ਸੰਚਾਲਨ ਦਾ ਕਾਰਜ ਵੀ ਸੁਲੇਖ ਸਾਹਿਬ ਨੇ ਹੀ ਕੀਤਾ ਸੀ।

ਚੰਡੀਗੜ੍ਹ ਨਿਵਾਸੀ ਸ੍ਰੀ ਸੁਲੇਖ ਸਾਹਿਬ ਨੇ ਇਸ ਇਤਿਹਾਸਕ ਦਸਤਾਵੇਜ਼ ਦੀ ਕਾਪੀ ਡਾ. ਰੌਣਕੀ ਰਾਮ ਜੀ, ਪ੍ਰੋਫੈਸਰ ਅਤੇ ਮੁਖੀ, ਸ਼ਹੀਦ ਭਗਤ ਸਿੰਘ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਰਾਹੀਂ ਕੈਲੇਫੋਰਨੀਆ ਤੋਂ ਪ੍ਰਕਾਸ਼ਿਤ ਹੁੰਦੀਆਂ ਅੰਗਰੇਜ਼ੀ ਅਤੇ ਪੰਜਾਬੀ ਦੀਆਂ ਉਪਰੋਕਤ ਪੱਤ੍ਰਕਾਵਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਤੱਕ ਪਹੁੰਚਦੀ ਕੀਤੀ।

ਚੁੰਬਰ ਸਾਹਿਬ ਤੋਂ ਪ੍ਰਾਪਤ ਉਰਦੂ ਭਾਸ਼ਾ ਵਿਚ ਲਿਖੇ ਗਏ ਇਸ ਮਾਣ ਪੱਤਰ ਨੂੰ, ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਨੇ ਪ੍ਰੋ. ਅਰਿੰਦਰ ਸਿੰਘ ਜੀ ਤੋਂ ਪੰਜਾਬੀ ਵਿਚ ਲਿਪੀਅੰਤਰ ਕਰਵਾ ਕੇ 27 ਅਕਤੂਬਰ 2024 ਨੂੰ ਬਾਬਾ ਸਾਹਿਬ ਦੇ ਜਲੰਧਰ ਆਗਮਨ ਦਿਵਸ ਦੀ ਯਾਦ ਵਿਚ ਆਯੋਜਿਤ ਫਰੀ ਮੈਡੀਕਲ ਚੈਕਅਪ ਮੌਕੇ 'ਤੇ ਜਾਰੀ ਕੀਤਾ ਗਿਆ। ਅੰਬੇਡਕਰ ਭਵਨ ਟਰੱਸਟ ਉਪਰੋਕਤ ਸਾਰੇ ਵਿਦਵਾਨ ਸਾਥੀਆਂ ਦਾ ਹਾਰਦਿਕ ਧੰਨਵਾਦੀ ਹੈ, ਜਿਨ੍ਹਾਂ ਦੇ ਯਤਨਾਂ ਸਦਕਾ ਇਹ ਇਤਿਹਾਸਕ ਦਸਤਾਵੇਜ਼ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੋ ਸਕਿਆ ਹੈ। ਪ੍ਰੇਮ ਕੁਮਾਰ ਚੁੰਬਰ ਜੀ ਧੰਨਵਾਦ ਦੇ ਵਿਸ਼ੇਸ਼ ਪਾਤਰ ਹਨ, ਜਿਨ੍ਹਾਂ ਨੇ ਇਸ ਇਤਿਹਾਸਕ 'ਮਾਣ ਪੱਤਰ' ਨੂੰ ਅੰਗਰੇਜ਼ੀ ਅਤੇ ਪੰਜਾਬੀ ਵਿਚ ਆਪਣੇ ਦੋਨਾਂ ਅਖਬਾਰਾਂ ਵਿਚ 23 ਅਕਤੂਬਰ ਨੂੰ ਪ੍ਰਕਾਸ਼ਿਤ ਕੀਤਾ ਅਤੇ ਆਪਣੇ ਖਰਚੇ 'ਤੇ ਮਾਣ ਪੱਤਰ ਨੂੰ ਪ੍ਰਿੰਟ ਅਤੇ ਫਰੇਮ ਕਰਵਾ ਕੇ 25 ਕਾਪੀਆਂ ਟਰੱਸਟ ਨੂੰ ਭੇਂਟ ਕੀਤੀਆਂ।

**ਡਾ. ਜੀ. ਸੀ. ਕੌਲ, ਜਨਰਲ ਸਕੱਤਰ,**
**ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਦੇਸ਼ ਦੁਆਬਾ

# ਬਾਬਾ ਸਾਹਿਬ ਡਾ. ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ, 27 ਅਕਤੂਬਰ 1951 ਨੂੰ ਯਾਦ ਕਰਦਿਆਂ

ਅੰਬੇਡਕਰ ਭਵਨ ਜਲੰਧਰ ਇਕ ਇਤਿਹਾਸਕ ਯਾਦਗਾਰ ਹੈ ਜੋ ਡਾ. ਅੰਬੇਡਕਰ ਮਾਰਗ (ਨਕੋਦਰ ਰੋਡ) 'ਤੇ ਸਥਿਤ ਹੈ। ਇਥੇ 27 ਅਕਤੂਬਰ 1951 ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਰਾਮ ਜੀ ਅੰਬੇਡਕਰ ਨੇ ਆਜ਼ਾਦੀ ਉਪਰੰਤ ਆਪਣੀ ਪਲੇਠੀ ਫੇਰੀ ਮੌਕੇ ਬਹੁਤ ਭਾਰੀ ਇਕੱਠ ਨੂੰ ਸੰਬੋਧਨ ਕੀਤਾ ਸੀ। ਬਾਬਾ ਸਾਹਿਬ ਉਸ ਵਕਤ ਸ਼ਡਿਊਲਡ ਕਾਸਟ ਫੈਡਰੇਸ਼ਨ ਪੰਜਾਬ ਦੇ ਸੱਦੇ 'ਤੇ ਪੰਜਾਬ ਆਏ ਸਨ। 28 ਅਕਤੂਬਰ 1951 ਨੂੰ ਆਪਣੇ ਸਥਾਨਕ ਡੀ. ਏ. ਵੀ. ਕਾਲਜ ਦੇ ਪ੍ਰਿੰਸੀਪਲ, ਸਟਾਫ ਅਤੇ ਕਾਲਜ ਦੀ ਪ੍ਰਬੰਧਕ ਕਮੇਟੀ ਦੀ ਸਨਿਮਰ ਬੇਨਤੀ 'ਤੇ ਉਥੋਂ ਦੇ ਵਿਦਿਆਰਥੀਆਂ ਅਤੇ ਸਟਾਫ ਨੂੰ ਸੰਬੋਧਨ ਕੀਤਾ ਸੀ।

ਆਪਣੇ 'ਸੰਸਦੀ ਲੋਕਤੰਤਰ ਦਾ ਭਵਿੱਖ' ਵਿਸ਼ੇ ਨੂੰ ਆਪਣੇ ਭਾਸ਼ਣ ਦਾ ਪ੍ਰਮੁੱਖ ਕੇਂਦਰੀ ਬਿੰਦੂ ਬਣਾਉਂਦਿਆਂ ਕਿਹਾ ਸੰਸਦੀ ਲੋਕਤਾਂਤਰਿਕ ਦੀ ਵਿਵਸਥਾ ਭਾਰਤ ਵਿਚ ਕੋਈ ਨਵੀਂ ਨਹੀਂ ਹੈ। ਬੁੱਧ ਕਾਲ ਵੇਲੇ ਇਸਨੂੰ ਭਾਰਤ ਵਿਚ ਲਾਗੂ ਕੀਤਾ ਗਿਆ ਸੀ। ਇਹ ਪ੍ਰਣਾਲੀ ਮਨੁੱਖ ਦੀ ਸਮਾਨਤਾ, ਸੁਤੰਤਰਤਾ, ਭਾਈਚਾਰਕ ਸਾਂਝ ਅਤੇ ਸਮਾਜਿਕ ਨਿਆਂ ਦੀ ਭਾਵਨਾ ਨੂੰ ਪੱਕਿਆਂ ਕਰਦੀ ਹੈ। ਵਰਣ ਵਿਵਸਥਾ ਅਤੇ ਵਿਭਿੰਨ ਸੰਪ੍ਰਦ-ਾਇਆਂ ਵਿਚ ਵੰਡੇ ਹੋਏ ਭਾਰਤੀ ਸਮਾਜ ਲਈ ਇਹ ਸਭ ਤੋਂ ਉਚਿਤ ਵਿਵਸਥਾ ਹੈ। ਪਰ ਜਨਤਾ ਦੁਆਰਾ ਚੁਣੇ ਹੋਏ ਪ੍ਰਤੀ-ਨਿਧੀਆਂ ਨੂੰ ਸੰਵਿਧਾਨਕ ਨੈਤਿਕਤਾ ਦੀ ਜ਼ਿੰਮੇਵਾਰੀ ਪ੍ਰਤੀ ਇਮਾਨਦਾਰ ਹੋਣਾ ਪਵੇਗਾ, ਤਾਂ ਹੀ ਇਹ ਸੰਸਦੀ ਲੋਕਤੰਤਰ ਦੀ ਵਿਵਸਥਾ ਸਫਲ ਹੋ ਸਕਦੀ ਹੈ। ਸਰਕਾਰ ਦੇ ਸਾਰੇ ਅੰਗ, ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਜੇ ਪੂਰੀ ਦ੍ਰਿੜ੍ਹਤਾ ਅਤੇ ਇਮਾਨਦਾਰੀ ਨਾਲ ਆਪਣਾ ਕੰਮ ਕਰਨਗੀਆਂ ਤਾਂ ਭਾਰਤ ਵਿਚ ਇਹ ਵਿਵਸਥਾ ਪੂਰੀ ਕਾਮਯਾਬੀ ਨਾਲ ਵਿਕਸਤ ਹੋ ਸਕੇਗੀ। ਬਾਬਾ ਸਾਹਿਬ ਨੇ ਇਸ ਇਤਿਹਾਸਕ ਭਾਸ਼ਣ ਵਿਚ ਭਾਰਤ ਵਿਚ ਸੰਸਦੀ ਲੋਕਤੰਤਰ ਦੀ ਮੁੜ ਬਹਾਲੀ ਤੋਂ ਇਲਾਵਾ ਹਰ ਵਿਅਕਤੀ ਦੀ ਨਿੱਜੀ ਸੁਤੰਤਰਤਾ, ਸਿੱਖਿਆ, ਬੁਨਿਆਦੀ ਲੋੜਾਂ ਦੀ ਪੂਰਤੀ ਅਤੇ ਮੁਢਲੇ ਅਧਿਕਾਰਾਂ ਅਤੇ ਨਾਗਰਿਕ ਦੇ ਫਰਜ਼ਾਂ ਦਾ ਵਿਸਥਾਰ ਸਹਿਤ ਜ਼ਿਕਰ ਵੀ ਕੀਤਾ ਸੀ।

ਰਾਜਨੀਤੀ ਵਿਚ ਵਿਦਿਆਰਥੀਆਂ ਦੇ ਪ੍ਰਵੇਸ਼ ਸਬੰਧੀ ਬਾਬਾ ਸਾਹਿਬ ਦੇ ਵਿਚਾਰ ਵੀ ਵਾਚਣਯੋਗ ਹਨ। ਉਨ੍ਹਾਂ ਦਾ ਮੱਤ ਸੀ ਕਿ ਹਰ ਵਿਦਿਆਰਥੀ ਨੂੰ ਇਕ ਤਪੱਸਵੀ ਵਾਂਗ ਆਪਣਾ ਧਿਆਨ ਵਿੱਦਿਆ 'ਤੇ ਹੀ ਕੇਂਦਰਿਤ ਕਰਨਾ ਚਾਹੀਦਾ ਹੈ। ਆਪਣੀ ਪੜ੍ਹਾਈ ਹੋਣ ਉਪਰੰਤ ਜੇਕਰ ਉਸਦੀ ਇੱਛਾ ਹੋਵੇ ਤਾਂ ਉਹ ਰਾਜਨੀਤੀ ਵਿਚ ਜਾ ਸਕਦਾ ਹੈ। ਮਰਹੂਮ ਐਡਵੋਕੇਟ ਸ੍ਰੀ ਆਰ. ਸੀ. ਪਾਲ (ਸੇਵਾ ਮੁਕਤ ਜੱਜ), ਜੋ ਉਸ ਸਮੇਂ ਸ਼ਡਿਊਲਡ ਕਾਸਟ ਵਿਦਿਆਰਥੀ ਫੈਡਰੇਸ਼ਨ, ਪੰਜਾਬ ਦੇ ਜਨਰਲ ਸਕੱਤਰ ਅਤੇ ਦੋਆਬਾ ਕਾਲਜ ਜਲੰਧਰ ਦੇ ਵਿਦਿਆਰਥੀ ਸਨ, ਵੱਲੋਂ ਵਿਦਿਆਰਥੀ ਅਤੇ ਰਾਜਨੀਤੀ ਵਿਚ ਪ੍ਰਵੇਸ਼ ਸਬੰਧੀ ਪੁੱਛੇ ਗਏ ਇਕ ਸੁਆਲ ਦੇ ਜੁਆਬ ਵਿਚ ਵੀ ਬਾਬਾ ਸਾਹਿਬ ਨੇ ਇਹੀ ਜੁਆਬ ਦਿੱਤਾ ਸੀ।

ਸਥਾਨਕ ਡੀ. ਏ. ਵੀ. ਕਾਲਜ ਵਿਖੇ ਦਿੱਤੇ ਗਏ ਇਸ ਭਾਸ਼ਣ ਨੂੰ ਸੰਪੂਰਨ ਲੇਖ ਦੇ ਰੂਪ ਵਿਚ (ਜੋ ਸਾਨੂੰ ਅੰਬੇਡਕਰ ਭਵਨ ਦੁਆਰਾ ਪ੍ਰਕਾਸ਼ਿਤ ਸੋਵੀਨਰ, 1999 'ਚੋਂ ਉਪਲਬਧ ਹੋਇਆ ਸੀ) ਅਸੀਂ 'ਅੰਬੇਦਕਰ ਟਾਈਮਜ਼ ਡਾਟ ਕਾਮ' ਉਪਰ ਵੀ ਪਾਇਆ ਹੋਇਆ ਹੈ। ਕਈ ਵਾਰ ਸਮੇਂ-ਸਮੇਂ 'ਤੇ ਇਸ ਇਤਿਹਾਸਕ ਭਾਸ਼ਣ ਨੂੰ ਅਸੀਂ 'ਅੰਬੇਡਕਰ ਟਾਈਮਜ਼' ਵਿਚ ਪ੍ਰਕਾਸ਼ਿਤ ਵੀ ਕਰ ਚੁੱਕੇ ਹਾਂ। ਇਸ ਭਾਸ਼ਣ ਨੂੰ ਦੂਰ-ਦੂਰ ਤੱਕ ਸਲਾਹਿਆ ਗਿਆ ਹੈ। ਕੈਨੇਡਾ ਦੇ ਟਰਾਂਟੋ ਸ਼ਹਿਰ ਦੇ ਇਕ ਸਕੂਲ ਦੇ ਅਧਿਆਪਕ ਦੀ ਸਾਨੂੰ ਇਕ ਈਮੇਲ ਪ੍ਰਾਪਤ ਹੋਈ ਕਿ ਅਸੀਂ ਵੈਬਸਾਈਟ 'ਤੇ ਇਹ ਲੇਖ ਪੜ੍ਹਿਆ, ਜੋ ਸੰਸਦੀ ਲੋਕਤੰਤਰ ਨੂੰ ਬਾਖੂਬੀ ਪ੍ਰਸਤੁਤ ਕਰਦਾ ਹੈ। ਇਸਨੂੰ ਪੜ੍ਹ ਕੇ ਲੋਕਤੰਤਰ ਪ੍ਰਣਾਲੀ ਦੀ ਅਸਲੀਅਤ ਤੋਂ ਭਲੀ-ਭਾਂਤ ਜਾਣੂੰ ਹੋਏ ਹਾਂ। ਹੋਰ ਤਾਂ ਹੋਰ, ਉਸ ਟੀਚਰ ਨੇ ਇਹ ਵੀ ਲਿਖਿਆ ਕਿ ਉਸਨੇ ਆਪਣੀ ਕਲਾਸ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਅਤੇ ਇਸ ਉਪਰ ਵਿਚਾਰ-ਚਰਚਾ ਵੀ ਕੀਤੀ। ਸੋ, ਵਿਦਵਾਨ ਤੇ ਮਹਾਨ ਪੁਰਸ਼ਾਂ ਦੀ ਵਿਚਾਰਧਾਰਾ ਨੂੰ ਕੋਈ ਕੋਈ ਹੀ ਸਮਝਦਾ ਅਤੇ ਉਸ ਉਪਰ ਅਮਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਡੀ. ਏ. ਵੀ. ਕਾਲਜ, ਜਲੰਧਰ ਨੂੰ ਇਹ ਕ੍ਰੈਡਿਟ ਜਾਂਦਾ ਹੈ ਕਿ ਉਹਨਾਂ ਦੇ ਸਟਾਫ ਅਤੇ ਪ੍ਰਿੰਸੀਪਲ ਨੇ ਬਾਬਾ ਸਾਹਿਬ ਦੀ ਇਸ ਜਲੰਧਰ ਯਾਤਰਾ ਦਾ ਫਾਇਦਾ ਉਠਾਉਂਦਿਆਂ ਕਾਲਜ ਵਿਚ ਭਾਸ਼ਣ ਦੇ ਰੂਪ ਵਿਚ ਉਨ੍ਹਾਂ ਦੀ ਲੋਕਤੰਤਰ ਬਾਰੇ ਧਾਰਨਾ ਨੂੰ ਸਮਝਣ ਦਾ ਯਤਨ ਕੀਤਾ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਹਾਨ, ਵਿਲੱਖਣ, ਤੇਜੱਸਵੀ ਅਤੇ ਮਿਕਨਾਤੀਸੀ (ਚੁੰਬਕੀ) ਸ਼ਖਸੀਅਤ ਦੇ ਦਰਸ਼ਨ ਕਰਵਾਏ। ਧੰਨ ਹਨ ਉਹ ਲੋਕ ਜਿਨ੍ਹਾਂ ਨੂੰ ਬਾਬਾ ਸਾਹਿਬ ਦੀ ਸ਼ਕਤੀਸ਼ਾਲੀ ਆਵਾਜ਼ ਸੁਣਨ ਦਾ ਸੁਨਹਿਰੀ ਅਵਸਰ ਪ੍ਰਾਪਤ ਹੋਇਆ।



ਬਾਬਾ ਸਾਹਿਬ ਡਾ. ਅੰਬੇਡਕਰ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਪੰਜਾਬ ਫੇਰੀ (27 ਅਕਤੂਬਰ 1951) ਦੀਆਂ ਕੁਝ ਇਤਿਹਾਸਕ ਯਾਦਗਾਰੀ ਤਸਵੀਰਾਂ

27 ਅਕਤੂਬਰ 1951 ਨੂੰ ਜਦੋਂ ਪਹਿਲਾ ਭਾਸ਼ਣ, ਜਿੱਥੇ ਅੱਜ ਬਾਬਾ ਸਾਹਿਬ ਡਾ. ਅੰਬੇਡਕਰ ਦੀ ਯਾਦ ਨੂੰ ਜ਼ਿੰਦਾ ਰੱਖਣ ਲਈ ਅੰਬੇਦਕਰ ਭਵਨ ਬਣਾਇਆ ਹੈ, ਉਥੇ ਬਾਬਾ ਸਾਹਿਬ ਨੇ ਪੰਜਾਬ ਦੇ ਆਪਣੇ ਭਾਈਚਾਰੇ ਦਾ ਇੰਨਾ ਵੱਡਾ ਇਕੱਠ ਦੇਖ ਕੇ ਉਹਨਾਂ ਦਾ ਪਹਿਰਾਵਾ, ਉਹਨਾਂ ਦੀ ਦਿੱਖ, ਉਹਨਾਂ ਦਾ ਜੋਸ਼ ਅਤੇ ਸੋਚ ਨੂੰ ਦੇਖਦਿਆਂ ਕਿਹਾ ਸੀ ਕਿ ਮੈਨੂੰ ਪੰਜਾਬ ਬਹੁਤ ਦੇਰ ਪਹਿਲਾਂ ਆ ਜਾਣਾ ਚਾਹੀਦਾ ਸੀ। ਇਹ ਲੋਕ ਕੌਣ ਹਨ? ਜਿਹਨਾਂ ਨੂੰ ਦੇਖ ਕੇ ਬਾਬਾ ਸਾਹਿਬ ਇਕ ਮਹਾਨ ਸ਼ਖਸੀਅਤ ਦੇ ਮੂੰਹੋਂ ਅਜਿਹੇ ਵਿਚਾਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਬਾਹਰ ਆਉਣਾ? ਇਹ ਲੋਕ ਉਹੀ ਲੋਕ ਹਨ ਜੋ ਆਦਿ ਧਰਮ ਮੰਡਲ 'ਚ ਮਹਾਨ ਗਦਰੀ ਯੋਧੇ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ, ਜੋ ਆਦਿ ਧਰਮ ਮੰਡਲ ਦੇ ਬਾਨੀ ਸਨ, ਜਿਹਨਾਂ ਦੀ ਰਹਿਨੁਮਾਈ ਹੇਠ ਇਸ ਸਮਾਗਮ ਦੇ ਪ੍ਰਬੰਧਕਾਂ 'ਚ ਇਕ ਆਦਿ ਧਰਮ ਮੰਡਲ ਵੱਲੋਂ ਅਣਵੰਡੇ ਮਹਾਂ-ਪੰਜਾਬ ਦੀਆਂ 1937 ਦੀਆਂ ਚੋਣਾਂ ਦੌਰਾਨ ਪਹਿਲੇ ਸੱਤ ਐਮ. ਐਲ. ਏਜ਼ ਵਿਚੋਂ ਇਕ ਸੇਠ ਕਿਸ਼ਨ ਦਾਸ ਵੀ ਸਨ, ਜਿਹਨਾਂ ਮੰਨੇ-ਪ੍ਰਮੰਨੇ ਅੰਬੇਡਕਰਾਇਟ ਬੁਧਿਸਟ ਮਾਣਯੋਗ ਸ੍ਰੀ ਕੇ. ਸੀ. ਸੁਲੇਖ ਸਾਹਿਬ ਦੁਆਰਾ ਬਾਬਾ ਸਾਹਿਬ ਦੇ ਸਨਮਾਨ 'ਚ ਸਨਮਾਨ-ਪੂਰਵਕ ਸ਼ਬਦਾਂ ਉਰਦੂ ਭਾਸ਼ਾ 'ਚ 'ਮਾਣ ਪੱਤਰ' ਭੇਂਟ ਕੀਤਾ। ਇਸ ਸਨਮਾਨਿਤ 'ਮਾਣ ਪੱਤਰ' ਦਾ ਸ਼ਾਇਦ ਇਹ ਪਹਿਲੀ ਵਾਰ ਅੰਬੇਦਕਰ ਭਵਨ ਤੇ ਇੰਨੀ ਵੱਡੀ ਪੱਧਰ ਤੇ ਚਰਚਾ ਦਾ ਵਿਸ਼ਾ ਰਿਹਾ।

ਇਸ 'ਮਾਣ ਪੱਤਰ' ਦੀ ਚਰਚਾ ਹੋਵੇ ਤਾਂ ਹੋਵੇ ਕਿਉਂ ਨਾ। ਇਹ ਮਾਣ ਪੱਤਰ ਕੋਈ ਆਮ ਮਾਣ ਪੱਤਰ ਨਹੀਂ ਸੀ ਤੇ ਨਾ ਹਾਸਲ ਕਰਨ ਵਾਲੀ ਸ਼ਖਸੀਅਤ ਆਮ ਸੀ। ਉਹ ਦਬਾਏ/ਕੁਚਲੇ ਭਾਰਤ ਦੇ ਮੂਲ ਨਿਵਾਸੀਆਂ ਦਾ ਰਹਿਨੁਮਾ ਸੀ, ਉਸ ਤੋਂ ਇਸ ਸਮਾਜ ਨੂੰ ਹੀ ਨਹੀਂ ਬਲਕਿ ਭਾਰਤ ਵਾਸੀਆਂ ਨੂੰ ਬਹੁਤ ਸਾਰੀਆਂ ਉਮੀਦਾਂ ਸਨ, ਉਹ ਉਮੀਦਾਂ ਅਤੇ ਉਮੀਦ ਰੱਖਣ ਵਾਲਿਆਂ ਦਾ ਕਦਰਦਾਨ ਸੀ। ਉਸ ਆਪ ਵੀ ਪਰਿਵਾਰ ਜਾਂ ਆਪਣੀ ਜਾਨ ਦੀ ਪਰਵਾਹ ਨਹੀਂ ਸੀ ਕੀਤੀ, ਕਿਉਂਕਿ ਸਮਾਜ/ਦੇਸ਼ ਹੀ ਉਸ ਦਾ ਸਭ ਕੁਝ ਸੀ। ਮੈਂ ਆਪਣੀ ਤਰਫੋਂ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਉਹਨਾਂ ਸਭਨਾਂ ਦਾ ਦਿਲੋਂ ਅਤਿ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਮੇਰੇ ਤੱਕ ਇਹ ਮਾਣ ਪੱਤਰ ਪਹੁੰਚਾਇਆ, ਪਹੁੰਚਾਇਆ ਇਸ ਲਈ ਨਹੀਂ ਕਿ ਮੈਂ ਆਪਣੇ ਕੋਲ ਰੱਖ ਲਵਾਂ, ਬਲਕਿ ਆਪਣੇ ਮੀਡੀਏ ਰਾਹੀਂ ਜਨ-ਜਨ ਤੱਕ ਪਹੁੰਚਾਵਾਂ। ਸੋ, ਅਸੀਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਕਿ ਵਕਤ ਸਿਰ ਅਤੇ ਇਸ ਸੁਨਹਿਰੀ ਮਾਣਮੱਤੇ 'ਮਾਣ ਪੱਤਰ' ਨੂੰ ਅੰਬੇਦਕਰ ਭਵਨ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਜਨ ਜਨ ਤਕ ਪਹੁੰਚਾ ਸਕਾਂ। ਸਬੱਬ ਨਾਲ ਬਾਬਾ ਸਾਹਿਬ ਦੀ ਪੰਜਾਬ ਫੇਰੀ 27 ਅਕਤੂਬਰ 1951 ਤੋਂ ਤਿੰਨ ਦਿਨਾਂ ਲਈ ਸ਼ੁਰੂ ਹੁੰਦੀ ਹੈ ਤੇ ਪਹਿਲਾ ਦਿਨ 27 ਅਕਤੂਬਰ 1951 ਸੀ ਅਤੇ ਅੰਬੇਦਕਰ ਭਵਨ ਜਲੰਧਰ ਵਿਖੇ ਵੀ 27 ਅਕਤੂਬਰ 2024 ਦਿਨ ਐਤਵਾਰ ਨੂੰ ਹੀ ਇਸ ਮਹਾਨ ਦਿਨ ਨੂੰ ਯਾਦ ਕੀਤਾ ਗਿਆ। ਸੋ, ਇਸ ਇਤਿਹਾਸਕ ਮਾਣ ਪੱਤਰ ਨੂੰ 27 ਅਕਤੂਬਰ 2024 ਨੂੰ ਦੁਬਾਰਾ ਲੋਕਾਂ 'ਚ ਲਿਆਉਣਾ ਇਕ ਇਤਿਹਾਸਕ ਕਾਰਜ ਹੈ। ਪ੍ਰਬੰਧਕ ਕਮੇਟੀ ਨੂੰ ਜੈ ਭੀਮ। ਰਹੀ ਗੱਲ, ਜਿਹਨਾਂ ਸ਼ਖਸੀਅਤਾਂ ਨੇ ਸਾਨੂੰ ਇੰਨਾ ਕੁ ਸੇਵਾ ਦਾ ਮੌਕਾ ਦਿੱਤਾ ਹੈ, ਉਸ ਵਿਚ ਸਰਵਸ੍ਰੀ ਮਾਣਯੋਗ ਸਾ-ਹਬਾਨ ਕੇ. ਸੀ. ਸੁਲੇਖ, ਡਾ. ਰੌਣਕੀ ਰਾਮ, ਡਾ. ਜੀ. ਸੀ. ਕੌਲ, ਬਲਦੇਵ ਭਾਰਦਵਾਜ, ਜਿਨਾਂ ਨਾਲ ਮੇਰਾ ਸਿੱਧਾ ਰਾਬਤਾ ਹੋਇਆ। ਮਾਣਯੋਗ ਡਾ. ਰੌਣਕੀ ਰਾਮ ਜੀ ਦੁਆਰਾ ਮੇਰੇ ਤੱਕ ਮਾਣ ਪੱਤਰ ਦਾ ਪਹੁੰਚਣਾ ਤੇ ਫਿਰ ਮੇਰੇ ਵੱਲੋਂ ਡਾਕਟਰ ਜੀ. ਸੀ. ਕੌਲ ਜੀ ਨੂੰ ਪਹੁੰਚਾਉਣਾ ਤੇ ਉਸ ਤੋਂ ਅਗਾਂਹ ਬਲਦੇਵ ਭਾਰਦਵਾਜ ਜੀ ਨਾਲ ਮਿਲ ਕੇ ਪ੍ਰੋ. ਅਰਿੰਦਰ ਸਿੰਘ ਜੀ ਦੁਆਰਾ ਪੰਜਾਬੀ (ਉਰਦੂ ਸਕ੍ਰਿਪਟ 'ਚ) ਅਨੁਵਾਦ ਕਰਨਾ, ਨੇਹਾ ਪ੍ਰਿੰਟਿੰਗ ਪ੍ਰੈਸ, ਜਲੰਧਰ ਦਾ ਸੰਪੂਰਨ ਸਹਿਯੋਗ ਮਿਲਣਾ ਆਦਿ ਕਿੰਨਾ ਤਾਲਮੇਲ ਰਾਹੀਂ ਇਸ ਨੂੰ ਦਿਨ ਦੇ ਦਿਨ ਛਾਪ ਕੇ ਰਿਲੀਜ਼ ਕਰ ਸਕੇ। ਇੱਥੇ ਇਕ ਹੋਰ ਜ਼ਰੂਰੀ ਵਰਣਨ ਕਰਨਾ ਚਾਹਾਂਗਾ ਕਿ ਪੰਜਾਬੀ ਤੋਂ ਅੰਗਰੇਜ਼ੀ ਅਨੁਵਾਦ ਪ੍ਰੋ. ਪੀ. ਐਸ. ਭੋਗਲ ਨੇ ਕੀਤਾ, ਜਿਸ ਵਿਚ ਡਾ. ਰੌਣਕੀ ਰਾਮ ਜੀ ਦਾ ਬਹੁਤ ਵੱਡਾ ਸਹਿਯੋਗ ਰਿਹਾ, ਜਿਹਨਾਂ ਆਪਣੇ ਪਾਸ ਟਾਈਮ ਨਾ ਹੋਣ ਕਾਰਨ (ਕੁਝ ਜ਼ਰੂਰੀ ਰੁਝੇਵਿਆਂ ਕਾਰਨ) ਵੀ ਪੰਜਾਬੀ ਤੋਂ ਇੰਗਲਿਸ਼ ਕਰਵਾ ਕੇ ਸਾਨੂੰ ਧੰਨਵਾਦੀ ਬਣਾਇਆ। ਇਸ ਗੱਲ ਦਾ ਮੈਂ ਸਾਰਾ ਵੇਰਵਾ ਸਾਡੇ ਵੱਡੇ ਸਤਿਕਾਰਯੋਗ ਵੀਰ ਰਾਮ ਲਾਲ ਦਾਸ ਜੀ ਨਾਲ ਜ਼ਿਕਰ ਕੀਤਾ, ਜਿਸ ਵਿਚ ਵੀਰ ਸ੍ਰੀ ਹਰਮੇਸ਼ ਜੱਸਲ ਵੀ ਕੜੀ ਦਾ ਹਿੱਸਾ ਬਣੇ ਗੱਲਬਾਤ 'ਚ।

ਹੁਣ ਇੰਨਾ ਕੁਝ (ਜੋ ਅਜੇ ਜ਼ਿਆਦਾ ਨਹੀਂ ਦੱਸਿਆ) ਪੜ੍ਹ ਕੇ ਕੋਈ ਕਹਿ ਸਕਦਾ ਹੈ ਕਿ ਇੰਨਾ ਕੁਝ ਦੱਸਣ ਦੀ ਕੀ ਲੋੜ ਸੀ ਅਤੇ ਸਿਆਣੇ ਸੂਝਵਾਨ, ਮਾਣ ਪੱਤਰ ਦਾ ਮਾਣ ਸਨਮਾਨ ਸਮਝਣ ਵਾਲੇ ਕਹਿਣਗੇ ਕਿ ਦੁਰਲੱਭ ਨੂੰ ਲੱਭ ਕੇ ਛਾਪ ਕੇ, ਵੰਡ ਕੇ ਚੰਗਾ ਕੀਤਾ। ਇਹ ਸਾਡੇ ਮਹਾਨ ਰਹਿਬਰ ਦੀ ਪੰਜਾਬ ਪਲੇਠੀ ਫੇਰੀ ਦੀ ਇਕ ਇਤਿਹਾਸਕ ਯਾਦ ਨੂੰ ਤਾਜ਼ਾ ਕਰਦਾ ਹੈ ਤੇ ਹੁਣ ਕਰਦਾ ਰਹੇਗਾ। ਹੁਣ ਇਹ ਮਾਣ ਪੱਤਰ ਬਾਬਾ ਸਾਹਿਬ ਦਾ ਹੀ ਨਹੀਂ ਬਲਕਿ ਸਮੂਹ ਪੰਜਾਬ ਵਾਸੀਆਂ ਦਾ ਮਾਣ ਪੱਤਰ ਹੋ ਗਿਆ ਹੈ। ਹੁਣ ਇਸ ਨੂੰ ਅਸੀਂ ਹੋਰ ਭਾਸ਼ਾਵਾਂ 'ਚ ਕਰਵਾ ਕੇ ਸਮੂਹ ਭਾਰਤ ਵਾਸੀਆਂ ਲਈ ਮਾਣ ਵਾਲਾ ਬਣਾਉਣਾ ਹੈ।

**-ਪ੍ਰੇਮ ਕੁਮਾਰ ਚੁੰਬਰ**

# ਪੂੰਜੀਵਾਦੀ ਵਿਕਾਸ ਬਨਾਮ ਧਰਤੀ ਦੀ ਤਬਾਹੀ

**ਗੁਰਚਰਨ ਸਿੰਘ ਨੂਰਪੁਰ**

ਸਾਨੂੰ ਦੱਸਿਆ ਜਾ ਰਿਹਾ ਹੈ ਕਿ ਦੁਨੀਆ ਵਿਕਾਸ ਕਰ ਰਹੀ ਹੈ ਪਰ ਧਰਤੀ ਦੀ ਤਬਾਹੀ ਨੂੰ ਵਿਕਾਸ ਸਮਝਣਾ ਸਾਡਾ ਭਰਮ ਹੈ। ਹਕੀਕਤ ਵਿੱਚ ਇਹ ਵਿਕਾਸ ਪੂੰਜੀਵਾਦ ਦੀ ਹਵਸ ਲਈ ਹੈ।

ਇਸ ਅਖੌਤੀ ਵਿਕਾਸ ਵਿੱਚ ਬਹੁਤ ਕੁਝ ਤਬਾਹ ਹੋ ਰਿਹਾ ਹੈ। ਇਸ ਤਬਾਹੀ ਵਿਚੋਂ ਮਨੁੱਖ ਆਪਣੇ ਸੁਨਿਹਰੀ ਭਵਿੱਖ ਦੇ ਸੁਫਨੇ ਵੇਖ ਰਿਹਾ ਹੈ ਜਦਕਿ ਇਹ ਉਸਦੀ ਭੁੱਲ ਹੈ। ਅਸੀਂ ਕਿਹੋ ਜਿਹੀ ਦੁਨੀਆ ਦੀ ਸਿਰਜਣਾ ਵੱਲ ਵਧ ਰਹੇ ਹਾਂ ਇਸ ਲਈ ਵੱਡੇ ਚਿੰਤਨ ਦੀ ਲੋੜ ਹੈ। ਜਿਸ ਸੰਸਾਰ ਦੀ ਅਸੀਂ ਸਿਰਜਣਾ ਕਰਨ ਜਾ ਰਹੇ ਹਾਂ ਉਸ ਵਿੱਚ ਧਰਤੀ ਦੇ ਜੰਗਲਾਂ ਦੀ ਤਬਾਹੀ, ਪਾਣੀਆਂ ਦੀ ਬਰਬਾਦੀ, ਪਹਾੜਾਂ ਦਾ ਸਫਾਇਆ, ਖਾਣਾਂ ਪੁੱਟ ਪੁੱਟ ਕੇ ਧਰਤੀ ਦੇ ਬਹੁਮੁੱਲੇ ਖਣਿਜਾਂ ਦੀ ਖੋਹਾ-ਖੋਹੀ ਹੈ। ਤੇਲ ਦੇ ਭੰਡਾਰਾਂ 'ਤੇ ਕਬਜ਼ੇ, ਪਰਮਾਣੂ, ਹਾਈਡ੍ਰੋਜਨ ਹਥਿਆਰਾਂ ਦੇ ਜ਼ਖੀਰੇ, ਨਸ਼ਿਆਂ ਦਾ ਕਾਰੋਬਾਰ ਤੇ ਧਰਤੀ ਦੇ ਜੈਵ ਚੱਕਰ ਨੂੰ ਤਬਾਹ ਕਰਨ ਲਈ ਜ਼ਹਿਰਾਂ ਸਪਰੇਆਂ ਹਨ। ਧਰਤੀ, ਹਵਾ ਤੇ ਪਾਣੀ ਦਾ ਪ੍ਰਦੂਸ਼ਣ ਹੈ ਜਿਸ ਨੇ ਧਰਤੀ ਦੇ ਸੁਹੱਪਣ ਨੂੰ ਦਾਗ਼ਦਾਰ ਕਰ ਦਿੱਤਾ ਹੈ। ਇਸ ਨਾਲ ਜੀਵਨ ਲਈ ਵੱਡੇ ਖਤਰੇ ਪੈਦਾ ਹੋ ਗਏ ਹਨ। ਇੱਥੇ ਸਵਾਲ ਪੈਦਾ ਹੁੰਦਾ ਹੈ ਇਹ ਸਭ ਕੁਝ ਕਿਸ ਨੇ ਪੈਦਾ ਕੀਤਾ? ਇਸਦਾ ਜਵਾਬ ਹੈ ਮਨੁੱਖੀ ਹਵਸ ਨੇ। ਅਸੀਂ ਇਸ ਭਰਮ ਵਿੱਚ ਹਾਂ ਕਿ ਸੰਸਾਰ ਭਰ ਦੀਆਂ ਸਰਕਾਰਾਂ ਨੂੰ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਚਲਾਉਂਦੇ ਹਨ ਅਤੇ ਸਰਕਾਰਾਂ ਇਸ ਸੰਸਾਰ ਨੂੰ ਚਲਾਉਂਦੀਆਂ ਹਨ ਪਰ ਹਕੀਕਤ ਇਹ ਹੈ ਇਸ ਦੁਨੀਆ ਨੂੰ ਕਾਰਪੋਰੇਟ ਜਗਤ ਚਲਾ ਰਿਹਾ ਹੈ। ਮੁੱਠੀ ਭਰ ਪੂੰਜੀਪਤੀ ਜਮਾਤਾਂ ਸੰਸਾਰ ਨੂੰ ਚਲਾ ਰਹੀਆਂ ਹਨ ਜੋ ਪੂਰੀ ਦੁਨੀਆ ਲਈ ਨੀਤੀਆਂ ਘੜਦੀਆਂ ਹਨ।

ਪੂੰਜੀਵਾਦੀ ਕਾਰਪੋਰੇਸ਼ਨਾਂ ਦੇ ਉਜਾੜੇ ਨਾਲ ਦੁਨੀਆ ਵਿੱਚ ਅਜਿਹੀਆਂ ਅਲਾਮਤਾਂ ਪੈਦਾ ਹੋ ਰਹੀਆਂ ਹਨ ਜੋ ਧਰਤੀ ਦੀ ਤਬਾਹੀ ਦਾ ਕਾਰਨ ਬਣ ਰਹੀਆਂ ਹਨ। ਇਨ੍ਹਾਂ ਨੀਤੀਆਂ ਨੇ ਜਿੱਥੇ ਦੁਨੀਆ ਭਰ ਵਿੱਚ ਜਨਤਕ ਅਦਾਰਿਆਂ ਦਾ ਖਾਤਮਾ ਕਰ ਦਿੱਤਾ ਹੈ ਉੱਥੇ ਅਜਿਹੇ ਕਰੂਰ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਇੱਕੀਵੀਂ ਸਦੀ ਵਿੱਚ ਵੀ ਧਰਤੀ ਦੇ ਕਰੋੜਾਂ ਲੋਕ ਭੁੱਖ ਨਾਲ ਮਰ ਰਹੇ ਹਨ। ਕਰੋੜਾਂ ਲੋਕ ਹਨ ਜਿਨ੍ਹਾਂ ਕੋਲ ਪੀਣ ਵਾਲਾ ਪਾਣੀ ਨਹੀਂ। ਇਹ ਲੋਕ ਨਾਲਿਆਂ-ਟੋਭਿਆਂ ਦਾ ਪਾਣੀ ਪੀਣ ਲਈ ਮਜਬੂਰ ਹਨ। ਲੱਖਾਂ ਲੋਕ ਬਿਮਾਰੀਆਂ ਦੁਸ਼ਵਾਰੀਆਂ ਨਾਲ ਘੁਲਦੇ ਨਰਕ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਇਨ੍ਹਾਂ ਵਿੱਚ ਕਾਰਪੋਰੇਟ ਹਸਪਤਾਲਾਂ ਵਿੱਚ ਜਾ ਕੇ ਆਪਣਾ ਇਲਾਜ ਕਰਾਉਣ ਦੀ ਆਰਥਿਕ ਸੱਤਿਆ ਨਹੀਂ।

ਪੂਰੀ ਦੁਨੀਆ ਵਿੱਚ ਜੇਕਰ ਅੱਜ ਵਾਤਾਵਰਣ ਦੀ ਤਬਾਹੀ ਦੀ ਹਾਲ ਪਾਹਰਿਆ ਹੋ ਰਹੀ ਹੈ ਤਾਂ ਇਸ ਲਈ ਜ਼ਿੰਮੇਵਾਰ ਪੂੰਜੀਵਾਦੀ ਨੀਤੀਆਂ ਹਨ ਜਿਨ੍ਹਾਂ 'ਤੇ ਚੱਲਦਿਆਂ ਜੰਗਲ ਤਬਾਹ ਕੀਤੇ ਜਾ ਰਹੇ ਹਨ। ਧਰਤੀ 'ਤੇ ਕੂੜੇ ਦੇ ਢੇਰ ਹਰ ਦਿਨ ਵਧ ਰਹੇ ਹਨ। ਕੂੜਾ ਸਮੇਟਣ ਦੀ ਸਮੱਸਿਆ ਪੂਰੀ ਦੁਨੀਆ ਵਿੱਚ ਹੈ। ਇਸੇ ਤਰ੍ਹਾਂ ਸਮੁੰਦਰ ਦੇ ਪਾਣੀਆਂ ਵਿੱਚ ਪਲਾਸਟਿਕ ਕਚਰੇ ਦੇ ਟਾਪੂ ਬਣ ਰਹੇ ਹਨ। ਇਹ ਕਚਰਾ ਜਿੱਥੇ ਸਮੁੰਦਰੀ ਜੀਵਾਂ ਦੀ ਜਾਨ ਦਾ ਖੌਅ ਬਣ ਰਿਹਾ ਹੈ ਉੱਥੇ ਇਸ ਨਾਲ ਸਮੁੰਦਰੀ ਜੀਵਾਂ 'ਤੇ ਨਿਰਭਰ ਲੱਖਾਂ ਲੋਕਾਂ ਦੀ ਸਿਹਤ ਲਈ ਵੱਡੀਆਂ ਸਮੱਸਿਆਵਾਂ ਖੜੀਆਂ ਕਰ ਰਿਹਾ ਹੈ। ਕਿਸੇ ਸਰਕਾਰ ਕੋਲ ਇੰਨੀ ਸੱਤਿਆ ਨਹੀਂ ਕਿ ਇਸ ਕਾਰਪੋਰੇਟ ਵਿਕਾਸ ਮਾਡਲ 'ਤੇ ਉਂਗਲ ਚੁੱਕ ਸਕੇ।

ਭਵਿੱਖ ਵਿੱਚ ਤੇਲ ਦੀ ਆਰਥਿਕ ਸਰਦਾਰੀ ਖੁੱਸਣ ਜਾ ਰਹੀ ਹੈ, ਜਿਸ ਨਾਲ ਦੁਨੀਆ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਵਾਪਰਨ ਵਾਲੀਆਂ ਹਨ। ਤੇਲ 'ਤੇ ਨਿਰਭਰਤਾ ਖਤਮ ਹੋਣ ਨਾਲ ਦੁਨੀਆ ਇੱਕ ਨਵੇਂ ਦੌਰ ਵਿੱਚ ਪ੍ਰਵੇਸ਼ ਕਰਨ ਜਾ ਰਹੀ ਹੈ ਜਿਸ ਲਈ ਕਾਰਪੋਰੇਟ ਲਾਬੀ ਹੁਣ ਤੋਂ ਹੀ ਸਰਗਰਮ ਹੋ ਰਹੀ ਹੈ। ਭਵਿੱਖ ਵਿੱਚ ਮੋਬਾਈਲ ਨੈੱਟਵਰਕ, ਸੰਚਾਰ ਸਾਧਨ, ਇੰਟਰਨੈੱਟ ਦੀ ਦੁਨੀਆ, ਸਾਡਾ ਖਾਣ ਪੀਣ, ਦਫ਼ਤਰੀ ਕੰਮਕਾਜ ਆਦਿ ਸਭ ਕੁਝ ਤੇਜ਼ੀ ਨਾਲ ਤਬਦੀਲ ਹੋਣ ਜਾ ਰਿਹਾ ਹੈ। ਇਸ ਨੂੰ ਪੂੰਜੀਪਤੀ ਕੰਪਨੀਆਂ ਨੇ ਬਹੁਤ ਚੰਗੀ ਤਰ੍ਹਾਂ ਭਾਂਪ ਲਿਆ ਹੈ। ਇੰਟਰਨੈੱਟ, ਦੂਰਸੰਚਾਰ, ਆਟੋਮੋਬਾਈਲ, ਅਤੇ ਤੇਲ ਦੇ ਕਾਰੋਬਾਰ ਤੋਂ ਮੋਟੀਆਂ ਕਮਾਈਆਂ ਹੁੰਦੀਆਂ ਸਨ। ਉਹ ਜਾਣ ਗਈਆਂ ਹਨ ਕਿ ਭਵਿੱਖ ਵਿੱਚ ਸਪੇਸਐਕਸ, ਸਟਾਰਲਿੰਕ ਅਤੇ ਟੈਸਲਾ ਮੋਟਰ ਜਿਹੀਆਂ ਕੰਪਨੀਆਂ ਦੀ ਸਰਦਾਰੀ ਕਰ ਕੇ ਉਨ੍ਹਾਂ ਦੇ ਇਹ ਕਾਰੋਬਾਰ ਖੁੱਸਣ ਜਾ ਰਹੇ ਹਨ। ਇਸ ਲਈ ਇਨ੍ਹਾਂ ਖੇਤਰਾਂ ਵਿੱਚ ਕੰਮ ਕਰਦੀਆਂ ਕੰਪਨੀਆਂ ਦਾ ਸਾਰਾ ਜ਼ੋਰ ਵੱਧ ਤੋਂ ਵੱਧ ਜ਼ਮੀਨਾਂ ਹਥਿਆਉਣ, ਬੀਜਾਂ, ਦਵਾਈਆਂ, ਅਨਾਜ ਅਤੇ ਮੰਡੀਆਂ, ਰੇਲਾਂ, ਅਨਾਜ ਦੀ ਢੋਆ-ਢੋਆਈ ਲਈ ਸੜਕਾਂ ਦੇ ਜਾਲ 'ਤੇ ਗਲਬਾ ਪਾਉਣ ਲੱਗਾ ਹੋਇਆ ਹੈ। ਦੁਨੀਆ ਦੇ ਵੱਖ ਵੱਖ ਖੇਤਰਾਂ ਵਿੱਚ ਕਾਰਪੋਰੇਟ ਕਿਸੇ ਵੀ ਢੰਗ ਨਾਲ ਜ਼ਮੀਨਾਂ 'ਤੇ ਕਾਬਜ਼ ਹੋਣ ਲਈ ਯਤਨਸ਼ੀਲ ਹਨ।

ਸਾਨੂੰ ਇਹ ਸਮਝਣਾ ਪਵੇਗਾ ਕਿ ਕਾਰਪੋਰੇਟ ਪੂੰਜੀਪਤੀਆਂ ਦੀ ਵੀ ਆਪਸੀ ਮੁਕਾਬਲੇਬਾਜ਼ੀ ਚੱਲਦੀ ਰਹਿੰਦੀ ਹੈ। ਜਿੱਥੇ ਕੁਝ ਪੂੰਜੀਪਤੀ ਦੁਨੀਆ ਦੇ ਪੁਲਾੜ ਖੇਤਰ ਇੰਟਰਨੈੱਟ ਅਤੇ ਆਟੋਮੋਬਾਈਲ ਖੇਤਰ ਵਿੱਚ ਕਾਬਜ਼ ਹੋ ਰਹੇ ਹਨ ਉੱਥੇ ਇਨ੍ਹਾਂ ਖੇਤਰਾਂ ਤੋਂ ਬਾਹਰ ਹੋ ਰਹੀਆਂ ਕੰਪਨੀਆਂ ਦਾ ਅਗਲਾ ਮਿਸ਼ਨ ਮਨੁੱਖ ਦੀ ਭੁੱਖ ਤੋਂ ਮੋਟੀਆਂ ਕਮਾਈਆਂ ਕਰਨਾ ਹੈ। ਇਸ ਸਬੰਧੀ ਖੋਜਾਂ ਹੋ ਰਹੀਆਂ ਹਨ ਕਿ ਮਨੁੱਖ ਦੇ ਖਾਣੇ ਦੇ ਸਵਾਦ ਨੂੰ ਸਮਝਿਆ ਜਾਵੇ। ਪੂਰੀ ਦੁਨੀਆ ਵਿੱਚ ਖਾਣੇ ਦਾ ਰਵਾਇਤੀ ਢੰਗ ਬਦਲ ਰਿਹਾ ਹੈ। ਛੋਟੇ ਵੱਡੇ ਸ਼ਹਿਰਾਂ ਵਿੱਚ ਮੈਕਡੌਨਲ, ਸਬਵੇਅ, ਬਰਿਸਟਾ, ਕੇਐਫਸੀ ਵਰਗੀਆਂ ਕੰਪਨੀਆਂ ਕਰੋੜਾਂ ਰੁਪਏ ਖਰਚ ਕੇ ਆਪਣੇ ਸੈਂਟਰ ਸਥਾਪਤ ਕਰ ਰਹੀਆਂ ਹਨ। ਆਨਲਾਈਨ ਆਰਡਰ ਕਰਨ ਨਾਲ ਖਾਣਾ ਮੰਗਵਾਉਣ ਅਤੇ ਖਾਣ ਦਾ ਰੁਝਾਨ ਵਧ ਜਾਵੇਗਾ। ਦੁਨੀਆ ਭਰ ਵਿੱਚ ਰੋਟੀ ਇੱਕ ਵੱਡੀ ਸਨਅਤ ਬਣ ਰਹੀ ਹੈ। ਸਾਡੀ ਰਸੋਈ ਸਾਡੇ ਦੇਖਦਿਆਂ ਦੇਖਦਿਆਂ ਹੀ ਸਾਡੇ ਘਰਾਂ 'ਚੋਂ ਗਾਇਬ ਹੋ ਜਾਵੇਗੀ। ਭਵਿੱਖ ਵਿੱਚ ਅਜਿਹੀ ਵਿਵਸਥਾ ਬਣਾ ਦਿੱਤੀ ਜਾਵੇਗੀ ਕਿ ਸਾਨੂੰ ਇਹ ਲੱਗਣ ਲੱਗੇਗਾ ਕਿ ਘਰ ਖਾਣਾ ਬਣਾਉਣ ਨਾਲੋਂ ਬਾਹਰ ਦਾ ਖਾਣਾ ਸਸਤਾ ਪੈਂਦਾ ਹੈ। ਸਮਾਜ ਦੀ ਬਹੁਗਿਣਤੀ ਪੂਰੀ ਤਰ੍ਹਾਂ ਇਸ 'ਤੇ ਨਿਰਭਰ ਹੋ ਜਾਵੇਗੀ। ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਤਬਦੀਲ ਹੋ ਜਾਣਗੀਆਂ। ਜਿੱਥੇ ਇਸ ਨਾਲ ਸਿਹਤ ਸਮੱਸਿਆਵਾਂ ਗੰਭੀਰ ਹੋਣਗੀਆਂ ਉਥੇ ਸਾਡਾ ਤੰਦਰੁਸਤ ਰਹਿਣ ਲਗਭਗ ਅਸੰਭਵ ਹੋ ਜਾਵੇਗਾ ਤੇ ਵਾਤਾਵਰਣ ਸੰਕਟ ਹੋਰ ਭਿਆਨਕ ਬਣੇਗਾ। ਚਾਹੇ ਸਾਡੀਆਂ ਲੋੜਾਂ ਹੋਣ ਜਾਂ ਸਾਡੇ ਸੰਕਟ ਹੋਣ, ਕਾਰਪੋਰੇਟ ਜਗਤ ਦੋਹਾਂ ਹਾਲਤਾਂ ਵਿੱਚ ਹੀ ਲੋਕਾਂ ਤੋਂ ਕਮਾਈ ਕਰਨੀ ਜਾਣਦਾ ਹੈ। ਮਾੜਾ ਖਾਣਾ ਅਤੇ ਗੰਦੇ ਵਾਤਾਵਰਣ ਨਾਲ ਜੇਕਰ ਸਾਡੇ ਲਈ ਸਿਹਤ ਦਾ ਸੰਕਟ ਪੈਦਾ ਹੁੰਦਾ ਹੈ ਤਾਂ ਕਾਰਪੋਰੇਟ ਦਵਾਈ ਕੰਪਨੀਆਂ ਲਈ ਕੰਮ ਕਰਨ ਦਾ ਇਹ ਬੜਾ ਸ਼ੁਭ ਅਵਸਰ ਹੁੰਦਾ ਹੈ। ਘਰਾਂ ਵਿੱਚ ਬਣਦੇ ਖਾਣੇ ਦੀ ਰਹਿੰਦ-ਖੂੰਹਦ ਖੇਤਾਂ ਜਾਂ ਪਸ਼ੂਆਂ ਦੇ ਕੰਮ ਆਉਂਦੀ ਹੈ ਪਰ ਕੰਪਨੀਆਂ ਖਾਣੇ ਦੀ ਪੈਕਿੰਗ ਲਈ ਜੋ ਸਾਮਾਨ ਵਰਤਦੀਆਂ ਹਨ ਉਹ ਭਵਿੱਖ ਵਿੱਚ ਵਾਤਾਵਰਣ ਲਈ ਹੋਰ ਵੱਡੇ ਸੰਕਟ ਖੜੇ ਕਰ ਦੇਵੇਗਾ ਅਤੇ ਇਨ੍ਹਾਂ ਖਾਣਿਆਂ ਦੀ ਪੈਕਿੰਗ ਦਾ ਕੂੜਾ ਵਧਦਾ ਜਾਵੇਗਾ।

ਉਪਜਾਊ ਅਤੇ ਖਣਿਜ ਪਦਾਰਥ ਪੈਦਾ ਕਰਨ ਵਾਲੀਆਂ ਜ਼ਮੀਨਾਂ 'ਤੇ ਕਬਜ਼ੇ ਕਰਨ ਲਈ ਕਾਰਪੋਰੇਟ ਲਾਬੀ ਪਿਛਲੇ ਅਰਸੇ ਤੋਂ ਸਰਗਰਮੀ ਨਾਲ ਕੰਮ ਕਰ ਰਹੀ ਹੈ। ਦੁਨੀਆ ਦੇ ਵੱਖ ਵੱਖ ਖਿੱਤਿਆਂ ਵਿੱਚ ਜ਼ਮੀਨਾਂ ਹਥਿਆਉਣ ਲਈ ਵਾਤਾਵਰਣ ਤਬਾਹ ਕੀਤਾ ਜਾ ਰਿਹਾ ਹੈ। ਜੰਗਲ ਸਾੜੇ ਜਾ ਰਹੇ ਹਨ ਤੇ ਕਬਾਇਲੀ ਇਲਾਕਿਆਂ ਵਿੱਚ ਹਜ਼ਾਰਾਂ ਸਾਲਾਂ ਤੋਂ ਰਹਿ ਰਹੇ ਲੋਕਾਂ ਨੂੰ ਉਜਾੜਿਆ ਜਾ ਰਿਹਾ ਹੈ। ਇਨ੍ਹਾਂ ਦੇ ਘਰਾਂ, ਝੁੱਗੀਆਂ ਨੂੰ ਅੱਗਾਂ ਲਾ ਕੇ ਸਵਾਹ ਕੀਤਾ ਜਾਂਦਾ ਹੈ। ਇਲਜ਼ਾਮ ਇਹ ਲਾਇਆ ਜਾਂਦਾ ਹੈ ਕਿ ਇਹ ਲੋਕ ਵਿਕਾਸ ਵਿੱਚ ਰੋੜਾ ਬਣਦੇ ਹਨ। ਇਨ੍ਹਾਂ ਦੀਆਂ ਜ਼ਮੀਨਾਂ ਹਥਿਆ ਲਈਆਂ ਜਾਂਦੀਆਂ ਹਨ ਤਾਂ ਕਿ ਇਨ੍ਹਾਂ ਥਾਵਾਂ 'ਤੇ ਕਬਜ਼ੇ ਕਰਕੇ ਧਰਤੀ ਹੇਠੋਂ ਖਣਿਜ ਕੱਢੇ ਜਾ ਸਕਣ। ਕੋਲੇ, ਲੋਹੇ ਅਤੇ ਸੋਨੇ ਦੀਆਂ ਖਾਣਾਂ 'ਤੇ ਕਾਰਪੋਰੇਟ ਕੰਪਨੀਆਂ ਕਾਬਜ਼ ਹਨ। ਜਿਹੜੇ ਖੇਤਰਾਂ 'ਤੇ ਪਹਿਲਾਂ ਜਨਤਕ ਅਜ਼ਾਰੇਦਾਰੀ ਸੀ, ਉਹ ਹੁਣ ਲਗਪਗ ਖਤਮ ਕਰ ਦਿੱਤੀ ਗਈ ਹੈ। ਲੱਖਾਂ ਮਜ਼ਦੂਰ ਜੋ ਇਨ੍ਹਾਂ ਖਾਣਾਂ ਵਿੱਚ ਕੰਮ ਕਰਦੇ ਹਨ, ਉਨ੍ਹਾਂ ਨੂੰ ਠੀਕ ਢੰਗ ਨਾਲ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਦੁਨੀਆ ਵਿੱਚ ਜਿੱਥੇ ਜਿੱਥੇ ਸੋਨੇ ਲਈ ਖੁਦਾਈ ਹੁੰਦੀ ਹੈ, ਉਥੇ ਲੱਖਾਂ ਟਨ ਮਿੱਟੀ ਨੂੰ ਖੁਰਦ ਬੁਰਦ ਕੀਤਾ ਜਾਂਦਾ ਹੈ ਜਿਸ ਨਾਲ ਧਰਤੀ ਦੇ ਤਲ ਵਿੱਚ ਸੈਂਕੜੇ ਮੀਟਰ ਡੂੰਘੇ ਟੋਏ ਪੁੱਟੇ ਜਾਂਦੇ ਹਨ। ਖੁਰਦ ਬੁਰਦ ਕੀਤੀ ਜਾਂਦੀ ਮਿੱਟੀ ਚੋਂ ਉੱਡਦੀ ਧੂੜ ਵਾਤਾਵਰਣ ਤੇ ਖਾਸ ਕਰਕੇ ਜਾਨਵਰਾਂ, ਰੁੱਖਾਂ ਅਤੇ ਬਨਸਪਤੀ ਲਈ ਸੰਕਟ ਪੈਦਾ ਕਰਦੀ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

### ਅਮਰੀਕਾ ਵਿਚ ਚੋਣ ਅਧਿਕਾਰੀਆਂ ਨੂੰ ਡਰਾਉਣ ਧਮਕਾਉਣ ਦਾ ਮਾਮਲਾ

# ਜੋ ਵੀ ਕੋਈ ਚੋਣ ਅਧਿਕਾਰੀਆਂ ਦੇ ਕੰਮ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕਰੇਗਾ, ਨੂੰ ਸਿੱਟੇ ਭੁਗਤਣੇ ਪੈਣਗੇ- ਅਮਰੀਕੀ ਨਿਆਂ ਵਿਭਾਗ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਸ ਵਾਰ ਬਹੁਤ ਹੀ ਸੰਵੇਦਨਸ਼ੀਲ ਰਾਜਸੀ ਵਾਤਾਵਰਣ ਦਰਮਿਆਨ ਅਮਰੀਕੀ ਰਾਸ਼ਟਰਪਤੀ ਚੋਣਾਂ ਹੋ ਰਹੀਆਂ ਹਨ। ਚੋਣ ਅਧਿਕਾਰੀਆਂ ਤੇ ਹੋਰ ਸਰਕਾਰੀ ਅਫਸਰਾਂ ਨੂੰ ਡਰਾਉਣ ਧਮਕਾਉਣ ਦੀਆਂ ਘਟਨਾਵਾਂ ਵਿਚ ਵਾਧਾ ਹੋਣ ਦੀਆਂ ਰਿਪੋਰਟਾਂ ਹਨ। ਸਮੁੱਚੀ ਸਥਿੱਤੀ 'ਤੇ ਸੁਰੱਖਿਆ ਏਜੰਸੀਆਂ ਨਜ਼ਰ ਰੱਖ ਰਹੀਆਂ ਹਨ ਤੇ ਸ਼ੱਕੀ ਵਿਅਕਤੀਆਂ ਵਿਰੁੱਧ ਹਰ ਸੰਭਵ ਕਾਰਵਾਈ ਕੀਤੀ ਜਾ ਰਹੀ ਹੈ। ਚੋਣਾਂ ਦੇ ਮੱਦੇਨਜ਼ਰ ਅਮਰੀਕੀ ਨਿਆਂ ਵਿਭਾਗ ਦੀ ਚਿਤਵਾਨੀ /ਪਹੁੰਚ ਬਿਲਕੁਲ ਸਪੱਸ਼ਟ ਹੈ। ਨਿਆਂ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਜੋ ਵੀ ਕੋਈ ਚੋਣ ਅਮਲ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕਰੇਗਾ, ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਸ ਹਫਤੇ 4 ਮਾਮਲਿਆਂ ਵਿਚ ਕਾਰਵਾਈ ਕਰਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਜੋ ਵੀ ਕੋਈ ਚੋਣ ਵਰਕਰ, ਚੋਣ ਅਧਿਕਾਰੀ ਜਾਂ ਚੋਣ ਨਾਲ ਜੁੜੇ ਸਵੈ ਸੇਵਿਕਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਧਮਕਾਵੇਗਾ, ਨੂੰ ਹਰ ਹਾਲਤ ਵਿਚ ਸਿੱਟੇ ਭੁਗਤਣੇ ਪੈਣਗੇ।

ਉਨਾਂ ਕਿਹਾ ਹੈ ਕਿ ਸਾਡੇ ਲਈ ਇਹ ਅਹਿਮ ਹੈ ਕਿ ਲੋਕਤੰਤਰ ਕੰਮ ਕਰੇ ਤੇ ਜੋ ਲੋਕ ਲੋਕਤੰਤਰ ਲਈ ਕੰਮ ਕਰ ਰਹੇ ਹਨ ਉਹ ਆਪਣਾ ਕੰਮ ਬਿਨਾਂ ਕਿਸੇ ਡਰ ਤੇ ਸਹਿਮ ਦੇ ਕਰਨ। ਸ਼ੱਕੀ ਅਪਰਾਧੀਆਂ ਵਿਰੁੱਧ ਕੀਤੀ ਕਾਰਵਾਈ ਤਹਿਤ ਇਸ ਹਫਤੇ ਫਿਲਾਡੈਲਫੀਆ ਦੇ ਇਕ ਸ਼ੱਕੀ ਵਿਅਕਤੀ ਵਿਰੁੱਧ ਇਕ ਸਟੇਟ ਪਾਰਟੀ ਅਧਿਕਾਰੀ ਨੂੰ ਚੋਣ ਦਰਸ਼ਕ ਭਰਤੀ ਕਰਨ ਕਾਰਨ ਮੌਤ ਦੇ ਘਾਟ ਉਤਾਰ ਦੇਣ ਦੀ ਧਮਕੀ ਦੇਣ ਦੇ ਦੋਸ਼ ਦਾਇਰ ਕੀਤੇ ਗਏ ਹਨ।

ਇਸੇ ਤਰਾਂ ਅਲਾਬਾਮਾ ਦੇ ਇਕ ਵਿਅਕਤੀ ਵਿਰੁੱਧ ਐਰੀਜ਼ੋਨਾ ਦੇ ਇਕ ਚੋਣ ਅਧਿਕਾਰੀ ਨੂੰ ਮਾਰ ਦੇਣ ਦੀ ਧਮਕੀ ਦੇਣ ਦੇ ਮਾਮਲੇ ਵਿੱਚ ਦੋਸ਼ ਦਾਇਰ ਕੀਤੇ ਗਏ ਹਨ। ਇਸ ਤੋਂ ਇਲਾਵਾ ਐਰੀਜ਼ੋਨਾ ਦੇ ਇਕ ਵਿਅਕਤੀ ਵਿਰੁੱਧ ਡੈਮੋਕਰੈਟਿਕ ਪਾਰਟੀ ਦੇ ਚੋਣ ਦਫਤਰ 'ਤੇ ਗੋਲੀਬਾਰੀ ਕਰਨ ਤੇ ਕੈਲੀਫੋਰਨੀਆ ਦੇ ਇਕ ਵਿਅਕਤੀ ਵਿਰੁੱਧ ਅਦਾਲਤ ਵਿੱਚ ਧਮਾਕਾ ਕਰਨ ਦੇ ਮਾਮਲੇ ਵਿੱਚ ਦੋਸ਼ ਦਾਇਰ ਕੀਤੇ ਗਏ ਹਨ। ਫੋਨਿਕਸ ਨੀਮ ਸ਼ਹਿਰੀ ਖੇਤਰ ਟੈਂਪੇ ਵਿਚ ਪੁਲਿਸ ਨੇ ਜੈਫਰੀ ਮਾਈਕਲ ਕੈਲੀ (60) ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਡੈਮੋਕਰੈਟਿਕ ਪਾਰਟੀ ਦੇ ਚੋਣ ਦਫਤਰ 'ਤੇ ਗੋਲੀਬਾਰੀ ਕਰਨ ਦੇ ਮਾਮਲੇ ਵਿਚ ਅੱਤਵਾਦੀ ਕਾਰਵਾਈ ਕਰਨ ਦੇ ਦੋਸ਼ ਸਮੇਤ 10 ਦੋਸ਼ ਦਾਇਰ ਕੀਤੇ ਗਏ ਹਨ। ਐਫ ਬੀ ਆਈ ਏਜੰਟਾਂ ਨੇ ਉਸ ਦੇ ਘਰ ਵਿਚੋਂ ਮਸ਼ੀਨ ਗੰਨਾਂ ਸਮੇਤ 120 ਹੱਥਿਆਰ ਬਰਾਮਦ ਕੀਤੇ ਹਨ।

ਕੈਲੀ ਦੇ ਵਕੀਲ ਨੇ ਇਸ ਬਰਾਮਦਗੀ ਉਪਰ ਕੋਈ ਪ੍ਰਤੀਕਰਮ ਦੇਣ ਤੋਂ ਨਾਂਹ ਕਰ ਦਿੱਤੀ ਹੈ। ਦੂਸਰੇ ਮਾਮਲੇ ਵਿਚ ਕੈਲੀਫੋਰਨੀਆ ਦੇ ਨਾਥਨੀਲ ਜੇਮਜ ਮੈਕਗੁਰੇ (20) ਜੋ ਸਾਂਤਾ ਮਾਰੀਆ ਦਾ ਵਸਨੀਕ ਹੈ, ਵਿਰੁੱਧ ਸਾਂਤਾ ਬਰਬਰਾ ਅਦਾਲਤ ਵਿਚ ਧਮਾਕਾ ਕਰਨ ਜਿਸ ਵਿਚ 5 ਵਿਅਕਤੀ ਜ਼ਖਮੀ ਹੋ ਗਏ ਸਨ, ਵਿਰੁੱਧ ਅਪਰਾਧਕ ਦੋਸ਼ ਦਾਇਰ ਕੀਤੇ ਗਏ ਹਨ। ਅਦਾਲਤੀ ਦਸਤਾਵੇਜ ਅਨੁਸਾਰ ਉਸ ਨੂੰ ਇਕ ਸ਼ਾਟਗੰਨ, ਇਕ ਰਾਈਫਲ ਤੇ ਗੋਲੀ ਸਿੱਕੇ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਉਸ ਨੇ ਅਮਰੀਕੀਆਂ ਨੂੰ ਬਗਾਵਤ ਕਰਨ ਦਾ ਸੱਦਾ ਦਿੱਤਾ ਸੀ। ਕੋਲੋਰਾਡੋ ਵਿਚ ਟੀਕ ਬਰਾਕਬੈਂਕ (45) ਵਾਸੀ ਕੋਰਟਜ਼ ਨੇ ਚੋਣ ਅਧਿਕਾਰੀਆਂ ਨੂੰ ਧਮਕੀਆਂ ਦੇਣ ਦੇ ਦੋਸ਼ ਸਵਿਕਾਰ ਕਰ ਲਏ ਹਨ। ਇਸੇ ਤਰਾਂ ਅਲਾਬਾਮਾ ਵਿਚ ਬਰੀਅਨ ਜੈਰੀ ਗਸਟਡ (60) ਵਾਸੀ ਗੁਲਮੈਨ ਨੂੰ ਮੈਰੀਕੋਪਾ ਕਾਊਂਟੀ ਐਰੀਜ਼ੋਨਾ ਵਿਚ ਚੋਣ ਵਰਕਰਾਂ ਨੂੰ ਡਰਾਉਣ ਧਮਕਾਉਣ ਦੇ ਸੁਨੇਹੇ ਭੇਜਣ ਦੇ ਦੋਸ਼ਾਂ ਤਹਿਤ 30 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਫਲੋਰਿਡਾ ਵਿਚ ਰਿਚਰਡ ਗਲੈਨ ਕਾਂਤਵਿਲ (61) ਟੈਂਪਾ ਵਾਸੀ ਨੂੰ ਇਕ ਚੋਣ ਅਧਿਕਾਰੀ ਨੂੰ ਕਥਿੱਤ ਤੌਰ 'ਤੇ ਤੰਗ-ਪ੍ਰੇਸ਼ਾਨ ਕਰਨ ਦੇ ਮਾਮਲੇ ਵਿਚ ਅੰਤਰ ਰਾਜ ਧਮਕੀ ਦੇਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ।

ਪੈਨਸਿਲਵਾਨੀਆ ਵਿਚ ਜੌਹਨ ਪੋਲਾਰਡ (62) ਵਾਸੀ ਫਿਲਾਡੈਲਫੀਆ ਵਿਰੁੱਧ ਇਕ ਰਾਜਸੀ ਪਾਰਟੀ ਦੇ ਪ੍ਰਤੀਨਿੱਧ ਜਿਸ ਨੇ ਚੋਣ ਦਰਸ਼ਕਾਂ ਦੀ ਭਰਤੀ ਕੀਤੀ ਸੀ, ਨੂੰ ਕਥਿੱਤ ਤੌਰ 'ਤੇ ਮਾਰ ਦੇਣ ਦੀ ਧਮਕੀ ਦੇਣ ਦੇ ਦੋਸ਼ ਦਾਇਰ ਕੀਤੇ ਗਏ ਹਨ।

## ਸ਼ੱਕੀ ਸ਼ਰਾਬੀ ਡਰਾਈਵਰ ਨੇ ਗਲਤ ਪਾਸਿਉਂ ਆਪਣੀ ਕਾਰ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਕਾਫਲੇ ਦੇ ਸਾਹਮਣਿਉਂ ਲੰਘਾਈ, ਹੋਇਆ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਡਾਊਨਟਾਊਨ ਮਿਲਵੌਂਕੀ ਵਿਚ ਇਕ ਸ਼ੱਕੀ ਸ਼ਰਾਬੀ ਡਰਾਈਵਰ ਵੱਲੋਂ ਗਲਤ ਪਾਸਿਉਂ ਆਪਣੀ ਕਾਰ ਕਮਲਾ ਹੈਰਿਸ ਦੇ ਕਾਫਲੇ ਸਾਹਮਣੇ ਲੈ ਆਉਣ ਦੀ ਖਬਰ ਹੈ। ਜਿਉਂ ਹੀ ਗਲਤ ਪਾਸੇ ਤੋਂ ਇਕ ਕਾਰ ਆਉਂਦੀ ਦਿੱਸੀ ਤਾਂ ਸੁਰੱਖਿਆ ਜਵਾਨ ਹਰਕਤ ਵਿਚ ਆ ਗਏ। ਮਿਲਵੌਂਕੀ ਕਾਊਂਟੀ ਸੈਰਿਫ ਦਫਤਰ ਦੇ ਬੁਲਾਰੇ ਜੇਮਜ ਬਰਨੈਟ ਅਨੁਸਾਰ ਜਿਉਂ ਹੀ ਕਾਰ ਹੈਰਿਸ ਦੇ ਕਾਫਲੇ ਨੇੜੇ ਪੁੱਜੀ ਤਾਂ ਪੁਲਿਸ ਅਫਸਰਾਂ ਨੇ ਉਸ ਨੂੰ ਰੋਕ ਲਿਆ।

ਪੁਲਿਸ ਅਫਸਰਾਂ ਨੂੰ ਸ਼ੱਕ ਪਿਆ ਕਿ ਡਰਾਈਵਰ ਦੀ ਹਾਲਤ ਠੀਕ ਨਹੀਂ ਹੈ ਤੇ ਕਾਰ ਵਿਚ ਸ਼ਰਾਬ ਦੀ ਬੋਤਲ ਖੁਲੀ ਪਈ ਸੀ। ਪੁਲਿਸ ਅਫਸਰਾਂ ਨੇ ਸ਼ੱਕੀ ਡਰਾਈਵਰ ਨੂੰ ਹੱਦ ਤੋਂ ਵਧ ਸ਼ਰਾਬ ਪੀ ਕੇ ਗੱਡੀ ਚਲਾਉਣ, ਲਾਪਰਵਾਹੀ ਵਰਤਣ ਤੇ ਸੁਰੱਖਿਆ ਲਈ ਖਤਰਾ ਪੈਦਾ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਹੈ। ਸ਼ੈਰਿਫ ਦਫਤਰ ਅਨੁਸਾਰ ਇਸ ਘਟਨਾ ਵਿਚ ਕੋਈ ਜ਼ਖਮੀ ਨਹੀਂ ਹੋਇਆ ਹੈ। ਸ਼ੈਰਿਫ ਦਫਤਰ ਨੇ ਘਟਨਾ ਸਬੰਧੀ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ। ਯੂ ਐਸ ਸੀਕਰੇਟ ਸਰਵਿਸ ਦੇ ਬੁਲਾਰੇ ਜੋ ਬੀਸਕ ਨੇ ਕਿਹਾ ਹੈ ਕਿ ਏਜੰਸੀ ਘਟਨਾ ਤੋਂ ਜਾਣੂ ਹੈ ਤੇ ਮਾਮਲਾ ਜਾਂਚ ਅਧੀਨ ਹੈ।

## ਪੈਨਸਿਲਵਾਨੀਆ ਰਾਜ ਵਿਚ ਦਿਵਾਲੀ ਦੀ ਹੋਵੇਗੀ ਛੁੱਟੀ, ਗਵਰਨਰ ਵੱਲੋਂ ਬਿੱਲ 'ਤੇ ਦਸਤਖਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਦਿਵਾਲੀ ਵਾਲੇ ਦਿਨ ਸਰਕਾਰੀ ਛੁੱਟੀ ਰਹੇਗੀ। ਇਸ ਸਬੰਧੀ ਬਿੱਲ ਉਪਰ ਗਵਰਨਰ ਜੋਸ਼ ਸ਼ਪੀਰੋ ਨੇ ਸਹੀ ਪਾਈ। ਇਸ ਮੌਕੇ ਗਵਰਨਰ ਨੇ ਕਿਹਾ ਕਿ ਇਸ ਬਿੱਲ ਨੂੰ ਕਨੂੰਨ ਵਿਚ ਬਦਲਕੇ ਅਸੀਂ ਨਾ ਕੇਵਲ ਦਿਵਾਲੀ ਦੀ ਮਹੱਤਤਾ ਨੂੰ ਮਾਨਤਾ ਦਿੱਤੀ ਹੈ ਬਲਕਿ ਅਮੀਰ ਸਭਿਆਚਾਰ ਵਿਰਾਸਤ ਤੇ ਏਸ਼ੀਆਈ ਅਮਰੀਕੀ ਭਾਈਚਾਰੇ ਵੱਲੋਂ ਪੈਨਸਿਲਵਾਨੀਆ ਵਿਚ ਪਾਏ ਯੋਗਦਾਨ ਨੂੰ ਵੀ ਪ੍ਰਵਾਨ ਕੀਤਾ ਹੈ। ਉਨਾਂ ਕਿਹਾ ਕਿ ਦਿਵਾਲੀ ਦਾ ਤਿ ਹਾਰ ਹਨੇਰੇ ਉਪਰ ਰੋਸ਼ਨੀ, ਅਗਿਆਨਤਾ ਉਪਰ ਗਿਆਨ ਤੇ ਨਿਰਾਸ਼ਾ ਉਪਰ ਆਸ ਦੀ ਜਿੱਤ ਦਾ ਪ੍ਰਤੀਕ ਹੈ। ਗਵਰਨਰ ਨੇ ਹੋਰ ਕਿਹਾ ਕਿ ਪੈਨਸਿਲਵਾਨੀਆ ਆਪਣੀ ਭਿੰਨਤਾ ਕਾਰਨ ਮਜ਼ਬੂਤ ਹੈ ਤੇ ਦਿਵਾਲੀ ਦੀ ਸਰਕਾਰੀ ਛੁੱਟੀ ਇਸ ਮਜ਼ਬੂਤੀ, ਸਨਮਾਨ ਤੇ ਏਕਤਾ ਦਾ ਪ੍ਰਤੀਕ ਹੈ ਜਿਸ ਦਾ ਆਨੰਦ ਅਸੀਂ ਇਸ ਰਾਜ ਵਿਚ ਮਾਣ ਰਹੇ ਹਾਂ। ਉਨਾਂ ਕਿਹਾ ਕਿ ਅੱਜ ਅਸੀਂ ਇਕ ਵਾਰ ਫਿਰ ਰਵਾਇਤਾਂ ਤੇ ਸਭਿਆਚਾਰ ਪ੍ਰਤੀ ਆਪਣੇ ਸੰਕਲਪ ਉਪਰ ਮੋਹਰ ਲਾਈ ਹੈ ਜਿਸ ਸਦਕਾ ਸਾਡਾ ਰਾਜ ਸ਼ਕਤੀਸ਼ਾਲੀ ਤੇ ਗਤੀਸ਼ੀਲ ਹੈ।





CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਅਮਰੀਕਾ ਵਿਚ ਸਭ ਤੋਂ ਲੰਮੀ ਉਮਰ ਵਾਲੀ 115 ਸਾਲਾ ਔਰਤ ਦੀ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਹਿਊਸਟਨ ਵਾਸੀ ਐਲਿਜ਼ਾਬੈਥ ਫਰਾਂਸਿਸ ਦੀ 115 ਸਾਲ ਦੀ ਉਮਰ ਵਿਚ ਮੌਤ ਹੋ ਜਾਣ ਦੀ ਖਬਰ ਹੈ।



ਫਰਾਂਸਿਸ ਜਿਸ ਨੂੰ 'ਕੁਈਨ ਐਲਿਜ਼ਾਬੈਥ ਆਫ ਹਿਊਸਟਨ' ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਅਮਰੀਕਾ ਵਿਚ ਸਭ ਤੋਂ ਵਧ ਲੰਮੀ ਉਮਰ ਜੀਣ ਵਾਲੀ ਔਰਤ ਬਣ ਗਈ ਹੈ ਤੇ ਵਿਸ਼ਵ ਉਹ ਤੀਸਰੀ ਔਰਤ ਹੋ ਜਿਸ ਨੇ ਸਭ ਤੋਂ ਵਧ ਲੰਮੀ ਉਮਰ ਹੰਢਾਈ ਹੈ। ਫਰਾਂਸਿਸ 1909 ਵਿਚ ਸੇਂਟ ਮੈਰੀ ਪੈਰਿਸ਼, ਲੋਇਸਿਆਨਾ ਵਿਚ ਪੈਦਾ ਹੋਈ ਸੀ। ਉਸ ਨੇ ਆਪਣੀ ਜਿੰਦਗੀ ਵਿਚ 20 ਰਾਸ਼ਟਰਪਤੀ ਚੋਣਾਂ ਤੇ ਦੋਨੋਂ ਵਿਸ਼ਵ ਯੁੱਧ ਵੇਖੇ। ਇਸ ਸਾਲ ਆਪਣੇ 115 ਵੇਂ ਜਨਮ ਦਿਨ 'ਤੇ ਉਸ ਨੂੰ ਸਾਬਕਾ ਰਾਸ਼ਟਰਪਤੀ ਬਰਾਕ ਬਾਮਾ ਤੇ ਉਨਾਂ ਦੀ ਪਤਨੀ ਮਿਸ਼ੈਲ ਬਾਮਾ ਵੱਲੋਂ ਲਿਖਿਆ ਪੱਤਰ ਮਿਲਿਆ ਸੀ ਜਿਸ ਵਿਚ ਉਸ ਵੱਲੋਂ ਸਮਾਜ ਵਿਚ ਪਾਏ ਯੋਗਦਾਨ ਤੇ ਉਸ ਦੇ ਜੀਵਨ ਇਤਿਹਾਸ ਦੀ ਪ੍ਰਸੰਸਾ ਕੀਤੀ ਗਈ ਸੀ।

# ਸੁਨੀਤਾ ਵਿਲੀਅਮਸ ਨੇ ਪੁਲਾੜ ਤੋਂ ਭੇਜੀਆਂ ਦੀਵਾਲੀ ਦੀਆਂ ਸ਼ੁਭਕਾਮਨਾਵਾਂ

ਨਵੀਂ ਦਿੱਲੀ- ਨਾਸਾ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਭੇਜੀਆਂ ਹਨ। ਵ੍ਹਾਈਟ ਹਾਊਸ 'ਚ ਦੀਵਾਲੀ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਦੌਰਾਨ ਇਕ ਵੀਡੀਓ ਸੰਦੇਸ਼ ਰਾਹੀਂ ਸੁਨੀਤਾ ਵਿਲੀਅਮਜ਼ ਨੇ ਅਮਰੀਕਾ ਅਤੇ ਦੁਨੀਆ ਭਰ ਦੇ ਲੋਕਾਂ ਨੂੰ ਦੀਵਾਲੀ ਦੀ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ ਸੁਨੀਤਾ ਵਿਲੀਅਮਸ ਲੰਬੇ ਸਮੇਂ ਤੋਂ ਪੁਲਾੜ ਵਿੱਚ ਫਸੀ ਹੋਈ ਹੈ। ਵਿਲੀਅਮਜ਼ ਨੇ ਆਪਣੇ ਸੰਦੇਸ਼ ਵਿੱਚ ਕਿਹਾ, "ਆਈਐਸਐਸ ਵੱਲੋਂ ਸ਼ੁਭਕਾਮਨਾਵਾਂ। ਮੈਂ ਅੱਜ ਦੀਵਾਲੀ ਮਨਾ ਰਹੇ ਵ੍ਹਾਈਟ ਹਾਊਸ ਅਤੇ ਦੁਨੀਆ ਭਰ ਦੇ ਹਰ ਕਿਸੇ ਨੂੰ ਮੇਰੀਆਂ ਨਿੱਘੀਆਂ ਸ਼ੁਭਕਾਮਨਾਵਾਂ ਦੇਣਾ ਚਾਹੁੰਦੀ ਹਾਂ। ਇਸ ਸਾਲ, ਮੇਰੇ ਕੋਲ ਧਰਤੀ ਤੋਂ ਕਈ ਮੀਲ ਦੀ ਉਚਾਈ ਉੱਤੇ ਦੀਵਾਲੀ ਮਨਾਉਣ ਦਾ ਵਿਲੱਖਣ ਮੌਕਾ ਹੈ। ੀ ਨੇ ਸਾਨੂੰ ਦੀਵਾਲੀ ਅਤੇ ਹੋਰ ਭਾਰਤੀ ਤਿਉਹਾਰਾਂ ਬਾਰੇ ਸਿਖਾਇਆ ਹੈ ਅਤੇ ਸਾਨੂੰ ਸਾਡੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੋੜਿਆ ਹੈ ਕਿਉਂਕਿ ਸਾਡੇ ਭਾਈਚਾਰੇ ਦੇ ਨਾਲ ਦੀਵਾਲੀ ਮਨਾਉਣ ਲਈ ਵਿਸ਼ਵ ਵਿੱਚ ਭਲਾਈ ਹੈ।"



ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਸ ਆਪਣੇ ਸਾਥੀ ਪੁਲਾੜ ਯਾਤਰੀ ਬੁੱਚ ਵਿਲਮੋਰ ਦੇ ਨਾਲ ਜੂਨ ਤੋਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ੀ) 'ਤੇ ਹਨ। ਦੋਵੇਂ ਪੁਲਾੜ ਯਾਤਰੀਆਂ ਨੇ 5 ਜੂਨ ਨੂੰ ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਤੋਂ ਉਡਾਣ ਭਰੀ ਸੀ ਅਤੇ 6 ਜੂਨ ਨੂੰ ਆਈਐਸਐਸ ਪਹੁੰਚੇ ਸਨ।

ਪਰ ਤਕਨੀਕੀ ਖਾਮੀਆਂ ਕਾਰਨ, ਸਟਾਰਲਾਈਨਰ ਨੂੰ ਬਿਨਾਂ ਚਾਲਕ ਦਲ ਦੇ ਧਰਤੀ 'ਤੇ ਵਾਪਸ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਤੋਂ ਬਾਅਦ ਇਹ ਬੋਇੰਗ ਪੁਲਾੜ ਯਾਨ 6 ਸਤੰਬਰ ਨੂੰ ਸਫਲਤਾਪੂਰਵਕ ਧਰਤੀ 'ਤੇ ਪਰਤਿਆ। ਅਗਸਤ ਵਿੱਚ, ਨਾਸਾ ਨੇ ਕਿਹਾ ਕਿ ਵਿਲਮੋਰ ਅਤੇ ਵਿਲੀਅਮਜ਼ ਨੂੰ ਧਰਤੀ 'ਤੇ ਵਾਪਸ ਆਉਣਾ ਬਹੁਤ ਜ਼ੋਖ਼ਮ ਭਰਿਆ ਸੀ। ਦੋਵੇਂ ਯਾਤਰੀਆਂ ਨੂੰ ਇੱਕ ਹਫ਼ਤੇ ਤੱਕ ਪੁਲਾੜ ਵਿੱਚ ਰਹਿਣਾ ਸੀ। ਪਰ ਹੁਣ ਉਨ੍ਹਾਂ ਦੇ ਅਗਲੇ ਸਾਲ ਫਰਵਰੀ ਵਿੱਚ ਵਾਪਸੀ ਦੀ ਉਮੀਦ ਹੈ।

**ਵ੍ਹਾਈਟ ਹਾਊਸ 'ਚ ਦੀਵਾਲੀ**

ਵ੍ਹਾਈਟ ਹਾਊਸ 'ਚ ਦੀਵਾਲੀ ਦੇ ਜਸ਼ਨ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਦੱਖਣੀ-ਏਸ਼ਿਆਈ ਅਮਰੀਕੀ ਭਾਈਚਾਰੇ ਨੇ ਅਮਰੀਕੀ ਜੀਵਨ ਦੇ ਹਰ ਹਿੱਸੇ ਨੂੰ ਭਰਪੂਰ ਕੀਤਾ ਹੈ। ਤੁਹਾਡਾ ਭਾਈਚਾਰਾ ਵਿਸ਼ਵ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਅਤੇ ਸਭ ਤੋਂ ਵੱਧ ਜੁੜਿਆ ਹੋਇਆ ਭਾਈਚਾਰਾ ਹੈ। ਹੁਣ ਦੀਵਾਲੀ ਵ੍ਹਾਈਟ ਹਾਊਸ ਵਿਚ ਖੁੱਲ੍ਹੇ ਦਿਲ ਨਾਲ ਮਨਾਈ ਜਾਂਦੀ ਹੈ। ਇਹ ਮੇਰਾ ਨਹੀਂ, ਤੁਹਾਡਾ ਘਰ ਹੈ।

ਉਸ ਨੇ ਅੱਗੇ ਕਿਹਾ ਕਿ ਮੇਰੀ ਪਤਨੀ ਜਿਲ ਬਾਇਡਨ ਇੱਥੇ ਆਉਣਾ ਚਾਹੁੰਦੀ ਸੀ, ਪਰ ਉਹ ਵਿਸਕਾਨਸਿਨ ਜਾ ਰਹੀ ਹੈ। ਕਮਲਾ ਵੀ ਨਾਲ ਯਾਤਰਾ ਕਰ ਰਹੀ ਹੈ। ਤੁਸੀਂ ਜਾਣਦੇ ਹੋ, ਮੈਂ ਕਮਲਾ ਨੂੰ ਕਈ ਕਾਰਨਾਂ ਕਰਕੇ ਆਪਣਾ ਸਾਥੀ ਚੁਣਿਆ ਹੈ।

ਉਹ ਚੁਸਤ ਹੈ, ਉਹ ਮਜ਼ਬੂਤ ਹੈ, ਉਸ 'ਤੇ ਭਰੋਸਾ ਕੀਤਾ ਜਾ ਸਕਦਾ ਹੈ। ਉਸ ਕੋਲ ਉਨ੍ਹਾਂ ਸਾਰੇ ਲੋਕਾਂ ਨਾਲੋਂ ਜ਼ਿਆਦਾ ਤਜਰਬਾ ਹੈ ਜਿਨ੍ਹਾਂ ਦੇ ਖ਼ਿਲਾਫ਼ ਉਹ ਚੋਣ ਲੜ ਰਹੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਸ ਕੋਲ ਚਰਿੱਤਰ ਹੈ।

# ਕੈਨੇਡਾ ਨੇ ਮੰਨਿਆ, ਨਿੱਝਰ ਹੱਤਿਆਕਾਂਡ ਨੂੰ ਲੈ ਕੇ ਅਮਰੀਕੀ ਮੀਡੀਆ ਨੂੰ ਲੀਕ ਕੀਤੀਆਂ ਸਨ ਸੂਚਨਾਵਾਂ

**ਨਵੀਂ ਦਿੱਲੀ–** ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਜਾਂਚ ਦੇ ਮਾਮਲੇ ’ਚ ਕੈਨੇਡਾ ਸਰਕਾਰ ਲਗਾਤਾਰ ਖੁਦ ਹੀ ਅਜਿਹੇ ਰਾਜਫਾਸ਼ ਕਰ ਰਹੀ ਹੈ ਜਿਹੜੇ ਇਸ ਪੂਰੇ ਮਾਮਲੇ ’ਚ ਉਸਦੀ ਗੰਭੀਰਤਾ ਨੂੰ ਲੈ ਕੇ ਸਵਾਲ ਉਠਾਉਂਦੇ ਹਨ। ਪਹਿਲਾਂ ਕੈਨੇਡੀਅਨ ਪੀਐੱਮ ਜਸਟਿਨ ਟਰੂਡੋ ਇਹ ਸਵੀਕਾਰ ਕਰ ਚੁੱਕੇ ਹਨ ਕਿ ਨਿੱਝਰ ਹੱਤਿਆਕਾਂਡ ’ਚ ਜਦੋਂ ਉਨ੍ਹਾਂ ਨੇ ਭਾਰਤੀ ਏਜੰਸੀਆਂ ’ਤੇ ਦੋਸ਼ ਲਗਾਏ ਤਾਂ ਉਨ੍ਹਾਂ ਕੋਲ ਕੋਈ ਠੋਸ ਸਬੂਤ ਨਹੀਂ ਸੀ। ਹੁਣ ਕੈਨੇਡਾ ਦੇ ਉਪ ਵਿਦੇਸ਼ ਮੰਤਰੀ ਡੈਵਿਡ ਮੌਰੀਸਨ ਨੇ ਇਹ ਸਵੀਕਾਰ ਕੀਤਾ ਹੈ ਕਿ ਅਮਰੀਕੀ ਅਖਬਾਰ ਵਾਸ਼ਿੰਗਟਨ ਪੋਸਟ ਨੂੰ ਉਨ੍ਹਾਂ ਨੇ ਇਹ ਖਬਰ ਲੀਕ ਕੀਤੀ ਸੀ ਕਿ ਭਾਰਤ ਸਰਕਾਰ ’ਚ ਉੱਚ ਅਹੁਦੇ ’ਤੇ ਬੈਠੇ ਵਿਅਕਤੀ ਵਲੋਂ ਕੈਨੇਡਾ ’ਚ ਸਿੱਖ ਵੱਖਵਾਦੀਆਂ ਦੇ ਖਿਲਾਫ਼ ਸੂਚਨਾ ਇਕੱਠੀ ਕਰਨ ਤੇ ਉਨ੍ਹਾਂ ਨੂੰ ਡਰਾਉਣ-ਧਮਕਾਉਣ ਦਾ ਆਦੇਸ਼ ਦਿੱਤਾ ਗਿਆ ਸੀ। ਭਾਰਤ ਦੇ ਕੁਝ ਸਾਬਕਾ ਕੂਟਨੀਤਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਗੈਰਜ਼ਿੰਮੇਵਾਰਾਨਾ ਬਿਆਨ ਦੇ ਕੇ ਟਰੂਡੋ ਸਰਕਾਰ ਇਹ ਸਾਫ਼ ਕਰ ਰਹੀ ਹੈ ਕਿ ਉਹ ਭਾਰਤ ਨਾਲਕੈਨੇਡਾ ਦੇ ਰਿਸ਼ਤਿਆਂ ਨੂੰ ਖਰਾਬ ਕਰਨ ਦਾ ਚਾਹਵਾਨ ਹੈ।


ਕੈਨੇਡਾ ਦੀ ਸੰਸਦ ਦੀ ਰਾਸ਼ਟਰੀ ਸੁਰੱਖਿਆ ਕਮੇਟੀ ਦੇ ਸਾਹਮਣੇ ਪੇਸ਼ੀ ਦੌਰਾਨ ਉਪ ਵਿਦੇਸ਼ ਮੰਤਰੀ ਮੌਰੀਸਨ ਨੇ ਕਿਹਾ ਕਿ ਅਮਰੀਕਾ ਤੇ ਉਸਦੇ ਸਹਿਯੋਗੀ ਦੇਸ਼ਾਂ ਤੱਕ ਸੂਚਨਾ ਪਹੁੰਚਾਉਣ ਤੇ ਉੱਥੇ ਆਪਣੇ ਹੱਕ ’ਚ ਮਾਹੌਲ ਬਣਾਉਣ ਲਈ ਵਾਸ਼ਿੰਗਟਨ ਪੋਸਟ ਨਾਲ ਸੰਪਰਕ ਕੀਤਾ ਗਿਆ ਤੇ ਉਨ੍ਹਾਂ ਨੇ ਖੁਦ ਹੀ ਇਹ ਸੂਚਨਾ ਦਿੱਤੀ। ਹਾਲਾਂਕਿ ਇੱਥੇ ਉਨ੍ਹਾਂ ਫਿਰ ਇਹ ਜਾਣਕਾਰੀ ਨਹੀਂ ਦਿੱਤੀ ਕਿ ਜਿਸ ਭਾਰਤੀ ਸਿਆਸਤਦਾਨ ਦਾ ਨਾਂ ਉਹ ਲੈ ਰਹੇ ਹਨ, ਉਨ੍ਹਾਂ ਦੀ ਸ਼ਮੂਲੀਅਤ ਦੀ ਸੂਚਨਾ ਉਨ੍ਹਾਂ ਨੂੰ ਕਿਸ ਤਰ੍ਹਾਂ ਨਾਲ ਮਿਲੀ। ਯਾਦ ਰਹੇ ਕਿ ਸਤੰਬਰ, 2023 ’ਚ ਟਰੂਡੋ ਨੇ ਕੈਨੇਡਾ ਦੀ ਸੰਸਦ ’ਚ ਭਾਰਤੀ ਏਜੰਸੀਆਂ ’ਤੇ ਨਿੱਝਰ ਦੀ ਹੱਤਿਆ ਕਰਨ ਤੇ ਦੂਜੇ ਸਿੱਖ ਵੱਖਵਾਦੀਆਂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਸੀ।

ਉਨ੍ਹਾਂ ਦਾ ਦਾਅਵਾ ਸੀ ਕਿ ਇਸ ਬਾਰੇ ’ਚ ਭਾਰਤ ਨੂੰ ਸਬੂਤ ਦਿੱਤੇ ਗਏ ਹਨ। ਹਾਲਾਂਕਿ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਈ ਵਾਰੀ ਇਹ ਕਿਹਾ ਕਿ ਕੈਨੇਡਾ ਵਲੋਂ ਹਾਲੇ ਤੱਕ ਸਬੂਤ ਦਾ ਇਕ ਟੁੱਕੜਾ ਤੱਕ ਭਾਰਤ ਨਾਲ ਸਾਂਝਾ ਨਹੀਂ ਕੀਤਾ ਗਿਆ। ਸਾਬਕਾ ਵਿਦੇਸ਼ ਸਕੱਤਰ ਕੰਵਲ ਸਿੱਬਲ ਨੇ ਕੈਨੇਡਾ ਦੇ ਉਪ ਵਿਦੇਸ਼ ਮੰਤਰੀ ਦੇ ਬਿਆਨ ਨੂੰ ਜੋਕ ਕਰਾਰ ਦਿੱਤਾ। ਕਿਹਾ- ਇਹ ਸਾਫ਼ ਤੌਰ ’ਤੇ ਮੰਨਿਆ ਕਿ ਭਾਰਤੀ ਐੱਨਐੱਸਏ ਨਾਲ ਉਨ੍ਹਾਂ ਦੀ ਮੁਲਾਕਾਤ ਦੀ ਸੂਚਨਾ ਅਮਰੀਕੀ ਮੀਡੀਆ ’ਚ ਸਾਂਝਾ ਕਰਨ ਦਾ ਉਨ੍ਹਾਂ ਦਾ ਮਕਸਦ ਅਮਰੀਕਾ ਤੇ ਬ ਰਤਾਨੀਆ ਨੂੰ ਆਪਣੇ ਨਾਲ ਲਿਆਉਣਾ ਸੀ।




# ਇਨਸਾਫ ਦੀ ਮੰਗ ਕਰਨ ’ਤੇ ਦਲਿਤ ਪਰਿਵਾਰਾਂ ਦਾ ਬਾਈਕਾਟ

**ਕਰਨਾਟਕ (ਸਤਨਾਮ ਸਿੰਘ ਸਹੂੰਗੜਾ)–** ਕਰਨਾਟਕਾ ਦੇ ਜਿਲ੍ਹੇ ਯਾਦਗੀਰ ਦੇ ਇੱਕ ਪਿੰਡ ਵਿੱਚ ਦਲਿਤ ਪਰਿਵਾਰ ਵੱਲੋਂ ਆਪਣੀ ਬੱਚੀ ਲਈ ਇਨਸਾਫ ਮੰਗਣ ਕਰਕੇ ਅਖੌਤੀ ਉੱਚੀ ਜਾਤ ਵਾਲ਼ਿਆਂ ਨੇ ਜਨਤਕ ਥਾਵਾਂ ’ਤੇ ਦਲਿਤ ਭਾਈਚਾਰੇ ਦੇ ਆਉਣ-ਜਾਣ ’ਤੇ ਪਬੰਦੀ ਲਾ ਦਿੱਤੀ ਹੈ। ਮਾਮਲਾ ਇਹ ਸੀ ਕਿ “ਉੱਚੀ ਜਾਤ” ਨਾਲ਼ ਸਬੰਧਿਤ 23 ਸਾਲਾ ਮੁੰਡੇ ਨੇ 15 ਸਾਲਾ ਨਾਬਾਲਗ ਕੁੜੀ ਨਾਲ਼ ਸਰੀਰਕ ਸਬੰਧ ਬਣਾਕੇ ਉਸਨੂੰ ਗਰਭਵਤੀ ਕਰ ਦਿੱਤਾ। ਜਦੋਂ ਕੁੜੀ ਦੇ ਪਰਿਵਾਰ ਨੇ ਮੁੰਡੇ ਨਾਲ਼ ਵਿਆਹ ਦੀ ਗੱਲ ਕੀਤੀ ਤਾਂ ਉਹ ਸਾਫ ਮੁੱਕਰ ਗਿਆ ਕਿਉਂਕਿ ਕੁੜੀ ਦਲਿਤ ਪਰਿਵਾਰ ਦੀ ਸੀ। ਇਸ ਤੋਂ ਬਾਅਦ ਕੁੜੀ ਦੇ ਪਰਿਵਾਰ ਨੇ ਮੁੰਡੇ ਖਿਲਾਫ ਪੁਲਿਸ ਥਾਣੇ ਵਿੱਚ ਪੌਕਸੋ ਐਕਟ ਅਧੀਨ ਪਰਚਾ ਕਰਵਾਇਆ। ਮੁੰਡੇ ਦੇ ਪਰਿਵਾਰਕ ਮੈਂਬਰਾਂ ਅਤੇ ਕੁੱਝ ਹੋਰ ਅਖੌਤੀ ਉੱਚ ਜਾਤ ਦਿਆਂ ਲੋਕਾਂ ਨੇ ਕੁੜੀ ਦੇ ਮਾਪਿਆਂ ਉੱਤੇ ਸਮਝੌਤਾ ਕਰਨ ਲਈ ਦਬਾਅ ਬਣਾਇਆ ਪਰ ਕੁੜੀ ਦੇ ਘਰਦੇ ਪੌਕਸੋ ਐਕਟ ਅਧੀਨ ਕਾਰਵਾਈ ਕਰਵਾਉਣ ’ਤੇ ਅੜੇ ਰਹੇ। ਇਸ ਗੱਲ ਨੂੰ ਆਪਦੀ ਹੇਠੀ ਸਮਝਕੇ ਅਖੌਤੀ ਉੱਚੀ ਜਾਤ ਵਾਲ਼ੇ ਪਰਿਵਾਰਾਂ ਨੇ ਦਲਿਤ ਭਾਈਚਾਰੇ ਦਾ ਜਨਤਕ ਬਾਈਕਾਟ ਕਰਨ ਦਾ ਐਲਾਨ ਕੀਤਾ।



ਦੂਜੀ ਘਟਨਾ ਕਰਨਾਟਕਾ ਦੇ ਹੀ ਬਾਗਲਕੋਟ ਜਿਲ੍ਹੇ ਵਿੱਚ ਵਾਪਰੀ ਜਿੱਥੇ ਅਰਜੁਨ ਨਾਂ ਦੇ ਦਲਿਤ ਮੁੰਡੇ ਨੂੰ ਖੰਭੇ ਨਾਲ਼ ਬੰਨ ਜਾਤੀਗਤ ਦੁਰ ਵਿਵਹਾਰ ਕੀਤਾ ਗਿਆ ਕਿਉਂਕਿ ਉਸਨੇ ਦਿਆਮਾਵਾ ਮੰਦਰ ਵਿੱਚ ਪ੍ਰਾਥਨਾ ਕੀਤੀ ਸੀ। ਅਰਜੁਨ ਨੇ ਐਫ।ਆਈ।ਆਰ। ਦਰਜ ਕਰਵਾਈ ਜਿਸ ਵਿੱਚ 18 ਲੋਕਾਂ ਨੂੰ ਜਾਤੀਗਤ ਕੁਕਰਮ ਲਈ ਦੋਸ਼ੀ ਠਹਿਰਾਇਆ ਗਿਆ। ਘਟਨਾ ਤੋਂ ਬਾਅਦ ਅਖੌਤੀ ਉੱਚ ਜਾਤੀ ਲੋਕਾਂ ਵੱਲੋਂ ਦਲਿਤਾਂ ਦਾ ਬਾਈਕਾਟ ਕਰਨ ਲਈ ਕਿਹਾ ਗਿਆ। ਅਜਿਹੀ ਹੀ ਇੱਕ ਹੋਰ ਘਟਨਾ ਕੁਰਨੂਲ ਜਿਲ੍ਹੇ ਦੇ ਪਿੰਡ ਕਾਲਾਕੁੰਤਾ ਵਿੱਚ ਦਲਿਤ ਭਾਈਚਾਰੇ ਨਾਲ਼ ਸਬੰਧਿਤ 55 ਸਾਲਾ ਗੋਬਿੰਦਾਮਾ ਨਾਮੀ ਔਰਤ ਨਾਲ਼ ਹੋਈ। ਉਸਨੂੰ ਰੁੱਖ ਨਾਲ਼ ਬੰਨਕੇ ਕੁੱਟਿਆ ਗਿਆ ਕਿਉਂਕਿ ਉਸਦੇ ਮੁੰਡੇ ਨੇ ਅੰਤਰਜਾਤੀ ਵਿਆਹ ਕਰਵਾਇਆ ਸੀ। ਕੁੜੀ ਦੇ ਪਰਿਵਾਰ ਨੇ ਬਦਲਾ ਲੈਣ ਲਈ ਅਜਿਹੀ ਕਾਰਵਾਈ ਨੂੰ ਅੰਜਾਮ ਦਿੱਤਾ। ਇਸੇ ਤਰ੍ਹਾ ਯੂਪੀ ਦੇ ਕਾਸਗੰਜ ਜਿਲ੍ਹੇ ਦੇ 48 ਸਾਲਾ ਦਲਿਤ ਵਿਅਕਤੀ ਨੇ ਫਾਹਾ ਲਾ ਲਿਆ ਕਿਉਂਕਿ ਉਹ ਸਥਾਨਕ (ਸਲੇਮਪੁਰ) ਰਾਮਲੀਲਾ ਪ੍ਰੋਗਰਾਮ ਵਿੱਚ ਕੁਰਸੀ ’ਤੇ ਬੈਠ ਗਿਆ। ਦਲਿਤ ਹੋਣ ਕਾਰਨ ਰਾਮਲੀਲਾ ਕਰਾਉਣ ਵਾਲ਼ੇ ਪ੍ਰਬੰਧਕਾਂ ਦੀ ਸ਼ਿਕਾਇਤ ’ਤੇ ਪੁਲਿਸ ਮੁਲਾਜਮ ਬਹਾਦਰ ਅਤੇ ਵਿਕਰਮ ਚੌਧਰੀ ਨੇ ਉਹਦੇ ਨਾਲ਼ ਕੁੱਟਮਾਰ ਕੀਤੀ ਅਤੇ ਜਾਤੀਗਤ ਗਾਲ੍ਹਾਂ ਕੱਢੀਆਂ ਜਿਸ ਤੋਂ ਪੀੜਤ ਦਲਿਤ ਖੁਦਕੁਸ਼ੀ ਕਰਨ ਲਈ ਮਜਬੂਰ ਹੋ ਗਿਆ।

ਭਾਵੇਂ ਇਹ ਘਟਨਾਵਾਂ ਦੀ ਥਾਂ ਵੱਖੋ-ਵੱਖਰੀ ਹੈ ਪਰ ਇਹ ਸਾਰੀਆਂ ਘਟਨਾਵਾਂ ਇੱਕੀਵੀਂ ਸਦੀ ਵਿੱਚ ਵੀ ਭਾਰਤ ਦੇ ਸਮਾਜ ਵਿੱਚ ਫੈਲੀ ਜਾਤੀਗਤ ਕੋਹੜ ਦੀ ਬਿਮਾਰੀ ਬਾਰੇ ਚਾਨਣਾ ਪਾਉਂਦੀਆਂ ਹਨ। ਅਜਾਦੀ ਦੇ 77 ਵਰ੍ਹੇ ਬੀਤਣ ਤੋਂ ਬਾਅਦ ਵੀ ਭਾਰਤ ਵਿੱਚ ਵਿੱਚੋਂ ਜਾਤੀਗਤ ਕੋਹੜ ਦਾ ਖਾਤਮਾ ਨਹੀਂ ਹੋਇਆ। ਅੱਜ ਵੀ ਜਾਤੀਗਤ ਵਿਤਕਰਾ ਅਖੌਤੀ ਭਾਰਤੀ ਜਮਹੂਰੀਅਤ ਦੀ ਕੌੜੀ ਸੱਚਾਈ ਹੈ। ਦੇਸ਼ ਅੰਦਰ ਸਾਰੀਆਂ ਜਾਤਾਂ/ਧਰਮਾਂ ਦੇ ਲੋਕਾਂ ਨੂੰ ਬਰਾਬਰ ਦਰਜੇ ਦੀਆਂ ਗੱਲਾਂ ਕਾਗਜਾਂ ਤੱਕ ਹੀ ਸੀਮਤ ਹਨ। ਅੱਜ ਵੀ ਅਖੌਤੀ ਵਿਸ਼ਵਗੁਰੂ ਭਾਰਤ ਵਿੱਚ ਅਜਿਹੀਆਂ ਥਾਵਾਂ ਮੌਜੂਦ ਹਨ ਜਿੱਥੇ ਦਲਿਤਾਂ ਨੂੰ ਘੋੜੀ ਚੜ੍ਹਕੇ ਬਰਾਤ ਲਿਜਾਣ ’ਤੇ ਕਤਲ ਕਰ ਦਿੱਤਾ ਜਾਂਦਾ ਹੈ, ਬਹੁਤ ਸਾਰੇ ਮੰਦਰਾਂ ਵਿੱਚ ਦਲਿਤਾਂ ਦੇ ਦਾਖਲੇ ਉੱਤੇ ਪਬੰਦੀਆਂ ਹਨ ਆਦਿ। ਵਿੱਦਿਅਕ ਅਦਾਰਿਆਂ, ਕੰਮ ਥਾਵਾਂ ਆਦਿ ’ਤੇ ਦਲਿਤਾਂ ਨਾਲ ਵਿਤਕਰੇ ਦੀਆਂ ਘਟਨਾਵਾਂ ਵੀ ਸੁਣਨ ਨੂੰ ਮਿਲ਼ ਜਾਂਦੀਆਂ ਹਨ। ਸਰਮਾਏਦਾਰਾ ਪ੍ਰਬੰਧ ਦੇ ਆਉਣ ਨਾਲ਼ ਛੂਆਛੂਤ, ਜਾਤ ਅਧਾਰਿਤ ਕਿੱਤਾ ਵੰਡ ਆਦਿ ਨੂੰ ਕਾਫੀ ਹੱਦ ਤੱਕ ਸੱਟ ਵੱਜੀ ਹੈ ਪਰ ਇਨਕਲਾਬੀ ਤਰੀਕੇ ਨਾਲ਼ ਸਰਮਾਏਦਾਰਾ ਸਬੰਧ ਸਥਾਪਿਤ ਨਾ ਹੋਣ ਕਾਰਨ ਅਜਿਹੀਆਂ ਮੁੱਢਕਦੀਮੀ-ਜਗੀਰੂ ਗਲ਼ੀਆਂ-ਸੜੀਆਂ ਕਦਰਾਂ ਕੀਮਤਾਂ ਬਚੀਆਂ ਹੋਈਆਂ ਹਨ।

ਲੁੱਟ ਅਧਾਰਿਤ ਜੋ ਵੀ ਰਾਜ ਪ੍ਰਬੰਧ ਹੋਂਦ ਵਿੱਚ ਆਏ ਉਹਨਾਂ ਜਾਤ-ਪਾਤ ਨੂੰ ਖਤਮ ਕਰਨ ਦੀ ਥਾਂ ਆਪਦੇ ਰਾਜ ਪ੍ਰਬੰਧ ਨੂੰ ਪੱਕੇ ਕਰਨ ਲਈ ਇੱਕ ਅਹਿਮ ਸੰਦ ਵਜੋਂ ਇਸਦੀ ਵਰਤੋਂ ਕੀਤੀ। 1947 ਤੋਂ ਬਾਅਦ ਵੀ ਰਾਜ ਕਰਨ ਵਾਲ਼ੀਆਂ ਸਰਮਾਏਦਾਰਾ ਸਿਆਸੀ ਪਾਰਟੀਆਂ ਨੇ ਜਾਤੀਗਤ ਵਿਤਕਰੇ ਨੂੰ ਖਤਮ ਕਰਨ ਲਈ ਕੋਸ਼ਿਸ਼ਾਂ ਨਹੀਂ ਕੀਤੀਆਂ। ਇਤਿਹਾਸ ਗਵਾਹ ਹੈ ਕਿ ਸਿਰਫ ਇਨਕਲਾਬੀ ਲਹਿਰਾਂ ਨੇ ਜਾਤਪਾਤ ਨੂੰ ਵੱਡੀ ਸੱਟ ਲਾਈ ਸੀ ਜਿਵੇਂ ਕਿ ਤੇਲੰਗਾਨਾ- ਤੇਭਾਗਾ ਆਦਿ ਦੀਆਂ ਬਗਾਵਤਾਂ ਵਿੱਚ ਦੇਖਿਆ ਗਿਆ। ਹਾਕਮ ਪਾਰਟੀਆਂ ਨੇ ਤਾਂ ਇਸ ਨੂੰ ਲੋਕਾਂ ਨੂੰ ਵੰਡਣ ਦੇ ਸੰਦ ਵਜੋਂ ਹੀ ਵਰਤਿਆ ਹੈ। ਮੌਜੂਦਾ ਸਮੇਂ ਭਾਜਪਾ ਦੀ ਅਗਵਾਈ ਵਾਲ਼ੀ ਯੂਨੀਅਨ ਸਰਕਾਰ ਤਾਂ ਹੋਰ ਵੀ ਵਧਵੇਂ ਰੂਪ ਵਿੱਚ ਅਜਿਹਾ ਕਰ ਰਹੀ ਹੈ। ਦਲਿਤ/ਧਾਰਮਿਕ ਘੱਟਗਿਣਤੀਆਂ ਵਿਰੋਧੀ ਅਪਰਾਧਾਂ ਨੂੰ ਸ਼ਹਿ ਦੇਣੀ, ਉਹਨਾਂ ਦੇ ਘਰ ਢਾਹੁਣੇ ਅਤੇ ਕਾਰੋਬਾਰ ਠੱਪ ਕਰਨੇ ਆਦਿ ਜਿਹਾ ਕੰਮ ਭਾਜਪਾ ਹੋਰ ਤੇਜੀ ਨਾਲ਼ ਕਰ ਰਹੀ ਹੈ। ਭਾਜਪਾ-ਸੰਘ ਮਨੂੰਸਮ੍ਰਿਤੀ ਨੂੰ ਆਪਦਾ ਆਦਰਸ਼ ਮੰਨਦੀ ਹੈ ਜਿਹਦੇ ਵਿੱਚ ਔਰਤਾਂ ਤੇ ਦਲਿਤਾਂ ਦੀ ਸਥਿਤੀ ਦੂਜੇ ਦਰਜੇ ਦੀ ਦੱਸੀ ਗਈ ਹੈ।

ਜਾਤ-ਪਾਤੀ ਤੁਅੱਸਬ ਆਮ ਲੋਕਾਂ ਦੇ ਮਨਾਂ ਅੰਦਰ ਵੀ ਬੈਠੇ ਹੋਏ ਹਨ ਜਿਹਨਾਂ ਨੂੰ ਖਤਮ ਕਰਨ ਲਈ ਜਾਤ-ਪਾਤ ਵਿਰੋਧੀ ਸੱਭਿਆਚਾਰਕ ਮੁਹਿੰਮਾਂ ਚਲਾਉਣ ਦੀ ਵੀ ਲੋੜ ਹੈ ਪਰ ਅੰਤਿਮ ਰੂਪ ਵਿੱਚ ਜਾਤ-ਪਾਤੀ ਵਿਤਕਰੇ ਨੂੰ ਸਮਾਜਵਾਦੀ ਪ੍ਰਬੰਧ ਸਥਾਪਿਤ ਕਰਕੇ ਹੀ ਮੁਕਾਇਆ ਜਾ ਸਕਦਾ ਹੈ ਅਤੇ ਅਣਮਨੁੱਖੀ ਕੋਹੜ ਰੂਪੀ ਵਰਤਾਰਿਆਂ ਨੂੰ ਖਤਮ ਕੀਤਾ ਜਾ ਸਕਦਾ ਹੈ।

# 908 ਕਰੋੜ 'ਚ ਵਿਕੇਗਾ ਅਮਰੀਕੀ ਅਰਬਪਤੀ ਦਾ ਆਲੀਸ਼ਾਨ ਮਹਿਲ

**ਨਵੀਂ ਦਿੱਲੀ–** ਅਮਰੀਕੀ ਅਰਬਪਤੀ ਡਾਰਵਿਨ ਡੇਸਨ ਦੁਆਰਾ ਸੈਨ ਡਿਏਗੋ ਵਿੱਚ ਬਣਾਇਆ ਗਿਆ ਇੱਕ ਬਹੁਤ ਹੀ ਆਲੀਸ਼ਾਨ ਅਤੇ ਵਿਲੱਖਣ ਕਾਰੀਗਰੀ ਮਹਿਲ 'ਦ ਸੈਂਡ ਕੈਸਲ' ਵੇਚਿਆ ਜਾ ਰਿਹਾ ਹੈ। ਪ੍ਰਾਈਵੇਟ ਬੀਚ ਵਾਲੇ ਇਸ ਸ਼ਾਨਦਾਰ ਪੈਲੇਸ ਦੀ ਕੀਮਤ 108 ਮਿਲੀਅਨ ਡਾਲਰ (ਕਰੀਬ 908 ਕਰੋੜ ਰੁਪਏ) ਰੱਖੀ ਗਈ ਹੈ। ਇਹ ਸੈਨ ਡਿਏਗੋ ਵਿੱਚ ਹੁਣ ਤੱਕ ਦੀ ਸਭ ਤੋਂ ਮਹਿੰਗੀ ਜਾਇਦਾਦ ਹੈ।

ਅਮਰੀਕੀ ਅਰਬਪਤੀ ਡਾਰਵਿਨ ਡੇਸਨ ਦੇ ਮਹਿਲ ਦੀ ਸ਼ਾਨ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਹ ਮਹਿਲ 13 ਹਜ਼ਾਰ ਵਰਗ ਫੁੱਟ 'ਚ ਬਣਿਆ ਹੈ। ਇਸ ਦਾ ਬਗੀਚਾ 35,750 ਵਰਗ ਫੁੱਟ 'ਚ ਬਣਿਆ ਹੈ।



9,565 ਵਰਗ ਫੁੱਟ ਦਾ ਮੁੱਖ ਘਰ: ਜਿਸ ਵਿੱਚ 7 ਬੈੱਡਰੂਮ, 8 ਬਾਥਰੂਮ, 2 ਪਾਵਰ ਰੂਮ, 1 ਬਾਰ, 1 ਸਟੱਡੀ ਰੂਮ, ਡਾਇਨਿੰਗ ਰੂਮ, ਲਿਵਿੰਗ ਰੂਮ ਅਤੇ ਵਿਹੜਾ ਹੈ। 3,416 ਵਰਗ ਫੁੱਟ ਮਹਿਮਾਨ ਨਿਵਾਸ: 3 ਬੈੱਡਰੂਮ, 3 ਬਾਥਰੂਮ, 1 ਪਾਵਰ ਰੂਮ, ਬਾਰ ਅਤੇ ਟੈਰੇਸ।

ਬਾਗਾਂ ਦਾ 35,750 ਵਰਗ ਫੁੱਟ: ਪ੍ਰਾਈਵੇਟ ਬੀਚ, ਪੂਲ, 2 ਬਾਥਰੂਮਾਂ ਵਾਲਾ ਕੈਬਨ, 1 ਬਾਥਰੂਮ ਵਾਲਾ ਕਿਸ਼ਤੀ ਬਾਰ, ਚਾਹ ਦਾ ਬਾਗ, ਕਿਨਾਰੇ ਵਾਲੀ ਛੱਤ ਅਤੇ ਮੈਦਾਨ। ਇਸ ਮਹਿਲ ਦੇ ਅੰਦਰੂਨੀ ਹਿੱਸੇ ਨੂੰ ਡਿਜ਼ਾਈਨਰ ਟਿਮੋਥੀ ਕੋਰੀਗਨ ਨੇ ਪੁਰਾਣੇ ਯੂਰਪ ਦੀ ਥੀਮ 'ਤੇ ਡਿਜ਼ਾਈਨ ਕੀਤਾ ਹੈ। ਇਹ ਸੋਨੇ ਨਾਲ ਉੱਕਰੀ ਹੋਈ ਹੈ ਅਤੇ ਇਸ ਵਿੱਚ ਸੰਗਮਰਮਰ ਦਾ ਫਰਸ਼ ਹੈ। ਇੱਥੇ ਕਸਟਮ ਮੇਡ ਫਰਨੀਚਰ, 16 ਸੀਟਾਂ ਵਾਲਾ ਡਾਇਨਿੰਗ ਰੂਮ, ਇੱਕ ਸਵਿਮਿੰਗ ਪੂਲ ਅਤੇ ਇੱਕ ਫਿਟਨੈਸ ਸੈਂਟਰ ਵੀ ਹਨ। ਇਸ ਵਿਚ ਸਮੁੰਦਰੀ ਥੀਮ 'ਤੇ ਵੀ ਬਾਰ ਹੈ।

ਪੈਲੇਸ ਵਿੱਚ ਗੈਸਟ ਨਿਵਾਸ ਨੂੰ ਫਰਾਂਸ ਦੇ ਵਰਸੇਲਜ਼ ਸ਼ਹਿਰ ਵਿੱਚ ‘ਲੇ ਪੇਟਿਟ ਟ੍ਰਾਇਓਨ’ ਦੀ ਤਰਜ਼ ’ਤੇ ਡਿਜ਼ਾਇਨ ਕੀਤਾ ਗਿਆ ਹੈ। ਹਾਲੀਵੁੱਡ ਦੇ ਅਮੀਰ ਅਤੇ ਸ਼ਾਹੀ ਪਰਿਵਾਰਾਂ ਲਈ ਇੰਟੀਰੀਅਰ ਡਿਜ਼ਾਈਨ ਕਰਨ ਵਾਲੇ ਮਸ਼ਹੂਰ ਇੰਟੀਰੀਅਰ ਡਿਜ਼ਾਈਨਰ ਟਿਮੋਥੀ ਕੋਰੀਗਨ ਨੇ ਇਸ ਮਹਿਲ ਨੂੰ ਸਜਾਇਆ ਹੈ। ਜੇਕਰ ਸੈਂਡ ਕੈਸਲ ਆਪਣੀ ਮੰਗ ਕੀਮਤ 'ਤੇ ਵੇਚਦਾ ਹੈ, ਤਾਂ ਇਹ ਸੈਨ ਡਿਏਗੋ ਕਾਉਂਟੀ ਰੀਅਲ ਅਸਟੇਟ ਲਈ ਸੰਭਾਵੀ ਤੌਰ 'ਤੇ ਰਿਕਾਰਡ ਤੋੜ ਕੀਮਤ ਹੋ ਸਕਦੀ ਹੈ। ਇਸ ਤੋਂ ਪਹਿਲਾਂ, ਸੈਨ ਡਿਏਗੋ ਕਾਉਂਟੀ ਵਿੱਚ ਰਿਕਾਰਡ $44 ਮਿਲੀਅਨ ਸੀ, ਜੋ ਅਰਬਪਤੀ ਈਗਨ ਡਰਬਨ ਕੋਲ ਸੀ, ਜਿਸ ਨੇ ਇਸ ਸਾਲ ਦੇ ਸ਼ੁਰੂ ਵਿੱਚ ਡੇਲ ਮਾਰ ਵਿੱਚ ਸਮੁੰਦਰੀ ਕੰਢੇ ਦੀ ਜਾਇਦਾਦ ਖਰੀਦੀ ਸੀ। ਅਰਬਪਤੀ ਡੀਸਨ ਨੇ ਇਹ ਜ਼ਮੀਨ 2009 ਵਿੱਚ 26 ਮਿਲੀਅਨ ਡਾਲਰ ਵਿੱਚ ਖਰੀਦੀ ਸੀ। ਇਹ ਮਹਿਲ 60 ਮਿਲੀਅਨ ਡਾਲਰ ਖਰਚ ਕਰ ਕੇ ਬਣਾਇਆ ਗਿਆ ਸੀ। ਬੀਚ ਲਈ $40,000 ਮੁੱਲ ਦੀ ਚਿੱਟੀ ਰੇਤ ਆਯਾਤ ਕੀਤੀ ਗਈ। ਜਾਇਦਾਦ ਵਿੱਚ ਦੋ ਕੁਦਰਤੀ ਗੁਫਾਵਾਂ ਵੀ ਹਨ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਪਠਾਨਕੋਟ ਦੇ ਪ੍ਰਾਇਮਰੀ ਸਕੂਲਾਂ ਦੀਆਂ ਜ਼ਿਲ੍ਹਾ ਖੇਡਾਂ ਵਿਚ ਨੰਨ੍ਹੇ ਖਿਡਾਰੀਆਂ ਦਾ ਜੋਸ਼, ਜਿੱਤਣ ਵਾਲਿਆਂ ਨੂੰ ਸਨਮਾਨ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਦੀ ਅਗਵਾਈ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਦੀ ਰਹਿਨੁਮਾਈ ਹੇਠ ਪਠਾਨਕੋਟ ਜ਼ਿਲ੍ਹੇ ਦੀਆਂ 11ਵੀਆਂ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਦੇ ਦੂਜੇ ਦਿਨ ਮਲਟੀਪਰਪਜ ਸਪੋਰਟਸ ਸਟੇਡੀਅਮ ਲਮੀਨੀ ਦੇ ਖੇਡ ਮੈਦਾਨ ਵਿੱਚ ਦੂਜੇ ਦਿਨ ਮੁੰਡਿਆਂ ਨੇ ਆਪਣੇ ਜੌਹਰ ਦਿਖਾਏ। ਇਸ ਮੌਕੇ ਤੇ ਅਮਿਤ ਮਿੰਟੂ ਆਮ ਆਦਮੀ ਪਾਰਟੀ ਜ਼ਿਲ੍ਹਾ ਇੰਚਾਰਜ ਅਤੇ ਸੁਜਾਨਪੁਰ ਹਲਕਾ ਇੰਚਾਰਜ ਵੱਲੋਂ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰ ਨੰਨ੍ਹੇ ਮੁੰਨੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਗਿਆ ਅਤੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਕਰ ਖੇਡਾਂ ਦੀ ਸ਼ੁਰੂਆਤ ਕੀਤੀ ਗਈ। ਜਦਕਿ ਇਨਾਮ ਵੰਡ ਸਮਾਰੋਹ ਦੌਰਾਨ ਸ੍ਰੀ ਸੌਰਵ ਬਹਿਲ ਯੁਵਾ ਨੇਤਾ ਆਮ ਆਦਮੀ ਪਾਰਟੀ ਵੱਲੋਂ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰ ਵਿਜੇਤਾ ਬੱਚਿਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਅਮਿਤ ਮਿੰਟੂ ਜ਼ਿਲ੍ਹਾ ਇੰਚਾਰਜ ਆਮ ਆਦਮੀ ਪਾਰਟੀ ਅਤੇ ਸੁਜਾਨਪੁਰ ਹਲਕਾ ਇੰਚਾਰਜ ਵੱਲੋਂ ਵੱਖ ਵੱਖ ਟੀਮਾਂ ਦੇ ਖਿਡਾਰੀਆਂ ਨਾਲ ਜਾਣ-ਪਹਿਚਾਣ ਕੀਤੀ ਅਤੇ ਸ਼ੋ ਮੈਚ ਦਾ ਅਨੰਦ ਮਾਣਿਆ। ਮੁੱਖ ਮਹਿਮਾਨ ਚੇਅਰਮੈਨ ਅਮਿਤ ਮਿੰਟੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਦਾ ਵਿਦਿਆਰਥੀ ਜੀਵਨ ਵਿੱਚ ਬਹੁਤ ਹੀ ਮਹੱਤਵ ਹੈ ਅਤੇ ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਜੇਤੂ ਟੀਮਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਲਈ ਸ਼ੁਭਇੱਛਾਵਾਂ ਦਿੱਤੀਆ।

ਇਨਾਮ ਵੰਡ ਸਮਾਰੋਹ ਮੌਕੇ ਸੌਰਵ ਬਹਿਲ ਯੁਵਾ ਨੇਤਾ ਆਮ ਆਦਮੀ ਪਾਰਟੀ ਨੇ ਕਿਹਾ ਕਿ ਖੇਡਾਂ ਮਨੁੱਖ ਨੂੰ ਸਮਾਜ ਵਿੱਚ ਵਿਚਰਨਾ ਸਿਖਾਉਂਦੀਆਂ ਹਨ ਅਤੇ ਬੱਚਿਆਂ ਨੂੰ ਬਚਪਨ ਤੋਂ ਹੀ ਖੇਡਾਂ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਦੌਰਾਨ ਹਾਜ਼ਰ ਸਖਸੀਅਤਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ।



ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਖੇਡਾਂ ਦੇ ਦੂਜੇ ਦਿਨ ਮੁੰਡਿਆਂ ਦੇ ਕਬੱਡੀ ਨੈਸ਼ਨਲ, ਖੋ-ਖੋ, ਰੱਸਾਕਸੀ, ਬੈਡਮਿੰਟਨ, ਯੋਗਾ ਆਦਿ ਦੇ ਮੁਕਾਬਲੇ ਕਰਵਾਏ ਗਏ ਹਨ। ਨਤੀਜਿਆਂ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਗਰੁੱਪ ਯੋਗਾ ਵਿੱਚੋਂ ਪਠਾਨਕੋਟ -2 ਨੇ ਪਹਿਲਾ ਅਤੇ ਪਠਾਨਕੋਟ-3 ਨੇ ਦੂਜਾ ਸਥਾਨ, ਰਿਧਮਿਕ ਯੋਗਾ ਵਿੱਚ ਧਾਰ-1 ਨੇ ਪਹਿਲਾ ਅਤੇ ਪਠਾਨਕੋਟ-2 ਨੇ ਦੂਜਾ, ਆਰਟਿ-ਸਟਿਕ ਯੋਗਾ ਵਿੱਚ ਪਠਾਨਕੋਟ -3 ਨੇ ਪਹਿਲਾ ਅਤੇ ਪਠਾਨਕੋਟ -2 ਨੇ ਦੂਜਾ ਸਥਾਨ, ਬੈਡਮਿੰਟਨ ਵਿੱਚ ਪਠਾਨਕੋਟ -3 ਨੇ ਪਹਿਲਾ ਅਤੇ ਪਠਾਨਕੋਟ -1 ਨੇ ਦੂਜਾ, ਕੱਬਡੀ ਵਿੱਚ ਬਮਿਆਲ ਬਲਾਕ ਨੇ ਪਹਿਲਾ ਅਤੇ ਪਠਾਨਕੋਟ -1 ਨੇ ਦੂਜਾ ਸਥਾਨ, ਖੋ-ਖੋ ਵਿੱਚ ਪਠਾਨਕੋਟ -1 ਨੇ ਪਹਿਲਾ ਅਤੇ ਬਮਿਆਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਕੁਸ਼ਤੀ ਦੇ 25 ਕਿਲੋਗ੍ਰਾਮ ਵਿੱਚ ਜਾਨਬ ਪਠਾਨਕੋਟ -1 ਨੇ ਪਹਿਲਾ ਅਤੇ ਸੰਦੀਪ ਨਰੋਟ ਜੈਮਲ ਸਿੰਘ ਨੇ ਦੂਜਾ, 28 ਕਿਲੋਗ੍ਰਾਮ ਵਿੱਚ ਆਰਿਫ਼ ਪਠਾਨਕੋਟ -3 ਨੇ ਪਹਿਲਾ ਅਤੇ ਹਰਮਨ ਨਰੋਟ ਜੈਮਲ ਸਿੰਘ ਨੇ ਦੂਜਾ ਸਥਾਨ, 30 ਕਿਲੋਗ੍ਰਾਮ ਕੁਸ਼ਤੀ ਦੇ ਮੁਕਾਬਲਿਆਂ ਵਿੱਚ ਬਾਗਦੀਨ ਪਠਾਨਕੋਟ -3 ਨੇ ਪਹਿਲਾ ਅਤੇ ਨਿਤਿਨ ਧਾਰ-1 ਨੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ।

ਇਸ ਮੌਕੇ ਸੰਜੀਵ ਮਨੀ, ਸੋਨਿਕਾ ਸ਼ਰਮਾਂ ਅਤੇ ਸੀਐਚਟੀ ਰਵੀਕਾਂਤ ਵੱਲੋਂ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ ਗਈ। ਉਨ੍ਹਾਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਠਾਕੁਰਪੁਰ ਵੱਲੋਂ ਸਵਾਗਤੀ ਗੀਤ, ਸਰਕਾਰੀ ਪ੍ਰਾਇਮਰੀ ਸਕੂਲ ਘਿਆਲਾ ਵੱਲੋਂ ਗਿੱਧਾ, ਸਰਕਾਰੀ ਪ੍ਰਾਇਮਰੀ ਸਕੂਲ ਸੇਖੁਪੁਰ ਮੰਜੀਰੀ ਵੱਲੋਂ ਪਾਣੀ ਦਾ ਸਤਿਕਾਰ ਕਰੋ, ਰੁੱਖ ਲਗਾ ਅਤੇ ਬੇਟੀ ਬਚਾ ਤੇ ਲੋਕ ਗੀਤ ਪੇਸ਼ ਕੀਤਾ ਗਿਆ।

ਇਸ ਦੌਰਾਨ ਅਰੁਣ ਸ਼ਰਮਾ, ਰਿਸੈਪਸ਼ਨ ਕਮੇਟੀ ਇੰਚਾਰਜ ਬੀਪੀਈ ਪੰਕਜ ਅਰੋੜਾ, ਅਨੁਸ਼ਾਸਨ ਕਮੇਟੀ ਇੰਚਾਰਜ ਬੀਪੀਈ ਨਰੇਸ਼ ਪਨਿਆੜ, ਰਿਫਰੈਸ਼ਮੈਂਟ ਕਮੇਟੀ ਇੰਚਾਰਜ ਬੀਪੀਈ ਰਾਕੇਸ਼ ਕੁਮਾਰ, ਇੰਚਾਰਜ ਮੈਨੇਜਮੈਂਟ ਬੀਪੀਈ ਕੁਲਦੀਪ ਸਿੰਘ, ਤਰੁਣ ਪਠਾਨੀਆ ਕਲਰਕ, ਡਾਕਟਰ ਮਨਦੀਪ ਸਿੰਘ ਅਤੇ ਮੈਡੀਕਲ ਟੀਮ, ਬਲਕਾਰ ਅੱਤਰੀ, ਜੋਤੀ ਮਹਾਜਨ, ਵਿਕਾਸ ਕੁਮਾਰ, ਸਮੂਹ ਪੀਟੀਆਈ, ਸੈਂਟਰ ਹੈਡ ਟੀਚਰ ਅਤੇ ਅਧਿਆਪਕ ਆਦਿ ਹਾਜ਼ਰ ਸਨ।

# ਪਹਿਲੀ ਵਾਰ ਦੀਵਾਲੀ ਮੌਕੇ ਨਿਊਯਾਰਕ ਦੇ ਸਕੂਲ ਬੰਦ ਰਹਿਣਗੇ

**ਨਿਊਯਾਰਕ (ਬਿਊਰੋ)** ਅਮਰੀਕਾ 'ਚ ਮੌਜੂਦ ਭਾਰਤੀ ਮੂਲ ਦੇ ਭਾਈਚਾਰੇ ਦੇ ਲੋਕਾਂ ਲਈ ਇਸ ਸਾਲ ਦੀ ਦੀਵਾਲੀ ਬਹੁਤ ਖਾਸ ਹੋਣ ਵਾਲੀ ਹੈ। ਇਸ ਸਾਲ ਪਹਿਲੀ ਵਾਰ ਦੀਵਾਲੀ ਦੇ



ਮੌਕੇ 'ਤੇ ਨਿਊਯਾਰਕ ਦੇ ਸਕੂਲ ਬੰਦ ਰਹਿਣਗੇ। ਨਿਊਯਾਰਕ ਸਿਟੀ ਦੇ ਮੇਅਰ ਦਫ਼ਤਰ ਵਿੱਚ ਡਿਪਟੀ ਕਮਿਸ਼ਨਰ ਵਜੋਂ ਕੰਮ ਕਰਨ ਵਾਲੇ ਦਲੀਪ ਚੌਹਾਨ ਨੇ ਇਹ ਜਾਣਕਾਰੀ ਦਿੱਤੀ ਹੈ। ਨਿਊਯਾਰਕ ਦੇ ਸਕੂਲਾਂ 'ਚ 1 ਨਵੰਬਰ ਨੂੰ ਛੁੱਟੀ ਹੋਵੇਗੀ।

ਦਲੀਪ ਚੌਹਾਨ ਨੇ ਕਿਹਾ ਕਿ ਦੀਵਾਲੀ ਦੇ ਮੌਕੇ 'ਤੇ ਨਿਊਯਾਰਕ ਦੇ ਸਕੂਲਾਂ 'ਚ ਛੁੱਟੀ ਦਾ ਐਲਾਨ ਕਰਨਾ ਵੱਡੀ ਚੁਣੌਤੀ ਸੀ। ਹਿੰਦੂ ਭਾਈਚਾਰੇ ਦੇ ਲੋਕ ਪਿਛਲੇ ਕਈ ਸਾਲਾਂ ਤੋਂ ਇਸ ਮੁੱਦੇ 'ਤੇ ਅੰਦੋਲਨ ਚਲਾ ਰਹੇ ਸਨ। ਉਨ੍ਹਾਂ ਦੀ ਮੰਗ ਸੀ ਕਿ ਦੀਵਾਲੀ 'ਤੇ ਨਿਊਯਾਰਕ ਦੇ ਸਕੂਲਾਂ 'ਚ ਛੁੱਟੀ ਹੋਣੀ ਚਾਹੀਦੀ ਹੈ। ਜੇਕਰ ਸਕੂਲਾਂ ਵਿੱਚ ਛੁੱਟੀ ਹੁੰਦੀ ਹੈ ਤਾਂ ਹਿੰਦੂ ਭਾਈਚਾਰੇ ਦੇ ਲੋਕ ਆਸਾਨੀ ਨਾਲ ਦੀਵਾਲੀ ਮਨਾ ਸਕਣਗੇ। ਦਲੀਪ ਚੌਹਾਨ ਨੇ ਕਿਹਾ ਕਿ ਉਹ ਮੇਅਰ ਐਡਮਸ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਇਹ ਫੈਸਲਾ ਲਿਆ। ਤੁਹਾਨੂੰ ਦੱਸ ਦੇਈਏ ਕਿ ਨਿਊਯਾਰਕ ਵਿੱਚ 11 ਲੱਖ ਵਿਦਿਆਰਥੀ ਪੜ੍ਹਦੇ ਹਨ। ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਵਿੱਚ 5 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ।

ਹਰ ਸਾਲ ਵ੍ਹਾਈਟ ਹਾਊਸ 'ਚ ਵੀ ਦੀਵਾਲੀ ਮਨਾਈ ਜਾਂਦੀ ਹੈ। ਪਿਛਲੇ 21 ਸਾਲਾਂ ਤੋਂ ਅਮਰੀਕਾ ਦੇ ਰਾਸ਼ਟਰਪਤੀ ਵੀ ਆਪਣੇ ਦਫ਼ਤਰ ਵ੍ਹਾਈਟ ਹਾਊਸ ਵਿੱਚ ਦੀਵਾਲੀ ਦਾ ਤਿਉਹਾਰ ਧੂਮਧਾਮ ਨਾਲ ਮਨਾਉਂਦੇ ਆ ਰਹੇ ਹਨ। ਸਾਲ 2003 ਵਿੱਚ ਪਹਿਲੀ ਵਾਰ ਤਤਕਾਲੀ ਰਾਸ਼ਟਰਪਤੀ ਜਾਰਜ ਬੁਸ਼ ਨੇ ਪਹਿਲੀ ਵਾਰ ਵ੍ਹਾਈਟ ਹਾਊਸ ਵਿੱਚ ਦੀਵਾਲੀ ਮਨਾਉਣ ਦੀ ਪਰੰਪਰਾ ਸ਼ੁਰੂ ਕੀਤੀ ਸੀ। ਹਾਲਾਂਕਿ, ਉਹ ਕਦੇ ਵੀ ਨਿੱਜੀ ਤੌਰ 'ਤੇ ਦੀਵਾਲੀ ਦੇ ਜਸ਼ਨਾਂ ਵਿੱਚ ਸ਼ਾਮਲ ਨਹੀਂ ਹੋਏ।

# ਨਵੰਬਰ-ਦਸੰਬਰ 'ਚ ਰੱਦ ਰਹਿਣਗੀਆਂ ਅਮਰੀਕਾ ਲਈ ਏਅਰ ਇੰਡੀਆ ਦੀਆਂ 60 ਉਡਾਣਾਂ

ਮੁੰਬਈ- ਹਵਾਈ ਜਹਾਜ਼ਾਂ ਦੀ ਕਮੀ ਦੇ ਕਾਰਨ ਭਾਰਤ ਤੇ ਅਮ-ਰੀਕਾ ਵਿਚਾਲੇ ਇਸ ਸਾਲ ਨਵੰਬਰ-ਦਸੰਬਰ 'ਚ ਏਅਰ ਇੰਡੀਆ ਦੀਆਂ ਲਗਪਗ 60 ਉਡਾਣਾਂ ਰੱਦ ਰਹਿਣਗੀਆਂ। ਜਿਨ੍ਹਾਂ ਉਡਾਣਾਂ ਨੂੰ ਰੱਦ ਕੀਤਾ ਗਿਆ ਹੈ, ਉਨ੍ਹਾਂ 'ਚ ਸਾਨ ਫ੍ਰਾਂਸਿ-ਸਕੋ ਤੇ ਸ਼ਿਕਾਗੋ ਲਈ ਉਡਾਣਾਂ ਸ਼ਾਮਲ ਹਨ।

ਏਅਰ ਇੰਡੀਆ ਨੇ ਇਕ ਬਿਆਨ ਜਾਰੀ ਕਰ ਕੇ ਕੁਝ ਉਡਾਣਾਂ ਰੱਦ ਕਰਨ ਦੀ ਗੱਲ ਤਾਂ ਕਹੀ, ਪਰ ਉਨ੍ਹਾਂ ਦੀ ਸਹੀ ਗਿਣਤੀ ਤੇ ਮੰਜ਼ਿਲਾਂ ਦੇ ਬਾਰੇ ਜਾਣਕਾਰੀ ਨਹੀਂ ਦਿੱਤੀ। ਪਰ ਸੂਤਰਾਂ ਨੇ ਕਿਹਾ ਕਿ ਸਾਨ ਫ੍ਰਾਂਸਿਸਕੋ, ਵਾਸ਼ਿੰਗਟਨ, ਸ਼ਿਕ-ਾਗੋ, ਨੇਵਾਰਕ ਤੇ ਨਿਊਯਾਰਕ ਲਈ 15 ਨਵੰਬਰ ਤੋਂ 31 ਦਸੰਬਰ ਤੱਕ ਲਗਪਗ 60 ਉਡਾਣਾਂ ਨੂੰ ਰੱਦ ਕੀਤਾ ਗਿਆ ਹੈ। ਇਨ੍ਹਾਂ 'ਚ ਦਿੱਲੀ-ਸ਼ਿਕਾਗੋ ਵਿਚਾਲੇ 14 ਉਡਾਣਾਂ, ਦਿੱਲੀ-ਸਾਨ ਫ੍ਰਾਂਸਿਸਕੋ ਦਰਮਿਆਨ 12 ਉਡਾਣਾਂ, ਮੁੰਬਈ-ਨਿਊਯਾਰਕ ਵਿਚਾਲੇ ਚਾਰ ਉਡਾਣਾਂ ਤੇ ਦਿੱਲੀ-ਨੇਵਾਰਕ ਵਿਚਾਲੇ ਦੋ ਉਡਾਣਾਂ




ਸ਼ਾਮਲ ਹਨ। ਸੂਤਰਾਂ ਨੇ ਕਿਹਾ ਕਿ ਏਅਰ ਇੰਡੀਆ ਨੂੰ ਰੱਖਰਖਾਅ ਲਈ ਐੱਮਆਰਓ (ਮੇਂਟੀਨੈਂਸ, ਰੀਪੇਅਰ, ਓਵਰਹਾਲ) ਆਪ੍ਰੇਟਰ ਤੋਂ ਜ਼ਹਾਜ਼ ਮਿਲਣ 'ਚ ਦੇਰੀ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਇਸਦੇ ਇਲਾਵਾ ਇਸਦੇ ਕੁਝ ਵਾਈਡ-ਬਾਡੀ ਜਹਾਜ਼ ਤਕਨੀਕੀ ਸਮੱਸਿਆਵਾਂ ਕਾਰਨ ਜ਼ਮੀਨ 'ਤੇ ਹਨ। ਇਸਕਾਰਨ ਜਹਾਜ਼ਾਂ ਦੀ ਕਮੀ ਹੋ ਗਈ ਹੈ ਤੇ ਉਡਾਣਾਂ ਰੱਦ ਹੋ ਰਹੀਆਂ ਹਨ।

# ਭ੍ਰਿਸ਼ਟਾਚਾਰ ਸਾਡੇ ਅਤੇ ਦੇਸ਼ ਦੇ ਵਿਕਾਸ ਵਿਚ ਸਭ ਤੋਂ ਵੱਡੀ ਰੁਕਾਵਟ - ਅਵਨੀਤ ਕੌਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਕਿਹਾ ਕਿ ਭ੍ਰਿਸ਼ਟਾਚਾਰ ਇਕ ਅਜਿਹੀ ਬਿਮਾਰੀ ਹੈ ਜੋ ਸਾਡੇ ਅਤੇ ਦੇਸ਼ ਦੇ ਵਿਕਾਸ ਵਿਚ



ਵੱਡੀ ਰੁਕਾਵਟ ਹੈ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸ਼ਹੀਦ ਭਗਤ ਸਿੰਘ ਨਗਰ ਵਿਖੇ ਵਿਜੀਲੈਂਸ ਬਿਊਰੋ ਹੁਸ਼ਿਆਰਪੁਰ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਸੰਕਲਪ ਲੈਣ ਲਈ ਕਰਵਾਏ ਸਮਾਗਮ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਦੇ ਨਾਲ ਡੀ.ਐਸ.ਪੀ ਵਿਜੀਲੈਂਸ ਬਿਊਰੋ ਸ਼ਹੀਦ ਭਗਤ ਸਿੰਘ ਨਗਰ ਅਸ਼ਵਨੀ ਕੁਮਾਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨਿਧੀ ਸਿਨਹਾ ਅਤੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਹਰਦੇਵ ਸਿੰਘ ਆਸੀ ਵੀ ਮੌਜੂਦ ਸਨ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭ੍ਰਿਸ਼ਟਾਚਾਰ ਸਾਡੇ ਦੇਸ਼ ਅਤੇ ਸਮਾਜ ਨੂੰ ਨਿਗਲ ਰਿਹਾ ਹੈ। ਉਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਸ ਤਰ੍ਹਾਂ ਕੰਮ ਕਰਨ ਦੀ ਅਪੀਲ ਕੀਤੀ ਕਿ ਉਨ੍ਹਾਂ ਦੀ ਕਾਰਜਸ਼ੈਲੀ 'ਤੇ ਸਵਾਲੀਆ ਨਿਸ਼ਾਨ ਨਾ ਪੈਦਾ ਹੋਣ ਅਤੇ ਲੋਕਾਂ ਦਾ ਸਰਕਾਰੀ ਸਿਸਟਮ 'ਤੇ ਭਰੋਸਾ ਹੋਰ ਵਧੇ।ਕਿਹਾ ਕਿ ਸਮਾਜ ਵਿਚ ਫ਼ੈਲੇ ਭ੍ਰਿਸ਼ਟਾਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਹਰੇਕ ਵਿਅਕਤੀ ਨੂੰ ਬੇਝਿਜਕ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਇਸ ਸਮਾਜਿਕ ਬੁਰਾਈ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਕਿਸੇ ਵੀ ਤਰ੍ਹਾਂ ਦੀ ਭ੍ਰਿਸ਼ਟ ਕਾਰਵਾਈ ਦਾ ਹਿੱਸਾ ਨਹੀਂ ਬਣਾਂਗੇ ਅਤੇ ਜੇਕਰ ਅਜਿਹੀ ਕੋਈ ਕਾਰਵਾਈ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਸੂਚਨਾ ਸਮਰੱਥ ਅਧਿਕਾਰੀ ਨੂੰ ਦੇਵਾਂਗੇ।

ਡੀ ਐਸ.ਪੀ ਵਿਜੀਲੈਂਸ ਬਿਊਰੋ ਸ਼ਹੀਦ ਭਗਤ ਸਿੰਘ ਨਗਰ ਅਸ਼ਵਨੀ ਕੁਮਾਰ ਨੇ ਇਸ ਮੌਕੇ ਦੱਸਿਆ ਕਿ ਐਂਟੀ ਕੁਰੱਪਸ਼ਨ ਕਮਿਸ਼ਨ ਨਵੀਂ ਦਿੱਲੀ ਦੀਆਂ ਹਦਾਇਤਾਂ 'ਤੇ ਚੀਫ ਡਾਇਰੈਕਟਰ ਵਿਜੀਲੈਂਸ ਬਿਊਰੋ ਵਰਿੰਦਰ ਕੁਮਾਰ ਅਤੇ ਐਸ.ਐਸ. ਪੀ ਵਿਜੀਲੈਂਸ ਰੇਂਜ ਜਲੰਧਰ ਰਾਜੇਸ਼ਵਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇਸ ਸਾਲ 28 ਅਕਤੂਬਰ ਤੋਂ 3 ਨਵੰਬਰ ਤੱਕ ਵਿਜੀਲੈਂਸ ਜਾਗਰੂਕਤਾ ਹਫ਼ਤਾ 'ਰਾਸ਼ਟਰ ਦੀ ਖੁਸ਼ਹਾਲੀ ਲਈ ਇਮਾਨਦਾਰੀ ਦਾ ਸੱਭਿਆਚਾਰ' ਥੀਮ ਤਹਿਤ ਮਨਾਇਆ ਜਾ ਰਿਹਾ ਹੈ । ਉਨ੍ਹਾਂ ਦੱਸਿਆ ਕਿ ਇਸ ਤਹਿਤ ਆਉਣ ਵਾਲੇ ਦਿਨਾਂ ਵਿਚ ਜ਼ਿਲ੍ਹੇ ਦੇ ਸਕੂਲਾਂ-ਕਾਲਜਾਂ, ਪਿੰਡਾਂ ਤੇ ਸ਼ਹਿਰਾਂ ਵਿਚ ਭ੍ਰਿਸ਼ਟਾਚਾਰ ਖ਼ਿਲਾਫ਼ ਸੈਮੀਨਾਰ ਕਰਵਾ ਕੇ ਸਭਨਾਂ ਨੂੰ ਭ੍ਰਿਸ਼ਟਾਚਾਰ ਵਿਰੁੱਧ ਇਕਜੁੱਟ ਕੀਤਾ ਜਾਵੇਗਾ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ ਅਹਿਮ ਮਿਲਣੀ ਵਿੱਚ ਕਾਨਫ਼ਰੰਸ ਬਾਰੇ ਫੈਸਲੇ

## ਕਾਨਫ਼ਰੰਸ 'ਤੇ ਵੈੱਬ ਸਾਈਟ ਦਾ ਉਦਘਾਟਨ ਵੀ ਕੀਤਾ ਜਾਏਗਾ

**ਹੇਵਰਡ–** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਕਾਰਜਕਾਰਨੀ ਦੀ ਇੱਕ ਅਹਿਮ ਮਿਲਣੀ ਜਨਰਲ ਸਕੱਤਰ ਜਗਜੀਤ ਨੌਸ਼ਿਹਰਵੀ ਦੇ ਘਰ ਲਿਵਰਮੋਰ ਵਿਖੇ ਹੋਈ। ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਦੀ ਅਗਵਾਈ ਵਿੱਚ ਮੀਤ ਪ੍ਰਧਾਨ; ਚਰਨਜੀਤ ਸਿੰਘ ਪੰਨੂੰ, ਅਮਰਜੀਤ ਕੌਰ ਪੰਨੂ, ਪ੍ਰੋ. ਸੁਰਿੰਦਰ ਸਿੰਘ ਸੀਰਤ, ਸਾਹਿਤ ਸਕੱਤਰ ਲਾਜ ਨੀਲਮ ਸੈਣੀ, ਵਿੱਤ ਸਕੱਤਰ ਗੁਲਸ਼ਨ ਦਿਆਲ ਅਤੇ ਕਾਰਜਕਾਰਨੀ ਮੈਂਬਰ ਸੁਰਜੀਤ ਸਖੀ ਨੇ ਨਵੰਬਰ 16 ਅਤੇ 17, 2024 ਨੂੰ ਕਰਵਾਈ ਜਾਣ ਵਾਲੀ ਕਾਨਫ਼ਰੰਸ ਵਿੱਚ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਮਹਿਮਾਨ ਸਾਹਿਤਕਾਰਾਂ ਅਤੇ ਪ੍ਰਬੰਧਾਂ ਬਾਰੇ ਤਸੱਲੀ ਪ੍ਰਗਟਾਈ। ਇਹ ਕਾਨਫ਼ਰੰਸ ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਨੂੰ ਸਮਰਪਿਤ ਹੋਵੇਗੀ। ਕੁਲਵਿੰਦਰ ਨੇ ਸਪਸ਼ਟ ਕੀਤਾ ਕਿ ਇਸ ਵਾਰੀ ਕਾਨਫ਼ਰੰਸ ਵਿੱਚ ਭਾਰਤ ਤੋਂ ਡਾ. ਲਖਵਿੰਦਰ ਜੌਹਲ, ਡਾ. ਰਾਜੇਸ਼ ਸ਼ਰਮਾ, ਡਾ। ਮੋਹਨ ਤਿਆਗੀ, ਡਾ. ਸੁਹਿੰਦਰਬੀਰ ਸਿੰਘ ਅਰਤਿੰਦਰ ਕੌਰ ਸੰਧੂ, ਅਵੀ ਸੰਧੂ, ਸਤੀਸ਼ ਗੁਲਾਟੀ, ਇੰਗਲੈਂਡ ਤੋਂ ਦਲਵੀਰ ਕੌਰ, ਕੈਨੇਡਾ ਤੋਂ ਡਾ। ਵਰਿਆਮ ਸੰਧੂ, ਜਸਵਿੰਦਰ, ਰਾਜਵੰਤ ਰਾਜ, ਕ੍ਰਿਸ਼ਨ ਭਨੋਟ,ਹਰਦਮ ਮਾਨ,



ਕੁਲਵਿੰਦਰ ਖਹਿਰਾ, ਸੁਰਜੀਤ, ਪਿਆਰਾ ਸਿੰਘ ਕੁੱਦੋਵਾਲ ਅਤੇ ਅਮਰੀਕਾ ਦੀਆਂ ਸਥਾਨਿਕ ਸੰਸਥਾਵਾਂ ਤੋਂ ਇਲਾਵਾ ਸੁਰਿੰਦਰ ਸੋਹਲ, ਸੁਰਿੰਦਰ ਸੁੰਨੜ, ਰਵਿੰਦਰ ਸਹਿਰਾਅ, ਜੱਸਪ੍ਰੀਤ ਕੌਰ (ਪੰਜਾਬ ਟਾਈਮਜ਼) ਆਦਿ ਸ਼ਿਰਕਤ ਕਰ ਰਹੇ ਹਨ। ਇਸ ਕਾਨਫ਼ਰੰਸ ਵਿੱਚ ਪੰਜਾਬੀ ਬੋਲੀ ਅਤੇ ਸਾਹਿਤ 'ਤੇ ਵਿਚਾਰ ਚਰਚਾ ਅਤੇ ਵਿਸ਼ਾਲ ਕਵੀ ਦਰਬਾਰ ਤੋਂ ਇਲਾਵਾ ਸੁਖਦੇਵ ਸਾਹਿਲ, ਪੰਕਜ, ਸੁਰਿੰਦਰਪਾਲ ਸਿੰਘ ਅਤੇ ਮੀਨੂੰ ਸਿੰਘ ਵੱਲੋਂ ਸੰਗੀਤਕ ਮਹਿਫ਼ਲ ਸਜਾਈ ਜਾਵੇਗੀ। ਨਵ-ਪ੍ਰਕਾਸ਼ਿਤ ਕਿਤਾਬਾਂ ਲੋਕ ਅਰਪਣ ਕੀਤੀਆਂ ਜਾਣਗੀਆਂ। ਕਾਨਫ਼ਰੰਸ ਦੇ ਸਪਾਂਸਰ ਸਾਹਿਬਾਨ ਜਸਵੀਰ ਸਿੰਘ ਗਿੱਲ, ਬਲਵਿੰਦਰ ਸਿੰਘ ਧਨੋਆ, ਸੁਰਿੰਦਰ ਸਿੰਘ ਧਨੋਆ (ਪੰਜਾਬ ਲੋਕ ਰੰਗ) ਡਾ. ਅਜੀਤ ਪਾਲ ਸੰਧੂ, ਡਾ। ਸੁਰਬਜੀਤ ਹੁੰਦਲ, ਪ੍ਰੋ. ਸੁਖਦੇਵ ਸਿੰਘ, ਡਾ. ਦਲਵੀਰ ਪੰਨੂ, ਡੈਨਿਸ ਭੱਚੂ, ਐਸ਼ ਕੁਮ ਐਸ਼, ਸ. ਗੁਰਦੀਪ ਸਿੰਘ ਸੇਖੋਂ ਦਾ ਯੋਗਦਾਨ ਸਲਾਹੁਣਯੋਗ ਹੈ। ਇਸ ਮੌਕੇ ਪੰਜਾਬੀ ਮੈਗਜ਼ੀਨ 'ਸੁਰਤਿ' ਨੂੰ ਜੀ ਆਇਆਂ ਕਿਹਾ ਗਿਆ। ਇਸ ਵਿੱਚ ਚਰਨਜੀਤ ਸਿੰਘ ਪੰਨੂ ਵੱਲੋਂ ਲਿਖੇ ਰੌਚਿਕ ਸਫਰਨਾਮੇ 'ਨਾਰਥ ਪੋਲ ਧਰਤੀ ਦਾ ਮੁਕਟ' ਬਾਰੇ ਆਰਟੀਕਲ ਸ਼ਾਮਲ ਕੀਤਾ ਗਿਆ ਹੈ। ਕਵੀ ਐਸ਼ ਨੇ ਵਿਪਸਾਅ ਦੀ ਵੈੱਬ ਸਾਈਟ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਕਾਨਫ਼ਰੰਸ 'ਤੇ ਇਹ ਵੈੱਬ ਸਾਈਟ ਲਾਂਚ ਕੀਤੀ ਜਾਏਗੀ। ਅੰਤ ਵਿੱਚ ਸਭ ਨੇ ਜਗਜੀਤ ਨੌਸ਼ਿਹਰਵੀ, ਰਿੱਮੀ ਸੰਧੂ ਅਤੇ ਜੇਅ ਸੰਧੂ ਦਾ ਵਧੀਆ ਪ੍ਰਾਹੁਣਚਾਰੀ ਲਈ ਧੰਨਾਵਦ ਕੀਤਾ।

**ਰਿਪੋਰਟ: ਲਾਜ ਨੀਲਮ ਸੈਣੀ**

# ਕਿਸਾਨਾਂ ਦੀ ਫ਼ਸਲ ਦੇ ਇਕ-ਇਕ ਦਾਣੇ ਦੀ ਕੀਤੀ ਜਾਵੇਗੀ ਖਰੀਦ ਅਤੇ ਲਿਫਟਿੰਗ - ਡਾ. ਬਲਬੀਰ ਸਿੰਘ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ। ਬਲਬੀਰ ਸਿੰਘ ਨੇ ਅੱਜ ਨਵਾਂਸ਼ਹਿਰ ਅਨਾਜ ਮੰਡੀ ਦਾ ਅਚਨਚੇਤ ਦੌਰਾ ਕਰਕੇ ਖਰੀਦ ਅਤੇ ਲਿਫਟਿੰਗ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ। ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੇ ਨਾਲ ਖੜ੍ਹੀ ਹੈ ਅਤੇ ਕੇਂਦਰ ਸਰਕਾਰ ਉੱਤੇ ਦਬਾਅ ਬਣਾ ਰਹੀ ਹੈ ਤਾਂ ਕਿ ਕਿਸਾਨਾਂ ਦੀ ਸੋਨੇ ਵਰਗੀ ਫ਼ਸਲ ਖਰੀਦਣ ਮਗਰੋਂ ਮੰਡੀਆਂ ਵਿਚੋਂ ਲਿਫਟਿੰਗ ਵੀ ਨਾਲੋ-ਨਾਲ ਕੀਤੀ ਜਾ ਸਕੇ। ਸਿਹਤ ਮੰਤਰੀ ਨੇ ਦੱਸਿਆ ਕਿ ਝੋਨੇ ਦੀ ਖ਼ਰੀਦ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਖ਼ੁਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਸਮੇਤ ਸੂਬੇ ਦੇ ਸਾਰੇ ਮੰਤਰੀ ਅਤੇ ਐਮ।ਐਲ।ਏਜ਼ ਮੰਡੀਆਂ ਵਿਚ ਪੁੱਜੇ ਹੋਏ ਹਨ ਅਤੇ ਕਿਸਾਨਾਂ ਦੀ ਹਰ ਸੰਭਵ ਮਦਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਸਮੇਤ ਆੜ੍ਹਤੀਏ, ਲੇਬਰ, ਸ਼ੈਲਰ ਮਿਲਰਜ਼ ਤੇ



ਟਰਾਂਸਪੋਰਟਰ ਸਾਡੀ ਰੀੜ੍ਹ ਦੀ ਹੱਡੀ ਹਨ ਪਰ ਮੋਦੀ ਸਰਕਾਰ ਮੰਡੀਕਰਨ ਸਿਸਟਮ ਦੀ ਦੁਸ਼ਮਣ ਬਣਕੇ ਇਨ੍ਹਾਂ ਨੂੰ ਰੋਲਣ 'ਤੇ ਲੱਗੀ ਹੋਈ ਹੈ ਤੇ ਜਾਣਬੁੱਝ ਕੇ ਪੰਜਾਬ ਦਾ ਮਾਹੌਲ ਖ਼ਰਾਬ ਕੀਤਾ ਜਾ ਰਿਹਾ ਹੈ, ਤਾਂ ਜੋ ਆੜ੍ਹਤੀਏ ਸੈਲਰ ਮਾਲਕ, ਕਿਸਾਨ ਅਤੇ ਮਜ਼ਦੂਰ ਆਪਸ ਵਿਚ ਉਲਝ ਜਾਣ। ਪਰੰਤੂ ਪੰਜਾਬ ਦੇ ਸੂਝਵਾਨ ਲੋਕ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਦੇ ਹਨ ਅਤੇ ਅਜਿਹੀਆਂ ਚਾਲਾਂ ਵਿੱਚ ਨਹੀਂ ਆਉਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਦੇਸ਼ ਦਾ ਅੰਨਦਾਤਾ ਕਿਹਾ ਜਾਂਦਾ ਹੈ, ਪਰੰਤੂ ਕੇਂਦਰ ਸਰਕਾਰ ਇਹ ਦੱਸੇ ਕਿ ਉਸ ਨੇ ਪੰਜਾਬ ਵਿਚ ਖੇਤੀ ਨਾਲ ਸਬੰਧਿਤ ਕਿਹੜੀ ਇੰਡਸਟਰੀ ਲਿਆਂਦੀ ਹੈ। ਸਿਹਤ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਜਿਥੇ ਆੜ੍ਹਤ ਰੋਕੀ ਹੋਈ ਹੈ, ਉਥੇ ਪੰਜਾਬ ਮੰਡੀ ਬੋਰਡ ਦੇ ਪੈਸੇ ਵੀ ਰੋਕੇ ਹੋਏ ਹਨ। ਉਸ ਵੱਲੋਂ ਪੰਜਾਬ ਦੇ ਸ਼ੈਲਰਾਂ ਤੇ ਗੁਦਾਮਾਂ ਵਿਚ ਪਿਆ ਅਨਾਜ ਨਹੀਂ ਚੁੱਕਿਆ ਗਿਆ, ਜਿਸ ਕਾਰਨ ਮੰਡੀਆਂ ਵਿਚ ਇਹ ਹਾਲਾਤ ਪੈਦਾ ਹੋਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਪੰਜਾਬ ਨਾਲ ਮਤਰੇਈ ਮਾਂ ਵਾਲੇ ਸਲੂਕ ਕਰਕੇ ਸੋਨੇ ਵਰਗੀ ਫ਼ਸਲ ਲੈ ਕੇ ਮੰਡੀਆਂ ਵਿਚ ਪਹੁੰਚੇ ਕਿਸਾਨ ਪ੍ਰੇਸ਼ਾਨ ਹੋਏ ਹਨ।

ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਪੂਰਾ ਜ਼ੋਰ ਲਗਾ ਕੇ ਇਹ ਸਮੱਸਿਆ ਹੱਲ ਕਰ ਲਈ ਗਈ ਹੈ ਅਤੇ ਮੰਡੀਆਂ ਵਿਚ ਇਸ ਸਮੇਂ ਖਰੀਦ ਅਤੇ ਲਿਫਟਿੰਗ ਦਾ ਕੰਮ ਪੂਰੀ ਤੇਜ਼ੀ ਨਾਲ ਹੋ ਰਿਹਾ ਹੈ ਅਤੇ ਨਾਲੋ-ਨਾਲ ਅਦਾਇਗੀ ਵੀ ਕੀਤੀ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਤਿੰਨ-ਚਾਰ ਦਿਨਾਂ ਤੱਕ ਲਿਫਟਿੰਗ ਦਾ ਕੰਮ ਪੂਰੀ ਲੀਹ 'ਤੇ ਆ ਜਾਵੇਗਾ। ਇਸ ਦੌਰਾਨ ਉਨ੍ਹਾਂ ਸੁਚੱਜੀ ਖ਼ਰੀਦ ਅਤੇ ਲਿਫਟਿੰਗ ਲਈ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਅਤੇ ਹਾਜ਼ਰ ਕਿਸਾਨਾਂ ਅਤੇ ਆੜਤੀਆਂ ਨਾਲ ਗੱਲਬਾਤ ਵੀ ਕੀਤੀ।




# ਮੈ ਸਮੁੱਚੇ ਅਮਰੀਕੀਆਂ ਦੀ ਆਗੂ ਬਣਕੇ ਅਗਵਾਈ ਕਰਨਾ ਚਾਹੁੰਦੀ ਹਾਂ, ਮੇਰੇ ਲਈ ਸਭ ਬਰਾਬਰ-ਕਮਲਾ ਹੈਰਿਸ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਹੈ ਕਿ ਉਹ ਬਿਨਾਂ ਕਿਸੇ ਭੇਦਭਾਵ ਦੇ ਸਮੁੱਚੇ ਅਮਰੀਕੀਆਂ ਦੀ ਅਗਵਾਈ ਕਰਨ ਵਿੱਚ ਵਿਸ਼ਵਾਸ਼ ਰੱਖਦੀ ਹੈ ਤੇ ਮੇਰੇ ਲਈ ਸਭ ਬਰਾਬਰ ਹਨ। ਉਨਾਂ ਕਿਹਾ ਕਿ ਉਹ ਸਮੁੱਚੇ ਅਮਰੀਕੀਆਂ ਦੀ ਰਾਸ਼ਟਰਪਤੀ ਹੋਵੇਗੀ। ਚੋਣਾਂ ਵਿਚ 2 ਹਫਤਿਆਂ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਤੇ ਆਪਣੇ ਰੁਝੇਂਵੇਂ ਭਰੇ ਚੋਣ ਦੌਰੇ ਵਿਚੋਂ ਸਮਾਂ ਕੱਢ ਕੇ ਜਾਰਜੀਆ ਲਈ ਰਵਾਨਾ ਹੋਣ ਤੋਂ ਪਹਿਲਾਂ ਫਿਲਾਡੈਲਫੀਆ ਵਿਚ ਪੱਤਰਕਾਰਾਂ ਦੇ ਇਕ ਸਮੂੰਹ ਨਾਲ ਗੱਲਬਾਤ ਕਰਦਿਆਂ ਹੈਰਿਸ ਨੇ ਕਿਹਾ ਕਿ ਉਹ ਵੇਖ ਰਹੀ ਹੈ ਕਿ ਔਰਤਾਂ ਤੇ ਮਰਦ ਲੋਕਤੰਤਰ ਦੇ ਭਵਿੱਖ ਨੂੰ ਲੈ ਕੇ ਚਿੰਤਾ ਪ੍ਰਗਟ ਕਰ ਰਹੇ ਹਨ। ਉਨਾਂ ਕਿਹਾ ਕਿ ਅਮਰੀਕੀ ਲੋਕ ਅਜਿਹਾ ਰਾਸ਼ਟਰਪਤੀ ਚਹੁੰਦੇ ਹਨ ਜੋ ਆਸ਼ਾਵਾਦੀ ਹੋਵੇ ਤੇ ਉਹ ਅਮਰੀਕੀਆਂ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰ ਸਕੇ। ਹੈਰਿਸ ਨੇ ਡੋਨਾਲਡ ਟਰੰਪ ਉਪਰ ਦੋਸ਼ ਲਾਇਆ ਕਿ ਉਹ ਲੋਕਾਂ ਦੀ ਮੌਲਿਕ ਆਜ਼ਾਦੀ ਖੋਹ ਲੈਣਾ ਚਹੁੰਦਾ ਹੈ। ਇਹ ਪੁੱਛੇ ਜਾਣ 'ਤੇ ਕਿ ਉਹ ਚੋਣਾਂ ਵਿਚ ਲਿੰਗ ਪਾੜੇ ਨੂੰ ਕਿਵੇਂ ਲੈਂਦੇ ਹਨ ਤੇ ਉਹ ਇਹ ਕਿਉਂ ਸੋਚਦੇ ਹਨ ਕਿ ਉਸ ਨੂੰ ਟਰੰਪ ਦੀ ਤੁਲਨਾ ਵਿਚ ਔਰਤਾਂ ਦਾ ਵਧ ਸਮਰਥਨ ਮਿਲ ਰਿਹਾ ਹੈ ਤਾਂ ਹੈਰਿਸ ਨੇ ਕਿਹਾ ਕਿ ਮੈ ਇਮਾਨਦਾਰੀ ਨਾਲ ਕਹਿੰਦੀ ਹਾਂ ਕਿ ਅਜਿਹਾ ਮੈ ਨਹੀਂ ਸੋਚਦੀ, ਮੇਰੀਆਂ ਰੈਲੀਆਂ ਤੋਂ ਵੀ ਸਪੱਸ਼ਟ ਹੈ ਕਿ ਅਜਿਹਾ ਨਹੀਂ ਹੈ। ਰੈਲੀਆਂ ਵਿਚ ਔਰਤਾਂ ਤੇ ਮਰਦਾਂ ਦੀ ਬਰਾਬਰ ਸ਼ਮੂਲੀਅਤ ਹੁੰਦੀ ਹੈ। ਜ਼ਮੀਨੀ ਪੱਧਰ 'ਤੇ ਮਰਦ ਤੇ ਔਰਤਾਂ ਦੋਨੋਂ ਹੀ ਦੇਸ਼ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਉਹ ਚਹੁੰਦੇ ਹਨ ਕਿ ਉਨਾਂ ਦੀਆਂ ਸਮੱਸਿਆਵਾਂ ਹੱਲ ਹੋਣ, ਇਹ ਸਮੱਸਿਆਵਾਂ ਭਾਵੇਂ ਵਧ ਰਹੀ ਮਹਿੰਗਾਈ ਨਾਲ ਸਬੰਧਿਤ ਹੋਣ ਜਾਂ ਛੋਟੇ ਕਾਰਬਾਰਾਂ ਵਿਚ ਨਿਵੇਸ਼ ਜਾਂ ਘਰ ਖਰੀਦਣ ਨਾਲ ਸਬੰਧਿਤ ਹੋਣ। ਹੈਰਿਸ ਨੇ ਹੋਰ ਕਿਹਾ ਕਿ ਅਸਲ ਵਿਚ ਉਹ ਕਿਸੇ ਕਿਸਮ ਦੇ ਵੱਖਰੇਵੇਂ ਵਿਚ ਵਿਸ਼ਵਾਸ਼ ਨਹੀਂ ਰੱਖਦੀ ਤੇ ਉਹ ਸਮੁੱਚੇ ਅਮਰੀਕੀਆਂ ਦੀ ਰਾਸ਼ਟਰਪਤੀ ਬਣਨਾ ਚਹੁੰਦੀ ਹੈ। ਉਹ ਲੋਕਾਂ ਦੀ ਮੌਲਿਕ ਆਜ਼ਾਦੀ ਨੂੰ ਕਾਇਮ ਰਖਣ, ਔਰਤ ਆਪਣੇ ਸਰੀਰ ਬਾਰੇ ਖੁਦ ਨਿਰਨਾ ਲੈਣ ਲਈ ਆਜ਼ਾਦ ਹੋਵੇ ਤੇ ਸਭ ਲਈ ਬਰਾਬਰ ਮੌਕਿਆਂ ਦੇ ਨਾਲ ਨਾਲ ਲੋਕਾਂ ਦੀਆਂ ਨਿੱਜੀ ਆਰਥਕ ਲੋੜਾਂ ਤੇ ਪਰਿਵਾਰਕ ਲੋੜਾਂ ਨੂੰ ਤਰਜੀਹ ਦੇਵੇਗੀ। ਹੈਰਿਸ ਨੇ ਕਿਹਾ ਇਸ ਦੇ ਨਾਲ ਹੀ ਸਾਨੂੰ ਮਜ਼ਬੂਤੀ ਨਾਲ ਕੌਮਾਂਤਰੀ ਪੱਧਰ 'ਤੇ ਖੜੇ ਹੋਣਾ ਪਵੇਗਾ। ਉਨਾਂ ਸਰਹੱਦ ਮੁੱਦੇ 'ਤੇ ਬੋਲਦਿਆਂ ਕਿਹਾ ਕਿ ਉਹ ਸਰੱਹਦੀ ਸੁਰੱਖਿਆ ਨੂੰ ਉੱਚ ਤਰਜੀਹ ਦੇਵੇਗੀ ਤੇ ਸਾਧਨਾਂ ਦੀ ਵਰਤੋਂ ਸਰਹੱਦਾਂ ਸੁਰੱਖਿਅਤ ਕਰਨ ਲਈ ਕੀਤੀ ਜਾਵੇਗੀ। ਹੈਰਿਸ ਨੇ ਵਾਅਦਾ ਕੀਤਾ ਕਿ ਜੇ ਉਹ ਰਾਸ਼ਟਰਪਤੀ ਬਣ ਗਈ ਤਾਂ ਦੋਨਾਂ ਧਿਰਾਂ ਦੀ ਸਹਿਮਤੀ ਵਾਲਾ ਸਰਹੱਦ ਸੁਰੱਖਿਆ ਬਿੱਲ ਲਿਆਵੇਗੀ ਤੇ ਇਸ ਨੂੰ ਕਾਨੂੰਨ ਵਿਚ ਬਦਲੇਗੀ। ਜਿਸ ਬਿੱਲ ਨੂੰ ਟਰੰਪ ਦੇ ਇਸ਼ਾਰੇ 'ਤੇ ਰਿਪਬਲੀਕਨਾਂ ਨੇ ਪਾਸ ਨਹੀਂ ਸੀ ਹੋਣ ਦਿੱਤਾ। ਉਨਾਂ ਕਿਹਾ ਕਿ ਟਰੰਪ ਸਮੱਸਿਆਵਾਂ ਨੂੰ ਜਿਉਂ ਦਾ ਤਿਉਂ ਰੱਖਣਾ ਚਹੁੰਦੇ ਹਨ। ਉਨਾਂ ਹੋਰ ਕਿਹਾ ਕਿ ਸਾਡੇ ਇਮੀਗ੍ਰੇਸ਼ਨ ਸਿਸਟਮ ਵਿਚ ਖਾਮੀਆਂ ਹਨ ਜਿਨਾਂ ਨੂੰ ਦੂਰ ਕਰਨ ਦੀ ਲੋੜ ਹੈ।



# ਗੈਮੀ ਪੁਰਸਕਾਰ ਜੇਤੂ ਰੈਪਰ ਲਿਲ ਡਿਊਰਕ ਭਾੜੇ 'ਤੇ ਕਤਲ ਕਰਵਾਉਣ ਦੇ ਮਾਮਲੇ ਵਿਚ ਗ੍ਰਿਫਤਾਰ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਗੈਮੀ ਪੁਰਸਕਾਰ ਜੇਤੂ ਰੈਪਰ ਲਿਲ ਡਿਊਰਕ ਨੂੰ ਭਾੜੇ 'ਤੇ ਹੱਤਿਆ ਕਰਵਾਉਣ ਦੇ ਸੰਘੀ ਦੋਸ਼ਾਂ ਤਹਿਤ ਫਲੋਰਿਡਾ ਵਿਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਇਹ ਘਟਨਾ 2022 ਦੀ ਹੈ ਜਦੋਂ ਰੈਪਰ ਕੁਆਨਡੋ ਰੋਨਡੋ ਨੂੰ ਮਾਰਨ ਲਈ ਲਾਸ ਏਂਜਲਸ ਦੇ ਇਕ ਗੈਸ ਸਟੇਸ਼ਨ 'ਤੇ ਉਸ ਉਪਰ ਗੋਲੀਆਂ ਚਲਾਈਆਂ ਗਈਆਂ ਸਨ। ਗੋਲੀਬਾਰੀ ਵਿਚ ਰੋਨਡੋ ਤਾਂ ਬੱਚ ਗਿਆ ਸੀ ਪਰੰਤੂ ਉਸ ਦਾ ਭਤੀਜਾ ਮਾਰਿਆ ਗਿਆ ਸੀ। 32 ਸਾਲਾ ਡਿਊਰਕ ਵਿਰੁੱਧ ਭਾੜੇ 'ਤੇ ਕਤਲ ਕਰਵਾਉਣ ਲਈ ਸਾਜਿਸ਼ ਰਚਣ ਦੇ ਦੋਸ਼ ਦਾਇਰ ਕੀਤੇ ਗਏ ਹਨ। ਐਫ ਬੀ ਆਈ ਵੱਲੋਂ ਜਾਰੀ ਬਿਆਨ ਅਨੁਸਾਰ 19 ਅਗਸਤ 2022 ਨੂੰ ਵਾਪਰੀ ਗੋਲੀਬਾਰੀ ਦੀ ਇਸ ਘਟਨਾ ਵਿਚ 24 ਸਾਲਾ ਸਾਵੀਏ ਰਾਬਿਨਸਨ ਦੀ ਮੌਤ ਹੋ ਗਈ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਡਿਊਰਕ ਦੇ ਸ਼ਿਕਾਗੋ ਵਿਚਲੇ ' ਨਲੀ ਦ ਫੈਮਲੀ' ਗਰੁੱਪ ਦੇ 5 ਹੋਰ ਮੈਂਬਰਾਂ ਨੂੰ ਵੀ ਇਸ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਐਫ ਬੀ ਆਈ ਅਨੁਸਾਰ ਡਿਊਰਕ ਨੂੰ ਵੀਰਵਾਰ ਦੀ ਰਾਤ ਨੂੰ ਦੱਖਣੀ ਫਲੋਰਿਡਾ ਵਿਚ ਉਸ ਸਮੇ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਦੇਸ਼ ਵਿਚੋਂ ਫਰਾਰ ਹੋ ਜਾਣ ਦੀ ਕੋਸ਼ਿਸ਼ ਵਿਚ ਸੀ।



## ਔਰਤ ਵੱਲੋਂ ਦੋਸਤ ਨੂੰ ਸੂਟਕੇਸ ਵਿਚ ਬੰਦ ਕਰਨ 'ਤੇ ਹੋਈ ਮੌਤ ਦਾ ਮਾਮਲਾ

# ਅਦਾਲਤ ਵੱਲੋਂ ਔਰਤ ਦੋਸ਼ੀ ਕਰਾਰ, ਦਸੰਬਰ ਵਿਚ ਸੁਣਾਈ ਜਾਵੇਗੀ ਸਜ਼ਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਇਕ ਅਦਾਲਤ ਵੱਲੋਂ ਫਲੋਰਿਡਾ ਵਾਸੀ ਇਕ ਔਰਤ ਨੂੰ ਆਪਣੇ ਦੋਸਤ ਲੜਕੇ ਦੀ ਹੋਈ ਮੌਤ ਦੇ ਮਾਮਲੇ ਵਿਚ ਦੋਸ਼ੀ ਕਰਾਰ ਦੇ ਦੇਣ ਦੀ ਖਬਰ ਹੈ। ਦੂਸਰਾ ਦਰਜਾ ਹੱਤਿਆ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੀ ਔਰਤ ਨੂੰ 2 ਦਸੰਬਰ ਨੂੰ ਸਜ਼ਾ ਸੁਣਾਈ ਜਾਵੇਗੀ। ਇਹ ਮਾਮਲਾ 2020 ਦਾ ਹੈ। ਸਰਾਹ ਬੂਨ ਨਾਮੀ ਔਰਤ ਜੋ ਹੁਣ 47 ਸਾਲਾਂ ਦੀ ਹੈ, ਨੇ ਆਪਣੇ ਦੋਸਤ ਜਾਰਜ ਟੋਰਸ ਜੂਨੀਅਰ (42) ਨੂੰ ਸੂਟਕੇਸ ਵਿਚ ਬੰਦ ਕਰ ਦਿੱਤਾ ਸੀ ਜਿਸ ਉਪਰੰਤ ਦਮ ਘੁਟਣ ਨਾਲ ਉਸ ਦੀ ਮੌਤ ਹੋ ਗਈ ਸੀ। ਅਦਾਲਤੀ ਰਿਕਾਰਡ ਅਨੁਸਾਰ ਬੂਨ ਨੇ ਪੁੱਛਗਿੱਛ ਦੌਰਾਨ ਅਧਿਕਾਰੀਆਂ ਨੂੰ ਦੱਸਿਆ ਕਿ ਲੁਕਣ ਮੀਟੀ ਖੇਡਣ ਦੌਰਾਨ ਟੋਰਸ ਸੂਟਕੇਸ ਵਿਚ ਫੱਸ ਗਿਆ ਸੀ। ਦੋਨਾਂ ਨੇ ਆਪਣੇ ਵਿੰਟਰ ਪਾਰਕ ਰਿਹਾਇਸ਼ ਵਿੱਚ ਵਾਈਨ ਪੀਤੀ ਤੇ ਖੇਡ-ਖੇਡ ਵਿਚ ਜੂਨੀਅਰ ਦੀ ਮੌਤ ਹੋ ਗਈ। ਰੇਂਜ ਕਾਊਂਟੀ ਦੇ ਸ਼ੈਰਿਫ ਦਫਤਰ ਵੱਲੋਂ ਦਾਇਰ ਹਲਫੀਆ ਬਿਆਨ ਅਨੁਸਾਰ ਦੋਨਾਂ ਨੇ ਸੋਚਿਆ ਕਿ ਖੇਡ ਦੇ ਹਿੱਸੇ ਵਜੋਂ ਸੂਟਕੇਸ ਵਿਚ ਬੰਦ ਹੋਣਾ ਵਧੀਆ ਮਜ਼ਾਕ ਹੋਵੇਗਾ। ਟੋਰਸ ਸੂਟਕੇਸ ਵਿਚ ਵੜ ਗਿਆ ਤੇ ਬੂਨ ਨੇ ਸੂਟਕੇਸ ਦੀ ਜ਼ਿਪ ਲਾ ਦਿੱਤੀ। ਟੋਰਸ ਦੀਆਂ 2 ਉਂਗਲਾਂ ਸੂਟਕੇਸ ਦੇ ਬਾਹਰ ਸਨ। ਹਲਫੀਆ ਬਿਆਨ ਅਨੁਸਾਰ ਬੂਨ ਨੇ ਸਮਝਿਆ ਕਿ ਉਹ ਆਪੇ ਸੂਟਕੇਸ ਖੋਲ ਲਵੇਗਾ। ਇਹ ਸੋਚ ਕੇ ਉਹ ਉਪਰ ਕਮਰੇ ਵਿਚ ਚਲੇ ਗਈ। ਜਦੋਂ ਉਹ ਥੋੜੀ ਦੇਰ ਬਾਅਦ ਹੇਠਾਂ ਆਈ ਤਾਂ ਟੋਰਸ ਸੂਟਕੇਸ ਵਿਚ ਹੀ ਬੰਦ ਸੀ ਤੇ ਉਸ ਦੀ ਮੌਤ ਹੋ ਚੁੱਕੀ ਸੀ। ਸਟੇਟ ਅਟਾਰਨੀ ਐਂਡਰੀਊ ਬੇਨ ਦੇ ਦਫਤਰ ਅਨੁਸਾਰ ਸੁਣਵਾਈ ਦੌਰਾਨ ਸਬੂਤ ਵਜੋਂ ਬੂਨ ਦੇ ਫੋਨ ਉਪਰ ਲੱਭੀ ਇਕ ਵੀਡੀ ਵੀ ਪੇਸ਼ ਕੀਤੀ ਗਈ ਜਿਸ ਵਿਚ ਟੋਰਸ ਦੁਹਾਈ ਪਾਉਂਦਾ ਹੈ ਤੇ ਮਿੰਨਤਾਂ ਕਰਦਾ ਹੈ ਕਿ ਉਸ ਨੂੰ ਬਾਹਰ ਕੱਢੋ ਪਰੰਤੂ ਬੂਨ ਕੱਢਣ ਦੀ ਬਜਾਏ ਹੱਸਦੀ ਹੈ ਤੇ ਉਸ ਨੇ ਟੋਰਸ ਦੀ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ। ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਬੂਨ ਵੱਲੋਂ ਖੁਦ ਰਿਕਾਰਡ ਕੀਤੀ ਵੀਡੀ ਵਿਚ ਟੋਰਸ ਕਹਿ ਰਿਹਾ ਹੈ ਕਿ ਉਹ ਸਾਹ ਨਹੀਂ ਲੈ ਸਕਦਾ ਕ੍ਰਿਪਾ ਕਰਕੇ ਉਸ ਨੂੰ ਬਾਹਰ ਕੱਢ ਲਵੋ। ਇਸ ਦੇ ਜਵਾਬ ਵਿਚ ਬੂਨ ਕਹਿੰਦੀ ਹੈ ਕਿ ਹੁਣ ਆਇਆ ਮਜ਼ਾ, ਜਦੋਂ ਤੂੰ ਮੇਰੇ ਨਾਲ ਮਜ਼ਾਕ ਕਰਦਾ ਸੀ , ਮੈਂ ਵੀ ਤਾਂ ਏਦਾਂ ਹੀ ਮਿੰਨਤਾਂ ਪਾਉਂਦੀ ਸੀ। ਹਲਫੀਆ ਬਿਆਨ ਅਨੁਸਾਰ ਵੀਡੀ ਤੋਂ ਸਾਫ ਹੈ ਕਿ ਟੋਰਸ ਨੇ ਸੂਟਕੇਸ ਵਿਚੋਂ ਨਿਕਲਣ ਲਈ ਪੂਰਾ ਵਾਹ ਲਾਇਆ ਪਰੰਤੂ ਉਹ ਅਸਫਲ ਰਿਹਾ। 10 ਦਿਨ ਚੱਲੀ ਸੁਣਵਾਈ ਉਪਰੰਤ ਅਦਾਲਤ ਨੇ ਬੂਨ ਨੂੰ ਦੋਸ਼ ਕਰਾਰ ਦੇ ਦਿੱਤਾ। ਬੂਨ ਦੇ ਵਕੀਲ ਨੇ ਅਦਾਲਤ ਦੇ ਫੈਸਲੇ ਉਪਰ ਨਿਰਾਸ਼ਤਾ ਪ੍ਰਗਟਾਈ ਹੈ ਜਦ ਕਿ ਟੋਰਸ ਦਾ ਪਰਿਵਾਰ ਫੈਸਲਾ ਸੁਣਨ ਉਪਰੰਤ ਭਾਵਕ ਨਜਰ ਆਇਆ ਤੇ ਉਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਤੋਂ ਨਾਂਹ ਕਰ ਦਿੱਤੀ।




HAPPY BAZAAR

Indian, Pakistani & Fijjian Groceries

WE ARE OPEN
7 DAYS A WEEK
9:00 am to 8:30 pm

RENT DVDS & BUY CLOTHES
ENJOY YOUR DAY WITH HOPES

We sell Air Tickets

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

1304 E Hammer Lane # 7 Stockton CA 95212
EMAIL : indiabazaar08@yahoo.com

# ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਬਲਬੀਰ ਸਿੰਘ ਸੂਦਨ ਬਣੇ ਰਾਮਗੜ੍ਹੀਆ ਕਾਲਜ ਲਡ ਸਟੂਡੈਂਟਸ ਐਸੋਸੀਏਸ਼ਨ ਦੇ ਨਵੇਂ ਪ੍ਰਧਾਨ

**ਫਗਵਾੜਾ (ਬੀ.ਕੇ. ਰੱਤੂ)** ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਅਤੇ ਸਾਬਕਾ ਗ੍ਰਹਿ ਸਕੱਤਰ ਪੰਜਾਬ ਬਲਬੀਰ ਸਿੰਘ ਸੂਦਨ 'ਰਾਮਗੜ੍ਹੀਆ ਕਾਲਜ ਲਡ ਸਟੂਡੈਂਟਸ ਐਸੋਸੀਏਸ਼ਨ'(ਰਕੋਸਾ) ਦੇ ਸਰਬਸੰਮਤੀ ਨਾਲ ਨਵੇਂ ਪ੍ਰਧਾਨ ਚੁਣੇ ਗਏ। ਇਹ ਚੋਣ ਰਕੋਸਾ ਦੀ ਜਨਰਲ ਬਾਡੀ ਦੀ ਮੀਟਿੰਗ ਵਿੱਚ ਕੀਤੀ ਗਈ,ਜਿਸ ਦੀ ਪ੍ਰਧਾਨਗੀ ਫਾਈਨ ਸਵਿਚਗੀਅਰਜ਼ ਦੇ ਐਸ।ਪੀ।ਸੇਠੀ ਨੇ ਕੀਤੀ।



ਮੀਟਿੰਗ ਨੇ ਪ੍ਰਧਾਨ ਨੂੰ ਨਵੀਂ ਕਾਰਜਕਰਨੀ ਗਠਿਤ ਕਰਨ ਦਾ ਅਧਿਕਾਰ ਦਿਤਾ। ਪਰ ਸੰਵਿਧਾਨ ਅਨੁਸਾਰ ਜਨਰਲ ਸਕੱਤਰ ਸਰਬਜੀਤ ਸਿੰਘ ਭੱਟੀ,ਵਿਤ ਅਤੇ ਮੀਡੀਆ ਸਕੱਤਰ ਜਗਦੀਸ਼ ਮਹੇ ਅਤੇ ਪ੍ਰੋ। ਜਸਵੰਤ ਸਿੰਘ ਗੰਡਮ ਦੀ ਟਰਮ 3 ਸਾਲਾਂ ਦੀ ਹੋਣ ਕਾਰਨ ਉਹ ਆਪਣੇ ਅਹੁਦਿਆਂ ਉਪਰ ਬਣੇ ਰਹਿਣਗੇ। ਮੀਟਿੰਗ ਵਿੱਚ ਸਰਬਸਮਤੀ ਨਾਲ ਐਸ.ਪੀ. ਸੇਠੀ ਦੇ ਦੋ-ਸਾਲ ਦੇ ਪ੍ਰਧਾਨਗੀ ਸਮੇਂ ਦੌਰਾਨ ਕੀਤੇ ਗਏ ਕਾਰਜਾਂ ਦੀ ਪ੍ਰਸ਼ੰਸਾ ਦਾ ਮਤਾ ਪਾਸ ਕੀਤਾ ਗਿਆ।

ਆਪਣੇ ਪ੍ਰਵਾਨਗੀ\ਪਲੇਠੀ ਸੰਬੋਧਨ ਵਿਚ ਨਵੇਂ ਚੁਣੇ ਗਏ ਪ੍ਰਧਾਨ ਬਲਬੀਰ ਸਿੰਘ ਸੂਦਨ ਨੇ ਦਸਿਆ ਕਿ 'ਰਕੋਸਾ' ਵਲੋਂ ਇਸ ਸਾਲ ਕਾਲਜ ਦੇ 5 ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ\ਵਿਦਿਆਰਥਣਾਂ ਨੂੰ 50,000 ਰੁਪਏ ਦੀ ਰਾਸ਼ੀ ਦੇ ਸਕਾਲਰਸ਼ਿਪ ਦਿਤੇ ਜਾਣਗੇ। ਇਸ ਸਬੰਧੀ ਕਾਲਜ ਦੇ ਪ੍ਰਿੰਸੀਪਲ ਨੂੰ ਚੈਕ ਭੇਜ ਵੀ ਦਿਤਾ ਗਿਆ।

ਉਹਨਾਂ ਦਸਿਆ ਕਿ ਹੋਣਹਾਰ ਖਿਡਾਰੀਆਂ ਨੂੰ ਵੀ ਉਤਸ਼ਾਹਤ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਕਾਲਜ ਅਧਿਆਪਕਾਂ ਨੂੰ ਸਨਮਾਨਤ ਕੀਤਾ ਜਾਵੇਗਾ। ਆਪਣੀ 'ਵਿਯਨ' ਦਾ ਵਿਸਥਾਰ ਦਿੰਦਿਆਂ ਸੂਦਨ ਨੇ ਕਿਹਾ ਕਿ ਰਕੋਸਾ ਇੱਕ ਸੁਵੇਨੀਰ ਵੀ ਛਾਪੇਗੀ ਜਿਸ ਵਿਚ ਮੈਂਬਰਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਜਾਣਕਾਰੀ ਦਿਤੀ ਜਾਵੇਗੀ।ਉਹਨਾਂ ਕਿਹਾ ਕਿ ਰਕੋਸਾ ਨੂੰ ਵਧੇਰੇ ਪ੍ਰਭਾਵਮਈ, ਜਪੂਰਨ ਅਤੇ ਸਜੀਵ ਬਣਾਇਆ ਜਾਵੇਗਾ; ਮੈਂਬਰਾਂ ਦੀ ਗਿਣਤੀ ਵਧਾਈ ਜਾਵੇਗੀ; ਹਰ 3-4 ਮਹੀਨਿਆਂ ਬਾਅਦ ਇੱਕ ਮੀਟਿੰਗ ਕੀਤੀ ਜਾਵੇਗੀ ਤਾਂ ਕਿ ਕਾਲਜ ਵੇਲੇ ਦੀਆਂ ਰੌਚਕ ਯਾਦਾਂ ਨਿਯਮਤ ਤੌਰ ਤੇ ਸਾਂਝੀਆਂ ਕੀਤੀਆਂ ਜਾਣ ਅਤੇ ਭਾਵੁਕ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਰਕੋਸਾ ਦੀ ਤੀਸਰੀ 'ਮੈਗਾਮੀਟ' ਅਗਲੇ ਸਾਲ ਫਰਵਰੀ ਮਹੀਨੇ ਵਿੱਚ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਰਕੋਸਾ ਦੇ ਜਨਰਲ ਸਕੱਤਰ ਸਰਬਜੀਤ ਸਿੰਘ ਭਟੀ ਅਤੇ ਖਜ਼ਾਨਚੀ ਜਗਦੀਸ਼ ਮਹੇ ਨੇ ਆਪਣੀਆਂ ਰਿਪੋਰਟਾਂ ਪੜ੍ਹੀਆਂ। ਉਪਰੋਕਤ ਅਹੁਦੇਦਾਰਾਂ ਤੋਂ ਇਲਾਵਾ ਮੀਟਿੰਗ ਵਿੱਚ ਪ੍ਰੋ. ਅਸ਼ੋਕ ਚੱਢਾ, ਮਲਕੀਤ ਸਿੰਘ ਰਘਬੋਤਰਾ, ਗਿਆਨ ਸਿੰਘ, ਪ੍ਰੇਮ ਪਾਲ ਪੱਬੀ, ਹਕੂਮਤ ਰਾਏ, ਵਿਸ਼ਵਾ ਮਿੱਤਰ ਸ਼ਰਮਾ, ਮਨੋਜ ਕੁਮਾਰ ਮਿੱਢਾ, ਰਾਮ ਲੁਭਾਇਆ ਸ਼ਾਮਿਲ ਸਨ।

# ਜ਼ਿਲ੍ਹਾ ਪ੍ਰਸ਼ਾਸਨ ਨੇ ਅਖ਼ਬਾਰਾਂ ਵੰਡਣ ਵਾਲਿਆਂ ਨੂੰ ਦਿੱਤਾ ਦੀਵਾਲੀ ਦਾ ਤੋਹਫ਼ਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**-ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੀ ਅਗਵਾਈ ਵਿਚ ਇਕ ਅਹਿਮ ਉਪਰਾਲੇ ਤਹਿਤ ਜ਼ਿਲ੍ਹੇ ਦੇ ਅਖ਼ਬਾਰਾਂ ਵੰਡਣ ਵਾਲੇ ਹਾਕਰਾਂ ਦੀ ਮਿਹਨਤ ਨੂੰ ਸਲਾਮ ਕਰਦਿਆਂ ਉਨ੍ਹਾਂ ਨੂੰ ਦੀਵਾਲੀ ਦਾ ਤੋਹਫ਼ੇ ਵਜੋਂ ਨਵੇਂ ਸਾਈਕਲ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਅੱਜ ਆਈ।ਟੀ।ਆਈ ਗਰਾਊਂਡ ਨਵਾਂਸ਼ਹਿਰ ਵਿਖੇ ਪਹਿਲੀ ਵਾਰ ਮਿਲੇ ਅਜਿਹੇ ਮਾਣ-ਸਨਮਾਨ ਕਾਰਨ ਬਹੁਤ ਸਾਰੇ ਹਾਕਰ ਖੁਸ਼ੀ ਨਾਲ ਭਾਵੁਕ ਹੋ ਗਏ। 'ਨਵੀਂ ਉਡਾਣ - ਸੂਚਨਾ ਦੀ ਸਵਾਰੀ' ਮਾਟੋ ਤਹਿਤ ਜ਼ਿਲ੍ਹਾ ਰੈਡ ਕ੍ਰਾਸ ਸੋਸਾਇਟੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਮੌਕੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਕਿਹਾ ਕਿ ਅਖ਼ਬਾਰਾਂ ਵੰਡਣ ਵਾਲੇ ਬਿਨਾਂ ਛੁੱਟੀ ਦੇ ਸਵੇਰੇ ਤੜਕੇ ਚਾਰ ਵਜੇ ਦੇ ਕਰੀਬ ਉੱਠ ਕੇ ਆਪਣੇ ਵਿਅਕਤੀਗਤ ਸੁੱਖ ਨੂੰ ਛੱਡ ਕੇ ਅੱਤ ਦੀ ਸਰਦੀ, ਗਰਮੀ ਤੇ ਖਰਾਬ ਮੌਸਮ ਵਿਚ ਵੀ ਘਰਾਂ-ਦਫ਼ਤਰਾਂ ਤਕ ਬਿਨਾਂ ਨਾਗਾ ਅਖ਼ਬਾਰਾਂ ਪਹੁੰਚਾਉਣ ਦਾ ਕਾਰਜ ਕਰਦੇ ਹਨ। ਪਰੰਤੂ ਲੋਕਾਂ ਨੂੰ ਇਨ੍ਹਾਂ ਦੇ ਨਾਂ ਤੱਕ ਦਾ ਵੀ ਪਤਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿਰੜੀ, ਅਣਥੱਕ ਤੇ ਮਿਹਨਤੀ ਵਿਅਕਤੀਆਂ ਦਾ ਮੁੱਖ ਧਰਮ ਇਨ੍ਹਾਂ ਦੀ ਮਿਹਨਤ ਹੀ ਹੈ। ਉਨ੍ਹਾਂ ਬਾਕੀ ਲੋਕਾਂ ਨੂੰ ਵੀ ਇਨ੍ਹਾਂ ਦੀ ਮਿਹਨਤ ਤੇ ਸਿਰੜ ਤੋਂ ਪ੍ਰੇਰਿਤ ਹੋਣ ਦਾ ਸੱਦਾ ਦਿੱਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਕੋਈ ਚੈਰਿਟੀ ਨਹੀਂ ਹੈ, ਬਲਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਦੀ ਮਿਹਨਤ ਤੇ ਜਜ਼ਬੇ ਨੂੰ ਸਲਾਮ ਕਰਨ ਦਾ ਨਿਗੁਣਾ ਉਪਰਾਲਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਮਿਹਨਤੀ ਲੋਕਾਂ ਦਾ ਸਨਮਾਨ ਕਰਨ ਦਾ ਮਕਸਦ ਉਨ੍ਹਾਂ ਨੂੰ ਹੌਸਲਾ ਤੇ ਹੱਲਾਸ਼ੇਰੀ ਦੇ ਨਾਲ ਸਤਿਕਾਰ ਦੇਣਾ ਵੀ ਹੈ। ਉਨ੍ਹਾਂ ਕਿਹਾ ਕਿ ਇਹ ਸਨਮਾਨ ਦਿੰਦਿਆਂ ਉਨ੍ਹਾਂ ਨੂੰ ਬਹੁਤ ਖੁਸ਼ੀ ਹੋ ਰਹੀ ਹੈ।



ਜ਼ਿਕਰਯੋਗ ਹੈ ਕਿ ਸਨ-ਮਾਨਿਤ ਕੀਤੇ ਗਏ ਅਖ਼ਬਾਰਾਂ ਵੰਡਣ ਵਾਲੇ ਕਈ ਸਾਲਾਂ ਤੋਂ ਲਗਾਤਾਰ ਰੋਜ਼ਾਨਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ-ਵੱਖ ਸ਼ਹਿਰਾਂ, ਕਸ-ਬਿਆਂ ਅਤੇ ਪਿੰਡਾਂ ਵਿਚ ਅਖ਼ਬਾਰਾਂ ਵੰਡਣ ਦਾ ਕਾਰਜ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਪਹਿਲੀ ਵਾਰ ਮਿਲੇ ਇਸ ਸਨਮਾਨ ਨਾਲ ਉਨ੍ਹਾਂ ਨੂੰ ਨਵੀਂ ਉਡਾਣ ਮਿਲੀ ਹੈ। ਅਖ਼ਬਾਰਾਂ ਵੰਡਣ ਦੇ ਕਈ ਸਾਲਾਂ ਦੇ ਤਜ਼ਰਬੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰਾਂ ਲਈ ਅੱਜ ਖੁਸ਼ੀਆਂ ਭਰਿਆ ਦਿਨ ਅਤੇ ਮਾਣ ਵਾਲੇ ਪਲ ਹਨ। ਉਨ੍ਹਾਂ ਇਸ ਉੱਦਮ ਲਈ ਡਿਪਟੀ ਕਮਿਸ਼ਨਰ ਦਾ ਧੰਨਵਾਦ ਕੀਤਾ। ਸਨਮਾਨ ਲੈਣ ਮੌਕੇ ਬਹੁਤ ਸਾਰੇ ਅਖ਼ਬਾਰ ਵੰਡਣ ਵਾਲੇ ਭਾਵੁਕ ਹੁੰਦੇ ਵੀ ਵੇਖੇ ਗਏ। ਇਸ ਦੌਰਾਨ 35 ਅਖ਼ਬਾਰ ਵੰਡਣ ਵਾਲਿਆਂ ਨੂੰ ਸਨ-ਮਾਨਿਤ ਕੀਤਾ ਗਿਆ।

ਇਸ ਮੌਕੇ ਵਿਧਾਇਕ ਬੰਗਾ ਡਾ। ਸੁਖਵਿੰਦਰ ਸੁੱਖੀ, 'ਆਪ' ਆਗੂ ਲਲਿਤ ਮੋਹਨ ਪਾਠਕ ਬੱਲੂ, ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਐਸ।ਡੀ।ਐਮ ਨਵਾਂਸ਼ਹਿਰ ਡਾ। ਅਕਸ਼ਿਤਾ ਗੁਪਤਾ ਅਤੇ ਹੋਰ ਹਾਜ਼ਰ ਸਨ।


## ਕੰਨਿਆਂ ਦੀ ਲੋੜ

ਰਾਮਗੜ੍ਹੀਆ ਲੜਕਾ, ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਣਕਾਰੀ ਲਈ +1-510-200-1772 'ਤੇ ਫੋਨ ਕਰੋ।


# ਪ੍ਰੋ. ਜਸਵੰਤ ਸਿੰਘ ਗੰਡਮ ਦੀ ਪਲੇਠੀ ਕਾਵਿ-ਪੁਸਤਕ 'ਬੁੱਲ੍ਹ ਸੀਤਿਆਂ ਸਰਨਾ ਨਈਂ' ਲੋਕ ਅਰਪਨ

**ਫਗਵਾੜਾ (ਬਿਊਰੋ)** ਨਾਮਵਰ ਲੇਖਕ ਅਤੇ ਸੀਨੀਅਰ ਪੱਤਰਕਾਰ ਪ੍ਰੋ. ਜਸਵੰਤ ਸਿੰਘ ਗੰਡਮ ਦੀ ਪਲੇਠੀ ਕਾਵਿ-ਪੁਸਤਕ 'ਬੁੱਲ੍ਹ ਸੀਤਿਆਂ ਸਰਨਾ ਨਈਂ' ਅੱਜ ਇੱਕ ਸਮਾਗਮ ਵਿੱਚ ਲੋਕ ਅਰਪਨ ਕੀਤੀ ਗਈ।




ਇਸ ਸਮਾਗਮ ਦੇ ਮੁੱਖ ਮਹਿਮਾਨ ਗੁਰਦੀਪ ਸਿੰਘ ਸੀਹਰਾ ਚਾਂਸਲਰ ਜੀ.ਐਨ.ਏ. ਯੂਨੀਵਰਸਿਟੀ, ਸ਼੍ਰੀ ਹਰਗੋਬਿੰਦਗੜ੍ਹ, ਫਗਵਾੜਾ ਅਤੇ ਐਮ.ਡੀ। ਜੀ.ਐਨ.ਏ. ਗੀਅਰਜ਼, ਮੇਹਟੀਆਣਾ ਸਨ। ਲੋਕ ਅਰਪਨ ਸਮਾਗਮ ਜੀ.ਐਨ.ਏ. ਯੂਨੀਵਰਸਿਟੀ ਦੇ ਵਿਹੜੇ ਵਿੱਚ ਹੋਇਆ। ਇਸ ਮੌਕੇ ਬੋਲਦਿਆਂ ਗੁਰਦੀਪ ਸਿੰਘ ਸੀਹਰਾ ਨੇ ਪ੍ਰੋ: ਜਸਵੰਤ ਸਿੰਘ ਗੰਡਮ ਨੂੰ ਉਹਨਾਂ ਦੀ ਨਵੀਂ ਪੁਸਤਕ ਲਈ ਵਧਾਈ ਦਿੱਤੀ ਅਤੇ ਕਲਾ ਦੀਆਂ ਵੱਖ-ਵੱਖ ਵੰਨਗੀਆਂ ਦਾ, ਮਨੁੱਖੀ ਜੀਵਨ ਵਿੱਚ ਮਹੱਤਤਾ ਉਪਰ ਚਾਨਣਾ ਪਾਇਆ।

ਪ੍ਰੋ: ਜਸਵੰਤ ਸਿੰਘ ਗੰਡਮ ਨੇ ਇਸ ਸਮੇਂ ਦੱਸਿਆ ਕਿ ਬੇਸ਼ਕ ਉਹ ਗਿਆਰਾਂ-ਬਾਰਾਂ ਸਾਲ ਦੀ ਉਮਰ 'ਚ ਹੀ ਤੁਕਬੰਦੀ ਕਰਨ ਲੱਗ ਪਏ ਅਤੇ ਹੁਣ ਤੱਕ ਉਹਨਾ ਨੇ ਅਨੇਕਾਂ ਕਵਿਤਾਵਾਂ ਲਿਖੀਆਂ, ਪਰ ਕਿਤਾਬੀ ਰੂਪ 'ਚ ਇਹ ਉਹਨਾ ਦੀ ਪਹਿਲੀ ਪੁਸਤਕ ਹੈ।

ਪੰਜਾਬੀ ਵਿਰਸਾ ਟਰੱਸਟ ਵਲੋਂ ਪ੍ਰਸਿੱਧ ਲੇਖਕ ਪ੍ਰਿੰ. ਗੁਰਮੀਤ ਸਿੰਘ ਪਲਾਹੀ ਦੀ ਅਗਵਾਈ 'ਚ ਛਾਪੀ ਗਈ ਇਸ ਪੁਸਤਕ ਦੇ 104 ਪੰਨੇ ਹਨ ਅਤੇ 88 ਕਵਿਤਾਵਾਂ ਹਨ। ਇਸਦੇ ਟਾਈਟਲ ਦਾ ਆਕਰਸ਼ਕ ਡੀਜ਼ਾਇਨ ਲੇਖਕ ਤੇ ਕਲਾਕਾਰ ਪਰਵਿੰਦਰਜੀਤ ਸਿੰਘ ਨੇ ਬਣਾਇਆ ਹੈ। ਪ੍ਰੋ: ਗੰਡਮ ਨੇ ਅੰਗਰੇਜ਼ੀ ਕਵੀ ਵਿਲੀਅਮ ਵਰਡਜ ਵਰਥ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਵਿਤਾ ਪ੍ਰਚੰਡ ਭਾਵਨਾਵਾਂ ਦਾ ਆਪ ਮੁਹਾਰਾ ਵਹਿਣ ਹੈ। ਉਹਨਾ ਨੇ ਲੋਕ ਕਵੀ ਸੁਰਜੀਤ ਪਾਤਰ ਨੂੰ ਕੋਟ ਕਰਦਿਆਂ ਕਿਹਾ ਕਿ ਵਾਰਤਕ ਚੱਲਣ ਵਾਂਗ ਹੈ ਅਤੇ ਕਵਿਤਾ ਨੱਚਣ ਵਾਂਗਰ। ਉਹਨਾ ਦੱਸਿਆ ਕਿ ਇਸ ਪੁਸਤਕ 'ਚ ਬੌਧਿਕ ਕਵਿਤਾਵਾਂ ਤੋਂ ਬਿਨ੍ਹਾਂ ਮੌਜੂਦਾ ਸਮੇਂ 'ਚ ਟੈਕਨੌਲੋਜੀ ਬਾਰੇ 'ਨੈਟ-ਨਾਮਾ' ਸਿਰਲੇਖ ਅਧੀਨ, ਦੋਹੇ/ਟੱਪੇ ਅਤੇ ਵਿਅੰਗਮਈ ਕਵਿਤਾਵਾਂ ਸ਼ਾਮਲ ਹਨ। ਇਕ ਕਵਿਤਾ 'ਚ ਉਹਨਾ ਵਲੋਂ ਪੰਜਾਬੀ ਦੇ ਮਹਾਨ ਸ਼ਾਇਰ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਦਿੱਤੀ ਗਈ ਹੈ। ਕਿਤਾਬ ਬਾਰੇ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਪ੍ਰੋ।ਜਸਵੰਤ ਸਿੰਘ ਗੰਡਮ ਨੇ ਪਹਿਲਾਂ ਵਾਰਤਕ ਦੀਆਂ ਤਿੰਨ ਪੁਸਤਕ ' ਕੁਛ ਤੇਰੀਆਂ ਕੁਛ ਮੇਰੀਆਂ', ' ਸੁੱਤੇ ਸ਼ਹਿਰ ਦਾ ਸਫ਼ਰ', ' ਉੱਗਦੇ ਸੂਰਜ ਦੀ ਅੱਖ' ਲਿਖੀਆਂ ਹਨ, ਅਤੇ ਉਹਨਾ ਦਾ ਕਾਵਿ-ਸੰਸਾਰ ਵਿੱਚ "ਬੁੱਲ੍ਹ ਸੀਤਿਆਂ ਸਰਨਾ ਨਈਂ" ਪੁਸਤਕ ਨਾਲ ਦਾਖ਼ਲਾ ਸ਼ਲਾਘਾ ਯੋਗ ਹੈ, ਕਿਉਂਕਿ ਇਸ ਵਿੱਚ ਸੱਭੇ ਕਵਿਤਾਵਾਂ ਚੰਗੇਰੇ ਲੋਕ ਹਿਤੈਸ਼ੀ ਸਾਹਿਤ ਦੀ ਝਲਕ ਦਿੰਦੀਆਂ ਹਨ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ 'ਪੰਜਾਬੀ ਕਵੀ ਤੇ ਲੇਖਕ ਬਲਦੇਵ ਰਾਜ ਕੋਮਲ, ਪਰਵਿੰਦਰਜੀਤ ਸਿੰਘ, ਸੁਖਵਿੰਦਰ ਸਿੰਘ ਅਤੇ ਜੀ।ਐਨ।ਏ। ਯੂਨੀਵਰਸਿਟੀ ਦੇ ਡੀਨ-ਡਾ. ਮੋਨਿਕਾ ਹੰਸਪਾਲ, ਡਾ. ਸਮੀਰ ਵਰਮਾ ਅਤੇ ਡਾ. ਵਿਕਰਾਂਤ ਸ਼ਰਮਾ ਆਦਿ ਸ਼ਾਮਲ ਸਨ।

# .ਗ਼ਦਰੀ ਬਾਬਾ ਨਿਰੰਜਨ ਸਿੰਘ ਪੰਡੋਰੀ ਦੇ ਪਰਿਵਾਰ ਦਾ ਸਨਮਾਨ

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਅੱਜ ਗ਼ਦਰੀ ਬਾਬਾ ਨਿਰੰਜਨ ਸਿੰਘ ਪੰਡੋਰੀ ਲੱਧਾ ਸਿੰਘ (ਹੁਸ਼ਿਆਰਪੁਰ) ਦੇ ਪੋਤਰੇ ਅਮਰਜੀਤ ਸਿੰਘ ਢਿੱਲੋਂ, ਉਹਨਾਂ ਦੀ ਜੀਵਨ ਸਾਥਣ ਰਾਜ ਢਿੱਲੋਂ ਅਤੇ ਉਹਨਾਂ ਨਾ.ਲ ਲੱਖਾ ਸਿੰਘ ਝਿੰਗੜ ਦਾ ਦੇਸ਼ ਭਗਤ ਯਾਦਗਾਰ ਹਾਲ ਆਉਣ ਤੇ ਨਿੱਘਾ ਸੁਆਗਤ ਕੀਤਾ ਅਤੇ ਉਨ੍ਹਾਂ ਦੇ ਸਨਮਾਨ ਵਿੱਚ ਕਮੇਟੀ ਵੱਲੋਂ ਕਿਤਾਬਾਂ ਦਾ ਸੈਟ ਭੇਂਟ ਕੀਤਾ ਗਿਆ।



ਇਸ ਮੌਕੇ ਪਰਵਾਸ ਹੰਢਾਅ ਰਹੇ ਨੌਜਵਾਨਾਂ, ਪੰਜਾਬ ਦੇ ਕਿਰਤੀ ਕਿਸਾਨਾਂ ਅਤੇ ਔਰਤਾਂ ਦੀਆਂ ਵਧ ਰਹੀਆਂ ਚੌਤਰਫੀਆਂ ਤੰਗੀਆਂ ਬਾਰੇ ਚਰਚਾ ਕੀਤੀ। ਗ਼ਦਰੀ ਬਾਬਿਆਂ ਦੇ ਮੇਲੇ ਦੇ ਪ੍ਰਭਾਵ ਅਤੇ ਕਨੇਡਾ ਵਿਚ ਇਸਦੀ ਚਰਚਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਰਗਰਮੀਆਂ ਤੇ ਲੋਕਾਂ ਨੂੰ ਮਾਣ ਹੈ ਅਤੇ ਲੋਕਾਂ ਵਿਚ ਗ਼ਦਰੀ ਬਾਬਿਆਂ ਦੇ ਮੇਲੇ ਤੇ ਆਉਣ ਦਾ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਜੀ ਆਇਆਂ ਕਹਿੰਦਿਆਂ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਦੀ ਕਮੇਟੀ ਇਹ ਸਮਝਦੀ ਹੈ ਕਿ ਇਹ ਇਤਿਹਾਸਕ ਵਿਰਾਸਤ ਦੀ ਧਰੋਹਰ ਲੋਕਾਂ ਦੀ ਹੈ ਅਤੇ ਲੋਕਾਂ ਨੇ ਹੀ ਇਸਦੀ ਹਰ ਪੱਖੋਂ ਸਾਂਭ ਸੰਭਾਲ ਕਰਨੀ ਹੈ। ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਨੇ ਪਰਿਵਾਰ ਨੂੰ ਮਿਊਜ਼ੀਅਮ ਅਤੇ 'ਦੇਸ਼ ਭਗਤ ਗੰਧਰਵ ਸੈਨ ਕੋਛੜ ਯਾਦਗਾਰੀ ਥੀਏਟਰ' ਦਿਖਾਇਆ ਅਤੇ ਇਸਤੋਂ ਪ੍ਰੇਰਨਾ ਲੈ ਰਹੇ ਨੌਜਵਾਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਪਰਿਵਾਰ ਨੂੰ ਜੀ ਆਇਆਂ ਕਹਿਣ ਵਾਲਿਆਂ ਵਿਚ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮੈਂਬਰ ਗੁਰਮੀਤ ਸਿੰਘ, ਹਰਵਿੰਦਰ ਭੰਡਾਲ, ਡਾ. ਹਰਜੀਤ ਸਿੰਘ 'ਦਰਦ', ਭੂਵਨ, ਰਾਮ ਜੀ ਵੀ ਹਾਜ਼ਰ ਸਨ।

# ਦਿਵਿਆਂਗਜਨ ਦੀ ਭਲਾਈ ਸਬੰਧੀ ਸਟੇਟ ਪੁਰਸਕਾਰਾਂ ਲਈ ਅਰਜ਼ੀਆਂ ਦੇਣ ਦੀ ਅੱਜ ਆਖਰੀ ਤਾਰੀਖ - ਰਾਜਕਿਰਨ ਕੌਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ਼ਹੀਦ ਭਗਤ ਸਿੰਘ ਨਗਰ ਰਾਜਕਿਰਨ ਕੌਰ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਦਿਵਿਆਂਗਜਨ ਵਿਅਕਤੀਆਂ, ਕਰਮਚਾਰੀਆਂ, ਖਿਡਾਰੀਆਂ ਤੇ ਸੰਸਥਾਵਾਂ, ਜਿਨ੍ਹਾਂ ਵੱਲੋਂ ਦਿਵਿਆਂਗ ਵਿਅਕਤੀਆਂ ਦੀ ਭਲਾਈ ਦੇ ਖੇਤਰ ਵਿਚ ਸ਼ਲਾਘਾਯੋਗ ਕੰਮ ਕੀਤੇ ਗਏ ਹਨ, ਨੂੰ 'ਸਟੇਟ ਐਵਾਰਡ ਟੂ ਫਿਜੀਕਲੀ ਹੈਂਡੀਕੈਪਡ' ਨਾਲ ਸਨਮਾਨਿਤ ਕੀਤਾ ਜਾਣਾ ਹੈ।



ਉਨ੍ਹਾਂ ਦੱਸਿਆ ਕਿ ਇਸ ਸਬੰਧੀ ਨਿਰਧਾਰਿਤ ਪ੍ਰੋਫਾਰਮੇ ਦਫ਼ਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ਼ਹੀਦ ਭਗਤ ਸਿੰਘ ਨਗਰ (ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ) ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਪੱਖੋਂ ਮੁਕੰਮਲ ਪ੍ਰੋਫਾਰਮੇ ਜ਼ਿਲ੍ਹਾ ਸਮ-ਾਜਿਕ ਸੁਰੱਖਿਆ ਅਫਸਰ ਦੇ ਦਫ਼ਤਰ ਵਿਖੇ 30 ਅਕਤੂਬਰ 2024 ਤੱਕ ਦਿੱਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਅਧੂਰੇ ਅਤੇ ਮਿੱਥੀ ਤਰੀਕ ਤੋਂ ਬਾਅਦ ਜਮ੍ਹਾ ਕਰਵਾਏ ਗਏ ਬਿਨੈਪੱਤਰਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸਕੀਮ ਅਧੀਨ ਚਾਰ ਸ਼੍ਰੇਣੀਆਂ ਦੇ ਐਵਾਰਡ ਦਿੱਤੇ ਜਾਣੇ ਹਨ, ਜਿਨ੍ਹਾਂ ਵਿਚ ਕਰਮਚਾਰੀ ਅਤੇ ਸਵੈ ਰੋਜ਼ਗਾਰ (ਬੈਸਟ ਇੰਪਲਾਈ ਜਾਂ ਸੈਲਫ ਇੰਪਲਾਈਡ ਵਿਦ ਡਿਸਏਬਿਲਟੀ), ਵਧੀਆ ਨਿਯੁਕਤੀ ਕਰਤਾ (ਐਵਾਰਡ ਫਾਰ ਬੈਸਟ ਇੰਪਲਾਇਰ), ਵਧੀਆ ਸਵੈ ਰੋਜ਼ਗਾਰ/ਐਨ.ਜੀ. ਤੇ ਵਿਅਕਤੀਗਤ/ਸੰਸਥਾਵਾਂ, ਅਤੇ ਚੌਥੀ ਸ਼੍ਰੇਣੀ 'ਹੈਂਡੀਕੈਪਡ ਸਪੋਰਟਸ ਪਰਸਨ' ਦੀ ਹੈ।

# ਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ ਦੀ ਚੋਣ ਮੁਹਿੰਮ 'ਚ ਅਨੁਸੂਚਿਤ ਜਾਤੀ ਮੋਰਚਾ ਚੋਣਾ 'ਚ ਅਹਿਮ ਭੂਮਿਕਾ ਨਿਭਾਉਣ ਦੇ ਸਮਰੱਥ"-ਕੈਂਥ



**ਚੰਡੀਗੜ੍ਹ-** ਦਲਿਤ ਚੇਤਨਾ ਮੰਚ ਦੇ ਪ੍ਰਧਾਨ ਪ੍ਰੋਫੈਸਰ ਅਰੁਣ ਕੁਮਾਰ, ਨੈਸ਼ਨਲ ਸ਼ਡਿਊਲਡ ਕਾਸਟਸ਼ ਅਲਾਇੰਸ ਪੰਜਾਬ ਦੇ ਪ੍ਰਧਾਨ ਰਵਿੰਦਰ ਸਿੰਘ ਭੱਟੀ, ਡਾ ਅੰਬੇਦਕਰ ਵਿਚਾਰ ਮੰਚ ਪੰਜਾਬ ਦੇ ਪ੍ਰਧਾਨ ਕਮਲਜੀਤ ਸਿੰਘ ਰੱਖੜਾ ਅਤੇ ਦਲਿਤ ਕੌਸਲ ਆਫ ਪੰਜਾਬ ਦੇ ਪ੍ਰਧਾਨ ਪਰਮਿੰਦਰ ਕੁਮਾਰ ਬੱਸੀ ਨੇ ਸਾਂਝੇ ਬਿਆਨ ਵਿਚ ਕਿਹਾ ਕਿ ਭਾਰਤੀਆ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾਈ ਮੀਤ ਪ੍ਰਧਾਨ ਪਰਮਜੀਤ ਸਿੰਘ ਕੈਂਥ ਪੰਜਾਬ ਦੇ ਇੱਕ ਪ੍ਰਮੁੱਖ ਦਲਿਤ ਲੀਡਰ ਅਤੇ ਅਨੁਸੂਚਿਤ ਜਾਤੀ ਭਾਈਚਾਰੇ ਦੇ ਪ੍ਰਭਾਵਸ਼ਾਲੀ ਵਿਅਕਤੀ ਹਨ। ਉਨ੍ਹਾਂ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਆਉਂਦੇ ਗਰੀਬ ਪਰਿਵਾਰਾਂ ਦੇ ਲੱਖਾਂ ਵਿਦਿਆਰਥੀਆਂ ਲਈ ਸਕੀਮ ਨੂੰ ਬਹਾਲ ਕਾਰਨ ਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਹ ਖੇਤ ਮਜ਼ਦੂਰਾਂ, ਫੈਕਟਰੀ ਵਰਕਰਾਂ ਅਤੇ ਮਨਰੇਗਾ ਮਜਦੂਰਾਂ ਦਿਆਂ ਸਮਸਿਆਵਾਂ ਦਾ ਹੱਲ ਕੱਢਣ ਤੋਂ ਇਲਾਵਾ ਗਰੀਬਾਂ ਨਾਲ ਭੇਦਭਾਵ ਖਿਲਾਫ ਹਮੇਸ਼ਾ ਆਪਣੀ ਆਵਾਜ਼ ਬੁਲੰਦ ਕਰਨ ਵਿਚ ਪਿੱਛੇ ਨਹੀਂ ਰਹਿੰਦੇ। ਉਨ੍ਹਾਂ ਦਾ ਕਿਸਾਨਾਂ, ਕਿਰਤੀਆਂ, ਕਾਰੋਬਾਰੀਆਂ ਅਤੇ ਉਦਯੋਗਪਤੀਆਂ ਵਿਚ ਵੀ ਚੰਗਾ ਪ੍ਰਭਾਵ ਹੈ ਬਰਨਾਲਾ ਹਲਕੇਂ ਦਾ ਇੰਨਚਾਰਜ ਲਗਾਉਣ ਦਾ ਭਾਰਤੀਆ ਜਨਤਾ ਪਾਰਟੀ ਲੀਡਰਸ਼ਿਪ ਸਵਾਗਤ ਕੀਤਾ ਹੈ। ਦਲਿਤ ਜਥੇਬੰਦੀਆ ਦੇ ਆਗੂਆਂ ਨੇ ਭਾਰਤੀਆ ਜਨਤਾ ਪਾਰਟੀ ਦੇ ਆਗੂਆਂ ਵਿਜੈ ਰੁਪਾਨੀ ਸਾਬਕਾ ਮੁੱਖ ਮੰਤਰੀ ਗੁਜਰਾਤ ਪ੍ਰਭਾਰੀ ਪੰਜਾਬ, ਸਹਿ ਪ੍ਰਭਾਰੀ ਡਾਂ ਨਰਿੰਦਰ ਸਿੰਘ ਰੈਨਾ, ਸੂਬਾਈ ਪ੍ਰਧਾਨ ਸੁਨੀਲ ਜਾਖੜ, ਐਸ ਸੀ ਮੋਰਚਾ ਪ੍ਰਧਾਨ ਐਸ ਆਰ ਲੱਧੜ, ਭਾਜਪਾ ਸੰਗਠਨ ਇੰਨਚਾਰਜ ਮੰਥਰੀ ਸ਼੍ਰੀ ਨਿਵਾਸਨਲੂ ਹੋਰਨਾ ਆਗੂਆਂ ਦਾ ਸ੍ਰ ਪਰਮਜੀਤ ਸਿੰਘ ਕੈਂਥ ਸੂਬਾਈ ਮੀਤ ਪ੍ਰਧਾਨ ਨੂੰ ਨਵੀਂ ਜੁੰਮੇਵਾਰੀ ਦੇ ਯੋਗ, ਸਮਰਥ ਅਤੇ ਸਿਰਮੌਰ ਆਗੂ ਨੂੰ ਅਗਾਮੀ 13 ਨਵੰਬਰ ਨੂੰ ਹੋਣ ਵਾਲੀ ਵਿਧਾਨ ਸਭਾ ਹਲਕਾ ਬਰਨਾਲਾ ਦੀ ਚੋਣ ਮੁਹਿੰਮ ਨੂੰ ਮਜ਼ਬੂਤ ਕਰਨ ਲਈ ਐਸ ਸੀ ਮੋਰਚੇ ਦਾ ਇੰਨਚਾਰਜ ਲਗਾਇਆ ਗਿਆ ਹੈ। ਸਰਦਾਰ ਪਰਮਜੀਤ ਸਿੰਘ ਕੈਂਥ ਨੇ ਦੱਸਿਆ ਕਿ ਅਨੁਸੂਚਿਤ ਜਾਤੀ ਮੋਰਚਾ ਚੋਣਾਂ 'ਚ ਅਹਿਮ ਭੂਮਿਕਾ ਨਿਭਾਉਣ ਦੇ ਸਮਰੱਥ ਹੈ। ਉਨ੍ਹਾਂ ਦੱਸਿਆ ਕਿ ਭਾਰਤੀਆ ਜਨਤਾ ਪਾਰਟੀ ਪ੍ਰੋਗਰਾਮ ਤੇ ਪਾਲਿਸੀ ਤੋਂ ਜਾਣੂ ਕਰਵਾ ਕੇ ਵੋਟਰਾਂ ਨੂੰ ਜਾਗਰੂਕ ਕੀਤਾ ਜਾਵੇਗਾ।

# ਡੀਬੀਯੂ ਪਲੇਸਬੋ ਕਲੱਬ ਨੇ ਨੈਸ਼ਨਲ ਫਾਰਮੇਸੀ ਸਪਤਾਹ ਮਨਾਇਆ






**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਵਿੱਚ ਫੈਕਲਟੀ ਆਫ਼ ਫਾਰਮੇਸੀ ਦੇ ਪਲੇਸਬੋ ਕਲੱਬ ਵੱਲੋਂ 21 ਤੋਂ 24 ਅਕਤੂਬਰ 2024 ਤੱਕ ਨੈਸ਼ਨਲ ਫਾਰਮੇਸੀ ਸਪਤਾਹ ਸਫ਼ਲਤਾਪੂਰਵਕ ਮਨਾਇਆ ਗਿਆ। ਇਸ ਸਾਲ ਦਾ ਵਿਸ਼ਾ ਸੀ "ਸਿਹਤ ਸੰਭਾਲ ਵਿੱਚ ਫਾਰਮਾਸਿਸਟਾਂ ਦਾ ਅਹਿਮ ਯੋਗਦਾਨ, "ਸਿਹਤ ਸੰਭਾਲ ਨਤੀਜਿਆਂ ਨੂੰ ਬਿਹਤਰ ਬਣਾਉਣ ਵਿੱਚ ਫਾਰਮਾਸਿਸਟਾਂ ਦੀ ਲਾਜ਼ਮੀ ਭੂਮਿਕਾ ਨੂੰ ਉਜਾਗਰ ਕਰਨ ਦਾ ਉਦੇਸ਼। ਇਸ ਸਮਾਗਮ ਦਾ ਉਦੇਸ਼ ਹੈਲਥਕੇਅਰ ਪ੍ਰਣਾਲੀਆਂ ਵਿੱਚ ਫਾਰਮਾਸਿਸਟਾਂ ਦੇ ਮਹੱਤਵਪੂਰਨ ਯੋਗਦਾਨ ਬਾਰੇ ਜਾਗਰੂਕਤਾ ਪੈਦਾ ਕਰਨਾ, ਮਰੀਜ਼ਾਂ ਦੀ ਦੇਖ-ਭਾਲ, ਦਵਾਈ ਪ੍ਰਬੰਧਨ ਅਤੇ ਜਨਤਕ ਸਿਹਤ ਪਹਿਲਕਦਮੀਆਂ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਜ਼ੋਰ ਦੇਣਾ। ਨੈਸ਼ਨਲ ਫਾਰਮੇਸੀ ਹਫ਼ਤਾ ਸਮਾਜ 'ਤੇ ਫਾਰਮੇਸੀ ਪੇਸ਼ੇ ਦੇ ਵਿਆਪਕ ਪ੍ਰਭਾਵ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਵਿਦਿਆਰਥੀਆਂ, ਫੈਕਲਟੀ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਸ਼ਾਮਲ ਕਰਨ ਲਈ ਵੱਖ-ਵੱਖ ਗਤੀਵਿਧੀਆਂ ਨਾਲ ਭਰਪੂਰ ਸੀ।

ਸਮਾਗਮ ਦੀ ਸ਼ੁਰੂਆਤ ਇੱਕ ਉਦਘਾਟਨੀ ਸਮਾਰੋਹ ਨਾਲ ਹੋਈ, ਜਿਸ ਵਿੱਚ ਮਾਣਯੋਗ ਮਹਿਮਾਨਾਂ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਅਤੇ ਪ੍ਰੋਫ਼ੈਸਰ, ਸਕੂਲ ਆਫ਼ ਫਾਰਮੇਸੀ ਡਾ. ਪੂਜਾ ਗੁਲਾਟੀ ਨੇ ਫਾਰਮੇਸੀ ਪੇਸ਼ੇ ਦੇ ਵਿਕਾਸ ਅਤੇ ਗਲੋਬਲ ਹੈਲਥਕੇਅਰ ਵਿੱਚ ਇਸਦੀ ਵਧਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਮੁੱਖ ਭਾਸ਼ਣ ਦਿੱਤਾ। ਇਸ ਸਮਾਗਮ ਦਾ ਉਦਘਾਟਨ ਡਾ: ਜ਼ੋਰਾ ਸਿੰਘ, ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ, ਡਾ: ਹਰਸ਼ ਸਦਾਵਰਤੀ, ਵਾਈਸ ਪ੍ਰੈਜ਼ੀਡੈਂਟ ਨੇ ਕੀਤਾ ਅਤੇ ਸਵਾਗਤੀ ਭਾਸ਼ਣ ਡਾ: ਪੂਜਾ ਗੁਲਾਟੀ, ਪ੍ਰਿੰਸੀਪਲ, ਸਕੂਲ ਆਫ਼ ਫਾਰਮੇਸੀ, ਸ੍ਰੀਮਤੀ ਖੁਸ਼ਪਾਲ, ਪ੍ਰਿੰਸੀਪਲ ਮਾਤਾ ਜਰਨੈਲ ਕੌਰ ਕਾਲਜ ਆਫ਼ ਫਾਰਮੇਸੀ ਅਤੇ ਡਾ. ਸ਼ੈਲੇਸ਼ ਕੁਮਾਰ ਗੁਪਤਾ, ਪ੍ਰਿੰਸੀਪਲ, ਐਸ। ਲਾਲ ਕਾਲਜ ਆਫ਼ ਫਾਰਮੇਸੀ ਨੇ ਦਿੱਤਾ। ਪ੍ਰੋ-ਚਾਂਸਲਰ ਡਾ. ਤੇਜਿੰਦਰ ਕੌਰ ਨੇ ਸਮਾਗਮ ਦੇ ਸਫਲ ਆਯੋਜਨ 'ਤੇ ਪਲੇਸਬੋ ਕਲੱਬ ਦੇ ਸਟਾਫ, ਵਿਦਿਆਰਥੀਆਂ ਅਤੇ ਮੈਂਬਰਾਂ ਨੂੰ ਵਧਾਈ ਦਿੱਤੀ। ਵਾਈਸ ਚਾਂਸਲਰ ਪ੍ਰੋ. (ਡਾ.) ਅਭਿਜੀਤ ਜੋਸ਼ੀ ਨੇ ਪਲੇਸਬੋ ਕਲੱਬ ਅਤੇ ਵਿਦਿਆਰਥੀਆਂ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸ਼ਲਾਘਾ ਕੀਤੀ।

# ਭਾਰਤੀ ਮਾਨਕ ਬਿਊਰੋ ਵਲੋਂ ਸਰਕਾਰੀ ਕੰਨਿਆ ਸਕੂਲ ਫਗਵਾੜਾ ਵਿਖੇ ਕਰਵਾਏ ਮਾਨਕ ਲੇਖਣੀ ਮੁਕਾਬਲੇ

**ਫਗਵਾੜਾ (ਬੀ.ਕੇ. ਰੱਤੂ)** ਭਾਰਤੀ ਮਾਣਕ ਬਿਉਰੋ ਜੰਮੂ ਅਤੇ ਕਸ਼ਮੀਰ ਸ਼ਾਖਾ ਵਲੋਂ ਜਾਰੀ ਆਦੇਸ਼ਾਂ ਤਹਿਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ



ਸਕੂਲ ਫਗਵਾੜਾ ਵਿਖੇ ਮਾਨਕ ਲੇਖਣੀ ਮੁਕਾਬਲਾ ਕਰਵਾਇਆ ਗਿਆ। ਸਕੂਲ ਵਾਇਸ ਪ੍ਰਿੰਸੀਪਲ ਬੰਦਨਾ ਸ਼ਰਮਾ ਅਤੇ ਮੈਂਟਰ ਅਧਿਆਪਕਾ ਜੀਵਨ ਦੀ ਦੇਖ ਰੇਖ ਵਿੱਚ ਆਯੋਜਿਤ ਇਸ ਪ੍ਰੋਗਰਾਮ ਵਿੱਚ ਸਟੇਟ ਰਿਸੋਰਸ ਪਰਸਨ ਹਰਜਿੰਦਰ ਕੁਮਾਰ ਗੋਗਨਾ ਵਿਸ਼ੇਸ਼ ਰੂਪ ਵਿੱਚ ਪਹੁੰਚੇ ਅਤੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਮਾਨਕ ਬਿਊਰੋ ਵਲੋਂ ਮਾਨਕੀਕਰਨ, ਪ੍ਰਮ-ਾਣੀਕਰਨ ਸਕੀਮਾਂ, ਟੈਸਟਿੰਗ, ਸਿਖਲਾਈ ਅਤੇ ਮਿਆਰੀ ਤਰੱਕੀ ਗਤੀ-ਵਿਧੀਆਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ ਅਤੇ ਬੱਚਿਆ ਨੂੰ ਆਈ ਐਸ ਆਈ ਮਾਰਕ ਨਾਲ ਵਸਤੂਆਂ ਖਰੀਦਣਦੀ ਮਹੱਤਤਾ, ਅਸਲੀ ਨਕਲੀ ਆਈ ਐਸ ਆਈ ਨਿਸ਼ਾਨਾਂ ਵਿਚਕਾਰ ਫਰਕ ਕਰਨ ਅਤੇ ਸੋਨੇ ਦੇ ਗਹਿਣਿਆਂ ਤੇ ਐਚ. ਯੂ. ਆਈ. ਡੀ. ਨੰਬਰ ਨੂੰ ਚੈਕ ਕਰਨ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਪ੍ਰਦਾਨ ਕੀਤੀ। ਮੈਡਮ ਜੀਵਨ ਅਤੇ ਸੇਵਾ ਮੁਕਤ ਹੈਡਮਾਸਟਰ ਨਰੇਸ਼ ਕੋਹਲੀ ਨੇ ਬੱਚਿਆਂ ਨੂੰ ਕਿਹਾ ਕਿ ਸਾਡੇ ਵਲੋਂ ਖਰੀਦੀਆਂ ਵਸਤੂਆਂ ਸਾਡੀ ਸਿਹਤ ਤੇ ਸਿੱਧੇ ਤੌਰ ਤੇ ਪ੍ਰਭਾਵ ਪਾਉਂਦੀਆਂ ਹਨ ਇਸਲਈ ਮਾਨਕ ਚੈਕ ਕਰਕੇ ਹੀ ਚੀਜਾਂ ਖਰੀਦਣੀਆਂ ਚਾਹੀਦੀਆਂ ਹਨ। ਵਾਇਸ ਪ੍ਰਿੰਸੀਪਲ ਬੰਦਨਾ ਸ਼ਰਮਾ ਅਤੇ ਲੈਕ। ਦਲਜੀਤ ਕੌਰ ਨੇ ਬਿਊਰੋ ਦੀਆਂ ਗਤੀਵਿਧੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਦੇਸ਼ ਦੇ ਵਿਕਾਸ ਲਈ ਵਸਤੂਆ ਦੀ ਗੁਣਵੱਤਾ ਤੇ ਸਖਤੀ ਨਾਲ ਪਹਿਰਾ ਦੇਣਾ ਸਮੇਂ ਦੀ ਲੋੜ ਹੈ ਅਤੇ ਇਹ ਜਾਣਕਾਰੀ ਪਾਠਕ੍ਰਮ ਵਿੱਚ ਵੀ ਜੋੜਨੀ ਚਾਹੀਦੀ ਹੈ। ਸਕੂਲ ਗਤੀਵਿਧੀ ਇੰ-ਚਾਰਜ ਲੈਕ. ਦਲਜੀਤ ਕੌਰ ਅਤੇ ਲੈਕ। ਜਯੋਤੀ ਪਾਠਕ ਵਲੋਂ ਮਾਨਕ ਲੇਖਨੀ ਮੁਕਾ-ਬਲੇ ਵਿੱਚੋਂ ਘੋਸ਼ਿਤ ਜੇਤੂ ਵਿਦਿਆਰਥਣਾਂ ਸਿਮਰਨ, ਹਰਸ਼ਪ੍ਰੀਤ ਕੌਰ, ਜਸਲੀਨ ਬੇਹਾਨ ਅਤੇ ਅਮਰਿਤਾ ਨੂੰ ਪ੍ਰਬੰਧਕਾਂ ਵਲੋਂ ਨਕਦ ਪੁਰਸਕਾਰ ਦਿੱਤੇ ਗਏ ਅਤੇ ਗਤੀਵਿਧੀ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥਣਾਂ ਨੂੰ ਸਟੇਸ਼ਨਰੀ ਅਤੇ ਰਿਫਰੈਸ਼ਮੈਂਟ ਪ੍ਰਦਾਨ ਕੀਤੀ ਗਈ। ਇਸ ਮੌਕੇ ਲੈਕ। ਵਰਿੰਦਰ ਸਿੰਘ ਕੰਬੋਜ, ਸਤੀਸ਼ ਕੁਮਾਰ, ਸੀਮਾ ਖੁਰਾਣਾ, ਅਨੁਕੰਪਾ, ਗੀਤਾ ਖੁਰਾਣਾ,ਰੀਤੂ ਡੋਗਰਾ, ਗੁਰਜੀਤ ਕੌਰ ਮੌਜੂਦ ਸਨ।

# ਆਮ ਆਦਮੀ ਕਲੀਨਿਕ ਨਹਿਰ ਕਲੋਨੀ ਵਿਖੇ ਟੀਬੀ ਜਾਗਰੂਕਤਾ ਕੈਂਪ ਦਾ ਆਯੋਜਨ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਪ੍ਰਧਾਨ ਮੰਤਰੀ ਬੀ ਮੁਕਤ ਭਾਰਤ ਅਭਿਆਨ ਤਹਿਤ ਸਿਵਲ ਸਰਜਨ ਹੁਸ਼ਿਆਰਪੁਰ ਡਾ। ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਛਾਤੀ ਅਤੇ ਟੀਬੀ ਰੋਗਾਂ ਦੇ ਮਾਹਰ ਜਿਲਾ ਟੀਬੀ ਕੰਟਰੋਲ ਅਫਸਰ ਡਾ। ਸ਼ਕਤੀ ਸ਼ਰਮਾ ਦੀ ਯੋਗ ਅਗਵਾਈ ਹੇਠ ਆਮ ਆਦਮੀ ਕਲੀਨਿਕ ਨਹਿਰ ਕਲੋਨੀ ਹੁਸ਼ਿਆਰਪੁਰ ਵਿਖੇ ਮੈਡੀਕਲ ਅਫਸਰ ਡਾ ਰੋਹਿਤ ਬਰੂਟਾ ਦੇ ਸਹਿਯੋਗ ਨਾਲ ਟੀਬੀ ਦੀ ਬਿਮਾਰੀ ਬਾਰੇ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿੱਚ ਇਕੱਠੇ ਹੋਏ ਲੋਕਾਂ ਨੂੰ ਟੀਬੀ ਦੀ ਬਿਮਾਰੀ ਦੇ ਲੱਛਣਾਂ ਅਤੇ ਇਲਾਜ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਕੱਠ ਨੂੰ ਸੰਬੋਧਨ ਕਰਦਿਆਂ ਡਾਕਟਰ ਸ਼ਕਤੀ ਸ਼ਰਮਾ ਨੇ ਦੱਸਿਆ ਕਿ ਜਿਸ ਕਿਸੇ ਨੂੰ ਦੋ ਹਫਤੇ ਤੋਂ ਵੱਧ ਲਗਾਤਾਰ ਖਾਂਸੀ ਆ ਰਹੀ ਹੋਵੇ, ਭੁੱਖ ਘੱਟ ਲੱਗ ਰਹੀ ਹੋਵੇ, ਭਾਰ ਘੱਟ ਰਿਹਾ ਹੋਵੇ, ਬੁਖਾਰ ਆ ਰਿਹਾ ਹੋਵੇ ਤਾਂ ਉਸ ਨੂੰ ਆਪਣੇ ਨਜਦੀਕ ਦੇ ਸਰਕਾਰੀ ਸਿਹਤ ਕੇਂਦਰ ਵਿੱਚ ਜਾ ਕੇ ਆਪਣੀ ਬਲਗਮ ਟੈਸਟ ਜਾਂ ਹੋਰ ਕੋਈ ਟੈਸਟ ਜੋ ਡਾਕਟਰ ਨੇ ਦੱਸੇ ਹੋਣ ਕਰਵਾਉਣੇ ਚਾਹੀਦੇ ਹਨ। ਇਹ ਟੈਸਟ ਸਰਕਾਰੀ ਹਸਪਤਾਲ ਵਿੱਚ ਬਿਲਕੁਲ ਮੁਫਤ ਹੁੰਦੇ ਹਨ। ਜੇਕਰ ਕਿਸੇ ਨੂੰ ਟੀਬੀ ਦੀ ਬਿਮਾਰੀ ਨਿਕਲਦੀ ਹੈ ਤਾਂ ਉਸ ਦਾ ਇਲਾਜ ਮੁਫਤ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਟੀਬੀ ਦੇ ਮਰੀਜ਼ ਨੂੰ ਹਰ ਮਹੀਨੇ ਖੁਰਾਕ ਵੱਜੋਂ ਡੀ।ਬੀ।ਟੀ। ਰਾਹੀਂ 500 ਰੁਪਏ ਉਸਦੇ ਬੈਂਕ ਖਾਤੇ ਵਿੱਚ ਆ ਜਾਂਦੇ ਹਨ। ਸੁਪਰਵਾਈਜ਼ਰ ਕੁਲਦੀਪ ਸਿੰਘ ਨੇ ਦੱਸਿਆ ਕਿ ਇਹ ਇੱਕ ਛੂਤ ਦੀ ਬਿਮਾਰੀ ਹੈ ਜੋ ਕਿ ਇੱਕ ਤੋਂ ਦੂਜੇ ਨੂੰ ਹੋ ਜਾਂਦੀ ਹੈ ਇਸ ਕਰਕੇ ਇਸ ਦੀ ਸਮੇਂ ਸਿਰ ਜਾਂਚ ਅਤੇ ਇਲਾਜ ਕਰਵਾ ਲੈਣਾ ਚਾਹੀਦਾ ਹੈ। ਇਸ ਮੌਕੇ ਐਸਟੀਐਸ ਹਰੀਵੰਸ਼ ਮਹਿਤਾ, ਏਐਨਐਮ ਗੁਰਵਿੰਦਰ ਕੌਰ ਅਤੇ ਹੋਰ ਸਟਾਫ ਵੀ ਹਾਜ਼ਰ ਸੀ।

# ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ ਵੱਲੋਂ .ਗਦਰੀ ਬਾਬਿਆਂ ਦੇ ਮੇਲੇ ਲਈ ਇੱਕ ਲੱਖ ਰੁਪਏ ਸਹਾਇਤਾ



**ਜਲੰਧਰ-** ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ ਆਫ਼ ਬੇ ਏਰੀਆ (ਯੂ.ਐੱਸ.ਏ.) ਅਮਰੀਕਾ ਦੀ ਧਰਤੀ ਤੇ ਗ਼ਦਰੀ ਬਾਬਿਆਂ ਦਾ ਮੇਲਾ ਲਾਉਣ ਦਾ ਸ਼ਾਨਦਾਰ ਉੱਦਮ ਕਰਦੀ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਗ਼ਦਰੀ ਬਾਬਿਆਂ ਦੇ ਇਸ ਵਰ੍ਹੇ 33ਵੇਂ ਮੇਲੇ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਇਸ ਸੰਸਥਾ ਨੇ ਇੱਕ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੂੰ ਭੇਂਟ ਕੀਤੀ। ਇਸ ਮੌਕੇ ਅਮਰੀਕਾ ਤੋਂ ਸਹਾਇਤਾ ਭੇਜਣ ਵਾਲੀ ਉਪ੍ਰੋਕਤ ਸੰਸਥਾ ਦੇ ਮੈਂਬਰ ਸਾਥੀ ਨਰਿੰਦਰ ਸੁੱਜੋ ਨੇ ਫੋਨ ਤੇ ਗੱਲ ਕਰਦਿਆਂ ਮੇਲੇ ਲਈ ਮੁਬਾਰਕਬਾਦ ਦਿੱਤੀ ਅਤੇ ਗ਼ਦਰੀ ਬਾਬਿਆਂ ਦੀ ਘਾਲਣਾ ਨੂੰ ਸਲਾਮ ਕੀਤੀ। ਇਸ ਮੌਕੇ ਅਮੋਲਕ ਸਿੰਘ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਨੇ ਅਮਰੀਕਾ ਤੋਂ ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ ਬੇਅ ਏਰੀਆ ਸੰਸਥਾ ਦਾ ਅਤੇ ਉਸ ਵੱਲੋਂ ਰਾਸ਼ੀ ਭੇਟ ਕਰਨ ਆਏ ਕੁਲਭੂਸ਼ਣ ਕੁਮਾਰ ਹੈਪੀ ਦਾ ਹਾਰਦਿਕ ਸੁਆਗਤ ਅਤੇ ਕਿਤਾਬਾਂ ਭੇਂਟ ਕਰਕੇ ਸਨਮਾਨ ਕੀਤਾ।

ਕੁਲਭੂਸ਼ਣ ਦੇ ਨਾ.ਲ ਸਥਾਨਕ ਸੰਗੀ ਸਾਥੀ ਅਰੁਨ ਹਾਂਸ ਅਤੇ ਹਰਬੰਸ ਵੀ ਆਏ ਸਨ। ਉਹਨਾਂ ਨਾ.ਲ 7, 8, 9 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਲੱਗ ਰਹੇ ਮੇਲੇ ਬਾਰੇ ਵਿਚਾਰਾਂ ਹੋਈਆਂ। ਜ਼ਿਕਰਯੋਗ ਹੈ ਕਿ ਇੰਡੋ ਅਮੈਰੀਕਨ ਦੇਸ਼ ਭਗਤ ਮੈਮੋਰੀਅਲ ਫਾਊਂਡੇਸ਼ਨ ਆਫ ਬੇ ਏਰੀਆ ਨੇ 28 ਸਤੰਬਰ ਨੂੰ ਮਿਲਪੀਟਾਸ ਕੈਲੇਫੋਰਨੀਆ ਵਿਖੇ ਡਾ ਸਾਹਿਬ ਸਿੰਘ ਦਾ ਨਾਟਕ 'ਧਨੁ ਲੇਖਾਰੀ ਨਾਨਕਾ' ਕਰਵਾਇਆ। 26 ਅਕਤੂਬਰ ਨੂੰ ਮਾਨਟਿਕਾ ਕੈਲੈਫੋਰਨੀਆ ( ਯੂ.ਐੱਸ.ਏ.) ਵਿਖੇ ਇਹੋ ਨਾਟਕ ਕਰਵਾਇਆ ਜਾ ਰਿਹਾ ਹੈ।

ਕੁਲਭੂਸ਼ਣ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀਆਂ ਸਰਗਰਮੀਆਂ, ਗ਼ਦਰੀ ਬਾਬਿਆਂ ਦੇ ਮੇਲੇ ਬਾਰੇ ਜਾਣਕੇ ਗਹਿਰੀ ਖੁਸ਼ੀ ਦਾ ਇਜ਼ਹਾਰ ਕੀਤਾ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਅਮਰੀਕਾ 'ਚ ਕੰਮ ਕਰਦੀ ਸੰਸਥਾ ਦੇ ਸਾਥੀਆਂ ਵੱਲੋਂ ਸਹਾਇਤਾ ਭੇਜਣ ਦਾ ਧੰਨਵਾਦ ਕੀਤਾ।

# ਅੰਤਰਰਾਸ਼ਟਰੀ ਸੰਕੇਤਿਕ ਭਾਸ਼ਾ ਦਿਵਸ ਤਹਿਤ ਕਰਮਚਾਰੀਆਂ ਨੂੰ ਦਿੱਤੀ ਟਰੇਨਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਡੈਫ ਐਂਡ ਡੰਬ ਵਿਅਕਤੀਆਂ ਦੇ ਅਧਿਕਾਰਾਂ ਦੀ ਸੁਰੱਖਿਆ ਅਤੇ ਜਾਗਰੂਕਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਅੰਤਰਰਾਸ਼ਟਰੀ ਸੰਕੇਤਿਕ ਭਾਸ਼ਾ ਦਿਵਸ ਦੇ ਮੱਦੇਨਜ਼ਰ ਇਕ ਰੋਜ਼ਾ ਟਰੇਨਿੰਗ ਸੈਸ਼ਨ ਕਰਵਾਇਆ ਗਿਆ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮਨਪ੍ਰੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੌਮਾਂਤਰੀ ਸੰਕੇਤਿਕ ਭਾਸ਼ਾ ਦਿਵਸ ਦੇ ਥੀਮ 'ਸਾਈਨ ਅਪ ਫਾਰ ਸਾਈਨ ਲੈਂਗੂਏਜ਼ ਰਾਈਟ' ਤਹਿਤ ਸਮੂਹ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ 'ਭਾਰਤੀ ਸੰਕੇਤਿਕ ਭਾਸ਼ਾ' ਬਾਰੇ ਟਰੇਨਿੰਗ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਪਿੰਗਲਵਾੜਾ ਆਸ਼ਾ ਕਿਰਨ ਸਕੂਲ ਫਾਰ ਡੈਫ, ਕੱਕੋਂ ਤੋਂ ਆਏ ਸੰਕੇਤਿਕ ਭਾਸ਼ਾ ਦੇ ਮਾਹਰ



ਪ੍ਰਿੰਸੀਪਲ ਅਮਨ ਜੋਤੀ ਨੇ ਸਮੂਹ ਕਰਮਚਾਰੀਆਂ ਨੂੰ ਸੰਕੇਤਿਕ ਭਾਸ਼ਾ ਵਿਚ ਅੰਗਰੇਜ਼ੀ ਦੇ ਅੱਖਰਾਂ, ਪੰਜਾਬੀ ਭਾਸ਼ਾ (ਪੈਂਤੀ) ਅਤੇ ਗਿਣਤੀ ਦੀ ਸਿਖਲਾਈ ਦਿੱਤੀ। ਇਸ ਤੋਂ ਇਲਾਵਾ ਰੋਜ਼ਾਨਾ ਜੀਵਨ ਵਿਚ ਵਰਤੇ ਜਾਣ ਵਾਲੇ ਸ਼ਬਦ ਅਤੇ ਵਾਕਾਂਸ਼ ਆਦਿ ਦੀ ਸੰਕੇਤਿਕ ਭਾਸ਼ਾ ਵਿਚ ਟਰੇਨਿੰਗ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਟਰੇਨਿੰਗ ਵਿਚ ਜ਼ਿਲ੍ਹਾ ਰੈਡ ਕਰਾਸ ਵਲੋਂ ਚਲਾਏ ਗਏ ਵਿੰਗਜ਼ ਪ੍ਰੋਜੈਕਟ, ਜਿਸ ਵਿਚ ਸਪੈਸ਼ਲ ਬੱਚਿਆ ਨੂੰ ਕੰਟੀਨ ਰਾਹੀਂ ਰੋਜ਼ਗਾਰ ਮੁਹੱਈਆ ਕਰਵਾਇਆ ਜਾਂਦਾ ਹੈ, ਤਹਿਤ ਚੰਗੀ ਕਾਰਗੁਜ਼ਾਰੀ ਲਈ ਸਰਬਜੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਟਰੇਨਿੰਗ ਦੌਰਾਨ ਸੰਕੇਤਿਕ ਭਾਸ਼ਾ ਨੂੰ ਸਿੱਖਣ ਲਈ ਸਮੂਹ ਕਰਮਚਾਰੀਆਂ ਵਲੋਂ ਅਹਿਦ ਲਿਆ ਗਿਆ।

# ਦੇਸ਼ ਭਗਤ ਯੂਨੀਵਰਸਿਟੀ ਨੇ ਖੋਜ ਅਨੁਭਵ ਨੂੰ ਬਿਹਤਰ ਬਣਾਉਣ ਲਈ ਡਿਜੀਟਲ ਪੀਐਚਡੀ ਥੀਸਿਸ ਮੁਲਾਂਕਣ ਨੂੰ ਕੀਤਾ ਲਾਗੂ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਨੇਕ ਏ+ ਮਾਨਤਾ ਪ੍ਰਾਪਤ ਸੰਸਥਾ, ਨੇ 1 ਅਗਸਤ, 2024 ਤੋਂ ਪ੍ਰਭਾਵੀ ਤੌਰ 'ਤੇ ਪੀਐਚਡੀ ਥੀਸਿਸ ਮੁਲਾਂਕਣ ਲਈ ਪੂਰਨ ਰੂਪ ਵਿੱਚ ਡਿਜੀਟਲ ਪ੍ਰਣਾਲੀ ਨੂੰ ਅਪਣਾ ਲਿਆ ਹੈ। ਇਹ ਰਣਨੀਤਕ ਕਦਮ ਦੇਸ਼ ਭਗਤ ਯੂਨੀਵਰਸਿਟੀ ਨੂੰ ਉਹਨਾਂ ਅਗਾਂਹਵਧੂ ਯੂਨੀਵਰਸਿਟੀਆਂ ਵਿੱਚ ਸ਼ਾਮਲ ਕਰਦਾ ਹੈ ਜੋ ਅਕਾਦਮਿਕ ਕੁਸ਼ਲਤਾ ਨੂੰ ਵਧਾਉਣ ਅਤੇ ਵਿਦਵਾਨਾਂ ਲਈ ਖੋਜ ਅਨੁਭਵ ਨੂੰ ਬਿਹਤਰ ਬਣਾਉਣ ਲਈ ਤਕਨਾਲੋਜੀ ਨੂੰ ਅਪਣਾ ਰਹੀਆਂ ਹਨ। ਦੇਸ਼ ਭਗਤ ਯੂਨੀਵਰਸਿਟੀ ਦੁਆਰਾ ਥੀਸਿਸ ਪ੍ਰਣਾਲੀ ਦਾ ਇਹ ਡਿਜੀਟਲ ਮੁਲਾਂਕਣ ਭਾਰਤ ਸਰਕਾਰ ਦੁਆਰਾ ਡਿਜੀਟਲ ਇੰਡੀਆ ਪਹਿਲਕਦਮੀ ਨੂੰ ਅੱਗੇ ਵਧਾਉਣ ਲਈ ਹੈ।

ਡਿਜ਼ੀਟਲ ਮੁਲਾਂਕਣ ਵਾਲਾ ਇਹ ਕਦਮ ਦੇਸ਼ ਭਗਤ ਯੂਨੀਵਰਸਿਟੀ ਦੀ ਵਿਦਿਅਕ ਨਵੀਨਤਾ ਵਿੱਚ ਮੋਹਰੀ ਰਹਿਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਖੋਜ ਲਈ ਪ੍ਰਮੁੱਖ ਸੰਸਥਾਵਾਂ ਵਿੱਚੋਂ ਇੱਕ ਹੋਣ ਦੇ ਨਾਤੇ, ਦੇਸ਼ ਭਗਤ ਯੂਨੀਵਰਸਿਟੀ ਹਮੇਸ਼ਾ ਇੱਕ ਅਜਿਹੇ ਵਾਤਾਵਰਨ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਰਿਹਾ ਹੈ ਜੋ ਉੱਚ-ਗੁਣਵੱਤਾ, ਪ੍ਰਭਾਵਸ਼ਾਲੀ ਖੋਜ ਪੈਦਾ ਕਰਨ ਵਿੱਚ ਵਿਦਵਾਨਾਂ ਦਾ ਸਮਰਥਨ ਕਰਦਾ ਹੈ। ਯੂਨੀਵਰਸਿਟੀ ਦੀਆਂ ਅਤਿ-ਆਧੁਨਿਕ ਖੋਜ ਸਹੂਲਤਾਂ, ਤਜ਼ੁਰਬੇਕਾਰ ਫੈਕਲਟੀ ਗਾਈਡਸ ਅਤੇ ਖੋਜ ਯਾਤਰਾ ਨੂੰ ਉਤਸ਼ਾਹਿਤ ਕਰਨ ਅਤੇ ਸਮਰਥਨ ਕਰਨ ਵਾਲੀਆਂ ਵਿਆਪਕ ਵਿਦਿਆਰਥੀ ਸੇਵਾਵਾਂ ਦੇ ਕਾਰਨ ਡੀਬੀਯੂ ਵਿਖੇ ਪੀਐਚਡੀ ਪ੍ਰੋਗਰਾਮ ਵਿਆਪਕ ਤੌਰ 'ਤੇ ਪ੍ਰਸਿੱਧ ਹੈ।



ਇਸ ਮਹੱਤਵਪੂਰਨ ਕਦਮ ਬਾਰੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ। ਜ਼ੋਰਾ ਸਿੰਘ ਨੇ ਕਿਹਾ ਕਿ, "ਡੀਬੀਯੂ ਵਿਖੇ ਸਾਡੀ ਵਚਨਬੱਧਤਾ ਇਹ ਯਕੀਨੀ ਬਣਾਉਣਾ ਹੈ ਕਿ ਵਿਦਵਾਨਾਂ ਕੋਲ ਆਪਣੇ ਅਕਾਦਮਿਕ ਕੰਮਾਂ ਵਿੱਚ ਪ੍ਰਫੁੱਲਤ ਹੋਣ ਲਈ ਵਧੀਆ ਸਰੋਤਾਂ ਅਤੇ ਪ੍ਰਣਾਲੀਆਂ ਤੱਕ ਪਹੁੰਚ ਹੋਵੇ। ਡਿਜੀਟਲ ਪੀਐਚਡੀ ਥੀਸਿਸ ਮੁਲਾਂਕਣ ਨੂੰ ਅਪਣਾ ਕੇ, ਸਾਡਾ ਉਦੇਸ਼ ਵਿਦਿਆਰਥੀਆਂ ਅਤੇ ਮੁਲਾਂਕਣ ਕਰਨ ਵਾਲਿਆਂ ਦੋਵਾਂ ਲਈ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਹੈ। ਇਹ ਕਦਮ ਗੁਣਵੱਤਾ ਖੋਜ ਨੂੰ ਉਤਸ਼ਾਹਿਤ ਕਰਨ ਅਤੇ ਸਮੁੱਚੀ ਪ੍ਰਕਿਰਿਆ ਨੂੰ ਵਧੇਰੇ ਕੁਸ਼ਲ, ਟਿਕਾਊ ਵਾਤਾਵਰਣ ਅਤੇ ਵਿਦਿਆਰਥੀ-ਅਨੁਕੂਲ ਬਣਾਉਣ ਦੇ ਸਾਡੇ ਮਿਸ਼ਨ ਨਾਲ ਮੇਲ ਖਾਂਦਾ ਹੈ। ਸਾਨੂੰ ਭਰੋਸਾ ਹੈ ਕਿ ਇਹ ਡੀਬੀਯੂ ਵਿਖੇ ਖੋਜ ਦੇ ਮਿਆਰ ਨੂੰ ਉੱਚਾ ਕਰੇਗਾ ਅਤੇ ਸਮਾਜਕ ਚੁਣੌਤੀਆਂ ਨੂੰ ਹੱਲ ਕਰਨ ਵਾਲੀ ਅੰਤਰ-ਅਨੁਸ਼ਾਸਨੀ ਅਤੇ ਲੋੜ-ਅਧਾਰਿਤ ਖੋਜ ਨੂੰ ਹੋਰ ਉਤਸ਼ਾਹਿਤ ਕਰੇਗਾ।"

ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਦੁਆਰਾ ਅਪਣਾਈ ਗਈ ਥੀਸਿਸ ਪ੍ਰਣਾਲੀ ਦਾ ਇਹ ਡਿਜੀਟਲ ਮੁਲਾਂਕਣ ਭਾਰਤ ਸਰਕਾਰ ਦੀ ਡਿਜੀਟਲ ਇੰਡੀਆ ਪਹਿਲਕਦਮੀ ਨੂੰ ਅੱਗੇ ਵਧਾਉਣ ਲਈ ਹੈ।

ਡਾ। ਜ਼ੋਰਾ ਸਿੰਘ ਨੇ ਦੱਸਿਆ ਕਿ ਨਵੀਂ ਡਿਜੀਟਲ ਮੁਲਾਂਕਣ ਪ੍ਰਣਾਲੀ ਵਿਦਿਆਰਥੀਆਂ ਅਤੇ ਪਰੀਖਿਅਕਾਂ ਦੋਵਾਂ ਨੂੰ ਕਈ ਲਾਭ ਪ੍ਰਦਾਨ ਕਰਦੀ ਹੈ। ਪਹਿਲਾਂ, ਵਿਦਵਾਨਾਂ ਨੂੰ ਆਪਣੇ ਥੀਸਿਸ ਦੀਆਂ ਕਈ ਹਾਰਡ ਕਾਪੀਆਂ ਜਮਾਂ ਕਰਾਉਣੀਆਂ ਪੈਂਦੀਆਂ ਸਨ, ਜੋ ਕਿ ਵੱਧ ਸਮਾਂ ਲੈਣ ਵਾਲਾ ਅਤੇ ਵਧੇਰੇ ਖਰਚੀਲਾ ਸੀ। ਹੁਣ, ਡਿਜੀਟਲ ਸਬਮਿਸ਼ਨ ਸਿਸਟਮ ਦੇ ਨਾਲ, ਪ੍ਰਕਿਰਿਆ ਤੇਜ਼, ਵਧੇਰੇ ਕੁਸ਼ਲ ਅਤੇ ਲਾਗਤ-ਪ੍ਰਭਾਵਸ਼ਾਲੀ ਬਣ ਗਈ ਹੈ। ਇਸ ਤੋਂ ਇਲਾਵਾ, ਇਹ ਪਰਿਵਰਤਨ 'ਤੇ ਪ੍ਰਿੰਟਿੰਗ ਦੇ ਵਾਤਾਵਰਣ ਪ੍ਰਭਾਵ ਨੂੰ ਅਤੇ ਮੁਲਾਂਕਣ ਵਿੱਚ ਦੇਰੀ ਨੂੰ ਮਹੱਤਵਪੂਰਨ ਤੌਰ 'ਤੇ ਘਟਾਉਂਦਾ ਹੈ।

ਦੇਸ਼ ਭਗਤ ਯੂਨੀਵਰਸਿਟੀ ਦੀ ਇਹ ਪਹਿਲਕਦਮੀ ਯਕੀਨੀ ਬਣਾਉਂਦੀ ਹੈ ਕਿ ਪ੍ਰੀਖਿਅਕ ਇੱਕ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਥੀਸਿਸ ਦਾ ਮੁਲਾਂਕਣ ਕਰ ਸਕਦੇ ਹਨ, ਪ੍ਰਕਿਰਿਆ ਨੂੰ ਵਧੇਰੇ ਜਵਾਬਦੇਹ ਅਤੇ ਸਮੇਂ ਸਿਰ ਬਣਾਉਂਦੇ ਹਨ। ਇਹ ਨਾ ਸਿਰਫ਼ ਵਿਦਵਾਨਾਂ ਨੂੰ ਲਾਭ ਪਹੁੰਚਾਉਂਦਾ ਹੈ, ਜੋ ਹੁਣ ਜਲਦੀ ਫੀਡਬੈਕ ਪ੍ਰਾਪਤ ਕਰਨਗੇ, ਸਗੋਂ ਮੁਲਾਂਕਣਕਰਤਾਵਾਂ ਨੂੰ ਵੀ, ਕਿਉਂਕਿ ਉਹ ਕਿਸੇ ਵੀ ਸਥਾਨ ਤੋਂ ਕੰਮ ਦੀ ਆਸਾਨੀ ਨਾਲ ਸਮੀਖਿਆ ਕਰ ਸਕਦੇ ਹਨ।

ਦੇਸ਼ ਭਗਤ ਯੂਨੀਵਰਸਿਟੀ ਨੇ ਹਮੇਸ਼ਾ ਗੁਣਵੱਤਾ ਖੋਜ 'ਤੇ ਜ਼ੋਰ ਦਿੱਤਾ ਹੈ, ਵਿਦਵਾਨਾਂ ਨੂੰ ਉੱਚ-ਪ੍ਰਭਾਵੀ ਰਸਾਲਿਆਂ ਵਿੱਚ ਪ੍ਰਕਾਸ਼ਿਤ ਕਰਨ ਅਤੇ ਸਮਾਜਕ ਭਲਾਈ ਵਿੱਚ ਯੋਗਦਾਨ ਪਾਉਣ ਵਾਲੇ ਅਧਿਐਨਾਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਹੈ।

ਇੱਕ ਡਿਜੀਟਲ ਮੁਲਾਂਕਣ ਪਲੇਟਫਾਰਮ 'ਤੇ ਜਾ ਕੇ, ਯੂਨੀਵਰਸਿਟੀ ਖੋਜ ਪ੍ਰਕਿਰਿਆ ਨੂੰ ਵਧੇਰੇ ਪਹੁੰਚਯੋਗ ਅਤੇ ਕੁਸ਼ਲ ਬਣਾਉਣ ਦੀ ਕੋਸ਼ਿਸ਼ ਦੇ ਨਾਲ ਅਜਿਹੇ ਵਾਤਾਵਰਣ ਨੂੰ ਉਤਸ਼ਾਹਿਤ ਕਰਦੀ ਹੈ ਜਿੱਥੇ ਨਵੀਨਤਾ ਅਤੇ ਗਿਆਨ ਦੀ ਸਿਰਜਣਾ ਵਧਦੀ ਹੈ।

ਇਹ ਪਰਿਵਰਤਨ ਇੱਕ ਹੋਰ ਉਦਾਹਰਨ ਹੈ ਕਿ ਕਿਵੇਂ ਦੇਸ਼ ਭਗਤ ਯੂਨੀਵਰਸਿਟੀ ਅਕਾਦਮਿਕ ਡੋਮੇਨ ਵਿੱਚ ਅਗਵਾਈ ਕਰਨਾ ਅਤੇ ਇਹ ਸੁਨਿਸ਼ਚਿਤ ਕਰਦਾ ਹੈ ਕਿ ਇਸਦੇ ਵਿਦਵਾਨਾਂ ਕੋਲ ਆਪਣੇ ਖੋਜ ਯਤਨਾਂ ਵਿੱਚ ਸਫਲ ਹੋਣ ਲਈ ਸਭ ਤੋਂ ਵਧੀਆ ਸੰਭਵ ਸਹਾਇਤਾ ਅਤੇ ਸਰੋਤ ਹਨ।

# .ਗ਼ਦਰੀ ਬਾਬਿਆਂ ਦੇ ਮੇਲੇ ਨੂੰ ਸਫ਼ਲ ਕਰਨ ਲਈ ਲੋਕ ਅੱਗੇ ਆਉਣ: ਦੇਸ਼ ਭਗਤ ਕਮੇਟੀ ਦਾ ਸੱਦਾ

**ਜਲੰਧਰ–** 7 ਨਵੰਬਰ ਤੋਂ ਜੋਸ਼-ਖਰੋਸ਼ ਨਾਲ ਸ਼ੁਰੂ ਹੋ ਰਹੇ ਤਿੰਨ ਰੋਜ਼ਾ ਗ਼ਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀਆਂ ਨੂੰ ਪੱਕੇ ਪੈਰੀਂ ਕਰਨ ਲਈ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਨੇ ਮੀਟਿੰਗ ਕਰਕੇ ਠੋਸ ਵਿਉਂਤਬੰਧੀ ਕੀਤੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਮੇਲੇ ਦੇ ਮੁੱਖ ਬੁਲਾਰੇ ਵਿਸ਼ਵ ਪ੍ਰਸਿੱਧ ਵਿਦਵਾਨ ਅਰੁੰਧਤੀ ਰਾਏ, ਨਿਊਜ਼ ਕਲਿੱਕ ਦੇ ਮੋਢੀ ਸੰਪਾਦਕ ਪ੍ਰਬੀਰ, ਐਡਵੋਕੇਟ ਰਾਜਿੰਦਰ ਸਿੰਘ ਚੀਮਾ, ਬੁੱਧੀਜੀਵੀ ਅਪੂਰਵਾਨੰਦ ਅਤੇ ਨਾਮਵਰ ਫ਼ਿਲਮਸਾਜ਼ ਸੰਜੇ ਕਾਕ ਦਾ ਮੇਲੇ 'ਚ ਆਉਣਾ ਪੱਕਾ ਹੋ ਗਿਆ ਹੈ।




7 ਨਵੰਬਰ 2 ਵਜੇ ਚਿੱਤਰਕਲਾ ਉਦਘਾਟਨ ਅਤੇ 4 ਵਜੇ ਪੁਸਤਕ ਸਭਿਆਚਾਰ ਬਾਰੇ ਚਰਚਾ ਨੂੰ ਅੱਜ ਅੰਤਿਮ ਛੋਹਾਂ ਦਿੱਤੀਆਂ। ਇਸ ਮੌਕੇ ਵਿਛੜੇ ਨਾਮਵਰ ਕਵੀ ਸੁਰਜੀਤ ਪਾਤਰ, ਗਾਇਕ ਕੁਲਦੀਪ ਜਲੂਰ, ਹਰਬੰਸ ਹੀਓਂ ਨੂੰ ਸਿਜਦਾ ਕੀਤਾ ਜਾਏਗਾ। 8 ਨਵੰਬਰ ਹੋ ਰਹੇ ਕੁਇਜ਼, ਪੇਂਟਿੰਗ, ਭਾਸ਼ਣ, ਗਾਇਨ ਮੁਕਾਬਲਿਆਂ, ਚਿੱਤਰਕਲਾ, ਫੋਟੋ ਪ੍ਰਦਰਸ਼ਨੀ, ਕਵੀ ਦਰਬਾਰ, ਫ਼ਿਲਮ ਸ਼ੋਅ ਦੀਆਂ ਤਿਆਰੀਆਂ, ਲੰਗਰ, ਵਲੰਟੀਅਰ, ਮੇਲੇ 'ਚ ਲੋੜੀਂਦੇ ਪ੍ਰਬੰਧਾਂ 'ਤੇ ਝਾਤ ਮਾਰੀ ਗਈ। ਸਭਿਆਚਾਰਕ ਵਿੰਗ ਦੇ ਕਨਵੀਨਰ ਨੇ ਮੀਟਿੰਗ 'ਚ ਦੱਸਿਆ ਕਿ ਚਕਰੇਸ਼ ਚੰਡੀਗੜ੍ਹ, ਕੇਵਲ ਧਾਲੀਵਾਲ, ਅਨੀਤਾ ਸ਼ਬਦੀਸ਼, ਬਲਰਾਜ ਸਾਗਰ, ਜਸਵਿੰਦਰ ਪੱਪੀ ਦੀ ਨਿਰਦੇਸ਼ਨਾ 'ਚ ਚੰਡੀਗੜ੍ਹ, ਅੰਮ੍ਰਿਤਸਰ, ਮੁਹਾਲੀ, ਬਠਿੰਡਾ ਅਤੇ ਅੱਟੀ (ਗੋਰਾਇਆ) ਵਿਖੇ ਨਾਟਕਾਂ ਦੀ ਤਿਆਰੀ ਲਈ ਵਰਕਸ਼ਾਪਾਂ ਚੱਲ ਰਹੀਆਂ ਹਨ। ਇਸ ਤੋਂ ਇਲਾਵਾ ਅਵਤਾਰ ਚੜਿਕ ਦੀ ਅਗਵਾਈ 'ਚ 'ਮੇਲੇ ਤੇ ਭੰਡ' ਕਲਾ ਦਾ ਮੁਜਾਹਰਾ ਕਰਨ ਲਈ ਤਿਆਰੀਆਂ ਵਿੱਚ ਜੁੱਟ ਗਏ ਹਨ। ਦੀਵਾਲੀ ਉਪਰੰਤ ਝੰਡੇ ਦੇ ਗੀਤ ਦੀ ਵਰਕਸ਼ਾਪ ਦੇਸ਼ ਭਗਤ ਯਾਦਗਾਰ ਹਾਲ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਦੇ ਅੰਦਰ/ਬਾਹਰ ਲੱਗੇਗੀ। ਉਸ ਲਈ ਸੈਂਕੜੇ ਕਲਾਕਾਰਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਮੀਟਿੰਗ 'ਚ ਦੱਸਿਆ ਗਿਆ ਕਿ ਪੰਜਾਬ ਦੀਆਂ ਸਮੂਹ ਲੋਕ-ਪੱਖੀ ਜੱਥੇਬੰਦੀਆਂ ਨੂੰ ਕਾਫ਼ਲੇ ਬੰਨ੍ਹਕੇ ਮੇਲੇ 'ਚ ਸ਼ਾਮਲ ਹੋਣ, ਲੰਗਰ ਅਤੇ ਆਰਥਕ ਮੱਦਦ ਲਈ ਜਨਤਕ ਅਪੀਲ ਕੀਤੀ ਗਈ ਹੈ। ਗ਼ਦਬੀ ਬਾਬਿਆਂ ਦਾ ਮੇਲਾ ਇਸ ਵਾਰ ਪਹਿਲਾਂ ਨਾਲੋਂ ਵੀ ਵਿਲੱਖਣ ਰੰਗ ਵਿੱਚ ਰੰਗੇ ਜਾਣ ਦੀਆਂ ਉਤਸ਼ਾਹਜਨਕ ਝਲਕਾਂ ਸਾਹਮਣੇ ਆ ਰਹੀਆਂ ਹਨ। 7, 8 ਅਤੇ 9 ਨਵੰਬਰ ਨੂੰ ਹੋ ਰਹੇ ਤਿੰਨ ਰੋਜ਼ਾ ਮੇਲੇ ਦੀ ਦਸਤਕ ਹੁੰਦਿਆਂ ਹੀ ਹਰ ਰੋਜ਼ ਪ੍ਰਦੇਸ਼ ਤੋਂ ਪਰਿਵਾਰਾਂ ਦੇ ਪਰਿਵਾਰ ਦੇਸ਼ ਭਗਤ ਯਾਦਗਾਰ ਹਾਲ ਆਉਣੇ ਸ਼ੁਰੂ ਹੋ ਗਏ ਹਨ।

ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ ਉਪਰੰਤ ਕੈਲਗਰੀ (ਕਨੇਡਾ) ਤੋਂ ਆਏ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਮੁਖੀਏ ਮਾਸਟਰ ਭਜਨ, ਉਹਨਾਂ ਦੀ ਜੀਵਨ ਸਾਥਣ ਸੁਰਿੰਦਰ ਕੌਰ ਅਤੇ ਉਹਨਾਂ ਨਾਲ ਗ਼ਦਰੀ ਬਾਬਾ ਭਾਨ ਸਿੰਘ ਸੁਨੇਤ ਯਾਦਗਾਰ ਕਮੇਟੀ ਸੁਨੇਤ (ਲੁਧਿਆਣਾ) ਦੇ ਜਸਵੰਤ ਜੀਰਖ, ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਅਤੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਹਰਕੇਸ਼ ਚੌਧਰੀ, ਅਧਿਆਪਕ ਲਹਿਰ, ਸਾਹਿਤਕ ਸਰਗਰਮੀਆਂ ਅਤੇ ਜਗਰਾਓ ਲਾਇਬ੍ਰੇਰੀ ਦੇ ਕਾਮੇ ਮਾਸਟਰ ਜੋਗਿੰਦਰ ਆਜ਼ਾਦ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਿਤਾਬਾਂ ਦੇ ਸੈੱਟ ਭੇਟ ਕਰਕੇ ਨਿੱਘਾ ਸਨਮਾਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਮਾਸਟਰ ਭਜਨ ਨੇ ਕਨੇਡਾ ਵਿੱਚ ਪੁਸਤਕ ਸਭਿਆਚਾਰ, ਰੰਗ ਮੰਚ, ਵਿਚਾਰ-ਚਰਚਾਵਾਂ ਦੀਆਂ ਸਰਗਰਮੀਆਂ, ਗ਼ਦਰੀ ਬਾਬਿਆਂ ਦੇ ਮੇਲੇ ਦੇ ਹਕੀਕੀ ਸਰੂਪ ਬਾਰੇ ਚਰਚਾ ਕੀਤੀ। ਉਹਨਾਂ ਨੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਕਨੇਡਾ) ਦੀ ਤਰਫ਼ੋਂ ਇੱਕ ਹਜ਼ਾਰ ਡਾਲਰ ਗ਼ਦਰੀ ਬਾਬਿਆਂ ਦੇ ਮੇਲੇ ਲਈ ਮੱਦਦ ਦਾ ਐਲਾਨ ਕੀਤਾ। ਸੁਰਿੰਦਰ ਕੌਰ ਕੈਲਗਰੀ, ਜਸਵੰਤ ਜੀਰਖ, ਹਰਕੇਸ਼ ਚੌਧਰੀ ਅਤੇ ਜੋਗਿੰਦਰ ਆਜ਼ਾਦ ਨੇ ਵੀ ਗ਼ਦਰੀ ਮੇਲੇ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਸਰਗਰਮੀਆਂ ਦੀ ਤਹਿ ਦਿਲੋਂ ਸ਼ਲਾਘਾ ਕਰਦੇ ਹੋਏ ਦੇਸ਼ ਭਗਤ ਯਾਦਗਾਰ ਹਾਲ ਲਈ ਆਪਣੀਆਂ ਸੇਵਾਵਾਂ ਅਰਪਿਤ ਕੀਤੀਆਂ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਆਏ ਵਫ਼ਦ ਨੂੰ ਜੀ ਆਇਆਂ ਅਤੇ ਧੰਨਵਾਦ ਦੇ ਸ਼ਬਦ ਕਹਿੰਦਿਆਂ ਕਿਹਾ ਕਿ ਭਵਿੱਖ ਵਿੱਚ ਇਹ ਸਭਿਆਚਾਰਕ ਸਾਂਝ ਦਾ ਪੁੱਲ ਬਣਿਆ ਰਹੇ। ਅੱਜ ਦੋਵੇਂ ਮੀਟਿੰਗਾਂ ਵਿੱਚ ਜਗਜੀਤ ਸਿੰਘ ਸੋਹਲ, ਕਰਨਲ ਜਗਦੀਸ਼ ਬਰਾੜ ਨੂੰ ਸ਼ਰਧਾਂਜ਼ਲੀ ਭੇਂਟ ਕੀਤਾ।

# ਵਟਸਐਪ ਰਾਹੀਂ ਦਰਜ ਕਰਾਈਆਂ ਜਾ ਸਕਦੀਆਂ ਨੇ ਨਗਰ ਨਿਗਮ ਨਾਲ ਸਬੰਧਤ ਸ਼ਿਕਾਇਤਾਂ - ਡਾ. ਅਮਨਦੀਪ ਕੌਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਨਗਰ ਨਿਗਮ ਦੇ ਕਮਿਸ਼ਨਰ ਡਾ. ਅਮਨਦੀਪ ਕੌਰ ਨੇ ਅੱਜ ਇੱਥੇ ਦੱਸਿਆ ਕਿ ਨਿਗਮ ਸ਼ਹਿਰ ਵਾਸੀਆਂ ਨੂੰ ਮੁਕੰਮਲ ਤੌਰ 'ਤੇ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ ਹੈ ਜਿਸ ਤਹਿਤ ਸਮੇਂ-ਸਮੇਂ ਸਿਰ ਲੋੜੀਂਦੇ ਉਪਰਾਲੇ ਅਮਲ ਵਿਚ ਲਿਆਏ ਜਾਂਦੇ ਹਨ। ਕਮਿਸ਼ਨਰ ਡਾ। ਅਮਨਦੀਪ ਕੌਰ ਨੇ ਦੱਸਿਆ ਕਿ ਨਿਗਮ ਵੱਲੋਂ ਇਕ ਹੋਰ ਪਹਿਲਕਦਮੀ ਕਰਦੇ ਹੋਏ ਆਮ ਪਬਲਿਕ ਦੀਆਂ ਸ਼ਿਕਾਇਤਾਂ ਤੁਰੰਤ ਨਿਪਟਾਉਣ ਲਈ ਵੱਖਰੇ ਨਿਗਮ ਕੰਪਲੈਕਸ ਵਿਖੇ ਤੌਰ 'ਤੇ ਸ਼ਿਕਾਇਤ ਸੈੱਲ ਸਥਾਪਤ ਕੀਤਾ ਗਿਆ, ਜਿੱਥੇ ਸਟਾਫ ਨੂੰ ਤਾਇਨਾਤ ਕਰਕੇ ਸ਼ਿਕਾਇਤ ਦਰਜ ਕਰਾਉਣ ਲਈ ਵਟਸਐਪ ਨੰਬਰ 94634-97791 ਜਾਰੀ ਕੀਤਾ ਗਿਆ ਸੀ ਜਿਸ 'ਤੇ ਲੋਕਾਂ ਵੱਲੋਂ ਆਪਣੇ ਮਸਲੇ ਦਰਜ ਕਰਵਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਲੋਕਾਂ ਵੱਲੋਂ ਹੁਣ ਤੱਕ 255 ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਨਗਰ ਨਿਗਮ ਵੱਲੋਂ 250 ਸ਼ਿਕਾਇਤਾਂ ਦਾ ਫੌਰੀ ਤੌਰ 'ਤੇ ਹੱਲ ਕਰਵਾ ਦਿੱਤਾ ਗਿਆ ਹੈ।ਕਮਿਸ਼ਨਰ ਨੇ ਦੱਸਿਆ ਕਿ ਨਿਗਮ ਵੱਲੋਂ ਚਲਾਏ ਇਸ ਵਟਸਅੱਪ ਨੰਬਰ 'ਤੇ ਲੋਕਾਂ ਵਲੋਂ ਸਮੇਂ-ਸਮੇਂ 'ਤੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਕੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਕਰਵਾਇਆ ਗਿਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਵਟਸਐਪ ਨੰਬਰ ਦੀ ਸਹੂਲਤ ਦਾ ਪੂਰਾ ਲਾਹਾ ਲੈਂਦਿਆਂ ਆਪਣੇ ਖੇਤਰਾਂ ਦੀਆਂ ਬੁਨਿਆਦੀ ਸਹੂਲਤਾਂ ਸਬੰਧੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ ਜਿਨ੍ਹਾਂ ਦਾ ਸਮਾਂਬੱਧ ਨਿਪਟਾਰਾ ਯਕੀਨੀ ਬਣਾਇਆ ਜਾਂਦਾ ਹੈ।



# ਖ਼ਾਲਸਾ ਕਾਲਜ ਦੀ ਵਿਦਿਆਰਥਣ ਨਵਲੀਨ ਵਲੋਂ ਪੰਜਾਬ ਯੂਨਿਵਰਸਿਟੀ ਚੋਂ ਤੀਜਾ ਸਥਾਨ ਹਾਸਿਲ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ



ਕਾਲਜ ਗੜ੍ਹਸ਼ੰਕਰ ਵਿਖੇ ਚੱਲ ਰਹੇ ਐਜੂਕੇਸ਼ਨ ਵਿਭਾਗ ਦੇ ਚਾਰ ਸਾਲਾ ਇੰਟਗ੍ਰੇਟਿਡ ਕੋਰਸ ਬੀ.ਏ. ਬੀ.ਐਡ. ਦੂਜੇ ਸਮੈਸਟਰ ਦੀ ਵਿਦਿਆਰਥਣ ਨਵਲੀਨ ਨੇ ਪੰਜਾਬ ਯੂਨੀਵਰਸਿਟੀ ਵਿਚੋਂ ਤੀਜਾ ਸਥਾਨ ਹਾਸਿਲ ਕਰਕੇ ਕਾਲਜ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਐਜੂਕੇਸ਼ਨ ਵਿਭਾਗ ਦੇ ਮੁਖੀ ਡਾ. ਸੰਘਾ ਗੁਰਬਖਸ਼ ਕੌਰ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਵਲੋਂ ਐਲਾਨਿਆ ਗਿਆ ਬੀ.ਏ. ਬੀ.ਐਡ. ਦੂਜੇ ਸਮੈਸਟਰ ਦਾ ਨਤੀਜਾ ਸੋ ਫੀਸਦੀ ਰਿਹਾ ਹੈ ਤੇ ਵਿਦਿਆਰਥਣ ਨਵਲੀਨ ਨੇ 89.9 ਫੀਸਦੀ ਅੰਕ ਹਾਸਿਲ ਕਰਕੇ ਪੰਜਾਬ ਯੂਨੀਵਰਸਿਟੀ ਵਿਚੋਂ ਤੀਜਾ ਅਤੇ ਕਾਲਜ ਵਿਚੋਂ ਪਹਿਲਾ ਸਥਾਨ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਵਿਦਿਆਰਥਣ ਰਾਜਵਿੰਦਰ ਕੌਰ ਨੇ 88.06 ਫੀਸਦੀ ਅੰਕ ਲੈ ਕੇ ਕਾਲਜ ਵਿਚੋਂ ਦੂਜਾ ਅਤੇ ਕੋਮਲਦੀਪ ਨੇ 80.3 ਫੀਸਦੀ ਅੰਕ ਲੈ ਕੇ ਕਲਾਸ ਵਿਚੋਂ ਤੀਜਾ ਸਥਾਨ ਹਾਸਿਲ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਯੂਨੀਵਰਸਿਟੀ ਚੋਂ ਤੀਜਾ ਸਥਾਨ ਹਾਸਿਲ ਵਿਦਿਆਰਥਣ ਨਵਲੀਨ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਉਸਨੂੰ ਵਧਾਈ ਦਿੱਤੀ ਤੇ ਭਵਿੱਖ ਵਿਚ ਹੋਰ ਵੀ ਚੰਗੀ ਪੁਜੀਸ਼ਨ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰੋ. ਲਖਵਿੰਦਰਜੀਤ ਕੌਰ, ਡਾ. ਸੰਘਾ ਗੁਰਬਖਸ਼ ਕੌਰ, ਡਾ. ਨਰੇਸ਼ ਕੁਮਾਰੀ, ਪ੍ਰੋ. ਕਿਰਨਜੋਤ ਕੌਰ, ਪ੍ਰੋ. ਰੀਤੂ ਸਿੰਘ, ਪ੍ਰੋ. ਪ੍ਰਿਅੰਕਾ ਰਾਣੀ ਕੰਵਰ, ਪ੍ਰੋ. ਪ੍ਰਿਅੰਕਾ ਹਾਜ਼ਰ ਹੋਏ।

# ਸੀ.ਐਚ.ਸੀ. ਹਾਰਟਾ ਬਡਲਾ ਵਿਖੇ ਮਨਾਇਆ ਗਿਆ "ਵਿਸ਼ਵ ਪੋਲਿ ਦਿਵਸ"

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾ ਅਤੇ ਸੀਨੀਅਰ ਮੈਡੀਕਲ ਅਫਸਰ ਇੰਚ ਡਾ. ਮਨਪ੍ਰੀਤ ਸਿੰਘ ਬੈਂਸ ਦੀ ਅਗਵਾਈ ਹੇਠ ਅੱਜ ਸੀ.ਐਚ.ਸੀ. ਹਾਰਟਾ ਬਡਲਾ ਵਿਖੇ "ਵਿਸ਼ਵ ਪੋਲਿ ਦਿਵਸ" ਮਨਾਇਆ ਗਿਆ। ਇਸ ਮੌਕੇ ਹਾਜ਼ਰ ਮੈਡੀਕਲ ਅਫਸਰ ਡਾ. ਕੁਲਵੰਤ ਰਾਏ ਨੇ ਦੱਸਿਆ ਕਿ "ਵਿਸ਼ਵ ਪੋਲਿ ਦਿਵਸ" ਹਰ ਸਾਲ 24 ਅਕੂਤਬਰ ਨੂੰ ਮਨਾਇਆ ਜਾਂਦਾ ਹੈ। ਉਨਾਂ ਕਿਹਾ ਭਾਵੇਂ ਭਾਰਤ ਪੋਲਿ ਮੁਕਤ ਹੈ, ਪਰ ਪੋਲਿ ਕੁਝ ਦੇਸ਼ਾਂ ਵਿੱਚ ਹੁਣ ਵੀ ਹੈ ਅਤੇ ਮੁੜ ਵਾਪਿਸ ਆ ਸਕਦਾ ਹੈ। ਇਸ ਲਈ ਆਪਣੇ ਬੱਚੇ ਦੀ ਸਿਹਤ ਸੁਰੱਖਿਆ ਵਿੱਚ ਕੋਈ ਵੀ ਚੂਕ ਨਾ ਹੋਣ ਦਿਓ। ਪੋਲਿ ਦੀ ਖੁਰਾਕ 0-5 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਦਿੱਤੀ ਹੈ ਤਾਂ ਕਿ ਬੱਚਾ ਪੋਲਿ ਦੀ ਬੀਮਾਰੀ ਤੋਂ ਬੱਚਿਆ ਰਹਿ ਸਕੇ ਅਤੇ ਨਾਲ ਹੀ ਦੇਸ਼ ਦੀ ਪੋਲਿ ਉਪਰ ਜਿੱਤ ਨੂੰ ਬਰਕਰਾਰ ਰੱਖਿਆ ਜਾ ਸਕੇ।ਉਨਾਂ ਕਿਹਾ ਕਿ ਭਾਵੇਂ ਬੱਚਾ ਬਿਮਾਰ ਹੈ, ਬੱਚਾ ਨਵਜੰਮਿਆ ਹੈ, ਬੱਚਾ ਸਫਰ ਕਰ ਰਿਹਾ ਹੈ, ਬੱਚੇ ਨੇ ਪਹਿਲਾ ਬੂੰਦਾਂ ਪੀ ਚੁੱਕੀਆਂ ਹੋਣ ਤਾਂ ਵੀ ਬੱਚੇ ਨੂੰ ਦੋ ਬੂੰਦਾਂ ਪੋਲਿ ਦੀ ਖੁਰਾਕ ਦੀਆਂ ਜ਼ਰੂਰ ਪਿਲਾ । ਇਸ ਨਾਲ ਅਸੀਂ ਆਪਣੇ ਬੱਚਿਆਂ ਦੀ ਸਿਹਤ ਸੁਰੱਖਿਆ ਅਤੇ ਭਾਰਤ ਦੇਸ਼ ਨੂੰ ਪੋਲਿ ਮੁਕਤ ਰੱਖਣ ਵਿੱਚ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਾਂ।



# ਵੋਟਾਂ ਰਾਹੀਂ ਵਿਦਿਆਰਥੀ-ਆਗੂਆਂ ਦੀ ਚੋਣ; ਹਰ ਹਫ਼ਤੇ ਜੁੜੇਗੀ ਵਿਦਿਆਰਥੀ-ਪਾਰਲੀਮੈਂਟ



**ਲਹਿਰਾਗਾਗਾ, (ਦਲਜੀਤ ਕੌਰ):** ਲੋਕਤੰਤਰ ਦੀ ਮੁੱਢਲੀ ਸਿਖਲਾਈ ਲਈ ਸੀਬਾ ਇੰਟਰਨੈਸ਼ਨਲ ਸਕੂਲ, ਲਹਿਰਾਗਾਗਾ ਦੀ ਵਿਦਿਆਰਥੀ-ਪਾਲੀਮੈਂਟ ਲਈ ਕਰਵਾਈਆਂ ਚੋਣਾਂ ਦੌਰਾਨ ਸਕੂਲ ਹੈਡ-ਬੁਆਏ, ਹੈਡ-ਗਰਲ, ਕਲਾਸ-ਲੀਡਰ ਦੇ ਨਾਲ-ਨਾਲ ਖੇਡਾਂ, ਅਨੁਸ਼ਾਸਨ ਅਤੇ ਸੱਭਿਆਚਾਰਕ ਗਤੀਵਿਧੀਆਂ ਲਈ ਆਗੂਆਂ ਦੀ ਚੋਣ ਕੀਤੀ ਗਈ। ਇਸ ਚੋਣ-ਪ੍ਰਕਿਰਿਆ ਵਿੱਚ ਬਕਾਇਦਾ ਚੋਣ-ਨਿਸ਼ਾਨ, ਬੈਲਟ-ਪੇਪਰ, ਆਦਿ ਦਾ ਪ੍ਰਬੰਧ ਕੀਤਾ ਗਿਆ। ਉਮੀਦਵਾਰਾਂ ਦੇ ਫਾਰਮ ਭਰਨ ਲਈ ਬਕਾਇਦਾ ਨਿਯਮ ਬਣਾਏ ਗਏ ਸਨ ਅਤੇ ਪਰਚੀ ਪਾ ਕੇ ਚੋਣ-ਨਿਸ਼ਾਨ ਵੰਡੇ ਗਏ। ਵਿਦਿਆਰਥੀਆਂ ਅੰਦਰ ਵੋਟਾਂ ਲਈ ਐਨਾ ਉਤਸ਼ਾਹ ਸੀ ਕਿ ਉਮੀਦਵਾਰਾਂ ਨੇ ਆਪਣੇ ਸਮਰਥਕਾਂ ਨੂੰ ਵੋਟਾਂ ਲਈ ਨਿਰਧਾਰਤ ਦਿਨ ਗੈਰ-ਹਾਜ਼ਰ ਨਾ ਰਹਿਣ ਲਈ ਪ੍ਰੇਰਿਆ।

ਇਸ ਸਮੇਂ ਹੈਡ-ਗਰਲ ਬਣੀ ਅਵਨੀਤ ਕੌਰ ਰਾਮਪੁਰਾ ਜਵਾਹਰਵਾਲ਼ਾ ਨੂੰ 259, ਜਦੌ ਕਿ ਉਸਦੇ ਮੁਕਾਬਲੇ ਚੋਣ ਲੜ ਰਹੀਆਂ ਹਰਸਿਮਰਤ ਕੌਰ ਗਾਗਾ ਨੂੰ 171 ਅਤੇ ਦਮਨਪ੍ਰੀਤ ਕੌਰ ਨੂੰ 150 ਵੋਟਾਂ ਮਿਲੀਆਂ। ਹੈਡ-ਬੁਆਏ ਦੀ ਪੋਸਟ ਲਈ ਕਰਨਦੀਪ ਸਿੰਘ ਮੋਜਵਾਲ ਨੂੰ 385 ਅਤੇ ਉਸਦੇ ਮੁਕਾਬਲੇ ਦੇ ਉਮੀਦਵਾਰ ਜਸਕਰਨ ਸਿੰਘ ਚੀਮਾਂ ਨੂੰ 196 ਵੋਟਾਂ ਮਿਲੀਆਂ। ਡਸਿਪਲਿਨ-ਲੀਡਰ ਲਈ ਸ਼ਗਨਪ੍ਰੀਤ ਕੌਰ ਜਵਾਹਰਵਾਲ਼ਾ ਨੇ 166 ਵੋਟਾਂ ਹਾਸਿਲ ਕਰਕੇ ਜਿੱਤ ਹਾਸਿਲ ਕੀਤੀ, ਜਦੋਂਕਿ ਜਸਪ੍ਰੀਤ ਕੌਰ ਸੰਗਤਪੁਰਾ ਨੂੰ 104 ਅਤੇ ਖ਼ੁਸ਼ਦੀਪ ਕੌਰ ਨੂੰ 88 ਵੋਟਾਂ ਮਿਲੀਆਂ। ਜਦੋਂਕਿ ਦਿਪਾਂਸ਼ੂ ਸੰਗਤਪੁਰਾ ਸਪੋਰਟਸ-ਲੀਡਰ ਅਤੇ ਸਮਨਪ੍ਰੀਤ ਕੌਰ ਵਿਰਕ ਨੂੰ ਸੱਭਿਆਚਾਰਕ-ਲੀਡਰ ਵਜੋਂ ਸਰਬ-ਸੰਮਤੀ ਨਾਲ ਚੁਣੇ ਗਏ।

26 ਜਮਾਤਾਂ ਦੇ ਲੀਡਰਾਂ ਦੀ ਚੋਣ ਵੀ ਸਰਬ-ਸੰਮਤੀ ਨਾਲ ਹੋਈ। ਜਦੋਂਕਿ 23 ਕਲਾਸਾਂ ਦੇ ਲੀਡਰਾਂ ਲਈ ਹੋਈ ਚੋਣ ਦੌਰਾਨ ਫਸਵੇਂ-ਮੁਕਾਬਲੇ ਵੇਖਣ ਨੂੰ ਮਿਲੇ। ਫੈਸਲਾ ਕੀਤਾ ਗਿਆ ਕਿ ਹਰ ਸੋਮਵਾਰ ਵਿਦਿਆਰਥੀ-ਪਾਰਲੀਮੈਂਟ ਦੌਰਾਨ ਇਹ ਲੀਡਰ ਵੱਖ-ਵੱਖ ਮਸਲਿਆਂ 'ਤੇ ਵਿਚਾਰ-ਚਰਚਾ ਕਰਿਆ ਕਰਨਗੇ।

ਜੇਤੂ ਉਮੀਦਵਾਰਾਂ ਨੇ ਆਪਣੀ ਜਿੱਤ ਲਈ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸੀਬਾ ਚੋਣ-ਕਮਿਸ਼ਨ ਵਜੋਂ ਰਣਦੀਪ ਸੰਗਤਪੁਰਾ, ਪਿੰਕੀ ਸ਼ਰਮਾ, ਆਸ਼ਾ ਗੋਇਲ, ਮਨਪ੍ਰੀਤ ਕੌਰ, ਬੇਅੰਤ ਕੌਰ ਅਤੇ ਰਾਜਵਿੰਦਰ ਕੌਰ ਨੇ ਡਿਊਟੀ ਨਿਭਾਈ। ਸਕੂਲ-ਪ੍ਰਬੰਧਕ ਕੰਵਲਜੀਤ ਸਿੰਘ ਢੀਂਡਸਾ, ਮੈਡਮ ਅਮਨ ਢੀਂਡਸਾ, ਪ੍ਰਿੰਸੀਪਲ ਸੁਨੀਤਾ ਨੰਦਾ ਨੇ ਚੁਣੇ ਗਏ ਵਿਦਿਆਰਥੀ-ਆਗੂਆਂ ਨੂੰ ਵਧੇਰੇ ਜਿੰਮੇਵਾਰੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।

# ਡਾ. ਰਵਜੋਤ ਨੂੰ ਮੰਤਰੀ ਬਣਨ ਤੇ ਕੀਤਾ ਗਿਆ ਸਨਮਾਨਿਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪਿਛਲੇ ਦਿੱਨੀ ਡਾ. ਰਵਜੋਤ ਸਿੰਘ ਜੋਕਿ ਸਥਾਨਕ ਸਰਕਾਰ ਮੰਤਰੀ ਬਣੇ ਹਨ ਉਹਨਾਂ ਨੂੰ ਕੁਲਵੰਤ ਸਿੰਘ ਸੈਣੀ ਸਰਪ੍ਰਸਤ ਮਿਊਂਸਪਲ ਮੁਲਾਜਮ ਐਕਸ਼ਨ ਕਮੇਟੀ ਪੰਜਾਬ ਅਤੇ ਸਫਾਈ ਕਰਮ-ਚਾਰੀ ਯੂਨੀਅਨ ਦੇ ਵਾਈਸ ਪ੍ਰਧਾਨ ਸੋਮ ਨਾਥ ਆਦੀਆ ਵਲੋਂ ਪੂਰੀ ਟੀਮ ਨਾਲ ਸਨਮਾਨਿਤ ਕੀਤਾ ਗਿਆ ਅਤੇ ਸੋਮਨਾਥ ਆਦੀਆਂ ਵਲੋਂ ਇੱਕ ਮੰਗ ਪੱਤਰ ਦਿੰਦੇ ਹੋਏ ਲੋਕਲ ਕਾਰਪੋਰੇਸ਼ਨ ਵਿਚ ਜੋ ਸਫਾਈ ਸੇਵਕ ਅਤੇ ਸੀਵਰਮੈਨ ਇੰਨਸੋਰਸ ਹੋਏ ਹਨ ਉਹਨਾਂ ਨੂੰ ਪੱਕਾ ਕਰਨਾ ਅਤੇ ਪਰਖਕਾਲ ਸਮਾਂ ਘੱਟ ਕਰਨ ਬਾਰੇ ਵੀ ਗੱਲਬਾਤ ਕੀਤੀ ਗਈ। ਮੁਲਾਜਮਾਂ ਨੂੰ ਪੱਕਾ ਕਰਨ ਨਾਲ ਸਰਕਾਰ ਨੂੰ ਕੋਈ ਜਿਆਦਾ ਵਿੱਤੀ ਫਰਕ ਨਹੀਂ ਪੈ ਰਿਹਾ। ਇਸ ਦੇ ਨਾਲ ਹੀ ਬਾਕੀ ਵੱਖ-ਵੱਖ ਮਹਿਕਮਿਆਂ ਵਿਚ ਸਾਰੀਆਂ ਕੈਟਗਾਰੀਆਂ ਜੋ ਆਊਟਸੋਰਸ ਤੇ ਹਨ ਨੂੰ ਵੀ ਇਨਸੋਰਸ ਕਰਨ ਬਾਰੇ ਗੱਲਬਾਤ ਕੀਤੀ ਗਈ। ਇੱਥੇ ਇਹ ਵੀ ਦੱਸਣਯੋਗ ਹੋਵੇਗਾ ਕਿ ਸਰਕਾਰ ਬਣੀ ਨੂੰ ਢਾਈ-ਤਿੰਨ ਸਾਲ ਹੋ ਚੁੱਕੇ ਹਨ ਸਰਕਾਰ ਜਿਹਨਾਂ ਮੁੱਦਿਆਂ ਤੇ ਬਣੀ ਸੀ ਉਸ ਉੱਪਰ ਪੂਰਾ ਨਹੀਂ ਉੱਤਰੀ ਅਤੇ ਨਾ ਹੀ ਇੰਨੇ ਸਮੇਂ ਦੌਰਾਨ ਮੁਲਾਜਮ ਜਥੇਬੰਦੀ ਨਾਲ ਕੋਈ ਗੱਲਬਾਤ ਹੀ ਕਰ ਸਕੀ ਹੈ, ਜਿਸ ਕਰਕੇ ਮੁਲਾਜਮਾਂ ਵਿਚ ਬਹੁਤ ਵੱਡਾ ਰੋਸ ਹੈ। ਇਸ ਦੇ ਨਾਲ ਇਹ ਵੀ ਦੱਸਣਾ ਹੈ ਕਿ ਸਥਾਨਕ ਸਰਕਾਰ ਵਿਚ ਜੋ ਦਰਜਾ-4 ਜਾਂ ਦਰਜਾ-3 ਭਰਤੀ ਹੁੰਦੇ ਹਨ ਉਹ ਪਹਿਲਾਂ ਲੋਕਲ ਪੱਧਰ ਤੇ ਹੁੰਦੇ ਸਨ, ਪਰੰਤੂ ਪੰਜਾਬ ਦੇ ਨਗਰ ਕੌਂਸਲਾਂ ਦੇ ਪ੍ਰਧਾਨ ਅਤੇ ਮੇਅਰ ਨਗਰ ਨਿਗਮ ਪਤਾ ਨਹੀਂ ਕਿਸ ਗੱਲੋ ਸਰਕਾਰ ਤੋਂ ਡਰਦੇ ਹਨ, ਸਰਕਾਰ ਭਰਤੀ ਕਰਕੇ ਲੋਕਲ ਦਫਤਰਾਂ ਵਿਚ ਮੁਲਾਜਮ ਭੇਜ ਰਹੀ ਹੈ ਅਤੇ ਉਹ ਮੁਲਾਜਮ ਬਾਹਰਲੇ ਸ਼ਹਿਰਾਂ ਦੇ ਹੋਣ ਕਾਰਨ ਬਦਲੀ ਕਰਵਾ ਕੇ ਉੱਥੇ ਚਲੇ ਜਾਂਦੇ ਹਨ। ਮੰਤਰੀ ਜੀ ਪਾਸੋਂ ਮੀਟਿੰਗਾਂ ਦਾ ਸਮਾਂ ਮੰਗਿਆ ਗਿਆ ਅਤੇ ਉਹਨਾਂ ਵਲੋਂ ਵਿਸ਼ਵਾਸ ਦੁਆਇਆ ਗਿਆ ਕਿ ਅਗਲੇ ਹਫਤੇ ਦੇ ਵਿਚ ਮੀਟਿੰਗ ਹੋ ਕੀਤੀ ਜਾਵੇਗੀ। ਇਸ ਮੌਕੇ ਦਲੀਪ ਕੁਮਾਰ ਪ੍ਰਧਾਨ, ਕੈਲਾਸ਼, ਬੰਟੀ ਅਤੇ ਹੋਰ ਮੁਲਾਜਮ ਸ਼ਾਮਿਲ ਸਨ।

# ਭਾਕਿਯੂ ਉਗਰਾਹਾਂ ਵੱਲੋਂ ਝੋਨੇ ਦੀ ਨਿਰਵਿਘਨ ਖਰੀਦ ਲਈ ਭਗਵੰਤ ਮਾਨ ਦੇ ਧੂਰੀ ਦਫ਼ਤਰ ਅੱਗੇ ਮੋਰਚਾ ਲਾਉਣ ਨਾਲ ਪੱਕੇ ਮੋਰਚਿਆਂ ਦੀ ਗਿਣਤੀ ਹੋਈ 52

**ਚੰਡੀਗੜ੍ਹ, (ਦਲਜੀਤ ਕੌਰ)** ਝੋਨੇ ਦੀ ਨਿਰਵਿਘਨ ਖ੍ਰੀਦ ਅਤੇ ਚੁਕਾਈ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ 10 ਦਿਨਾਂ ਤੋਂ ਟੌਲ ਪਰਚੀ ਮੁਕਤ ਅਤੇ ਸਿਆਸੀ ਆਗੂਆਂ ਦੇ ਘਰਾਂ ਦਫ਼ਤਰਾਂ ਅੱਗੇ ਦਿਨ ਰਾਤ ਚੱਲ ਰਹੇ ਪੱਕੇ ਮੋਰਚਿਆਂ ਵਿੱਚ ਕੱਲ੍ਹ ਤੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਧੂਰੀ ਦਫ਼ਤਰ ਅੱਗੇ ਮੋਰਚਾ ਲਾਉਣ ਨਾਲ ਕੁੱਲ ਗਿਣਤੀ 52 ਹੋ ਗਈ ਹੈ।



ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕੇਂਦਰੀ ਖੁਰਾਕ ਮੰਤਰਾਲੇ ਵੱਲੋਂ ਪੰਜਾਬ ਦੇ ਚੌਲਾਂ ਦੇ ਨਮੂਨੇ ਫੇਲ੍ਹ ਹੋਣ ਵਾਲੀ ਰਿਪੋਰਟ ਨੂੰ ਝੋਨੇ ਦੀ ਖ੍ਰੀਦ ਤੋਂ ਮੋਦੀ ਸਰਕਾਰ ਵੱਲੋਂ ਭੱਜਣ ਦੀ ਸਾਜ਼ਿਸ਼ ਕਰਾਰ ਦਿੰਦਿਆਂ ਇਸ ਦੀ ਸਖ਼ਤ ਨਿਖੇਧੀ ਕੀਤੀ ਹੈ। ਕਈ ਮੰਡੀਆਂ ਵਿੱਚ ਨਮੀ ਮਾਪਣ ਦੀਆਂ ਮਸ਼ੀਨਾਂ ਸ਼ੈਲਰ ਮਾਲਕਾਂ ਦੇ ਮੁਨੀਮ ਚਲਾ ਰਹੇ ਹਨ, ਜਦੋਂ ਕਿ ਅਸੂਲ ਮੁਤਾਬਿਕ ਇਹ ਕੰਮ ਸਿਰਫ਼ ਮਾਰਕੀਟ ਕਮੇਟੀ ਮੁਲਾਜ਼ਮਾਂ ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਚੁਕਾਈ ਦਾ ਕੰਮ ਵੀ ਨਾਂਮਾਤਰ ਹੀ ਹੋ ਰਿਹਾ ਹੈ, ਜਦੋਂ ਕਿ ਅੱਧਿ ਵੱਧ ਝੋਨਾ ਅਜੇ ਮੰਡੀਆਂ ਵਿੱਚ ਆਉਣਾ ਹੈ।

ਅੱਜ ਦੇ ਸਮੂਹ ਮੋਰਚਿਆਂ ਵਿੱਚ ਕਿਸਾਨਾਂ ਮਜ਼ਦੂਰਾਂ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਮੁੱਖ ਬੁਲਾਰਿਆਂ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਹਰਦੀਪ ਸਿੰਘ ਟੱਲੇਵਾਲ, ਜਗਤਾਰ ਸਿੰਘ ਕਾਲਾਝਾੜ, ਜਨਕ ਸਿੰਘ ਭੁਟਾਲ, ਹਰਿੰਦਰ ਕੌਰ ਬਿੰਦੂ, ਕਮਲਜੀਤ ਕੌਰ ਬਰਨਾਲਾ ਅਤੇ ਕੁਲਦੀਪ ਕੌਰ ਕੁੱਸਾ ਤੋਂ ਇਲਾਵਾ ਸੰਬੰਧਤ ਜ਼ਿਲ੍ਹਾ ਅਤੇ ਬਲਾਕ ਪੱਧਰਾਂ ਦੇ ਸੈਂਕੜੇ ਆਗੂਆਂ ਨੇ ਝੋਨੇ ਦੀ ਨਿਰਵਿਘਨ ਖਰੀਦ ਅਤੇ ਚੁਕਾਈ ਬਾਰੇ ਪੱਕੇ ਮੋਰਚਿਆਂ ਦੀਆਂ ਮੰਗਾਂ ਦੁਹਰਾਈਆਂ ਅਤੇ ਐਲਾਨ ਕੀਤਾ ਕਿ ਇਹ ਮੋਰਚੇ ਲਗਾਤਾਰ ਜਾਰੀ ਰੱਖੇ ਜਾਣਗੇ।

ਪਰਾਲੀ ਦੇ ਅੱਗ ਰਹਿਤ ਨਿਪਟਾਰੇ ਲਈ ਲੋੜੀਂਦੀਆਂ ਮਸ਼ੀਨਾਂ ਗ੍ਰੀਨ ਟ੍ਰਿਬਿਊਨਲ ਵੱਲੋਂ ਸਰਕਾਰ ਦੁਆਰਾ 2 ਏਕੜ ਤੱਕ ਮਾਲਕੀ ਵਾਲੇ ਕਿਸਾਨਾਂ ਨੂੰ ਕਿਰਾਇਆ ਮੁਕਤ, 2 ਤੋਂ 5 ਏਕੜ ਤੱਕ ਉੱਕਾ ਪੁੱਕਾ 2000 ਰੁਪਏ ਅਤੇ 5 ਏਕੜ ਤੋਂ ਵੱਧ ਉੱਕਾ ਪੁੱਕਾ 50000 ਰੁਪਏ ਕਿਰਾਏ 'ਤੇ ਮੁਹੱਈਆ ਕਰਾਉਣ ਦੀਆਂ ਹਦਾਇਤਾਂ ਨੂੰ ਟਿੱਚ ਜਾਨਣ ਦੀ ਸਖ਼ਤ ਨਿਖੇਧੀ ਕੀਤੀ ਅਤੇ ਮਜਬੂਰੀ ਵੱਸ ਪਰਾਲ਼ੀ ਸਾੜਨ ਵਾਲੇ ਕਿਸਾਨਾਂ ਵਿਰੁੱਧ ਮੁਕੱਦਮੇ ਜੁਰਮਾਨੇ ਵਰੰਟ ਲਾਲ ਐਂਟ੍ਰੀਆਂ ਦਾ ਜਾਬਰ ਸਿਲਸਿਲਾ ਤੁਰੰਤ ਬੰਦ ਕਰਕੇ ਇਹ ਹਦਾਇਤਾਂ ਲਾਗੂ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਵਿਰੁੱਧ ਕਾਰਵਾਈ ਨਾ ਕਰਨ ਵਾਲੇ ਪੁਲਿਸ ਅਫਸਰਾਂ ਵਿਰੁੱਧ ਕਾਰਵਾਈ ਦਾ ਹੁਕਮ ਤਾਂ ਚਾੜ੍ਹ ਦਿੱਤਾ ਪ੍ਰੰਤੂ ਨਸ਼ਾ ਤਸਕਰਾਂ ਬਾਰੇ ਅਜਿਹਾ ਹੁਕਮ ਕਿਉਂ ਨਹੀਂ ਕੀਤਾ ਜਦੋਂ ਕਿ ਨਸ਼ੇ ਪੰਜਾਬ ਦੀ ਜਵਾਨੀ ਨੂੰ ਤਬਾਹ ਕਰ ਰਹੇ ਹਨ। ਇਸ ਦੇ ਨਾਲ਼ ਹੀ ਬੁਲਾਰਿਆਂ ਨੇ ਪੰਜਾਬ ਸਰਕਾਰ ਤੇ ਦੋਸ਼ ਲਾਉਂਦਿਆਂ ਕਿਹਾ ਕਿ ਖੇਤੀ ਨੂੰ ਫੇਲ੍ਹ ਕਰਨ ਲਈ ਸਰਕਾਰ ਨੇ ਡੀਏਪੀ ਦਾ ਸਟਾਕ 30% ਘੱਟ ਮੰਗਵਾਇਆ ਹੈ। ਉਹਨਾਂ ਡੀ ਏ ਪੀ ਦੀ ਬਿਨਾਂ ਸ਼ਰਤ ਨਿਰਵਿਘਨ ਸਪਲਾਈ ਦੀ ਗਰੰਟੀ ਕਰਨ ਦੀ ਮੰਗ ਉੱਤੇ ਵੀ ਜ਼ੋਰ ਦਿੱਤਾ। ਕਿਸਾਨ ਆਗੂਆਂ ਨੇ ਕਿਸਾਨਾਂ ਦੀਆਂ ਇਨ੍ਹਾਂ ਹੱਕੀ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਨ ਲਈ ਕੇਂਦਰ ਤੇ ਪੰਜਾਬ ਦੀਆਂ ਦੋਨਾਂ ਸਰਕਾਰਾਂ ਨੂੰ ਦੋਸ਼ੀ ਠਹਿਰਾਇਆ ਜਿਹੜੀਆਂ ਛੋਟੇ ਦਰਮਿਆਨੇ ਕਿਸਾਨਾਂ ਨੂੰ ਆਰਥਿਕ ਪੱਖੋਂ ਤਬਾਹ ਕਰਕੇ ਜ਼ਮੀਨਾਂ ਹਥਿਆਉਣ ਵਾਲੀ ਸੰਸਾਰ ਵਪਾਰ ਸੰਸਥਾ ਦੀ ਕਾਰਪੋਰੇਟ ਪੱਖੀ ਖੁੱਲ੍ਹੀ ਮੰਡੀ ਦੀ ਨੀਤੀ ਮੜ੍ਹਨ 'ਤੇ ਉਤਾਰੂ ਹਨ।

ਅੱਜ ਵੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਕੁੱਝ ਮੋਰਚਿਆਂ ਵਿੱਚ ਸ਼ਮੂਲੀਅਤ ਕੀਤੀ ਗਈ। ਬੁਲਾਰਿਆਂ ਵੱਲੋਂ ਸਮੂਹ ਪਿੰਡਾਂ ਦੇ ਕਿਸਾਨਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਗਿਆ ਕਿ ਸਰਕਾਰਾਂ ਦੇ ਇਸ ਕਿਸਾਨ ਮਾਰੂ ਤੇ ਕਾਰਪੋਰੇਟ ਪੱਖੀ ਹਮਲੇ ਨੂੰ ਮਾਤ ਦੇਣ ਲਈ ਪੱਕੇ ਮੋਰਚਿਆਂ ਵਿੱਚ ਪੂਰੇ ਜੋਸ਼ ਅਤੇ ਧੜੱਲੇ ਨਾਲ ਵੱਧ ਤੋਂ ਵੱਧ ਗਿਣਤੀ ਨਾਲ ਪਰਿਵਾਰਾਂ ਸਮੇਤ ਕਾਫ਼ਲੇ ਬੰਨ੍ਹ ਕੇ ਪੁੱਜਿਆ ਜਾਵੇ। ਇਉਂ ਕਰਨ ਨਾਲ ਹੀ ਜਿੱਤ ਦੀ ਗਰੰਟੀ ਹੋਵੇਗੀ ਅਤੇ ਕਿਸਾਨਾਂ ਵੱਲੋਂ ਮਹਿੰਗੇ ਖ਼ਰਚਿਆਂ ਨਾਲ ਲਹੂ ਪਸੀਨਾ ਇੱਕ ਕਰਕੇ ਪਾਲ਼ੇ ਗਏ ਝੋਨੇ ਦੀ ਬੇਕਦਰੀ ਖਤਮ ਹੋਵੇਗੀ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਮਨਾਇਆ ਗਿਆ ਆਪਣਾ 12ਵਾਂ ਸਥਾਪਨਾ ਦਿਵਸ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ (ਡੀ.ਬੀ.ਯੂ.) ਵੱਲੋਂ ਆਪਣਾ 12ਵਾਂ ਸਥਾਪਨਾ ਦਿਵਸ ਮਨਾਇਆ ਗਿਆ ਜਿਸ ਦੌਰਾਨ ਆਯੋਜਿਤ ਇਕ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਫੈਕਲਟੀ, ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ। ਇਸ ਸਮਾਗਮ ਦੇ ਜਸ਼ਨ ਨਾਲ ਦੇਸ਼ ਭਗਤ ਯੂਨੀਵਰਸਿਟੀ ਨੇ ਸਿੱਖਿਆ ਵਿੱਚ ਵਿਕਾਸ, ਉੱਤਮਤਾ ਅਤੇ ਵਿਸ਼ਵਵਿਆਪੀ ਪਹੁੰਚ ਦੀ ਵਿਰਾਸਤ ਨੂੰ ਉਜਾਗਰ ਕੀਤਾ।



ਇਸ ਸਮਾਗਮ ਦੀ ਮਹੱਤਤਾ ਨੂੰ ਵਧਾਉਂਦੇ ਹੋਏ, ਐਡਵੋਕੇਟ ਸ. ਹਰਦੇਵ ਸਿੰਘ ਨੇ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਪ੍ਰੇਰਨਾ ਭਰੇ ਸ਼ਬਦਾਂ ਨਾਲ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕੀਤੀ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ ਤਜਿੰਦਰ ਕੌਰ ਨੇ ਡੀ.ਬੀ.ਯੂ. ਦੇ ਭਵਿੱਖ ਲਈ ਆਪਣਾ ਦ੍ਰਿਸ਼ਟੀਕੋਣ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ "ਸਾਡੀ ਯੂਨੀਵਰਸਿਟੀ ਦੀ ਸਥਾਪਨਾ ਸਮਾਵੇਸ਼ੀ, ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਕੀਤੀ ਗਈ ਹੈ ਜੋ ਵਿਅਕਤੀਆਂ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ ਅਤੇ ਸਮੁੱਚੇ ਸਮਾਜ ਨੂੰ ਲਾਭ ਪਹੁੰਚਾਉਂਦੀ ਹੈ। ਡੀਬੀਯੂ ਆਪਣੀ ਵਿਸ਼ਵਵਿਆਪੀ ਮੌਜੂਦਗੀ ਦਾ ਵਿਸਥਾਰ ਕਰਨ, ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਵਿਸ਼ਵ ਭਰ ਦੇ ਵਿਦਿਆਰਥੀਆਂ ਲਈ ਮੌਕੇ ਅਤੇ ਸਿੱਖਣ ਦੇ ਇੱਕ ਕੇਂਦਰ ਵਜੋਂ ਸਥਾਪਿਤ ਹੈ।

ਇਸ ਦੌਰਾਨ ਪ੍ਰੋ ਚਾਂਸਲਰ ਡਾ ਤਜਿੰਦਰ ਕੌਰ ਵੀ ਵਿਸ਼ੇਸ਼ ਤੌਰ 'ਤੇ ਹਾਜਰ ਸਨ। ਆਪਣੇ ਸੰਬੋਧਨ ਵਿੱਚ ਵਾਈਸ ਚਾਂਸਲਰ ਡਾ. ਅਭਿਜੀਤ ਜੋਸ਼ੀ ਨੇ ਉੱਤਮਤਾ ਅਤੇ ਖੋਜ ਲਈ ਡੀ.ਬੀ.ਯੂ. ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ "ਜਦੋਂ ਅਸੀਂ ਭਵਿੱਖ ਵੱਲ ਦੇਖਦੇ ਹਾਂ, ਸਾਡਾ ਉਦੇਸ਼ ਡੀ.ਬੀ.ਯੂ. ਨੂੰ ਅਤਿ-ਆਧੁਨਿਕ ਗਿਆਨ ਦੇ ਕੇਂਦਰ ਅਤੇ ਵਿਸ਼ਵ ਸਿੱਖਿਆ ਵਿੱਚ ਇੱਕ ਆਗੂ ਵਜੋਂ ਅੱਗੇ ਵਧਾਉਣਾ ਹੈ। ਅਸੀਂ ਆਪਣੀਆਂ ਖੋਜ ਪਹਿਲਕਦਮੀਆਂ ਨੂੰ ਅੱਗੇ ਵਧਾਉਣ ਅਤੇ ਅਕਾਦਮਿਕ ਖੇਤਰ ਵਿੱਚ ਨਵੇਂ ਮਿਆਰ ਸਥਾਪਤ ਕਰਨ ਲਈ ਸਮਰਪਿਤ ਹਾਂ।"

ਸਮਾਗਮ ਦੌਰਾਨ ਵਿਦਿਆਰਥੀਆਂ ਦੁਆਰਾ ਰੰਗਾਂਰੰਗ ਸੱਭਿਆਚਾਰਕ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ ਗਈਆਂ, ਜੋ ਕਿ ਯੂਨੀਵਰਸਿਟੀਦੀ ਵਿਭਿੰਨਤਾ ਅਤੇ ਪ੍ਰਤਿਭਾ ਨੂੰ ਦਰਸਾਉਂਦੀਆਂ ਸਨ। ਵਿਦਿਆਰਥੀਆਂ ਨੇ ਵੱਖ-ਵੱਖ ਭਾਰਤੀ ਰਾਜਾਂ ਤੋਂ ਸੱਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਆਪਣੀ ਵਿਲੱਖਣ ਪ੍ਰਤਿਭਾ ਅਤੇ ਪਰੰਪਰਾਵਾਂ ਦਾ ਪ੍ਰਦਰਸ਼ਨ ਕਰਕੇ ਆਪਣੀ ਸ਼ਮੂਲੀਅਤ ਪੇਸ਼ ਕੀਤੀ।

ਵਾਈਸ ਪ੍ਰੈਜ਼ੀਡੈਂਟ ਡੀ.ਬੀ.ਯੂ. ਡਾ: ਹਰਸ਼ ਸਦਾਵਰਤੀ ਨੇ ਵਿਸ਼ੇਸ਼ ਮਹਿਮਾਨਾਂ ਅਤੇ ਹਾਜ਼ਰੀ ਭਰਨ ਵਾਲੇ ਸਾਰਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ "ਸਾਡੇ ਡੀਬੀਯੂ ਪਰਿਵਾਰ – ਵਿਦਿਆਰਥੀਆਂ, ਮਾਪਿਆਂ, ਫੈਕਲਟੀ ਅਤੇ ਸਟਾਫ਼ ਦਾ – ਇਸ ਸੰਸਥਾ ਨੂੰ ਅੱਜ ਦੀ ਸਥਿਤੀ ਵਿੱਚ ਬਣਾਉਣ ਵਿੱਚ ਉਨ੍ਹਾਂ ਵਚਨਬੱਧਤਾ ਅਤੇ ਸਮਰਥਨ ਲਈ ਧੰਨਵਾਦ। ਇਕੱਠੇ ਮਿਲ ਕੇ, ਅਸੀਂ ਇੱਕ ਉੱਜਵਲ ਭਵਿੱਖ ਨੂੰ ਆਕਾਰ ਦੇ ਰਹੇ ਹਾਂ ਅਤੇ ਡੀਬੀਯੂ ਦੀ ਵਿਰਾਸਤ ਨੂੰ ਬਰਕਰਾਰ ਰੱਖ ਰਹੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਕਈ ਹੋਰ ਸਾਲਾਂ ਦੀਆਂ ਪ੍ਰਾਪਤੀਆਂ, ਨਵੀਨਤਾ ਅਤੇ ਪ੍ਰਭਾਵ ਦੀ ਉਮੀਦ ਰੱਖਦੀ ਹੈ ਕਿਉਂਕਿ ਇਹ ਸਸ਼ਕਤੀਕਰਨ ਅਤੇ ਸਿੱਖਿਆ ਦੇਣ ਦੇ ਆਪਣੇ ਮਿਸ਼ਨ ਨੂੰ ਜਾਰੀ ਰੱਖਦੀ ਹੈ।

# ਭਗਵੰਤ ਮਾਨ ਸਰਕਾਰ ਸਭ ਤੋਂ ਨਿਕੰਮੀ ਤੇ ਹਰ ਫਰੰਟ 'ਤੇ ਫੇਲ ਸਰਕਾਰ ਸਾਬਤ ਹੋਈ - ਵਿਜੈ ਸਾਂਪਲਾ

**ਫਗਵਾੜਾ (ਬੀ.ਕੇ. ਰੱਤੂ)–** ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਪ ਸਰਕਾਰ ਹਰ ਮੋਰਚੇ ਤੇ ਫੇਲ੍ਹ ਹੋਈ ਹੈ। ਭਗਵੰਤ ਮਾਨ ਸਰਕਾਰ ਦੇ ਰਾਜ ਵਿੱਚ ਕਿਸਾਨ, ਮਜਦੂਰ, ਵਿਉਪਾਰੀ, ਕਰਮਚਾਰੀ ਦੁੱਖੀ ਹਨ ਅਤੇ ਆਪਣੇ ਹੱਕਾਂ ਦੀ ਮੰਗ ਕਰਦਾ ਹੋਇਆ ਹੜਤਾਲ ਹੈ ਜਾਂ ਹੋਰ ਵਿਰੋਧ ਤਰੀਕਿਆਂ ਦਾ ਸਹਾਰਾ ਲੈ ਰਹੇ ਹਨ, ਪਰ ਉਹਨਾਂ ਦੀ ਆਵਾਜ਼ ਸੁਣਨ ਵਾਲੀ ਸਰਕਾਰ ਅੰਨੀ ਤੇ ਬੋਲੀ ਹੈ। ਉਕਤ ਵਿਚਾਰਾ ਦਾ ਪ੍ਰਗਟਾਵਾ ਸ਼੍ਰੀ ਵਿਜੈ ਸਾਂਪਲਾ ਸਾਬਕਾ ਕੇਂਦਰੀ ਰਾਜ ਮੰਤਰੀ ਨੇ ਸਥਾਨਿਕ ਹੋਟਲ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਸਾਂਪਲਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਨਲਾਇਕੀ ਕਾਰਨ ਕਿਸਾਨਾਂ ਦਾ ਝੋਨਾ ਮੰਡੀਆਂ ਵਿੱਚ ਰੁਲ ਰਿਹਾ ਹੈ। ਉਨ੍ਹਾ ਨੇ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਮਾਨਸਿਕ ਤੌਰ ਤੇ ਬਿਮਾਰ ਹੋ ਚੁੱਕਾ ਹੈ, ਇਸ ਲਈ ਉਸਨੂੰ ਰਿਟਾਇਰ ਹੋਣ ਦੀ ਲੋੜ ਹੈ। ਉਹਨਾਂ ਕਿਹਾ ਕਿ ਪੰਜਾਬ ਨੂੰ ਕਾਮੇਡੀ ਨਹੀ ਕਮਿਟਮੈਂਟ ਵਾਲੀ ਸਰਕਾਰ ਚਾਹੀਦੀ ਹੈ। ਉਹਨਾਂ ਮੁੱਖ ਮੰਤਰੀ ਨੂੰ ਕਟਹਿਰੇ ਵਿੱਚ ਖੜੇ ਕਰਦਿਆਂ ਕਿ ਹਰ ਸਮੱਸਿਆ ਭਾਵੇਂ ਵਿਕਾਸ ਦੀ



ਗੱਲ ਹੋਵੇ, ਪੰਜਾਬ ਵਿੱਚ ਸੜਕਾਂ ਬਣਾਉਣ ਲਈ ਜਮੀਨ ਲੈਣ ਦੀ ਗੱਲ ਹੋਵੇ, ਵਿਦਿਆਰਥੀਆਂ ਦੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਮਸਲਾ ਹੋਵੇ, ਰੂਰਲ ਡਿਵੈਲਪਮੈਂਟ ਫੰਡ ਦੀ ਗੱਲ ਹੋਵੇ ਜਾਂ 14ਵੇਂ ਵਿੱਤ ਕਮਿਸ਼ਨ ਦਾ ਮਸਲਾ ਹੋਵੇ, ਪੰਜਾਬ ਵਿੱਚ ਹੀ ਟੈਂਡਰ ਕਿਉਂ ਰੱਦ ਹੋ ਰਹੇ ਹਨ। ਇਹ ਸਿਰਫ ਪੰਜਾਬ ਵਿੱਚ ਹੀ ਕਿਉਂ ਹੈ? ਬਾਕੀ ਸੂਬਿਆਂ ਚ ਕਿਉਂ ਨਹੀ। ਲਾਅ ਐਂਡ ਆਰਡਰ ਦੀ ਸਥਿਤੀ ਬਦ ਤੋਂ ਬਦਤਰ ਹੈ। ਹਰ ਰੋਜ ਦਿਨ ਦਿਹਾੜੇ ਕੱਤਲ ਹੋ ਰਹੇ ਹਨ। ਚੋਣਾਂ ਵੇਲੇ ਕੀਤੇ ਗਏ ਵਾਅਦੇ ਪੂਰੇ ਨਹੀ ਹੋਏ। ਪੰਜਾਬ ਦੇ ਕਰਮਚਾਰੀਆਂ/ਪੈਨਸ਼ਨ ਨੂੰ ਬਕਾਏ ਦੀਆਂ ਕਿਸ਼ਤਾਂ ਅਤੇ ਡੀ ਏ ਨਹੀ ਦਿੱਤਾ ਜਾ ਰਿਹਾ ਹੈ। ਇਸ ਨਾਲ ਪੰਜਾਬ ਦੇ ਹਰ ਵਰਗ ਦੀ ਦਿਵਾਲੀ ਦੀ ਮਿਠਾਸ ਕੌੜੀ ਹੋ ਗਈ ਹੈ। ਪੱਤਰਕਾਰਾਂ ਵੱਲੋ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦਿਆ ਉਹਨਾਂ ਕਿਹਾ ਕਿ ਸਾਰੀ ਸਮੱਸਿਆਵਾਂ ਦਾ ਹੱਲ ਸਿਰਫ ਭਾਜਪਾ ਸਰਕਾਰ ਹੀ ਕਰ ਸਕਦੀ ਹੈ।ਉਹਨਾਂ ਆਪਣੇ ਅਤੇ ਆਪਣੀ ਪਾਰਟੀ ਵੱਲੋ ਦੇਸ਼ ਵਾਸੀਆਂ ਨੂੰ ਦੀਵਾਲੀ ਦੀਆਂ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਆਸ਼ੂ ਸਾਂਪਲਾ, ਸੀਨੀਅਰ ਭਾਜਪਾ ਆਗੂ ਮ ਪ੍ਰਕਾਸ਼ ਬਿੱਟੂ, ਰਾਮ ਸਾਂਪਲਾ, ਅਸ਼ੋਕ ਦੁੱਗਲ ਹਾਜ਼ਰ ਸਨ।

# ਡੀਬੀਯੂ ਦੇ ਫਿਜ਼ੀਓਥੈਰੇਪੀ ਵਿਭਾਗ ਵੱਲੋਂ ਨਵੇਂ ਵਿਦਿਆਰਥੀਆਂ ਦਾ ਆਗਾਜ਼-ਏ-ਮਹਿਫਿਲ ਨਾਲ ਸਵਾਗਤ

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ ਦੇ ਫਿਜ਼ੀ ਥੈਰੇਪੀ ਵਿਭਾਗ ਨੇ ਆਪਣੇ ਆਉਣ ਵਾਲੇ ਵਿਦਿਆਰਥੀਆਂ ਦੇ ਬੈਚ ਦਾ ਸੁਆਗਤ ਕਰਨ ਲਈ ਨਵੇਂ ਅਕਾਦਮਿਕ ਸਾਲ ਦੀ ਸ਼ੁਰੂਆਤ ਇੱਕ ਜੋਸ਼ੀਲੇ ਅਤੇ ਊਰਜਾਵਾਨ ਫਰੈਸ਼ਰ ਫਿਏਸਟਾ ਨਾਲ ਕੀਤੀ। ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ਼ ਨੇ ਮੌਜ-ਮਸਤੀ, ਖੇਡਾਂ ਅਤੇ ਦੋਸਤੀ ਦੀ ਦੁਪਹਿਰ ਦਾ ਆਨੰਦ ਲੈਣ ਦੇ ਨਾਲ ਇਹ ਸਮਾਗਮ ਸ਼ਾਨਦਾਰ ਬਣਿਆ। ਫਰੈਸ਼ਰਜ਼ ਪਾਰਟੀ ਨੇ ਨਵੇਂ ਵਿਦਿਆਰਥੀਆਂ ਨੂੰ ਆਪਣੇ ਸੀਨੀਅਰਾਂ ਨਾਲ ਮਿਲਾਉਣ ਅਤੇ ਵਿਭਾਗ ਦੀਆਂ ਸਹੂਲਤਾਂ ਅਤੇ ਫੈਕਲਟੀ ਤੋਂ ਜਾਣੂ ਹੋਣ ਲਈ ਇੱਕ ਆਦਰਸ਼ ਪਲੇਟਫਾਰਮ ਪ੍ਰਦਾਨ ਕੀਤਾ।




ਬੀਪੀਟੀ ਫਰੈਸ਼ਰ - 2024 ਦਾ ਉਦਘਾਟਨ ਚਾਂਸਲਰ ਡਾ। ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾ। ਤਜਿੰਦਰ ਕੌਰ ਨੇ ਕੀਤਾ। ਫਿਜ਼ੀ ਥੈਰੇਪੀ ਵਿਭਾਗ ਦੇ ਫੈਕਲਟੀ ਅਤੇ ਵਿਦਿਆਰਥੀਆਂ ਨੇ ਚਾਂਸਲਰ, ਪ੍ਰੋ-ਚਾਂਸਲਰ ਅਤੇ ਹੋਰ ਪਤਵੰਤਿਆਂ ਦਾ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਦੀਪ ਜਗਾ ਕੇ, ਡੀ।ਬੀ।ਯੂ ਗੀਤ ਅਤੇ ਸਰਸਵਤੀ ਵੰਦਨਾ ਨਾਲ ਹੋਈ। ਵਿਦਿਆਰਥੀਆਂ ਨੇ ਭਾਰਤੀ ਸੈਮੀ-ਕਲਾਸੀਕਲ ਡਾਂਸ, ਵੈਸਟਰਨ ਡਾਂਸ, ਪੰਜਾਬੀ ਗਿੱਧਾ, ਉਤਰਾਖੰਡ ਸੱਭਿਆਚਾਰਕ ਨ੍ਰਿਤ, ਸ਼ਾਇਰੀ ਅਤੇ ਕੋਰੀ ਗ੍ਰਾਫੀ ਰਾਹੀਂ ਸਟੇਜ 'ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਸੱਭਿਆਚਾਰਕ ਗਤੀਵਿਧੀਆਂ ਦੌਰਾਨ ਦਰਸ਼ਕਾਂ ਲਈ ਇੰਟਰਐਕਟਿਵ ਗੇਮਜ਼ ਜਿਵੇਂ ਕਿ ਬੈਲੂਨ ਡਾਂਸ ਗੇਮ, ਲੜਕੀਆਂ ਲਈ ਸਾੜੀ ਪਹਿਨਣ ਦੇ ਮੁਕਾਬਲੇ ਅਤੇ ਬੈਲੂਨ ਰੇਸ ਦਾ ਵੀ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦਾ ਮੁੱਖ ਆਕਰਸ਼ਣ ਮਿਸਟਰ ਐਂਡ ਮਿਸ ਫਰੈਸ਼ਰ ਦਾ ਫੈਸਲਾ ਕਰਨ ਲਈ ਰੈਂਪ ਵਾਕ ਸੀ ਜਿਸ ਵਿੱਚ ਪਵਨਜੋਤ ਕੌਰ ਮਿਸ ਫਰੈਸ਼ਰ ਅਤੇ ਮਿਸਟਰ ਪ੍ਰਿੰਸ ਨੂੰ ਜੇਤੂ ਚੁਣਿਆ ਗਿਆ। ਜੇਤੂਆਂ ਨੂੰ ਚਾਂਸਲਰ ਅਤੇ ਪ੍ਰੋ-ਚਾਂਸਲਰ ਦੁਆਰਾ ਤਾਜ ਪਹਿਨਾਇਆ ਗਿਆ, ਇਸ ਤੋਂ ਬਾਅਦ ਕੇਕ ਕੱਟਣ ਦੀ ਰਸਮ ਅਤੇ ਰਾਸ਼ਟਰੀ ਗੀਤ ਗਾਇਆ ਗਿਆ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਖੂਬ ਮਸਤੀ ਕੀਤੀ ਅਤੇ ਸਮਾਗਮ ਦੇ ਅੰਤ ਵਿੱਚ ਪਨ ਡੀ।ਜੇ। ਉਪਰ ਨੱਚੇ।

ਇਸ ਮੌਕੇ ਚਾਂਸਲਰ ਡਾ ਜ਼ੋਰਾ ਸਿੰਘ ਨੇ ਕਿਹਾ: "ਅਸੀਂ ਆਪਣੇ ਨਵੇਂ ਵਿਦਿਆਰਥੀਆਂ ਦਾ ਸੁਆਗਤ ਕਰਕੇ ਬਹੁਤ ਖੁਸ਼ ਹਾਂ ਅਤੇ ਉਨ੍ਹਾਂ ਨੂੰ ਹਮਦਰਦ ਅਤੇ ਕੁਸ਼ਲ ਫਿਜ਼ੀ ਥੈਰੇਪਿਸਟ ਬਣਦੇ ਦੇਖਣ ਲਈ ਉਤਸੁਕ ਹਾਂ। ਉਨ੍ਹਾਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਦਾ ਫਿਜ਼ੀ ਥੈਰੇਪੀ ਵਿਭਾਗ ਫਿਜ਼ੀ ਥੈਰੇਪੀ ਵਿੱਚ ਉੱਚ ਪੱਧਰੀ ਸਿੱਖਿਆ, ਖੋਜ ਅਤੇ ਕਲੀਨਿਕਲ ਸਿਖਲਾਈ ਪ੍ਰਦਾਨ ਕਰਨ ਲਈ ਸਮਰਪਿਤ ਹੈ। ਅਤਿ-ਆਧੁਨਿਕ ਸਹੂਲਤਾਂ ਅਤੇ ਤਜਰਬੇਕਾਰ ਫੈਕਲਟੀ ਦੇ ਨਾਲ, ਵਿਭਾਗ ਦਾ ਉਦੇਸ਼ ਹੈਲਥਕੇਅਰ ਸੈਕਟਰ ਵਿੱਚ ਸਕਾਰਾਤਮਕ ਪ੍ਰਭਾਵ ਪਾਉਣ ਲਈ ਲੈਸ ਪੇਸ਼ੇਵਰ ਪੈਦਾ ਕਰਨਾ ਹੈ।

# ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਕਰਾਂਗੇ ਤਿੱਖਾ ਵਿਰੋਧ: ਮਨਜੀਤ ਧਨੇਰ

**ਬਰਨਾਲਾ (ਦਲਜੀਤ ਕੌਰ)** ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾ ਕਮੇਟੀ ਦੀ ਵਿਸ਼ੇਸ਼ ਮੀਟਿੰਗ ਮਨਜੀਤ ਸਿੰਘ ਧਨੇਰ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਬੀਬੀ ਪ੍ਰਧਾਨ ਕੌਰ ਬਰਨਾਲਾ ਵਿਖੇ ਹੋਈ। ਇਸ ਵਿਚ 14 ਜ਼ਿਲਿਆਂ ਦੇ ਪ੍ਰਧਾਨ ਅਤੇ ਜਨਰਲ ਸਕੱਤਰਾਂ ਨੇ ਹਿੱਸਾ ਲਿਆ।

ਇਸ ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਰਿਲੀਜ਼ ਕਰਦਿਆਂ ਸੂਬਾ ਪ੍ਰੈੱਸ ਸਕੱਤਰ ਅੰਗਰੇਜ਼ ਸਿੰਘ ਭਦੌੜ ਨੇ ਦੱਸਿਆ ਕਿ ਮਾਨਸਾ ਜਿਲ੍ਹੇ ਦੇ ਪਿੰਡ ਕੁੱਲਰੀਆਂ ਦੇ ਕਿਸਾਨਾਂ ਦੀ ਜ਼ਮੀਨ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਬੁੱਧਰਾਮ ਦੀ ਸ਼ਹਿ ਤੇ ਭੂ-ਮਾਫੀਆ ਹੜੱਪ ਕਰ ਜਾਣੀ ਚਾਹੁੰਦਾ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਇਸ ਧੱਕੇਸ਼ਾਹੀ ਦੇ ਖ਼ਿਲਾਫ਼ ਪਿਛਲੇ ਡੇਢ ਸਾਲ ਤੋਂ ਜਮਹੂਰੀ ਢੰਗ ਨਾਲ ਜਥੇਬੰਦਕ ਸੰਘਰਸ਼ ਲੜ ਰਹੀ ਹੈ। ਪੰਜਾਬ ਸਰਕਾਰ ਦੇ ਅਨੇਕਾਂ ਹੀ ਮੰਤਰੀਆਂ, ਵਿਧਾਇਕਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਗੱਲਬਾਤ ਰਾਹੀਂ ਮੰਨਿਆ ਹੈ ਕਿ ਕੁੱਲਰੀਆਂ ਦੇ ਕਿਸਾਨਾਂ ਦਾ ਜ਼ਮੀਨ ਤੇ ਮਾਲਕੀ ਹੱਕ ਹੈ ਪ੍ਰੰਤੂ ਭੂ-ਮਾਫੀਆ ਇਸ ਮਾਲਕੀ ਹੱਕ ਨੂੰ ਖੋਹਣ ਤੇ ਉਤਾਰੂ ਹੈ ਅਤੇ ਪੰਜਾਬ ਸਰਕਾਰ ਕੋਈ ਇਨਸਾਫ਼ ਨਹੀਂ ਦੇ ਰਹੀ।

ਮਾਨਸਾ ਦਾ ਜ਼ਿਲਾ ਪ੍ਰਸ਼ਾਸਨ ਜਥੇਬੰਦੀ ਤੋਂ ਵਾਰ-ਵਾਰ ਸਮਾਂ ਲੈ ਰਿਹਾ ਹੈ ਪਰ ਹਰ ਵਾਰ ਆਪਣੇ ਵਾਅਦੇ ਪੂਰੇ ਕਰਨ ਤੋਂ ਮੁੱਕਰ ਜਾਂਦਾ ਹੈ। ਇਸ ਲਈ ਸੂਬਾ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਬਰਨਾਲਾ ਵਿਖੇ 3 ਨਵੰਬਰ ਨੂੰ ਅਤੇ ਗਿੱਦੜਬਾਹਾ ਵਿਖੇ 4 ਨਵੰਬਰ ਨੂੰ ਵੱਡੀਆਂ ਰੈਲੀਆਂ ਕਰਕੇ ਆਮ ਆਦਮੀ ਪਾਰਟੀ ਦੇ ਵਿਰੋਧ ਦਾ ਸੱਦਾ ਦਿੱਤਾ ਜਾਵੇਗਾ। ਉਸ ਤੋਂ ਬਾਅਦ ਜਥੇਬੰਦੀ ਇਨ੍ਹਾਂ ਦੋਵਾਂ ਹਲਕਿਆਂ ਦੇ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਦੀ ਕਿਸਾਨ ਵਿਰੋਧੀ ਨੀਤੀ ਦਾ ਪਰਦਾਫਾਸ਼ ਕਰੇਗੀ।

ਆਗੂਆਂ ਨੇ ਦੁਹਰਾਇਆ ਕਿ ਜਥੇਬੰਦੀ ਕੁੱਲਰੀਆਂ ਦੇ ਕਿਸਾਨਾਂ ਦੀ ਜ਼ਮੀਨ ਬਚਾਉਣ ਲਈ ਕੋਈ ਵੀ ਕੁਰਬਾਨੀ ਕਰਨ ਤੋਂ ਨਹੀਂ ਝਿਜਕੇਗੀ। ਆਗੂਆਂ ਨੇ ਕਿਹਾ ਕਿ 9 ਨਵੰਬਰ ਨੂੰ ਜਲੰਧਰ ਵਿਖੇ ਗਦਰੀ ਬਾਬਿਆਂ ਦੇ ਮੇਲੇ ਵਿੱਚ ਜਥੇਬੰਦੀ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਸੰਯੁਕਤ ਕਿਸਾਨ ਮੋਰਚੇ ਦੇ ਸਾਰੇ ਪ੍ਰੋਗਰਾਮਾਂ ਦਾ ਰਿਵਿਊ ਕੀਤਾ ਗਿਆ ਅਤੇ ਮੀਟਿੰਗ ਨੇ ਜਥੇਬੰਦੀ ਦੀ ਸਾਂਝੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਤੇ ਤਸੱਲੀ ਪ੍ਰਗਟ ਕੀਤੀ।

ਮੀਟਿੰਗ ਦੇ ਵਿੱਚ ਝੋਨੇ ਦੀ ਖਰੀਦ ਦੇ ਢਿੱਲੇ ਪ੍ਰਬੰਧਾਂ ਅਤੇ ਡੀਏਪੀ ਦੀ ਘਾਟ ਲਈ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀ ਸਖ਼ਤ ਅਲੋਚਨਾ ਕੀਤੀ ਗਈ ਅਤੇ ਨੋਟ ਕੀਤਾ ਗਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ, ਸੰਸਾਰ ਵਪਾਰ ਸੰਸਥਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੀ ਪੰਜਾਬ ਦੇ ਖੇਤੀ ਖੇਤਰ ਨੂੰ ਬਰਬਾਦ ਕਰਨਾ ਚਾਹੁੰਦੀਆਂ ਹਨ, ਇਸ ਲਈ ਜਾਣਬੁੱਝ ਕੇ ਝੋਨੇ ਨੂੰ ਰੋਲਿਆ ਜਾ ਰਿਹਾ ਹੈ। ਮੀਟਿੰਗ ਨੇ ਚੇਤਾਵਨੀ ਦਿੱਤੀ ਕਿ ਉਹ ਕਾਰਪੋਰੇਟਾਂ ਦੀਆਂ ਇਨ੍ਹਾਂ ਸਾਜਿਸ਼ਾਂ ਦਾ ਡਟਵਾਂ ਵਿਰੋਧ ਕਰਨਗੇ ਅਤੇ ਕਿਸੇ ਵੀ ਹਾਲਤ ਵਿੱਚ ਸਫ਼ਲ ਨਹੀਂ ਹੋਣ ਦੇਣਗੇ।





ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਸਿੰਘ ਭੈਣੀ ਬਾਘਾ, ਔਰਤ ਵਿੰਗ ਦੀ ਕਨਵੀਨਰ ਬੀਬੀ ਅੰਮ੍ਰਿਤ ਪਾਲ ਕੌਰ ਤੋਂ ਇਲਾਵਾ ਇਲਾਵਾ ਮਾਨਸਾ ਜ਼ਿਲੇ ਦੇ ਪ੍ਰਧਾਨ ਲਖਵੀਰ ਸਿੰਘ ਅਕਲੀਆ, ਬਠਿੰਡਾ ਜ਼ਿਲੇ ਦੇ ਪ੍ਰਧਾਨ ਹਰਵਿੰਦਰ ਸਿੰਘ ਕੋਟਲੀ, ਸੰਗਰੂਰ ਜ਼ਿਲੇ ਦੇ ਜਨਰਲ ਸਕੱਤਰ ਜਗਤਾਰ ਸਿੰਘ ਦੁੱਗਾਂ, ਲੁਧਿਆਣਾ ਜ਼ਿਲ੍ਹੇ ਦੇ ਜਗਤਾਰ ਸਿੰਘ ਦੇਹੜਕਾ, ਫਿਰੋਜ਼ਪੁਰ ਤੋਂ ਜਗੀਰ ਸਿੰਘ ਖਹਿਰਾ, ਬਰਨਾਲਾ ਤੋਂ ਕੁਲਵੰਤ ਸਿੰਘ ਮਾਨ, ਮੁਕਤਸਰ ਸਾਹਿਬ ਤੋਂ ਪਰਮਿੰਦਰ ਸਿੰਘ, ਮੋਗਾ ਤੋਂ ਸੁਖਚੈਨ ਸਿੰਘ ਰਾਜੂ, ਸਾਹਿਬ ਸਿੰਘ ਬਡਬਰ, ਗੁਲਜ਼ਾਰ ਸਿੰਘ ਕਬਰ ਵੱਛਾ, ਤਰਸੇਮ ਸਿੰਘ ਬੱਸੂਵਾਲ, ਕਰਮਜੀਤ ਸਿੰਘ ਰਾਮ ਨਗਰ ਛੰਨਾਂ, ਗੁਰਨਾਮ ਸਿੰਘ ਮਹਿਰਾਜ, ਦੇਵੀ ਰਾਮ ਰੰਘੜਿਆਲ, ਸਾਹਿਬ ਸਿੰਘ ਬਡਬਰ, ਸੁਖਦੇਵ ਸਿੰਘ ਘਰਾਚੋਂ, ਗੁਰਦੇਵ ਸਿੰਘ ਮਾਂਗੇਵਾਲ ਅਤੇ ਸਤਨਾਮ ਬਰਨਾਲਾ ਵੀ ਹਾਜ਼ਰ ਸਨ।

# ਪਾ.ਲੀ ਦੀ ਮੂਰਖਮੱਤੀ !



ਉਨ੍ਹਾਂ ਸਮਿਆਂ ਦੀ ਗੱਲ ਹੈ ਜਦ ਪਿੰਡਾਂ 'ਚੋਂ ਖੁੱਲ੍ਹੀਆਂ ਚਰਾਂਦਾਂ ਵੱਲ ਪਸ਼ੂਆਂ ਦੇ ਵੱਗ ਛੁੱਟਿਆ ਕਰਦੇ ਸਨ।ਇਕ ਜਾਂ ਦੋ ਜਣੇ ਪਾ.ਲੀ ਸਾਰੇ ਪਿੰਡ ਦੇ ਪਸ਼ੂ, ਮੱਝਾਂ ਗਾਈਆਂ ਅਤੇ ਕੱਟੇ-ਵੱਛੇ ਦੂਰ ਦੁਰਾਡੇ ਚਰਾਉਣ ਲੈ ਜਾਂਦੇ ਜਿੱਥੇ ਪਸ਼ੂਆਂ ਲਈ ਘਾਹ ਵਗੈਰਾ ਤੋਂ ਇਲਾਵਾ ਪੀਣ ਲਈ ਪਾਣੀ ਦੇ ਟੋਭੇ ਜਾਂ ਕੋਈ ਨਦੀ ਨਾ.ਲਾ ਵਗਦਾ ਹੁੰਦਾ ਸੀ।ਬਦਲੇ ਵਿਚ ਪਿੰਡ ਵਾ.ਲੇ ਘਰ ਪਰਤੀ ਆਪੋ ਆਪਣੇ ਪਸ਼ੂਆਂ ਦੀ ਗਿਣਤੀ ਮੁਤਾਬਕ ਪਾ.ਲੀ ਨੂੰ ਪੈਸੇ ਦੇ ਦਿੰਦੇ ਸਨ। ਇਕ ਪਾ.ਲੀ ਦੇ ਵੱਗ ਵਿਚ ਪਿੰਡ ਦੇ ਕਿਸੇ ਪ੍ਰਵਾਰ ਨੇ ਆਪਣੀ ਹੁੰਦੜ-ਹੇਲ ਵੱਛੀ ਸ਼ਾਮਲ ਕੀਤੀ ਪਰ ਨਾ.ਲ ਹੀ ਪਾ.ਲੀ ਹਦਾਇਤ ਇਹ ਕਰ ਦਿੱਤੀ ਅਖੇ ਸਾਡੀ ਵੱਛੀ ਪਾਣੀ ਤੋਂ ਬਹੁਤ ਤ੍ਰਹਿੰਦੀ ਐ, ਇਸ ਨੂੰ ਨਦੀ ਦੇ ਨੇੜੇ ਬਿਲਕੁਲ ਨਾ ਜਾਣ ਦੇਈਂ! ਲਉ ਜੀ ਅਨਪੜ੍ਹ ਪਾ.ਲੀ ਨੇ ਵੱਛੀ ਬਾਰੇ ਹਦਾਇਤ ਉੱਤੇ ਸਖਤੀ ਨਾ.ਲ ਅਮਲ ਕਰਦਿਆਂ ਸਾਰਾ ਵੱਗ ਹੀ ਨਦੀ 'ਤੇ ਲਿਜਾਣਾ ਬੰਦ ਕਰ ਦਿੱਤਾ।ਸ਼ਾਮਾਂ ਨੂੰ ਘਰੋ ਘਰ ਪਹੁੰਚੇ ਹੋਏ ਤਿਹਾਏ ਪਸ਼ੂ, ਪਾਣੀ ਨੂੰ ਹਾਬੜ ਹਾਬੜ ਪੈਣ ਲੱਗੇ।ਹੈਰਾਨ ਹੋਏ ਲੋਕਾਂ ਨੇ ਜਦ ਪਾ.ਲੀ ਨੂੰ ਇਸਦਾ ਕਾਰਨ ਪੁੱਛਿਆ ਤਾਂ ਉਹਨੇ ਪਿੰਡ ਦੇ 'ਫਲਾਣਿਆਂ' ਦੀ ਵੱਛੀ ਵਾ.ਲੀ ਗੱਲ ਦੱਸੀ।ਪਿੰਡ ਵਾ.ਲੇ ਕਹਿੰਦੇ ਕਿ ਉਏ ਮੂਰਖਾ,ਫਲਾਣਿਆਂ ਦੀ ਇਕ ਵੱਛੀ ਖਾਤਰ ਤੂੰ ਸਾਰਾ ਵੱਗ ਕਿਉਂ ਤਿਹਾਇਆ ਮਾਰਦਾ ਐਂ? ਅਸੀਂ ਤਾਂ ਨੀ ਆਪਣੇ ਪਸ਼ੂ ਤੇਰੇ ਵੱਗ 'ਚ ਭੇਜਣੇ!

ਇਕ-ਦੋ ਦਿਨ ਤਾਂ ਪਿੰਡ ਵਾ.ਲੇ ਦੇਖਦੇ ਰਹੇ ਕਿ ਸ਼ਾਇਦ ਇਹ ਵੱਛੀ ਫਲਾਣਿਆਂ ਦੇ ਘਰੇ ਬੰਨ੍ਹ ਆਵੇ ਗਾ ਪਰ ਜਦ ਅਜਿਹਾ ਨਾ ਹੋਇਆ ਤਾਂ ਸਾਰੇ ਪਿੰਡ ਨੇ ਉਹਦੇ ਮੋਹਰੇ ਪਸ਼ੂ ਛੱਡਣੇ ਬੰਦ ਕਰਤੇ!



ਮਹਾਂ ਮੂੜ੍ਹ ਤੇ ਜਿਦੀਏ ਪਾ.ਲੀ ਕੋ.ਲ 'ਕੱਲੀ ਵੱਛੀ ਹੀ ਰਹਿ ਗਈ...।। ਉਹਨੂੰ ਸਾਰੇ ਲੋਕ ਟਿੱਚਰਾਂ ਮਖੌਲ ਕਰਦੇ ਰਹੇ ਪਰ ਉਹ ਇੱਕੋ ਵੱਛੀ ਲੈ ਕੇ ਘੁੰਮਦਾ ਰਿਹਾ ਤੇ ਆਪਣਾ ਜਲੂਸ ਕਢਾਉਂਦਾ ਰਿਹਾ !

**-ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**

## ਅਦਾਰਾ 'ਦੇਸ਼ ਦੁਆਬਾ' ਬੇਟੀ ਰਵੀਨੂਰ ਨੂੰ ਉਸ ਦੇ ਜਨਮ ਦਿਨ ਮਨਾਏ ਜਾਣ ਦੀ ਵਧਾਈ ਦਿੰਦਾ ਹੈ।


ਰਵਿਨੂਰ ਕੌਰ


ਰਵਿਨੂਰ ਕੌਰ

ਪਿਤਾ- ਚਰਨਜੀਤ ਸਿੰਘ, ਮਾਤਾ- ਸ਼ਾਂਤੀ ਰਾਣੀ, ਪਿੰਡ ਬਿਨਪਾਲਕੇ, ਜ਼ਿਲ੍ਹਾ ਜਲੰਧਰ

# ਹਿੰਮਤਜੀਤ ਕਾਹਲੋਂ ਨੂੰ 21 ਸਾਲਾ ਨੌਜਵਾਨ ਦੀ ਮੌਤ ਦੇ ਮਾਮਲੇ ਵਿੱਚ ਅਦਾਲਤ ਨੇ ਦੋਸ਼ੀ ਮੰਨਿਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**-ਕਈ ਦਿਨਾਂ ਦੀ ਅਦਾਲਤੀ ਕਾਰਵਾਈ ਦੇ ਬਾਅਦ, ਆਖਿਰ ਨਸ਼ੇ ਵਾਲੇ ਮਾਮਲੇ ਵਿੱਚ ਅੱਜ 41 ਸਾਲਾ ਹਿੰਮਤਜੀਤ ਕਾਹਲੋਂ ਨੂੰ ਦੋਸ਼ੀ ਮੰਨ ਲਿਆ ਗਿਆ। ਇਸਦੀ ਬਣਦੀ ਸਜ਼ਾ 11 ਫਰਵਰੀ 2025 ਨੂੰ ਸੁਣਾਈ ਜਾਵੇਗੀ। ਹਿੰਮਤਜੀਤ ਸਿੰਘ ਕਾਹਲੋਂ ਨੇ ਇਕ 21 ਸਾਲਾ ਨੌਜਵਾਨ (ਏਡਨ ਸਾਗਲਾ) ਨੂੰ ਹਨੀ ਬੀਅਰ ਦੇ ਦਿੱਤੀ, ਜਿਸਨੂੰ ਉਹ ਕੰਮ ਦੁਆਰਾ ਜਾਣਦਾ ਸੀ। ਇਸ ਬੀਅਰ ਵਿੱਚ ਨਸ਼ੇ ਦੀ ਬਹੁਤ ਜ਼ਿਆਦਾ ਮਾਤਰਾ ਸੀ, ਜਿਸ ਬਾਰੇ ਹਿੰਮਤਜੀਤ ਨੇ ਕਿਹਾ







ਸੀ ਕਿ ਉਸਨੂੰ ਇਸ ਬਾਰੇ ਨਹੀਂ ਪਤਾ ਸੀ। ਪਰ ਜਿਊਰੀ ਨੇ ਉਸਨੂੰ ਦੋਸ਼ੀ ਮੰਨਿਆ ਹੈ, ਕਿਉਂਕਿ ਜਿਸ ਗੋਦਾਮ ਵਿੱਚ ਇਹ ਰੱਖੀ ਹੋਈ ਸੀ, ਉਥੇ ਨਸ਼ੇ ਵਾਲੇ ਪੇਯਜਲ ਪਾਏ ਗਏ ਸਨ ਅਤੇ ਹਿੰਮਤਜੀਤ ਕਾਹਲੋਂ ਵੀ ਉਥੇ ਜਾਂਦਾ ਸੀ।

ਸਾਗਲਾ ਦੀ ਪਿਛਲੇ ਸਾਲ 2 ਮਾਰਚ ਨੂੰ ਬੀਅਰ ਪੀਣ ਨਾਲ ਮੌਤ ਹੋ ਗਈ ਸੀ। ਇਸ ਵਿੱਚ ਤਰਲ ਮੈਥਾਮਫੇਟਾਮਾਈਨ ਸੀ। ਸਾਗਲਾ ਨੂੰ ਪੀਣ ਤੋਂ ਬਾਅਦ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਉਸਦੀ ਸਿਹਤ ਵਿਗੜ ਗਈ ਅਤੇ ਉਸਦੀ 7 ਮਾਰਚ ਨੂੰ ਕਈ ਅੰਗਾਂ ਦੀ ਫੇਲ ਹੋ ਜਾਣ ਕਾਰਨ ਮੌਤ ਹੋ ਗਈ। ਸਾਗਲਾ ਦਾ ਪਰਿਵਾਰ ਕਚਹਿਰੀ ਵਿੱਚ ਗਲੇ ਮਿਲ ਕੇ ਰੋਇਆ। ਉਨ੍ਹਾਂ ਨੇ ਉਸਦੀ ਯਾਦ ਵਿੱਚ ਟੀ-ਸ਼ਰਟਾਂ ਪਾਈਆਂ ਹੋਈਆਂ ਸਨ। ਉਸ ਦੇ ਪਿਤਾ ਮਾਂ ਸਾਗਲਾ ਨੇ ਹਾਈ ਕੋਰਟ ਦੇ ਬਾਹਰ ਦੱਸਿਆ ਕਿ ਫੈਸਲੇ ਨੇ ਮੇਰੇ ਪਰਿਵਾਰ 'ਤੇ ਦਬਾਅ ਅਤੇ ਤਣਾਅ ਤੋਂ ਰਾਹਤ ਦਿੱਤੀ ਹੈ। ਉਸਨੇ ਕ੍ਰਾਊਨ ਪ੍ਰੌਸੀਕਿਊਟਰਾਂ ਅਤੇ ਪੁਲਿਸ ਟੀਮ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹਨਾਂ ਨੇ ਸ਼ਾਨਦਾਰ ਕੰਮ ਕੀਤਾ ਹੈ। ਉਸਦੀ ਮਾਂ ਲੀਲਾ ਸਾਗਲਾ ਨੇ ਕਿਹਾ ਕਿ ਉਸਦੇ ਦੁੱਖ ਨੂੰ ਬਿਆਨ ਕਰਨਾ ਔਖਾ ਸੀ ਅਤੇ ਏਡਨ ਇੱਕ ਚੰਗਾ ਬੱਚਾ ਸੀ। ਉਸਨੇ ਇਹ ਵੀ ਕਿਹਾ ਕਿ ਉਸਨੇ ਕਾਹਲੋਂ ਨੂੰ ਮੁਆਫ ਕਰ ਦਿੱਤਾ ਹੈ।

ਕਰਾਊਨ ਪ੍ਰੌਸੀਕਿਊਟਰ ਪਿਪ ਮੈਕਨੈਬ ਨੇ ਦੋਸ਼ ਲਾਇਆ ਕਿ ਕਾਹਲੋਂ ਇੱਕ ਮੈਨੁਕਾਊ ਵੇਅਰਹਾਊਸ ਵਿੱਚ ਸ਼ਾਮਲ ਸੀ ਜਿਸ ਨੂੰ 700 ਕਿਲੋਗ੍ਰਾਮ ਮੈਥਾਮਫੇਟਾਮਾਈਨ, ਬੀਅਰ ਦੇ ਡੱਬਿਆਂ ਵਿੱਚ ਤਰਲ ਰੂਪ ਵਿੱਚ ਮਿਲੀ ਸੀ। ਕਾਹਲੋਂ ਦੀ ਇਹ ਯਕੀਨੀ ਬਣਾਉਣ ਦੀ ਕਾਨੂੰਨੀ ਜ਼ਿੰਮੇਵਾਰੀ ਸੀ ਕਿ ਉਸ ਖਤਰਨਾਕ ਪਦਾਰਥ ਨਾਲ ਕਿਸੇ ਨੂੰ ਨੁਕਸਾਨ ਨਾ ਪਹੁੰਚੇ, ਕਰਾਊਨ ਨੇ ਦਲੀਲ ਦਿੱਤੀ ਕਿ ਉਸਨੇ ਵਾਜਬ ਦੇਖਭਾਲ ਜਾਂ ਸਾਵਧਾਨੀ ਨਹੀਂ ਵਰਤੀ। ਮੈਕਨੈਬ ਨੇ ਅੱਗੇ ਕਿਹਾ, ਪੁਲਿਸ ਨੂੰ ਯੂਨਿਟ ਵਿੱਚ ਸਿਰਫ 2 ਕਿਲੋਗ੍ਰਾਮ ਕੋਕੀਨ ਮਿਲੀ। ਕ੍ਰਾਊਨ ਨੇ ਕਿਹਾ ਕਿ ਮੈਥ ਵਾਲੇ ਡੱਬਿਆਂ ਦੇ ਨਾਲ-ਨਾਲ, ਗੋਦਾਮ ਵਿੱਚ ਜਾਇਜ਼ ਬੀਅਰ ਵੀ ਸੀ। ਉਹ ਅਸਲ ਬੀਅਰ ਬੇਕਾਰ ਸੀ, ਕਿਉਂਕਿ ਉਹਨਾਂ ਨੂੰ ਨਿਊਜ਼ੀਲੈਂਡ ਵਿੱਚ ਵੇਚਿਆ ਨਹੀਂ ਜਾ ਸਕਦਾ ਸੀ। ਮੈਕਨੈਬ ਨੇ ਕਿਹਾ - ਇਸ ਲਈ ਕਾਹਲੋਂ ਨੇ ਸਾਗਲਾ ਸਮੇਤ ਕੰਮ ਦੇ ਸਾਥੀਆਂ ਨੂੰ ਦੇ ਦਿੱਤੀ। ਯੂਨਿਟ ਨਾਲ ਜੁੜੇ ਇੱਕ ਹੋਰ ਵਿਅਕਤੀ, ਜਿਸਦਾ ਨਾਮ ਦਮਨ ਹੈ, ਨੇ ਕਈ ਨਸ਼ੀਲੇ ਪਦਾਰਥਾਂ ਦੇ ਦੋਸ਼ਾਂ ਲਈ ਦੋਸ਼ੀ ਮੰਨਿਆ ਹੈ। ਬਚਾਅ ਪੱਖ ਦੀ ਵਕੀਲ ਐਮਾ ਪ੍ਰਿਸਟ ਨੇ ਕਿਹਾ ਕਿ ਉਸ ਦਾ ਮੁਵੱਕਿਲ ਭਰੋਸਾ ਕਰ ਰਿਹਾ ਸੀ ਅਤੇ ਉਸ ਦਾ ਉਸ ਦੇ ਦੋਸਤ, ਵਿਅਕਤੀ ਦੁਆਰਾ ਫਾਇਦਾ ਉਠਾਇਆ ਗਿਆ ਸੀ, ਜਿਸਦਾ ਨਾਮ ਅਜੇ ਗੁਪਤ ਹੈ। ਉਸਨੂੰ ਕੋਈ ਪਤਾ ਨਹੀਂ ਸੀ, ਕੋਈ ਜਾਣਕਾਰੀ ਨਹੀਂ ਸੀ ਕਿ ਉਸ ਡੱਬੇ ਵਿੱਚ ਨਸ਼ੇ ਸਨ। ਅਦਾਲਤ ਵਿੱਚ ਦਿਖਾਈ ਗਈ ਇੱਕ ਪੁਲਿਸ ਇੰਟਰਵਿਊ ਵਿੱਚ, ਕਾਹਲੋਂ ਨੇ ਕਿਹਾ ਕਿ ਉਸਦੇ ਦੋਸਤ ਨੇ ਉਸਨੂੰ ਮੂਰਖ ਬਣਾਇਆ ਹੈ।

# ਮਾਪਿਆਂ ਅਤੇ ਅਧਿਆਪਕਾਂ ਦੀ ਮਿਲਣੀ ਬਹੁਤ ਹੀ ਸ਼ਲਾਘਾਯੋਗ ਉਪਰਾਲਾ- ਪ੍ਰੋਫੈਸਰ ਬਹਾਦਰ ਸਿੰਘ ਸੁਨੇਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਸਿੱਖਿਆ ਅਫਸਰ ਦੀ ਅਗਵਾਈ ਹੇਠ ਸਕੂਲਾਂ ਵਿੱਚ ਕਰਵਾਏ ਗਏ ਮੈਗਾ ਪੀ।ਟੀ।ਐਮ ਕਰਵਾਇਆ ਗਿਆ। ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ, ਪ੍ਰੀਤ ਨਗਰ ਪਿੰਡ ਅੱਜੋਵਾਲ, ਹੁਸ਼ਿਆਰਪੁਰ ਵਿਖੇ ਕਰਵਾਏ ਗਏ ਮੈਗਾ ਮਾਪਿਆਂ – ਅਧਿਆਪਕਾਂ ਮਿਲਣੀ ਦੌਰਾਨ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰਸਟ ਦੇ ਪ੍ਰਧਾਨ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਨੇ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੀਆਂ ਮਿਲਣੀਆਂ ਖਾਸ ਕਰਕੇ ਪਿੰਡਾਂ ਵਿੱਚ ਸਥਿਤ ਸਕੂਲਾਂ ਦੇ ਵਿਦਿਆਰਥੀਆਂ ਲਈ ਬਹੁਤ ਹੀ ਸ਼ਲਾਘਾਯੋਗ ਨਤੀਜੇ ਸਾਹਮਣੇ ਆ ਰਹੇ ਹਨ।

ਉਨ੍ਹਾਂ ਕਿਹਾ ਕਿ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਪ੍ਰੀਤ ਨਗਰ ਵਿਖੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਦੇ ਬੱਚੇ ਪੜਦੇ ਹਨ ਅਤੇ ਇਨ੍ਹਾਂ ਪਰਿਵਾਰਾਂ ਦੇ ਬੱਚਿਆਂ ਨੂੰ ਵਿੱਦਿਆ ਪ੍ਰਾਪਤ ਕਰਵਾਉਣ ਅਤੇ ਇਨ੍ਹਾਂ ਦੇ ਵਿਕਾਸ ਲਈ ਟਰਸਟ ਵੱਲੋ ਲੰਮੇ ਸਮੇਂ ਤੋਂ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਇਹ ਲੋਕ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕਣ । ਉਨ੍ਹਾਂ ਕਿਹਾ ਕਿ ਟਰਸਟ ਵੱਲੋ ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਅਤੇ ਪਿੰਡ ਦੀ ਪੰਚ-ਾਇਤ ਦੇ ਸਹਿਯੋਗ ਨਾਲ ਇਸ ਸਕੂਲ ਨੂੰ ਵਿਦਿਆ ਦੇ ਖੇਤਰ ਵਿੱਚ ਪੰਜਾਬ ਦਾ ਬਿਹਤਰੀਨ ਸਕੂਲ ਬਣਾਇਆ ਜਾਵੇਗਾ।

ਟਰਸਟ ਵੱਲੋ ਇਥੋਂ ਦੇ ਪੰਜਵੀਂ ਜਮਾਤ ਦੇ



ਵਿਦਿਆਰਥੀਆਂ ਨੂੰ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਦਾਖਲਾ ਦਿਵਾਉਣ ਲਈ ਵਿਸ਼ੇਸ਼ ਟਰੇਨਿੰਗ ਵੀ ਲਈ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਤੇ ਪਿੰਡ ਦੇ ਸਰਪੰਚ ਸ਼੍ਰੀ ਮਤੀ ਆਰਤੀ ਸ਼ਰਮਾ, ਪੰਚ ਸਰਦਾਰ ਰਜਿੰਦਰ ਸਿੰਘ, ਸ਼੍ਰੀ ਮਤੀ ਬਬਲੀ, ਸ਼੍ਰੀ ਮਤੀ ਅਮਰ ਕੌਰ, ਸ਼੍ਰੀ ਮਤੀ ਜੋਤੀ ਬਾਲਾ ਅਤੇ ਸ਼੍ਰੀ ਮਤੀ ਸਰਬਜੀਤ ਕੌਰ ਨੇ ਵੀ ਸੰਬੋਧਨ ਕੀਤਾ ਅਤੇ ਕਿਹਾ ਕਿ ਅਜਿਹੀਆਂ ਮਿਲਣੀਆਂ ਨਾਲ ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਬੱਚਿਆਂ ਦੇ ਭਵਿੱਖ ਨੂੰ ਉਸਾਰਨ ਲਈ ਸ਼ਲਾਘਾਯੋਗ ਭੂਮਿਕਾ ਨਿਭਾ ਸਕਦੀਆਂ ਹਨ ਉਨ੍ਹਾਂ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰਸਟ ਵੱਲੋ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਇਲਾਕੇ ਵਿੱਚ ਰਹਿ ਪਰਿਵਾਰਾਂ ਦੇ ਬੱਚਿਆਂ ਵਿੱਚ ਵਿਦਿਆ ਪ੍ਰਾਪਤ ਕਰਨ ਲਈ ਉਤਸ਼ਾਹ ਵੱਧ ਰਿਹਾ ਹੈ।

ਇਸ ਮੌਕੇ ਤੇ ਟਰਸਟ ਦੇ ਚੇਅਰਮੈਨ ਇਗਲੈਂਡ ਨਿਵਾਸੀ ਸਰਦਾਰ ਰਣਜੀਤ ਸਿੰਘ ਅਤੇ ਸ਼੍ਰੀ ਜੇ ਐਸ ਆਹਲੂਵਾਲੀਆ ਵਲੋਂ ਵੀ ਆਪਣੇ ਸੰਦੇਸ਼ ਰਾਹੀਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰਵਾਉਣ। ਟਰਸਟ ਦੇ ਮੈਂਬਰ ਸਰਦਾਰ ਗੁਰਪ੍ਰੀਤ ਸਿੰਘ, ਜਤਿੰਦਰ ਕੌਰ ਅਤੇ ਪ੍ਰਿੰਸੀਪਲ ਰਚਨਾ ਕੌਰ ਵੀ ਇਸ ਮੌਕੇ ਤੇ ਮੌਜੂਦ ਸਨ।

ਸਕੂਲ ਦੇ ਪ੍ਰਿੰਸੀਪਲ ਸ਼੍ਰੀ ਪਰਵੀਨ ਕੁਮਾਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਸਕੂਲ ਦੀ ਬਿਹਤਰੀ ਸਹਿਯੋਗ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦੀ ਸਖ਼ਤ ਮਿਹਨਤ, ਵਿਦਿਆਰਥੀਆਂ ਦੇ ਮਾਪਿਆਂ, ਇਲਾਕੇ ਦੇ ਪਤਵੰਤਿਆਂ ਅਤੇ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰਸਟ ਦੇ ਸਹਿਯੋਗ ਇਸ ਸਕੂਲ ਪੜਾਈ ਅਤੇ ਵਿਦਿਆਰਥੀਆਂ ਮਿਲਣ ਵਾਲੀਆਂ ਸਹੂਲਤਾਂ ਸਬੰਧੀ ਪੰਜਾਬ ਦਾ ਅਵੱਲ ਦਰਜੇ ਦਾ ਸਕੂਲ ਬਣਾਇਆ ਜਾਵੇਗਾ। ਇਸ ਮੌਕੇ ਤੇ ਨਵੀਂ ਚੁਣੀ ਗਈ ਸਰਪੰਚ ਸ਼੍ਰੀ ਮਤੀ ਆਰਤੀ ਸ਼ਰਮਾ ਅਤੇ ਹੋਰ ਮਹਿਮਾਨਾਂ ਨੂੰ ਸਕੂਲ ਦੇ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ।

# ਸਿਹਤ ਸੰਸਥਾਵਾਂ ਵਿਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਤਹਿਤ ਗਰਭਵਤੀ ਔਰਤਾਂ ਦੀ ਸੰਪੂਰਣ ਜਾਂਚ ਮੁਫਤ ਕੀਤੀ ਜਾਂਦੀ ਹੈ - ਸਿਵਲ ਸਰਜਨ ਡਾ ਪਵਨ ਕੁਮਾਰ ਸ਼ਗੋਤਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਦਿਵਸ ਮੌਕੇ ਸਿਵਲ ਸਰਜਨ ਹੁਸ਼ਿਆਰਪੁਰ ਡਾ- ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਵੱਲੋਂ ਸਿਹਤ ਸੰਸਥਾਵਾਂ ਵਿੱਚ ਗਰਭਵਤੀਆਂ ਦੀ ਜਾਂਚ ਲਈ ਅੱਜ ਜਿਲੇ ਭਰ ਵਿੱਚ ਸਪੈਸ਼ਲ ਜਾਂਚ ਕੈਂਪ ਲਗਾਏ ਗਏ। ਸਿਵਲ ਹਸਪਤਾਲ ਹੁਸ਼ਿਆਰਪੁਰ, ਐਸਡੀਐਚ ਦਸੂਹਾ, ਮੁਕੇਰੀਆਂ, ਗੜ੍ਹਸ਼ੰਕਰ ਅਤੇ ਸਮੂਹ ਸੀ.ਐਚ.ਸੀਜ਼ ਤੇ ਬਲਾਕ ਪੀ. ਐਚ-ਸੀਜ਼ ਵਿਖੇ ਲਗਾਏ ਇਹਨਾਂ ਕੈਂਪਾਂ ਦੌਰਾਨ ਗਰਭਵਤੀ ਔਰਤਾਂ ਖਾਸ ਕਰਕੇ ਖ਼ਤਰੇ ਦੇ ਚਿੰਨਾਂ ਵਾਲੀਆਂ ਗਰਭਵਤੀਆਂ ਦੇ ਸਾਰੇ ਟੈਸਟ ਮੁਫਤ ਕੀਤੇ ਗਏ।



ਜਾਣਕਾਰੀ ਸਾਂਝੀ ਕਰਦਿਆਂ ਸਿਵਲ ਸਰਜਨ ਨੇ ਦੱਸਿਆ ਕਿ ਜੇਕਰ ਗਰਭਵਤੀ ਔਰਤ ਦੇ ਗਰਭ ਦੌਰਾਨ ਸਮੇ ਸਮੇਂ ਸਿਰ ਜਾਂਚ ਹੁੰਦੀ ਰਹੇ ਤਾਂ ਉਸ ਦਾ ਜਣੇਪਾ ਸੁਰੱਖਿਅਤ ਅਤੇ ਸੌਖਾ ਹੋ ਜਾਂਦਾ ਹੈ। ਇਸ ਲਈ ਸਾਰੀਆਂ ਗਰਭਵਤੀ ਔਰਤਾਂ ਨੂੰ ਜਣੇਪੇ ਦੌਰਾਨ ਆਪਣੇ ਸਾਰੇ ਚੇਕਅੱਪ ਅਤੇ ਡਾਕਟਰ ਵਲੋਂ ਦੱਸੇ ਗਏ ਸਾਰੇ ਟੈਸਟ ਸਮੇਂ ਸਿਰ ਜਰੂਰ ਕਰਵਾਉਣੇ ਚਾਹੀਦੇ ਹਨ ਤਾਂ ਜੋ ਖਤਰੇ ਦੇ ਚਿੰਨਾਂ ਵਾਲੀਆਂ ਗਰਭਵਤੀ ਔਰਤਾਂ ਦੀ ਪਛਾਣ ਹੋ ਸਕੇ ਅਤੇ ਸਮਾਂ ਰਹਿੰਦੇ ਉਹਨਾਂ ਦਾ ਇਲਾਜ਼ ਹੋ ਸਕੇ। ਆਸ਼ਾ ਵਰਕਰ ਖਤਰੇ ਵਾਲੀਆਂ ਗਰਭਵਤੀ ਔਰਤਾਂ ਦੀ ਸਮੇਂ ਸਿਰ ਪਛਾਣ ਕਰਕੇ ਉਨ੍ਹਾਂ ਨੂੰ ਇਨ੍ਹਾਂ ਕੈਂਪਾਂ ਵਿੱਚ ਜਰੂਰ ਲੈ ਕੇ ਆਉਣ ਤਾਂ ਜੋ ਗਰਭਵਤੀ ਮਾਵਾਂ ਦੇ ਸਮੇਂ ਸਿਰ ਲੋੜੀਂਦੇ ਟੈਸਟ ਕਰਕੇ ਅਤੇ ਸਿਹਤ ਸੇਵਾਵਾਂ ਦੇ ਕੇ ਜਣੇਪੇ ਦੌਰਾਨ ਆਉਣ ਵਾਲੇ ਖਤਰੇ ਨੂੰ ਟਾਲਿਆ ਜਾ ਸਕੇ ਅਤੇ ਸੁਰੱਖਿਅਤ ਜਣੇਪਾ ਕਰਵਾਇਆ ਜਾ ਸਕੇ। ਉਹਨਾਂ ਹੋਰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਰਕਾਰੀ ਹਸਪਤਾਲ ਵਿੱਚ ਅਪ੍ਰੇਸ਼ਨ ਵਾਲੇ (ਸੀਜ਼ੇਰੀਅਨ) ਅਤੇ ਨਾਰਮਲ ਜਣੇਪੇ ਬਿਲਕੁਲ ਮੁਫਤ ਕੀਤੇ ਜਾਂਦੇ ਹਨ ਅਤੇ ਔਰਤ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਹਸਪਤਾਲ ਚ ਗਰਭਵਤੀ ਦਾ ਖਾਣਾ ਪੀਣਾ ਰਹਿਣਾ ਅਤੇ ਦਵਾਈ ਬਿਲਕੁਲ ਫ੍ਰੀ ਹੁੰਦੀ ਹੈ।

ਇਨਾਂ ਵਿਸ਼ੇਸ਼ ਕੈਂਪਾਂ ਦੌਰਾਨ ਮਾਹਿਰ ਡਾਕਟਰਾਂ ਵੱਲੋਂ ਆਈਆਂ ਹੋਈਆਂ ਗਰਭਵਤੀ ਔਰਤਾਂ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਜਣੇਪੇ ਦੌਰਾਨ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਦੱਸਿਆ ਜਾਂਦਾ ਹੈ।

# ਗਦਰੀ ਬਾਬਿਆਂ ਦੇ ਮੇਲੇ ਭਾਗ ਲੈਣ ਵਾਲੇ ਪੁਸਤਕ ਵਿਕਰੇਤਾ ਅਤੇ ਪਬਲਿਸ਼ਰਾਂ ਦੀ ਮੀਟਿੰਗ

**ਜਲੰਧਰ (ਵਿਵੇਕ ਭਾਟੀਆ)**–ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਗਦਰੀ ਬਾਬਿਆਂ ਦਾ ਜੋ ਮੇਲਾ 7-8-9 ਨਵੰਬਰ 2024 ਨੂੰ ਲੱਗ ਰਿਹਾ ਹੈ ਉਸ ਤੇ ਆਉਂਦੇ ਪੁਸਤਕ ਵਿਕਰੇਤਾ ਅਤੇ ਪਬਲਿਸ਼ਰਾਂ ਦੀ ਮੀਟਿੰਗ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ



ਪਿਰਥੀਪਾਲ ਸਿੰਘ ਮਾੜੀਮੇਘਾ ਨੇ ਆਏ ਹੋਏ ਪੁਸਤਕ ਵਿਕਰੇਤਾ ਅਤੇ ਪਬਲਿਸ਼ਰਾਂ ਨੂੰ ਜੀ ਆਇਆਂ ਕਹਿੰਦੇ ਹੋਇਆਂ ਕਿਹਾ ਕਿ ਇਹ ਮੀਟਿੰਗ ਤੁਹਾਡਾ ਤੋਂ ਸਹਿਯੋਗ ਤੇ ਸੁਝਾਅ ਲੈਣ ਅਤੇ ਕਮੇਟੀ ਵੱਲੋਂ ਆਪਣੇ ਸੁਝਾਅ ਦੇਣ ਲਈ ਸੱਦੀ ਗਈ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਟਾਲਾਂ ਉੱਤੇ ਲੱਚਰ, ਫਿਰਕੂ ਅਤੇ ਵਹਿਮ ਭਰਮ ਫੈਲਾਉਣ ਵਾਲਾ ਲਿਟਰੇਚਰ ਨਾ ਆਵੇ। ਵਿਕਰੇਤਾ ਆਪਣੇ ਮਟੀਰੀਅਲ ਦੇ ਹਿਸਾਬ ਨਾਲ ਟੇਬਲ ਲੈਣ। ਜਦੋਂ ਕਿ ਕਈਆਂ ਕੋਲ ਮਟੀਰੀਅਲ ਘੱਟ ਹੁੰਦਾ ਤੇ ਟੇਬਲ ਜ਼ਿਆਦਾ ਲਾ ਕੇ ਥਾਂ ਰੋਕ ਲੈਂਦੇ ਹਨ। ਕਈ ਵਿਕਰੇਤਾ ਇੱਕ ਸਟਾਲ ਤੋਂ ਦੂਜਾ ਜਾਹਲੀ ਸਟਾਲ ਬਣਾ ਕੇ ਇੱਕ ਦੇ ਦੋ ਬਨਾ ਲੈਂਦੇ ਹਨ। ਇਹ ਫਰਾਡ ਹੈ।

ਕਮੇਟੀ ਵੱਲੋਂ ਜੋ ਬੁੱਕ ਸਟਾਲ ਕਮੇਟੀ ਬਨੀ ਹੈ ਜਦੋਂ ਉਸ ਨੂੰ ਕਮੇਟੀ ਵਾਲੇ ਕਹਿੰਦੇ ਹਨ ਤੇ ਉਹ ਬੁਰਾ ਮਨਾਉਂਦੇ ਹਨ।ਇਸ ਤਰ੍ਹਾਂ ਕਰਨ ਵਾਲਿਆਂ ਨੂੰ ਕਮੇਟੀ ਦੀ ਜਨਰਲ ਬਾਡੀ ਨੇ ਫੈਸਲਾ ਕੀਤਾ ਕਿ ਜਗ੍ਹਾ ਨਹੀਂ ਦਿੱਤੀ ਜਾਵੇਗੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬੁੱਕ ਸਟਾਲ ਕਮੇਟੀ ਦੇ ਕਨਵੀਨਰ ਰਮਿੰਦਰ ਸਿੰਘ ਪਟਿਆਲਾ ਤੇ ਕਮੇਟੀ ਦੇ ਟਰੱਸਟੀ ਸੁਰਿੰਦਰ ਕੁਮਰੀ ਕੋਛੜ ਨੇ ਕਿਹਾ ਕਿ ਤੁਸੀਂ ਗ਼ਦਰੀਆਂ ਦੇ ਵਿਹੜੇ ਵਿੱਚ ਆਏ ਜੇ ਤੇ ਸਾਨੂੰ ਖੁਸ਼ੀ ਹੋਈ ਹੈ। ਸਾਨੂੰ ਪੂਰਨ ਆਸ ਹੈ ਕਿ ਜੋ ਅਸੀਂ ਨਾਰਮ ਤਹਿ ਕਰਾਂਗੇ ਉਹ ਤੁਸੀਂ ਮੰਨੋਗੇ। ਇਸ ਮੌਕੇ ਤੇ ਟਰੱਸਟੀ ਰਣਜੀਤ ਸਿੰਘ ਔਲਖ, ਡਾਕਟਰ ਸ਼ੈਲਸ ,ਵਿਜੇ ਬੰਬੇਲੀ ਤੇ ਕੇਸਰ ਨੇ ਵੀ ਸੰਬੋਧਨ ਕੀਤਾ। ਅੰਤ ਤੇ ਕਮੇਟੀ ਦਾ ਸਹਿਯੋਗ ਦੇਣ ਲਈ ਸੁਖਰਾਜ, ਜਸਬੀਰ, ਹਰਭਜਨ, ਦੀਪ ਦਿਲਬਰ ਤੇ ਸੁਮਿਤ ਦੇ ਆਧਾਰਿਤ ਇੱਕ ਬੁੱਕ ਸਟਾਲ ਕਮੇਟੀ ਵੀ ਬਨਾਈ ਗਈ। ਜਿਸ ਦੇ ਕਨਵੀਨਰ ਦੀਪ ਦਿਲਬਰ ਹਨ। ਅਖੀਰ ਤੇ ਅਜਮੇਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਵਿਦਿਆਰਥੀ ਵੀ ਅੱਖਾਂ ਦਾਨ ਵਰਗੇ ਚੈਰੀਟੇਬਲ ਕੰਮਾਂ ਵਿੱਚ ਭਾਗੀਦਾਰ ਬਣਨ- ਸੰਜੀਵ ਅਰੋੜਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਰੋਟਰੀ ਆਈ ਬੈਂਕ ਅਤੇ ਕੋਰਨੀਆ ਟਰਾਂਸਪਲਾਂਟੇਸ਼ਨ ਸੁਸਾਇਟੀ ਦੇ ਮੁਖੀ ਅਤੇ ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੂੰ ਅੰਗਦਾਨ ਸਬੰਧੀ ਜਾਗਰੂਕ ਕਰਨ ਲਈ ਸ਼ਹਿਰ ਦੇ ਵੱਖ-ਵੱਖ ਕਾਲਜਾਂ ਵਿੱਚ ਫਲੈਕਸ ਬੋਰਡ ਲਗਾਏ ਜਾ ਰਹੇ ਹਨ, ਇਸੇ ਕੜੀ ਤਹਿਤ ਸਨਾਤਨ ਧਰਮ ਕਾਲਜ ਵਿੱਚ ਜਾਗਰੂਕਤਾ ਫਲੈਕਸ ਬੋਰਡ ਸੀ ਫਗਵਾੜਾ ਰੋਡ 'ਤੇ ਵੀ ਲਗਾਇਆ ਗਿਆ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਮੈਡਮ ਸਵਿਤਾ ਗੁਪਤਾ ਐਰੀ ਅਤੇ ਸੁਸਾਇਟੀ ਦੇ ਚੇਅਰਮੈਨ ਜੇ. ਬੀ ਬਹਿਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਪ੍ਰਿੰਸੀਪਲ ਸੰਜੀਵ ਅਰੋੜਾ ਅਤੇ ਜੇ.ਬੀ. ਬਹਿਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਵੇਂ ਬਣੇ ਕਾਨੂੰਨ ਅਨੁਸਾਰ ਡਰਾਈਵਿੰਗ ਲਾਇਸੈਂਸ ਅਪਲਾਈ ਕਰਨ ਅਤੇ ਰੀਨਿਊ ਕਰਨ ਸਮੇਂ ਉਨ੍ਹਾਂ ਨੂੰ ਅੰਗਦਾਨ ਨਾਲ ਸਬੰਧਤ ਕਾਲਮ ਭਰਨਾ ਲਾਜ਼ਮੀ ਹੈ ਜੋ ਕਿ ਫਾਰਮ ਵਿਚ ਜੋੜਿਆ ਗਿਆ ਹੈ ਅਤੇ 'ਹਾਂ' ਭਰੋ।



ਸ੍ਰੀ ਅਰੋੜਾ ਨੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਅਪੀਲ ਕੀਤੀ ਕਿ ਉਹ ਅੱਖਾਂ ਦਾਨ ਸਬੰਧੀ ਆਪਣੇ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਕਿਉਂਕਿ ਕੋਰਨੀਅਲ ਅੰਨ੍ਹੇਪਣ ਤੋਂ ਪੀੜਤ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।

ਇਸ ਲਈ ਵੱਧ ਤੋਂ ਵੱਧ ਲੋਕਾਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾਵੇ ਅਤੇ ਮਰਨ ਉਪਰੰਤ ਅੱਖਾਂ ਦਾਨ ਕਰਨ ਦਾ ਪ੍ਰਣ ਲੈਣ ਲਈ ਅੱਗੇ ਆਉਣ। ਸ੍ਰੀ ਅਰੋੜਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਹੁਣ ਤੱਕ 4100 ਤੋਂ ਵੱਧ ਲੋਕਾਂ ਨੂੰ ਰਾਹਤ ਪ੍ਰਦਾਨ ਕੀਤੀ ਜਾ ਚੁੱਕੀ ਹੈ ਅਤੇ 24 ਦੇਹਾਂ ਵੱਖ-ਵੱਖ ਮੈਡੀਕਲ ਕਾਲਜਾਂ ਵਿੱਚ ਖੋਜ ਲਈ ਭੇਜੀਆਂ ਗਈਆਂ ਹਨ ਅਤੇ ਹੁਣ ਤੱਕ 179 ਵਿਅਕਤੀਆਂ ਨੇ ਮਰਨ ਉਪਰੰਤ ਆਪਣੇ ਸਰੀਰ ਦਾਨ ਕਰਨ ਲਈ ਰਜਿਸਟ੍ਰੇਸ਼ਨ ਵੀ ਕਰਵਾਈ ਹੈ ਫਲੈਕਸ ਬੋਰਡ ਲਗਵਾਉਣ ਵਿੱਚ ਸੀਨੀਅਰ ਮੈਂਬਰ ਸ੍ਰੀ ਸ਼ਾਖਾ ਬੱਗਾ ਦਾ ਵਿਸ਼ੇਸ਼ ਯੋਗਦਾਨ ਰਿਹਾ।

ਇਸ ਮੌਕੇ ਪ੍ਰਿੰ. ਸਵਿਤਾ ਗੁਪਤਾ ਐਰੀ ਨੇ ਸਮਾਜ ਦੇ ਇਸ ਕਾਰਜ ਦੀ ਪ੍ਰਸ਼ੰਸਾ ਅਤੇ ਧੰਨਵਾਦ ਕਰਦੇ ਹੋਏ ਕਿਹਾ ਕਿ ਕਿਸੇ ਦੇ ਹਨੇਰੇ ਜੀਵਨ ਨੂੰ ਰੌਸ਼ਨ ਕਰਨਾ ਸਭ ਤੋਂ ਵੱਡਾ ਪੁੰਨ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ, ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਨੂੰ ਅੱਖਾਂ ਦਾਨ ਕਰਨ ਦੀ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਤਾਂ ਜੋ ਹਨੇਰੇ ਦੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਲੋਕਾਂ ਤੱਕ ਰੌਸ਼ਨੀ ਪਾਈ ਜਾ ਸਕੇ ਅਤੇ ਉਨ੍ਹਾਂ ਨੇ ਹਰ ਸੰਭਵ ਸਹਿਯੋਗ ਵੀ ਦਿੱਤਾ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਸਹਾਇਕ ਪ੍ਰੋਫੈਸਰ ਮੋਨਿਕਾ ਕੰਵਰ, ਪ੍ਰਿੰ. ਡੀ.ਕੇ. ਸ਼ਰਮਾ, ਮਦਨ ਲਾਲ ਮਹਾਜਨ, ਸ਼ਾਖਾ ਬੱਗਾ, ਰਮਿੰਦਰ ਸਿੰਘ, ਵੀਨਾ ਚੋਪੜਾ, ਜਸਵੀਰ ਕੰਵਰ ਆਦਿ ਹਾਜ਼ਰ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਹੂਰਾ 'ਚ ਝੋਨੇ ਦੀ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਪ੍ਰੋਗਰਾਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਜਹੂਰਾ, ਬਲਾਕ ਟਾਂਡਾ ਵਿਖੇ ਝੋਨੇ ਦੀ ਪਰਾਲੀ ਪ੍ਰਬੰਧਨ ਦੇ ਸਬੰਧ ਵਿਚ ਇਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਦੇ ਮਾਹਿਰਾਂ ਵਲੋਂ ਫਸ਼ਲਾਂ ਦੀ ਰਹਿੰਦ-ਖੂਹੰਦ ਦੇ ਪ੍ਰਬੰਧਨ ਦਾ ਮਹੱਤਵ ਸਮਝਾਇਆ ਗਿਆ ਅਤੇ ਇਸ ਵਿਸ਼ੇ 'ਤੇ ਵਿਦਿਆਰਥੀਆਂ ਦਰਮਿਆਨ ਪ੍ਰਤੀਯੋਗਤਾਵਾਂ ਦਾ ਆਯੋਜਨ ਵੀ ਕੀਤਾ ਗਿਆ।



ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ। ਮਨਿੰਦਰ ਸਿੰਘ ਬੌਂਸ ਨੇ ਦਿਵਿਆਰਥੀਆ ਨੂੰ ਸੰਬੋਧਨ ਕਰਦੇ ਹੋਏ ਪਰਾਲੀ ਪ੍ਰਬੰਧਨ ਦੀ ਜ਼ਰੂਰਤਾਂ ਅਤੇ ਇਸ ਦੀਆਂ ਤਕਨੀਕਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਪਰਾਲੀ ਨੂੰ ਸਾੜਨ ਨਾਲ ਹੋਣ ਵਾਲੇ ਨੁਕਸਾਨ ਅਤੇ ਪਰਾਲੀ ਪਰਾਲੀ ਵਿਚ ਮੌਜੂਦ ਵੱਖ-ਵੱਖ ਤੱਤਾਂ ਦਾ ਮਹੱਤਵ ਵੀ ਦੱਸਿਆ। ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਮੁਹਿੰਮ ਵਿਚ ਸਾਰੀਆਂ ਸਬੰਧਤ ਧਿਰਾਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਜੋ ਇਸ ਦੀ ਸੁਚੱਜੀ ਵਰਤੋਂ ਰਾਹੀਂ ਬਾਇ ਗੈਸ ਪਲਾਂਟ ਊਰਜਾ, ਖਾਦ, ਮਸ਼ਰੂਮ ਪੈਦਾਵਾਰ, ਗੱਤਾ ਉਦਯੋਗ ਅਤੇ ਪਸ਼ੂਆਂ ਦੇ ਚਾਰੇ ਲਈ ਕੀਤੀ ਜਾ ਸਕੇ। ਇਸ ਮੌਕੇ ਕੇਂਦਰ ਵਲੋਂ ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਜਾਗਰੂਕਤਾ ਲਈ ਲੇਖ, ਭਾਸ਼ਣ ਅਤੇ ਪੇਟਿੰਗ ਮੁਕਾਬਲੇ ਵੀ ਕਰਵਾਏ ਗਏ ਜਿਸ ਵਿਚ ਵਿਦਿਆਰਥੀਆ ਨੇ ਹਿੱਸਾ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਹ ਮੁਕਾਬਲੇ ਡਾ। ਅਜਾਇਬ ਸਿੰਘ ਅਤੇ ਸਕੂਲ ਦੇ ਸਟਾਫ਼ ਮੈਂਬਰਾਂ ਸੁਖਵਿੰਦਰ ਕੌਰ, ਹਰਪ੍ਰੀਤ ਸਿੰਘ, ਅਮ੍ਰਿਤਾ ਕੁਮਾਰੀ, ਅਨੁਪ੍ਰੀਤ ਆਦਿ ਦੀ ਦੇਖਰੇਖ ਵਿਚ ਕਰਵਾਏ ਗਏ। ਸਕੂਲ ਪ੍ਰਿੰਸੀਪਲ ਆਸ਼ਾ ਰਾਣੀ ਨੇ ਇਸ ਜਾਗਰੂਕਤਾ ਉਪਰਾਲੇ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦਾ ਧੰਨਵਾਦ ਕੀਤਾ।

## ਪੰਜਾਬ ਜ਼ਿਮਨੀ ਚੋਣਾਂ

# ਪਰਿਵਾਰਵਾਦ ਅਤੇ ਦਲ ਬਦਲੂ ਸਿਆਸਤ



ਗੁਰਮੀਤ ਪਲਾਹੀ
91-98158-02070

ਪੰਜਾਬ ਦਾ ਦੁਖਾਂਤ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਪੰਜਾਬ 'ਚ ਸਾਫ਼-ਸੁਥਰੀ, ਦਿਆਨਤਦਾਰੀ ਵਾਲੀ ਸਿਆਸਤ ਦੇ ਦਿਨ ਹੀ ਪੁੱਗ ਗਏ ਹਨ। ਪੰਜਾਬ 'ਚ ਚੋਣ ਨਤੀਜੇ ਹਥਿਆਉਣ ਲਈ ਲਗਭਗ ਹਰੇਕ ਸਿਆਸੀ ਧਿਰ ਦਲ ਬਦਲੂ ਅਤੇ ਪਰਿਵਾਰਵਾਦ ਵਾਲੀ ਸਿਆਸਤ ਨੂੰ ਹੁਲਾਰਾ ਦੇ ਰਹੀ ਹੈ। ਮਸਲਾ ਪੰਜਾਬ ਦੇ ਮੁੱਦੇ ਮਸਲਿਆਂ ਨੂੰ ਹੱਲ ਕਰਨ ਦਾ ਨਹੀਂ, ਪੰਜਾਬ ਹਿਤੈਸ਼ੀ ਸਿਆਸਤ ਕਰਨ ਦਾ ਵੀ ਨਹੀਂ, ਮਸਲਾ ਤਾਂ ਪੰਜਾਬ 'ਚ ਸਿਆਸੀ ਤਾਕਤ ਹਥਿਆਉਣ ਦਾ ਹੈ, ''ਅੱਥਰੇ ਪੰਜਾਬ'' ਨੂੰ ਲਗਾਮ ਪਾਉਣ ਦਾ ਹੈ।

ਪੰਜਾਬ ਦੀਆਂ ਜ਼ਿਮਨੀ ਚੋਣਾਂ ਦੇ ਹਾਲਾਤ ਵਾਚ ਲਵੋ। ਚਾਰ ਸੀਟਾਂ ਗਿੱਦੜਵਾਹਾ ਅਤੇ ਬਰਨਾਲਾ (ਮਾਲਵਾ), ਡੇਰਾ ਬਾਬਾ ਨਾਨਕ (ਮਾਝਾ), ਚੱਬੇਵਾਲ (ਦੁਆਬਾ) 'ਚ ਚੋਣਾਂ ਹਨ। ਅਜ਼ਾਦ ਉਮੀਦਵਾਰਾਂ 'ਚ ਬਹੁਤੇ ਸਿਆਸੀ ਪਾਰਟੀਆਂ ਤੋਂ ਰੁਸੇ ਹੋਏ ਹਨ। ਚਾਰੋਂ ਸੀਟਾਂ ਉੱਤੇ ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ ਨੇ ਜੋ 12 ਅਧਿਕਾਰਤ ਉਮੀਦਵਾਰ ਖੜੇ ਕੀਤੇ ਹਨ, ਉਹਨਾਂ ਵਿਚੋਂ 6 ਦਲ ਬਦਲੂ, 3 ਸੰਸਦ ਮੈਂਬਰਾਂ ਦੀਆਂ ਪਤਨੀਆਂ, ਬੇਟਾ ਚੋਣ ਲੜ ਰਹੇ ਹਨ। ਪਰਿਵਾਰ ਦਾ ਸ਼ਿਕਾਰ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਇਹਨਾਂ ਜ਼ਿਮਨੀ ਚੋਣਾਂ 'ਚ ਮੈਦਾਨੋਂ ਭੱਜ ਤੁਰਿਆ ਹੈ। ਕਾਂਗਰਸ ਨੂੰ ਕੀ ਐਮ.ਪੀ. ਸੁਖਜਿੰਦਰ ਸਿੰਘ ਵੀ ਪਤਨੀ ਜਤਿੰਦਰ ਕੌਰ ਤੋਂ ਬਿਨਾਂ ਜਾਂ ਐਮ.ਪੀ. ਕਾਂਗਰਸ ਸੂਬਾ ਪ੍ਰਧਾਨ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਤੋਂ ਬਿਨਾਂ ਜਾਂ ਆਮ ਆਦਮੀ ਪਾਰਟੀ ਦੇ ਐਮ।ਪੀ। ਰਾਜ ਕੁਮਾਰ ਚੱਬੇਵਾਲ ਨੂੰ ਆਪਣੇ ਪੁੱਤਰ ਤੋਂ ਬਿਨਾਂ ਪਾਰਟੀ ਵਿਚ ਚੋਣ ਲੜਨ ਲਈ ਕੋਈ ਆਮ ਉਮੀਦਵਾਰ ਜਾਂ ਨੇਤਾ ਹੀ ਨਹੀਂ ਮਿਲਿਆ ਜਾਂ ਭਾਜਪਾ ਨੂੰ ਆਪਣੇ ਸਿੱਕੇਬੰਦ ਵਰਕਰਾਂ ਵਿਚੋਂ ਕੋਈ ਚਿਹਰਾ ਪਸੰਦ ਹੀ ਨਹੀਂ ਆਇਆ ਕਿ ਉਹ ਵਿਧਾਨ ਸਭਾ ਚੋਣ ਲੜ ਸਕੇ। ਭਾਜਪਾ ਨੇ ਤਾਂ ਲਗਭਗ ਸਾਰੀਆਂ ਸੀਟਾਂ ਉੱਤੇ ਟੇਕ ਦਲ ਬਦਲੂ 'ਤੇ ਰੱਖ ਛੱਡੀ ਹੈ। ਚੋਣਾਂ ਦੀ ਨਾਮਜਦਗੀ ਤੋਂ ਇਕ ਦਿਨ ਪਹਿਲਾਂ ਹੀ ਚੱਬੇਵਾਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ 'ਸੋਹਣ ਸਿੰਘ ਠੰਡਲ' ਨੂੰ ਭਾਜਪਾ 'ਚ ਸ਼ਾਮਲ ਕਰਕੇ ਚੋਣ ਲੜਾਈ ਜਾ ਰਹੀ ਹੈ। ਸਿਮਰਨਜੀਤ ਸਿੰਘ ਮਾਨ ਦਾ ਦੋਹਤਰਾ ਬਰਨਾਲਾ ਤੋਂ ਗੋਬਿੰਦ ਸਿੰਘ ਸੰਧੂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਉਮੀਦਵਾਰ ਹੈ।

ਕਾਂਗਰਸ 2027 ਦੀਆਂ ਵਿਧਾਨ ਸਭਾ ਚੋਣਾਂ ਉੱਤੇ ਅੱਖ ਟਿਕਾਈ ਬੈਠੀ ਹੈ। ਲੋਕ ਸਭਾ ਚੋਣਾਂ 'ਚ 7 ਸੀਟਾਂ ਜਿੱਤ ਕੇ ਉਤਸ਼ਾਹਿਤ ਹੈ। ਪਾਰਟੀ 'ਚ ਸਿਰੇ ਦੀ ਧੜੇਬੰਦੀ ਹੈ। ਪਰ ਫਿਰ ਵੀ ਸਰਕਾਰੀ ਧਿਰ ਦੇ ਵਿਰੋਧ ਵਿਚ ਖੜੀ ਕਾਂਗਰਸ ਆਪਣੀ ਕਾਰਗੁਜ਼ਾਰੀ ਨੂੰ ਸੁਧਾਰਨ ਦੇ ਯਤਨ ਵਿਚ ਹੈ। ਪਰ ਕਾਂਗਰਸ ਦੀ ਹਾਈਕਮਾਂਡ ਜੋ ਸਾਫ਼-ਸੁਥਰੀ ਸਿਆਸਤ ਕਰਨ ਦਾ ਦਾਅਵਾ ਕਰਦੀ ਹੈ, ਉਹ ਪਰਿਵਾਰਵਾਦ ਉੱਤੇ ਟੇਕ ਰੱਖ ਕੇ ਚੋਣਾਂ ਜਿੱਤਣ ਲਈ ਆਪਣੇ ਸੂਬਾ ਪ੍ਰਧਾਨ ਰਾਜਾ ਵੜਿੰਗ ਜੋ ਪਹਿਲਾ ਵਿਧਾਨ ਸਭਾ ਮੈਂਬਰ ਸੀ ਤੇ ਫਿਰ ਐਮ.ਪੀ. ਚੁਣਿਆ ਗਿਆ, ਉਸ ਦੀ ਪਤਨੀ ਨੂੰ ਹੀ ਵਿਧਾਨ ਸਭਾ ਦੀ ਟਿਕਟ ਦੇਣ ਲਈ ਮਜਬੂਰ ਹੈ, ਇਹੋ ਹਾਲ ਐਮ.ਪੀ. ਸੁਖਜਿੰਦਰ ਸਿੰਘ ਰੰਧਾਵਾ ਦਾ ਹੈ, ਜਿਸ ਦੀ ਪਤਨੀ ਨੂੰ ਡੇਰਾ ਬਾਬਾ ਨਾਨਕ ਤੋਂ ਟਿਕਟ ਮਿਲੀ ਹੈ। ਕੀ ਹਾਈ ਕਮਾਂਡ ਆਮ ਵਰਕਰਾਂ 'ਤੇ ਭਰੋਸਾ ਨਹੀਂ ਕਰ ਰਹੀ? ਕੀ ਉਸ ਦੇ ਮਨ 'ਚ ਆਪਣੇ ਨੇਤਾਵਾਂ ਦੀ ਦਲ ਬਦਲੀ ਦਾ ਡਰ ਹੈ, ਜੋ ਪਰਿਵਾਰਾਂ ਵਿਚੋਂ ਹੀ ਟਿਕਟਾਂ ਦੀ ਚੋਣ ਕਰ ਰਹੀ ਹੈ।

ਆਮ ਆਦਮੀ ਪਾਰਟੀ ਹੁਣ ਆਮ ਲੋਕਾਂ ਦੀ ਪਾਰਟੀ ਨਹੀਂ ਰਹੀ। ਖਾਸਮ-ਖਾਸ ਪਾਰਟੀ ਬਣ ਚੁੱਕੀ ਜਾਪਦੀ ਹੈ। ਇਸ ਪਾਰਟੀ 'ਚ ਕਲਾ ਕਲੇਸ਼ ਕਾਫੀ ਹੱਦ ਤੱਕ ਵੱਧ ਚੁੱਕਾ ਹੈ। ਮੌਜੂਦਾ ਮੁੱਖ ਮੰਤਰੀ ਉੱਤੇ ਦਿੱਲੀ ਦੀ ਹਾਈ ਕਮਾਂਡ ਭਰੋਸਾ ਨਹੀਂ ਕਰ ਰਹੀ। ਉਮੀਦਵਾਰਾਂ ਦੀ ਚੋਣ ਉਪਰੋਂ ਹੁੰਦੀ ਹੈ। ਆਮ ਆਦਮੀ ਪਾਰਟੀ ਦਾ ਕਾਡਰ ਨਿਰਾਸ਼ਤਾ ਦੇ ਆਲਮ 'ਚ ਹੈ। ਫਿਰ ਵੀ ਪਾਰਟੀ, ਸਰਕਾਰੀ ਸਹਾਇਤਾ ਨਾਲ ਹਰ ਹਰਬਾ ਵਰਤ ਕੇ ਚਾਰੋਂ ਸੀਟਾਂ ਉੱਤੇ ਕਬਜ਼ਾ ਜਮਾਉਣਾ ਚਾਹੁੰਦੀ ਹੈ। ਜਿਸ ਢੰਗ ਨਾਲ ਜਲੰਧਰ ਵੈਸਟ ਜ਼ਿਮਨੀ ਵਿਧਾਨ ਸਭਾ ਚੋਣ ਵੇਲੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਨੇ ਸਾਮ-ਦਾਮ-ਦੰਡ ਦੀ ਵਰਤੋਂ ਕਰਕੇ ਸੀਟ ਹਥਿਆਈ ਸੀ, ਉਸ ਕਿਸਮ ਦਾ ਮਾਹੌਲ ਸ਼ਾਇਦ ਇਹਦਾ 4 ਜ਼ਿਮਨੀ ਚੋਣਾਂ 'ਚ ਨਾ ਬਣ ਸਕੇ। ਪਰ ਭਗਵੰਤ ਸਿੰਘ ਮਾਨ ਆਪਣੀ ਐਮ.ਪੀ. ਚੋਣ ਵੇਲੇ ਹੋਈ ਹਾਰ ਨੂੰ ਕੁਝ ਹੱਦ ਤੱਕ ਜਿੱਤ 'ਚ ਬਦਲਣ ਲਈ ਯਤਨ ਜ਼ਰੂਰ ਕਰੇਗਾ, ਭਾਵੇਂ ਕਿ ਇਸ ਗੱਲ ਦਾ ਖਦਸ਼ਾ ਹੈ ਕਿ ਮੁੱਖ ਮੰਤਰੀ ਵਿਰੋਧੀ ਲਾਬੀ ਉਸ ਨੂੰ ਠਿੱਬੀ ਲਾਉਣ ਦੇ ਯਤਨਾਂ 'ਚ ਹੈ ਤਾਂ ਕਿ ਉਹਨਾ ਤੋਂ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਮੰਗਿਆ ਜਾ ਸਕੇ। ਆਮ ਆਦਮੀ ਪਾਰਟੀ ਨੇ ਜ਼ਿਮਨੀ ਚੋਣ 'ਚ ਪਾਰਟੀ 'ਚ ਬਾਹਰੋਂ ਆਏ ਲੋਕਾਂ ਨੂੰ ਟਿਕਟਾਂ ਤਾਂ ਦਿੱਤੀਆਂ ਹੀ ਹਨ। ਰਾਜ ਕੁਮਾਰ ਚੱਬੇਵਾਲ ਐਮ.ਪੀ. ਹੁਸ਼ਿਆਰਪੁਰ ਦੇ ਬੇਟੇ ਇਸ਼ਾਂਤ ਚੱਬੇਵਾਲ ਨੂੰ ਟਿਕਟ ਦੇ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਪਰਿਵਾਰਵਾਦ ਨੂੰ ਗਲਤ ਨਹੀਂ ਸਮਝਦੀ। ਚੋਣ ਜਿੱਤਣ ਲਈ ''ਬਾਹਰੋਂ ਆਇਆਂ ਦਾ ਤਾਂ ਸਵਾਗਤ ਹੀ ਹੈ, ਪਰਿਵਾਰ ਦੇ ਮੈਂਬਰਾਂ ਦੀ ਪੁਸ਼ਤਪਨਾਹੀ ਵੀ ਗਲਤ ਨਹੀਂ ਹੈ।''

ਭਾਜਪਾ ਤਾਂ ਪਿਛਲੇ ਲੰਮੇ ਸਮੇਂ ਤੋਂ ਢੇਰਾਂ ਦੇ ਢੇਰ ਨੇਤਾਵਾਂ ਨੂੰ ਆਪਣੇ ਪਾਰਟੀ 'ਚ ਢੋਅ ਰਹੀ ਹੈ। ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ, ਭਾਜਪਾ ਦੇ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਅਤੇ ਅਨੇਕਾਂ ਸਾਬਕਾ ਮੰਤਰੀ, ਵਿਧਾਨ ਥੋਕ ਦੇ ਭਾਅ ਭਾਜਪਾ ਵਿਚ ਸ਼ਾਮਲ ਕੀਤੇ ਹੋਏ ਹਨ ਅਤੇ ਉਹਨਾਂ ਨੂੰ ਹੀ ਚੋਣਾਂ 'ਚ ਅੱਗੇ ਕੀਤਾ ਜਾ ਰਿਹਾ ਹੈ। ਪਰਿਵਾਰਵਾਦ ਦਾ ਵਿਰੋਧ ਕਰਨ ਵਾਲੀ ਭਾਜਪਾ ਆਖ਼ਿਰ ਪੰਜਾਬ 'ਚ ਦੋਹਰੇ ਮਾਪਦੰਡ ਕਿਉਂ ਅਪਨਾ ਰਹੀ ਹੈ? ਉਸ ਨੂੰ ਐਮ.ਪੀ. ਚੋਣ ਵੇਲੇ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਦੇ ਪਰਿਵਾਰ ਵਿਚੋਂ ਉਹਨਾਂ ਦੀ ਪਤਨੀ ਪ੍ਰਨੀਤ ਕੌਰ ਹੀ ਚੋਣ ਲੜਨ ਲਈ ਕਿਉਂ ਦਿਸਦੀ ਹੈ? ਹੁਸ਼ਿਆਰਪੁਰ ਤੋਂ ਐਮ.ਪੀ. ਸੋਮ ਪ੍ਰਕਾਸ਼ ਦੀ ਪਤਨੀ ਅਨੀਤਾ ਸੋਮ ਪ੍ਰਕਾਸ਼ ਨੂੰ ਹੀ ਕਿਉਂ ਚੋਣ ਲੜਾਈ ਜਾਂਦੀ ਹੈ। ਪਾਰਟੀ ਦੇ ਸਿੱਕੇਬੰਦ ਵਰਕਰਾਂ ਦੀ ਥਾਂ ''ਅਕਾਲੀ ਠੰਡਲ'' ਹੀ ਚੱਬੇਵਾਲ ਤੋਂ ਉਮੀਦਵਾਰ ਕਿਉਂ ਹੈ? ਬਰਨਾਲੇ ਤੋਂ ਕੇਵਲ ਸਿੰਘ ਢਿੱਲੋਂ ਹੀ ਪਾਰਟੀ ਦੀ ਪਹਿਲ ਕਿਉਂ ਹੈ, ਜੋ ਕਦੇ ਕਾਂਗਰਸ ਦਾ ਧੁਰਾ ਗਿਣਿਆ ਜਾਂਦਾ ਸੀ।



ਅਸਲ ਵਿਚ ਭਾਜਪਾ 'ਪੰਜਾਬ' ਉੱਤੇ ਕਬਜ਼ਾ ਕਰਨਾ ਚਾਹੁੰਦੀ ਹੈ। ਪੰਜਾਬ ਦੇ ਲੋਕਾਂ ਦੀ, ਜੋ ਜੁਝਾਰੂ ਹਨ, ਦੀ ਸੋਚ ਖੁੰਡੀ ਕਰਨਾ ਚਾਹੁੰਦੀ ਹੈ। ਤਾਂ ਕਿ ਪੂਰੇ ਦੇਸ਼ ਉੱਤੇ ਆਰਾਮ ਨਾਲ ਰਾਜ ਕਰ ਸਕੇ। ਪੰਜਾਬ ਵਿਚ ਉਹਦੀ ਇਸ ਆਸ ਦੀ ਪੂਰਤੀ ਉਸ ਦਾ ਪੁਰਾਣਾ ਭਾਈਵਾਲ ਸ਼੍ਰੋਮਣੀ ਅਕਾਲੀ ਦਲ (ਬ) ਪੂਰੀ ਕਰ ਰਿਹਾ ਹੈ। ਜਿਸ ਨੇ ਇਸ ਵੇਲੇ ਆਪਣੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਈਆ ਕਰਾਰ ਦਿੱਤੇ ਜਾਣ ਉਪਰੰਤ ਪੈਦਾ ਹੋਈ ਹਾਲਾਤ ਦੇ ਮੱਦੇਨਜ਼ਰ ਜ਼ਿਮਨੀ ਚੋਣਾਂ ਦਾ ਬਾਈਕਾਟ ਹੀ ਕਰ ਦਿੱਤਾ ਹੈ। ਜਿਸ ਦਾ ਸਿੱਧਾ ਲਾਭ ਭਾਜਪਾ ਉਠਾਉਣਾ ਚਾਹ ਰਹੀ ਹੈ। ਯਾਦ ਰਹੇ ਐਮ.ਪੀ. ਚੋਣਾਂ ਵੇਲੇ ਗਿੱਦੜਬਾਹਾ ਅਤੇ ਡੇਰਾ ਬਾਬਾ ਨਾਨਕ ਤੋਂ ਸ਼੍ਰੋਮਣੀ ਅਕਾਲੀ ਦਲ ਦੂਜੇ ਨੰਬਰ 'ਤੇ ਸੀ। ਤਾਂ ਫਿਰ ਇਹ ਜਿੱਤਣ ਵਾਲੀਆਂ ਸੀਟਾਂ ਕਿਉਂ ਛੱਡੀਆਂ ਜਾ ਰਹੀਆਂ ਹਨ?

ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਜੋ ਪਰਿਵਾਰਵਾਦ ਦਾ ਸ਼ਿਕਾਰ ਹੋਈ ਹੈ, ਉਸ ਦੇ ਨੇਤਾ ਸੁਖਬੀਰ ਸਿੰਘ ਬਾਦਲ ਦੀ ਇਸ ਅੜੀ ਕਿ ਉਹ ਹੀ ਪ੍ਰਧਾਨ ਵਜੋਂ ਪਾਰਟੀ 'ਚ ਵਿਚਰਨਗੇ, ਨੇ ਅਕਾਲੀ ਸਫ਼ਾ 'ਚ ਧੜੇਬੰਦੀ ਤਾਂ ਪੈਦਾ ਕੀਤੀ ਹੀ ਹੈ, ਵਿਧਾਨ ਸਭਾ ਚੋਣਾਂ 'ਚ ਮੈਦਾਨ ਛੱਡਣ ਕਾਰਨ ਵਰਕਰਾਂ 'ਚ ਮਾਯੂਸੀ ਵੀ ਪੈਦਾ ਕੀਤੀ ਹੈ। ਚਾਹੇ ਇਹਨਾ ਹਲਕਿਆਂ ਦੇ ਪੱਕੇ ਅਕਾਲੀ ਵੋਟਰ ਚੋਣ ਲੜ ਰਹੀਆਂ ਸਿਆਸੀ ਪਾਰਟੀਆਂ ਦੇ ਪਾਲੇ 'ਚ ਜਾਣ ਦੀ ਤਿਆਰੀ 'ਚ ਹਨ। ਸਭ ਤੋਂ ਮਜ਼ਬੂਤ ਰਹਿ ਰਹੀ ਖੇਤਰੀ ਪਾਰਟੀ ਅਕਾਲੀ ਦਲ (ਬ) ਦਾ ਭਵਿੱਖ ਪਰਿਵਾਰਵਾਦ ਦੀ ਭੇਟ ਚੜ ਗਿਆ ਹੈ ਅਤੇ ਇਸ ਦੇ ਭਵਿੱਖ ਵਿਚ ਹਾਸ਼ੀਏ 'ਚ ਜਾਣ ਦੇ ਆਸਾਰ ਹਨ। ਪਿਛਲੀ ਲੋਕ ਸਭਾ ਚੋਣਾਂ 'ਚ ਇਸ ਪਾਰਟੀ ਨੇ 13 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ। ਉਹ ਵੋਟਰ ਕਿਧਰ ਜਾਣਗੇ? ਕੀ ਆਪਣੇ ਪੁਰਾਣੇ ਭਾਈਵਾਲ ਭਾਜਪਾ ਨੂੰ ਭੁਗਤਣਗੇ ਜਾਂ ਕੋਈ ਹੋਰ ਰਾਹ ਅਖਤਿਆਰ ਕਰਨਗੇ? ਕੀ ਜਦੋਂ 2027 'ਚ ਸ਼੍ਰੋਮਣੀ ਅਕਾਲੀ ਦਲ (ਬ) ਮੁੜ ਚੋਣਾਂ ਲੜੇਗਾ ਤਾਂ ਇਹ ਪਾਰਟੀ ਵਰਕਰ ਕੀ ਮੁੜ ਅਕਾਲੀ ਦਲ (ਬ) ਦੀ ਸਫ਼ਾ 'ਚ ਪਰਤਣਗੇ? ਅਸਲ 'ਚ ਇਹ ਸਭ ਕੁਝ ਬਾਦਲ ਪਰਿਵਾਰ ਦੀ ਹੋਂਦ ਨੂੰ ਬਚਾਉਣ ਦੀ ਕੀਮਤ ਉੱਤੇ ਕੀਤਾ ਜਾ ਰਿਹਾ ਹੈ, ਜੋ ਪਾਰਟੀ ਲਈ ਵੱਡਾ ਨੁਕਸਾਨ ਸਾਬਤ ਹੋਏਗਾ। ਐਮ.ਪੀ. ਚੋਣਾਂ ਵੇਲੇ ਸ਼੍ਰੋਮਣੀ ਅਕਾਲੀ ਦਲ ਨੂੰ ਗਿੱਦੜਬਾਹਾ 'ਚ 49053, ਬਰਨ-ਾਲਾ 'ਚ 26990, ਚੱਬੇਵਾਲ 'ਚ 19229, ਡੇਰਾ ਬਾਬਾ ਨਾਨਕ 'ਚ 50089 ਵੋਟਾਂ ਭਾਵ ਕੁਲ 80 ਹਜ਼ਾਰ ਦੇ ਕਰੀਬ ਦੋਹਾਂ ਹਲਕਿਆਂ 'ਚ ਮਿਲੀਆਂ ਸਨ। ਕੀ ਇਹ ਵੋਟਾਂ ਪਰਿਵਾਰਵਾਦ ਦੀ ਭੇਟ ਨਹੀਂ ਚੜਨਗੀਆਂ ਜਦੋਂ ਅਕਾਲੀ ਦਲ ਆਰਾਮ ਕਰਨ ਲਈ ਚੋਣਾਂ ਤੋਂ ਪਿੱਛੇ ਹੱਟ ਕੇ ਬੈਠ ਗਿਆ ਹੈ? ਇਕ ਸਵਾਲ ਇਹ ਵੀ ਸਿਆਸੀ ਹਲਕਿਆਂ 'ਚ ਉੱਠਦਾ ਹੈ ਕਿ ਕੀ ਇਹ ਅੰਦਰੋਗਤੀ ਭਾਜਪਾ ਨਾਲ ਪੁਰਾਣੀ ਭਾਈਵਾਲੀ ਪੁਗਾਉਣ ਦਾ ਯਤਨ ਤਾਂ ਨਹੀਂ ਹੈ?

ਆ ਜਾਂਦੇ-ਜਾਂਦੇ ਇਕ ਝਾਤ ਪੰਜਾਬ ਦੇ ਇਹਨਾਂ ਚਾਰੇ ਵਿਧਾਨ ਸਭਾ ਹਲਕਿਆਂ 'ਚ ਖੜੇ ਉਮੀਦਵਾਰਾਂ ਦੀ ਅਮੀਰੀ ਉੱਤੇ ਮਾਰੀਏ। ਭਾਜਪਾ ਦੇ ਉਮੀਦਵਾਰ ਇਹਨਾਂ ਜ਼ਿਮਨੀ ਚੋਣਾਂ 'ਚ ਸਭ ਤੋਂ ਵੱਧ ਅਮੀਰ ਹਨ। ਇਹਨਾਂ ਚੋਣਾਂ 'ਚ 60 ਉਮੀਦਵਾਰ ਹਨ। ਭਾਜਪਾ ਦਾ ਰਵੀਕਰਨ ਕਾਹਲੋਂ (ਦਲ ਬਦਲੂ), ਮਨਪ੍ਰੀਤ ਸਿੰਘ ਬਾਦਲ (ਦਲ ਬਦਲੂ), ਆਮ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿਲੋਂ (ਦਲ ਬਦਲੂ), ਕੇਵਲ ਸਿੰਘ ਢਿੱਲੋਂ (ਦਲ ਬਦਲੂ) ਸਭ ਤੋਂ ਅਮੀਰ ਉਮੀਦਵਾਰ ਹਨ।

ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ, ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਅਮੀਰ ਉਮੀਦਵਾਰਾਂ 'ਚ ਸ਼ਾਮਲ ਹਨ। ਜਿਹੜੇ ਵੀ ਦਲ-ਬਦਲੂ ਜਾਂ ਪਰਿਵਾਰਕ ਮੈਂਬਰ ਇਹਨਾਂ ਚੋਣਾਂ 'ਚ ਵਿਧਾਨ ਸਭਾ ਚੋਣ ਹਲਕਿਆਂ 'ਚ ਜਿੱਤਣਗੇ, ਉਹ ਕੀ ਆਪੋ-ਆਪਣੀ ਪਾਰਟੀ ਦੀਆਂ ਨੀਤੀਆਂ 'ਤੇ ਪਹਿਰਾ ਦੇਣਗੇ ਜਾਂ ਆਪਣੇ ਹਿੱਤਾਂ ਦੀ ਪੂਰਤੀ ਕਰਨਗੇ? ਜਾਂ ਕੀ ਉਹ ਔਖਿਆਈਆਂ ਨਾਲ ਜੂਝ ਰਹੇ ਪੰਜਾਬ ਦੀ ਬਾਂਹ ਫੜਨਗੇ ਜਾਂ ਫਿਰ ਰਾਸ਼ਟਰੀ ਪੰਜਾਬ ਉਜਾੜੂ ਨੀਤੀਆਂ ਦਾ ਸਾਥ ਦੇਣਗੇ।

ਪੰਜਾਬ ਦਾ ਕਿਸਾਨ ਸੜਕਾਂ ਤੇ ਹੈ। ਪ੍ਰਮੁੱਖ ਸੜਕਾਂ 'ਤੇ ਪੱਕੇ ਮੋਰਚੇ ਲੱਗੇ ਹੋਏ ਹਨ। ਕਿਸਾਨ ਦਾ ਝੋਨਾ ਰੁਲ ਰਿਹਾ ਹੈ। ਕਿਸਾਨ ਪ੍ਰਤੀ ਕੁਇੰਟਲ 100 ਤੋਂ ਲੈ ਕੇ 200 ਮਣ ਤੱਕ ਝੋਨਾ ਘੱਟ ਰੇਟ ਤੇ ਵੇਚਣ ਲਈ ਮਜਬੂਰ ਹਨ। ਸਰਕਾਰਾਂ ਉਪਰਲੀ, ਹੇਠਲੀ ਆਪੋ-ਆਪਣੀਆਂ ਗੋਟੀਆਂ ਖੇਡ ਰਹੀਆਂ ਹਨ। ਮਸਲਿਆਂ ਦਾ ਹੱਲ ਨਹੀਂ ਕਰ ਰਹੀਆਂ। ਪੰਜਾਬ ਗੰਭੀਰ ਸੰਕਟ ਵੱਲ ਵੱਧ ਰਿਹਾ ਹੈ। ਇਹੋ ਜਿਹੇ ਸਮੇਂ ਜ਼ਿਮਨੀ ਚੋਣਾਂ ਪੰਜਾਬ ਦੇ ਲੋਕਾਂ ਲਈ ਬਿਲਕੁਲ ਉਵੇਂ ਹੀ ਠੋਸੀਆਂ ਗਈਆਂ ਜਾਪਦੀਆਂ ਹਨ, ਜਿਵੇਂ ''ਝੋਨੇ ਦੇ ਸੀਜ਼ਨ'' ਵਿਚ ਪੰਚਾਇਤ ਚੋਣਾਂ ਠੋਸੀਆਂ ਗਈਆਂ ਸਨ ਤੇ ਜਿਹੜੀਆਂ ਪੰਜਾਬ ਦੇ ਪਿੰਡਾਂ 'ਚ ਸਥਾਨਕ ਸਰਕਾਰਾਂ ਚੁਣਨ ਦੀ ਥਾਂ 'ਧਨਾਢਾਂ' ਵੱਲੋਂ ਪੈਸੇ ਦੀ ਵਰਤੋਂ, ਧੌਂਸ ਧੱਕੇ ਨਾਲ ਚੋਣਾਂ ਜਿੱਤਣ ਦਾ ਸਾਧਨ ਬਣੀਆਂ। ਬਿਲਕੁਲ ਇਹੀ ਹਾਲ ਪੰਜਾਬ 'ਚ ਜ਼ਿਮਨੀ ਚੋਣਾਂ 'ਚ ਵੇਖਣ ਨੂੰ ਮਿਲਦਾ ਦਿੱਸਦਾ ਹੈ।

ਪਰਿਵਾਰਵਾਦ ਦੀਆਂ ਜੜਾਂ ਪੰਜਾਬ 'ਚ ਡੂੰਘੀਆਂ ਹੁੰਦੀਆਂ ਜਾ ਰਹੀਆਂ ਹਨ। ਕੁਝ ਪਰਿਵਾਰ ਆਪਣੇ ਹਿੱਤਾਂ ਦੀ ਪੂਰਤੀ ਲਈ ਅਤੇ ਬਾਲਕਿਆਂ, ਬਾਲਕੀਆਂ ਨੂੰ ਸਿਆਸਤ ਵਿਚ ਪੇਸ਼ੇ ਵਜੋਂ ਲਿਆਉਣ ਲਈ ਪੱਬਾਂ ਭਾਰ ਹਨ। ਕਿਉਂਕਿ ਪੰਜਾਬ 'ਚ ਵੀ ਹੁਣ ਸਿਆਸਤ ਪੈਸੇ ਤੇ ਤਾਕਤ ਦੀ ਖੇਡ ਹੈ। ਕੋਈ ਐਮ.ਪੀ. ਜਾਂ ਐਮ.ਐਲ.ਏ. ਬਣਿਆ ਵਿਅਕਤੀ, ਆਪਣੇ ਰਿਟਾਇਰ ਹੋਣ ਤੇ ਜਾਂ ਉੱਚ ਅਹੁਦੇ 'ਤੇ ਜਾਣ 'ਤੇ ਆਪਣੇ ਕੁੰਨਬੇ ਵਿਚੋਂ ਹੀ ਕਿਸੇ ਨੂੰ ਅੱਗੇ ਲਿਆਉਂਦਾ ਹੈ। ਪ੍ਰਕਾਸ਼ ਸਿੰਘ ਬਾਦਲ, ਅਮਰਿੰਦਰ ਸਿੰਘ ਕੈਪਟਨ ਤਾਂ ਹੁਣ ਦੇ ਸਮੇਂ ਦੀਆਂ ਵੱਡੀਆਂ ਉਦਾਹਰਨਾਂ ਹਨ, ਪਰ ਛੋਟੇ ਨੇਤਾ ਵੀ ਘੱਟ ਨਹੀਂ। ਇਹ ਵਰਤਾਰਾ ਪਹਿਲਾਂ ਕੁਝ ਪਾਰਟੀਆਂ ਵਿਚ ਸੀ, ਪਰ ਹੁਣ ਇਹ ਲਗਭਗ ਸਭ ਪਾਰਟੀਆਂ 'ਚ ਹੈ। ਆਪਣੀ ਕੁਰਸੀ ਕਾਇਮ ਰੱਖਣ ਲਈ ਆਪਣੀ ਪਾਰਟੀ 'ਚ ਵਿਰੋਧੀਆਂ ਨੂੰ ਖੂੰਜੇ ਜਾਂ ਖੁੱਡੇ ਲਾਉਣ ਦਾ ਵਰਤਾਰਾ ਅਮਰਿੰਦਰ ਸਿੰਘ ਵੇਲੇ ਵੀ ਵੇਖਣ ਨੂੰ ਮਿਲਿਆ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਆਪਣੇ ਵਿਰੋਧੀ ਚੁਣ-ਚੁਣ ਕੇ ਪੰਥਕ ਪਾਰਟੀ ਸਫ਼ਾਂ 'ਚੋਂ ਕੱਢ ਦਿੱਤੇ। ਗੁਰਚਰਨ ਸਿੰਘ ਟੋਹੜਾ, ਜਗਦੇਵ ਸਿੰਘ ਤਲਵੰਡੀ ਆਦਿ ਉਦਾਹਰਨਾਂ ਹਨ। ਇਸ ਗੱਲ 'ਤੇ ਮੌਜੂਦਾ ਪੰਜਾਬ ਮੁੱਖ ਮੰਤਰੀ ਭਗਵਾਨ ਸਿੰਘ ਮਾਨ ਨੇ ਵੀ ਘੱਟ ਨਹੀਂ ਕੀਤੀ। ਸੁੱਚਾ ਸਿੰਘ ਛੋਟੇਪੁਰ, ਕਲਾਕਾਰ ਘੁੱਗੀ, ਸੁਖਪਾਲ ਖਹਿਰਾ ਤੇ ਅੱਧੀ ਦਰਜਨ ਤੋਂ ਵੱਧ ਉਦਾਹਰਨਾਂ ਆਮ ਆਦਮੀ ਪਾਰਟੀ 'ਚ ਵੀ ਹਨ। ਇਹਨਾਂ ਨੇਤਾਵਾਂ ਦੇ ਪਾਰਟੀਆਂ 'ਚੋਂ ਰੁਖਸਤ ਹੋਣ ਨਾਲ ਪੰਜਾਬ ਹਿਤੈਸ਼ੀ ਲੋਕਾਂ ਵਿਚੋਂ ਬਹੁਤਿਆਂ ਨੂੰ ਸਿਆਸਤ ਤੋਂ ਕਿਨਾਰਾ ਕਰਨਾ ਪਿਆ। ਜ਼ਿਮਨੀ ਚੋਣਾਂ 'ਚ ਜਿੱਤ ਭਾਵੇਂ ਪਰਿਵਾਰਵਾਦ ਨੂੰ ਉਤਸ਼ਾਹਤ ਕਰਨ ਵਾਲਿਆਂ ਦੀ ਹੋ ਜਾਵੇ ਜਾਂ ਦਲ ਬਦਲੂਆਂ ਦੀ, ਪਰ ਪੰਜਾਬ ਦੇ ਸੂਝਵਾਨ ਵੋਟਰ ਪਰਿਵਾਰਵਾਦ ਅਤੇ ਦਲ ਬਦਲੂ ਸਿਆਸਤ ਕਰਨ ਵਾਲੇ ਲੋਕਾਂ ਦੇ ਵਿਰੋਧ ਵਿਚ ਖੜੇ ਦਿੱਸਣਗੇ। ਉਵੇਂ ਹੀ ਜਿਵੇਂ ਪੰਜਾਬ ਦੇ ਲੋਕਾਂ ਨੇ ਬਾਦਲ ਪਰਿਵਾਰ ਦੀ ਪਰਿਵਾਰਵਾਦ ਸਿਆਸਤ ਨੂੰ ਨਕਾਰਿਆ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਦਲ ਬਦਲੂ ਸਿਆਸਤ ਨੂੰ ਸਬਕ ਸਿਖਾਇਆ ਹੈ। ਪੰਜਾਬ ਦੇ ਦੋ ਵਾਰ ਮੁੱਖ ਮੰਤਰੀ ਰਹੇ, ਇਕ ਵਾਰ ਵਜ਼ੀਰ, ਦੋ ਵਾਰ ਐਮ।ਪੀ। ਅਤੇ ਸੱਤ ਵੇਰ ਦੇ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਜੋ ਉੱਘੇ ਕਾਂਗਰਸੀ ਨੇਤਾ ਸਨ, ਭਾਜਪਾ ਵਾਲੇ ਪਾਸੇ ਚਲੇ ਗਏ ਹਨ, ਵੱਲੋਂ ਇਕ ਅਖ਼ਬਾਰ ਨੂੰ ਦਿੱਤਾ ''ਸਿਆਸੀ ਹਾਉਕਾ'' ਸਮਝਣ ਵਾਲਾ ਹੈ, ਜਿਸ 'ਚ ਉਹਨਾਂ ਭਾਜਪਾ ਤੇ ਗਿਲਾ ਕੀਤਾ ਹੈ ਕਿ ਕਿਸੇ ਵੀ ਮਾਮਲੇ ਵਿਚ ਭਾਜਪਾ ਉਹਨਾਂ ਦੀ ਸਲਾਹ ਨਹੀਂ ਲੈਂਦੀ।

ਦਲ ਬਦਲੂ ਸਿਆਸਤ ਨੇ ਤਾਂ ਸਾਰੀਆਂ ਪਾਰਟੀਆਂ ਦੇ ਆਮ ਵਰਕਰਾਂ ਦਾ ਮਨੋਬਲ ਡੇਗਿਆ ਹੈ। ਪਰ ਪੈਰਾਸ਼ੂਟ ਰਾਹੀਂ ਆਏ ਨੇਤਾਵਾਂ ਵਿਚੋਂ ਬਹੁਤਿਆਂ ਨੂੰ ਪਾਰਟੀਆਂ ਦੇ ਸਿੱਕੇਬੰਦ ਨੇਤਾਵਾਂ/ਵਰਕਰਾਂ ਪ੍ਰਵਾਨ ਨਹੀਂ ਕੀਤਾ, ਪ੍ਰਧਾਨ ਭਾਜਪਾ ਸੁਨੀਲ ਜਾਖੜ ਵੱਡੀ ਉਦਾਹਰਨ ਹੈ। ਪਰ ਕੁਝ ਇਕ ਨੇਤਾਵਾਂ ਦੀਆਂ ਬਹੁਤੀਆਂ ਪਾਰਟੀਆਂ 'ਚ ਪੈਸੇ ਦੇ ਜ਼ੋਰ ਅਤੇ ਉਪਰਲੇ ਕੁਨੈਕਸ਼ਨਾਂ ਨਾਲ ਦਲ ਬਦਲੂਆਂ ਦੀ ਤੂਤੀ ਬੋਲਦੀ ਹੈ।

ਪਰ ਇਹ ਇੱਕ ਵੱਡੀ ਸੱਚਾਈ ਹੈ ਕਿ ਸਮਾਂ ਆਉਣ ਤੇ ਪੰਜਾਬ ਹਿਤੈਸ਼ੀ ਸੋਚ ਵਾਲੇ ਲੋਕ ਹੀ ਸਿਆਸਤ ਅਤੇ ਸੇਵਾ ਵਿਚ ਅੱਗੇ ਆਉਣਗੇ ਤੇ ਪੰਜਾਬ ਦਾ ਭਵਿੱਖ ਸੁਧਾਰਨਗੇ, ਇਹੋ ਪੰਜਾਬ ਦੇ ਲੋਕਾਂ ਦੀ ਉਮੀਦ ਅਤੇ ਆਸ਼ਾ ਬਨਣਗੇ।

# ਵਡਮੁੱਲੀਆਂ ਸੇਵਾਵਾਂ ਲਈ ਮਨੋਹਰ ਸਿੰਘ ਸੱਗੂ ਦਾ ਸਮਾਜ ਸੇਵਕ ਵਜੋਂ ਕੀਤਾ ਸਨਮਾਨ

**ਫਗਵਾੜਾ (ਬੀ.ਕੇ. ਰੱਤੂ)** ਪਿੰਡ ਪਲਾਹੀ ਦੇ 15 ਵਰ੍ਹੇ ਪੰਚਾਇਤ ਮੈਂਬਰ, ਲੰਮਾ ਸਮਾਂ ਸਹਿਕਾਰੀ ਸੁਸਾਇਟੀ ਦੇ ਡਾਇਰੈਕਟਰ ਰਹੇ ਅਤੇ ਪਿੰਡ ਦੀਆਂ ਸਿੱਖਿਆ ਸੰਸਥਾਵਾਂ ਕਾਲਜ, ਸਕੂਲਾਂ ਦੇ ਵੱਖੋ-ਵੱਖਰੇ ਅਹੁਦਿਆਂ 'ਤੇ ਬਿਰਾਜਮਾਨ, ਗੁਰੂ ਘਰ ਦੇ ਸ਼ਰਧਾਲੂ, ਸਮਾਜ ਸੇਵਕ ਮਨੋਹਰ ਸਿੰਘ ਸੱਗੂ ਦੇ ਅਮਰੀਕਾ ਜਾਣ 'ਤੇ ਪਿੰਡ ਦੀਆਂ ਬਿਹਤਰੀਨ, ਇਮਾਨਦਾਰਾਨਾ ਅਤੇ ਅਣਥੱਕ ਸੇਵਾਵਾਂ ਲਈ ਉਹਨਾ ਦਾ ਨਗਰ ਨਿਵਾਸੀਆਂ ਵਲੋਂ ਸਨਮਾਨ ਕੀਤਾ ਗਿਆ। ਸਨਮਾਨ ਵਿੱਚ ਮੰਮੰਟੋ, ਲੋਈ ਸ਼ਾਮਲ ਸੀ। ਇਹ ਸਨਮਾਨ ਸਾਬਕਾ ਸਰਪੰਚ ਬੀਬੀ ਰਣਜੀਤ ਕੌਰ ਅਤੇ ਸਾਬਕਾ ਸਰਪੰਚ ਦਰਬਾਰਾ ਸਿੰਘ ਨੇ ਉਹਨਾ ਤੇ ਉਹਨਾ ਦੀ ਪਤਨੀ ਜਸਬੀਰ ਕੌਰ ਨੂੰ ਭੇਟ ਕੀਤਾ। ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਦਰਬਾਰਾ ਸਿੰਘ, ਸਾਬਕਾ ਸਰਪੰਚ ਰਣਜੀਤ ਕੌਰ ਅਤੇ ਗੁਰਦੁਆਰਾ ਗੁਰੂ ਰਵਿਦਾਸ ਜੀ ਦੀ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਪੀਟਰ ਕੁਮਾਰ ਪੰਚ ਅਤੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਉਹਨਾ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਮਨੋਹਰ ਸਿੰਘ ਸੱਗੂ ਨੇ ਆਮ ਲੋਕਾਂ ਲਈ ਵੱਡੇ ਕੰਮ ਕੀਤੇ ਅਤੇ ਉਹਨਾ ਦੇ ਪੂਰੇ ਪਰਿਵਾਰ ਨੇ ਉਹਨਾ ਦਾ ਸਾਥ ਦਿੱਤਾ। ਉਹਨਾ ਕਿਹਾ ਕਿ ਮਨੋਹਰ ਸਿੰਘ ਸੱਗੂ ਸਦਾ ਆਮ ਲੋਕਾਂ ਦੇ ਮਸਲੇ ਹੱਲ ਕਰਦੇ ਸਨ ਅਤੇ ਦ੍ਰਿੜਤਾ ਨਾਲ ਫ਼ੈਸਲੇ ਲਾਗੂ ਕਰਨ ਲਈ ਜਾਣੇ ਜਾਂਦੇ ਹਨ। ਇਸ ਸਮੇਂ ਨਵਨਿਯੁੱਕਤ ਪੰਚ ਰਵੀਪਾਲ ਪ੍ਰਧਾਨ ਗੁਰਦੁਆਰਾ ਗੁਰੂ ਰਵਿਦਾਸ ਜੀ, ਮੀਤ ਪ੍ਰਧਾਨ ਪੀਟਰ ਕੁਮਾਰ ਪੰਚ, ਗੁਰਚਰਨ ਸਿੰਘ ਬਸਰਾ ਪੰਚ, ਗੁਰਬਖ਼ਸ਼ ਕੌਰ ਪੰਚ, ਸੰਨੀ ਬੰਗੜ ਪੰਚ, ਰਵਿੰਦਰ ਸਿੰਘ ਪੰਚ, ਫੋਰਮੈਨ ਬਲਵਿੰਦਰ ਸਿੰਘ, ਸੁਰਜਨ ਸਿੰਘ ਨੰਬਰਦਾਰ, ਹਰਮੇਲ ਸਿੰਘ ਗਿੱਲ, ਨਿਰਮਲ, ਗੁਰਨਾਮ ਸਿੰਘ ਸੱਲ, ਮੀਤ ਪ੍ਰਧਾਨ ਗੁਰਦੁਆਰਾ ਬਾਬਾ ਟੇਕ ਸਿੰਘ, ਲਖਵਿੰਦਰ ਸਿੰਘ ਬਸਰਾ ਮਾਲਕ, ਲੰਡਨ ਡਰੀਮਜ਼ ਪਲਾਹੀ, ਬਲਬੀਰ ਰਾਮ, ਸਰਬਜੀਤ ਸਿੰਘ ਸੱਗੂ, ਜਸਵਿੰਦਰ ਸਿੰਘ ਰਾਣਾ ਸਾਬਕਾ ਪੰਚ, ਮੇਜਰ ਸਿੰਘ ਠੇਕੇਦਾਰ, ਜਸਪ੍ਰੀਤ ਸਿੰਘ ਚਾਨਾ, ਮਨਪ੍ਰੀਤ ਕੌਰ ਚਾਨਾ, ਰਾਮ ਕੁਮਾਰ, ਜਸਵੰਤ ਸਿੰਗ ਸੱਗੂ, ਮਨਦੀਪ ਸਿੰਘ ਸੱਗੂ, ਮਨੋਹਰ ਸਿੰਘ ਸੱਗੂ ਦੀ ਧਰਮ ਪਤਨੀ ਬੀਬੀ ਜਸਬੀਰ ਸਿੰਘ ਅਤੇ ਪੂਰਾ ਪਰਿਵਾਰ ਹਾਜ਼ਰ ਸੀ। ਮਨੋਹਰ ਸਿੰਘ ਸੱਗੂ ਪਰਿਵਾਰ ਵਲੋਂ ਆਏ ਹੋਏ ਸਭਨਾ ਲਈ ਚਾਹ ਪਾਰਟੀ ਦਾ ਪ੍ਰਬੰਧ ਕੀਤਾ ਹੋਇਆ ਸੀ।



# ਉਪ ਚੋਣਾਂ ਵਿੱਚ ਦਲ ਬਦਲੂਆਂ ਦੀ ਚਾਂਦੀ


ਉਜਾਗਰ ਸਿੰਘ
91-94178 13072

ਸ਼੍ਰੋਮਣੀ ਅਕਾਲੀ ਦੇ ਪੰਜਾਬ ਵਿਧਾਨ ਸਭਾ ਦੀਆਂ ਚਾਰ ਉਪ ਚੋਣਾਂ ਨਾ ਲੜਨ ਦੇ ਫ਼ੈਸਲੇ ਤੋਂ ਬਾਅਦ ਇਹ ਚੋਣਾਂ ਬਹੁਤ ਹੀ ਦਿਲਚਸਪ ਹੋ ਗਈਆਂ ਹਨ। ਹੁਣ ਸਿਰਫ਼ ਪੰਜਾਬ ਦੀਆਂ ਤਿੰਨ ਪ੍ਰਮੁੱਖ ਸਿਆਸੀ ਪਾਰਟੀਆਂ ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦਰਮਿਆਨ ਤਿਕੋਨੇ ਮੁਕਾਬਲੇ ਹੋਣਗੇ। ਸ਼੍ਰੋਮਣੀ ਅਕਾਲੀ ਦਲ ਅਤੇ ਕਿਸਾਨ ਯੂਨੀਅਨਾ ਦੇ ਵੋਟਰ ਜਿਸ ਪਾਰਟੀ ਦੇ ਪੱਖ ਵਿੱਚ ਭੁਗਤਣਗੇ ਉਸ ਦੇ ਸਿਰ 'ਤੇ ਜਿੱਤ ਦਾ ਸਿਹਰਾ ਸਜੇਗਾ। ਇਨ੍ਹਾਂ ਚੋਣਾਂ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਨੇ ਦਲ ਬਦਲੂਆਂ ਨੂੰ ਟਿਕਟਾਂ ਦੇ ਕੇ ਨਿਵਾਜਿਆ ਹੈ।ਗ਼ਇਸ ਤੋਂ ਇਲਾਵਾ ਟਿਕਟਾਂ ਦੀ ਵੰਡ ਕਰਨ ਲੱਗਿਆਂ ਸਾਰੀਆਂ ਪਾਰਟੀਆਂ ਨੇ ਪਰਿਵਾਰਵਾਦ ਨੂੰ ਪਹਿਲ ਦਿੱਤੀ ਹੈ। ਸਿਰਫ਼ ਤਿੰਨ ਉਮੀਦਵਾਰਾਂ ਗੁਰਦੀਪ ਸਿੰਘ ਰੰਧਾਵਾ ਆਮ ਆਦਮੀ ਪਾਰਟੀ, ਕੁਲਦੀਪ ਸਿੰਘ ਢਿਲੋਂ ਕਾਂਗਰਸ ਅਤੇ ਹਰਿੰਦਰ ਸਿੰਘ ਧਾਲੀਵਾਲ ਆਮ ਆਦਮੀ ਪਾਰਟੀ ਨੂੰ ਛੱਡ ਕੇ ਬਾਕੀ ਸਾਰੇ ਉਮੀਦਵਾਰ ਸਿਆਸੀ ਪਰਿਵਾਰਾਂ ਦੇ ਮੈਂਬਰ ਹਨ। ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਦੀਆਂ ਪਤਨੀਆਂ, ਰਾਜ ਕੁਮਾਰ ਚੱਬੇਵਾਲ ਅਤੇ ਮਰਹੂਮ ਅਕਾਲੀ ਨੇਤਾ ਨਿਰਮਲ ਸਿੰਘ ਕਾਹਲੋਂ ਦੇ ਸਪੁੱਤਰਾਂ, ਸਿਮਰਨਜੀਤ ਸਿੰਘ ਮਾਨ ਦਾ ਦੋਹਤਾ ਅਤੇ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ। ਸਿਰਫ ਕਾਂਗਰਸ ਪਾਰਟੀ ਨੇ ਦੋ ਟਿਕਟਾਂ ਇਸਤਰੀਆਂ ਨੂੰ ਦਿੱਤੀਆਂ ਹਨ। ਬਾਕੀ ਕਿਸੇ ਪਾਰਟੀ ਨੇ ਇਸਤਰੀ ਉਮੀਦਵਾਰ ਨਹੀਂ ਬਣਾਇਆ। ਇਹ ਚੋਣਾ ਚਾਰ ਵਿਧਾਨਕਾਰਾਂ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਲੁਧਿਆਣਾ, ਗੁਰਮੀਤ ਸਿੰਘ ਮੀਤ ਹੇਅਰ ਦੇ ਸੰਗਰੂਰ, ਸੁਖਜਿੰਦਰ ਸਿੰਘ ਰੰਧਾਵਾ ਦੇ ਗੁਰਦਾਸਪੁਰ ਅਤੇ ਰਾਜ ਕੁਮਾਰ ਚੱਬੇਵਾਲ ਦੇ ਹੁਸ਼ਿਆਰਪੁਰ ਤੋਂ ਮਈ 2024 ਵਿੱਚ ਲੋਕ ਸਭਾ ਦੇ ਮੈਂਬਰ ਚੁਣੇ ਜਾਣ ਤੋਂ ਬਾਅਦ ਖਾਲ੍ਹੀ ਹੋਈਆਂ ਹਨ। ਇਨ੍ਹਾਂ ਵਿਧਾਇਕਾਂ ਦੇ ਅਸਤੀਫ਼ੇ ਦੇਣ ਤੋਂ ਬਾਅਦ, ਗਿਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਦੀਆਂ ਵਿਧਾਨ ਸਭਾ ਦੀਆਂ ਉਪ ਚੋਣਾਂ ਹੋ ਰਹੀਆਂ ਹਨ। ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਨੇ ਆਪੋ ਆਪਣੇ ਉਮੀਦਵਾਰਾਂ ਦੇ ਐਲਾਨ ਕਰ ਦਿੱਤੇ ਹਨ। ਇਨ੍ਹਾਂ ਵਿੱਚੋਂ ਆਮ ਆਦਮੀ ਪਾਰਟੀ ਨੇ ਆਪਣੇ ਚਾਰੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਗਿਦੜਬਾਹਾ, ਹਰਿੰਦਰ ਸਿੰਘ ਧਾਲੀਵਾਲ ਬਰਨਾਲਾ, ਗੁਰਦੀਪ ਸਿੰਘ ਰੰਧਾਵਾ ਡੇਰਾ ਬਾਬਾ ਨਾਨਕ ਅਤੇ ਇਸ਼ਾਂਕ ਚੱਬੇਵਾਲ, ਚੱਬੇਵਾਲ ਤੋਂ ਨਾਮਜ਼ਦ ਕਰ ਦਿੱਤੇ ਹਨ। ਇਨ੍ਹਾਂ ਵਿੱਚ ਇੱਕ ਹਰਿੰਦਰ ਸਿੰਘ ਧਾਲੀਵਾਲ ਨੂੰ ਛੱਡਕੇ ਬਾਕੀ ਤਿੰਨੋ ਦਲ ਬਦਲੂ ਹਨ। ਹਰਦੀਪ ਸਿੰਘ ਡਿੰਪੀ ਦੋ ਮਹੀਨਾ ਪਹਿਲਾਂ ਦੀ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਹ ਸੁਖਵੀਰ ਸਿੰਘ ਬਾਦਲ ਦੀ ਸੱਜੀ ਬਾਂਹ ਗਿਣੇ ਜਾਂਦੇ ਸਨ। ਗੁਰਦੀਪ ਸਿੰਘ ਰੰਧਾਵਾ 2022 ਦੀਆਂ ਵਿਧਾਨ ਸਭਾ ਚੋਣਾ ਮੌਕੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਇਸ਼ਾਂਕ ਚੱਬੇਵਾਲ ਡਾ।ਰਾਜ ਕੁਮਾਰ ਚੱਬੇਵਾਲ ਮੈਂਬਰ ਲੋਕ ਸਭਾ ਹੁਸ਼ਿਆਰਪੁਰ ਦੇ ਸਪੁੱਤਰ ਹਨ, ਜਿਹੜੇ ਆਪਣੇ ਪਿਤਾ ਦੇ ਨਾਲ ਹੀ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ। ਰਾਜ ਕੁਮਾਰ ਚੱਬੇਵਾਲ, ਚੱਬੇਵਾਲ ਵਿਧਾਨ ਸਭਾ ਹਲਕੇ ਤੋਂ 2012 ਅਤੇ 2022 ਵਿੱਚ ਦੋ ਵਾਰ ਵਿਧਾਇਕ ਅਤੇ ਕਾਂਗਰਸ ਪਾਰਟੀ ਦੇ ਵਿਧਾਨ ਸਭਾ ਵਿੱਚ ਉਪ ਨੇਤਾ ਸਨ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਨੇ ਵੀ ਆਪਣੇ ਚਾਰ ਉਮੀਦਵਾਰਾਂ ਮਨਪ੍ਰੀਤ ਸਿੰਘ ਬਾਦਲ ਗਿਦੜਬਾਹਾ, ਕੇਵਲ ਸਿੰਘ ਢਿਲੋਂ ਬਰਨਾਲਾ, ਰਵੀਕਰਨ ਸਿੰਘ ਕਾਹਲੋਂ ਡੇਰਾ ਬਾਬਾ ਨਾਨਕ ਅਤੇ ਸੋਹਣ ਸਿੰਘ ਠੰਡਲ ਚੱਬੇਵਾਲ ਤੋਂ ਨਾਮਜ਼ਦ ਕਰ ਦਿੱਤੇ ਹਨ। ਮਨਪ੍ਰੀਤ ਸਿੰਘ ਬਾਦਲ ਅਕਾਲੀ ਦਲ ਦੇ ਗਿਦੜਬਾਹਾ ਤੋਂ 1995 ਉਪ ਚੋਣ, 1997, 2002 ਅਤੇ 2007 ਵਿੱਚ ਚਾਰ ਵਾਰ ਵਿਧਾਇਕ ਰਹੇ ਹਨ। ਪੰਜਵੀਂ ਵਾਰ 2017 ਵਿੱਚ ਬਠਿੰਡਾ ਤੋਂ ਕਾਂਗਰਸ ਦੇ ਵਿਧਾਇਕ ਬਣੇ। 2022 ਵਿੱਚ ਬਠਿੰਡਾ ਤੋਂ ਚੋਣ ਹਾਰ ਗਏ ਤੇ ਫਿਰ 2023 ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਦੀਆਂ ਸਰਕਾਰਾਂ ਵਿੱਚ ਵਿਤ ਮੰਤਰੀ ਰਹੇ। ਉਹ ਮੰਤਰੀ ਦੇ ਅਹੁਦੇ ਤੋਂ ਬਿਨਾਂ ਕਿਸੇ ਪਾਰਟੀ ਵਿੱਚ ਰਹਿੰਦੇ ਹੀ ਨਹੀਂ। ਕੇਵਲ ਸਿੰਘ ਢਿਲੋਂ ਕਾਂਗਰਸ ਪਾਰਟੀ ਦੇ ਬਰਨਾਲਾ ਤੋਂ 2007 ਤੇ 2012 ਵਿੱਚ ਦੋ ਵਾਰ ਵਿਧਾਇਕ ਅਤੇ 2019 ਵਿੱਚ ਲੋਕ ਸਭਾ ਦੇ ਉਮੀਦਵਾਰ ਸਨ ਪ੍ਰੰਤੂ 2022 ਵਿੱਚ ਕੈਪਟਨ ਅਮਰਿੰਦਰ ਸਿੰਘ ਨਾਲ ਹੀ ਕਾਂਗਰਸ ਤੋਂ ਅਸਤੀਫ਼ਾ ਦੇ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। 2022 ਦੀ ਸੰਗਰੂਰ ਲੋਕ ਸਭਾ ਦੀ ਉਪ ਚੋਣ ਭਾਰਤੀ ਜਨਤਾ ਪਾਰਟੀ ਦੀ ਟਿਕਟ ਤੇ ਲੜੇ ਤੇ ਚੋਣ ਹਾਰ ਗਏ ਸਨ। ਏਸੇ ਤਰ੍ਹਾਂ ਰਵੀ ਕਰਨ ਸਿੰਘ ਕਾਹਲੋਂ ਪੰਜਾਬ ਵਿਧਾਨ ਸਭਾ ਦੇ ਮਰਹੂਮ ਸਪੀਕਰ ਅਤੇ ਦਿਹਾਤੀ ਵਿਕਾਸ ਮੰਤਰੀ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਨਿਰਮਲ ਸਿੰਘ ਕਾਹਲੋਂ ਦੇ ਸਪੁੱਤਰ ਹਨ। ਰਵੀਕਰਨ ਸਿੰਘ ਕਾਹਲੋਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਡੇਰਾ ਬਾਬਾ ਨਾਨਕ ਹਲਕੇ ਤੋਂ ਅਕਾਲੀ ਟਿਕਟ ਤੇ ਚੋਣ ਲੜੀ ਸੀ ਪ੍ਰੰਤੂ ਸਿਰਫ਼ 466 ਵੋਟਾਂ ਦੇ ਮਾਮੂਲੀ ਅੰਤਰ ਨਾਲ ਸੁਖਜਿੰਦਰ ਸਿੰਘ ਰੰਧਾਵਾ ਤੋਂ ਹਾਰ ਗਏ ਸਨ। 2024 ਦੀਆਂ ਲੋਕ ਸਭਾ ਚੋਣਾ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਸੋਹਣ ਸਿੰਘ ਠੰਡਲ ਅਜੇ 24 ਅਕਤੂਬਰ ਨੂੰ ਹੀ ਸ਼੍ਰੋਮਣੀ ਅਕਾਲੀ ਤੋਂ ਅਸਤੀਫ਼ਾ ਦੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ਹਨ ਅਤੇ ਉਸੇ ਦਿਨ ਉਸ ਨੂੰ ਚੱਬੇਵਾਲ ਵਿਧਾਨ ਸਭਾ ਦਾ ਟਿਕਟ ਦੇ ਦਿੱਤਾ ਹੈ। ਸੋਹਣ ਸਿੰਘ ਠੰਡਲ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿੱਚ ਮੰਤਰੀ ਰਹੇ ਹਨ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਹੁਸ਼ਿਆਰਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਟਿਕਟ 'ਤੇ ਲੋਕ ਸਭਾ ਦੀ ਚੋਣ ਲੜੇ ਸਨ। ਭਾਰਤੀ ਜਨਤਾ ਪਾਰਟੀ ਦੇ ਚਾਰੇ ਉਮੀਦਵਾਰ ਦਲਬਦਲੂ ਹਨ। ਇਸ ਤੋਂ ਇਲਾਵਾ ਚਾਰੇ ਉਮੀਦਵਾਰ ਦਸਤਾਰਧਾਰੀ ਸਿੱਖ ਹਨ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਅਨੁਭਵ ਕਰ ਲਿਆ ਹੈ ਕਿ ਸਿੱਖਾਂ ਤੋਂ ਬਿਨਾ ਪੰਜਾਬ ਵਿੱਚ ਉਸਦੇ ਪੈਰ ਨਹੀਂ ਜੰਮ ਸਕਦੇ। ਕਾਂਗਰਸ ਪਾਰਟੀ ਨੇ ਗਿਦੜਬਾਹਾ ਤੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਲੋਕ ਸਭਾ ਦੇ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ, ਬਰਨਾਲਾ ਤੋਂ ਕੁਲਦੀਪ ਸਿੰਘ ਢਿਲੋਂ ਕਾਂਗਰਸ ਪਾਰਟੀ ਦੇ ਜ਼ਿਲਾ ਪ੍ਰਧਾਨ ਸੰਗਰੂਰ , ਡੇਰਾ ਬਾਬਾ ਨਾਨਕ ਤੋਂ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਰੰਧਾਵਾ ਅਤੇ ਚੱਬੇਵਾਲ ਤੋਂ ਐਡਵੋਕੇਟ ਰਣਜੀਤ ਕੁਮਾਰ ਚੱਬੇਵਾਲ ਨੂੰ ਉਮੀਦਵਾਰ ਬਣਾਇਆ ਹੈ। ਕਾਂਗਰਸ ਦੇ ਤਿੰਨ ਉਮੀਦਵਾਰ ਟਕਸਾਲੀ ਕਾਂਗਰਸੀ ਪਰਿਵਾਰਾਂ ਵਿੱਚੋਂ ਹਨ ਪ੍ਰੰਤੂ ਇੱਕ ਉਮੀਦਵਾਰ ਐਡਵੋਕੇਟ ਰਣਜੀਤ ਕੁਮਾਰ ਬਹੁਜਨ ਸਮਾਜ ਪਾਰਟੀ ਤੋਂ ਆਇਆ ਦਲਬਦਲੂ ਹੈ। ਰਣਜੀਤ ਕੁਮਾਰ ਨੇ ਮਈ 2024 ਦੀ ਹੁਸ਼ਿਆਰਪੁਰ ਤੋਂ ਲੋਕ ਸਭਾ ਦੀ ਚੋਣ ਬਹੁਜਨ ਸਮਾਜ ਪਾਰਟੀ ਦੀ ਟਿਕਟ ਤੇ ਲੜੀ ਸੀ। ਥੋੜ੍ਹਾਂ ਸਮਾਂ ਪਹਿਲਾਂ ਹੀ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਇਆ ਹੈ। ਸਾਬਕਾ ਲੋਕ ਸਭਾ ਮੈਂਬਰ ਜਗਮੀਤ ਸਿੰਘ ਬਰਾੜ ਗਿਦੜਬਾਹਾ ਤੋਂ ਆਜ਼ਾਦ ਉਮੀਦਵਾਰ ਚੋਣ ਲੜ ਰਹੇ ਹਨ।

ਅਮਰਿੰਦਰ ਸਿੰਘ ਰਾਜਾ ਵੜਿੰਗ ਲਈ ਇਹ ਚੋਣ ਇੱਕ ਵੰਗਾਰ ਹੋਵੇਗੀ ਕਿਉਂਕਿ 2012, 2017 ਅਤੇ 2022 ਵਿੱਚ ਗਿਦੜਬਾਹਾ ਤੋਂ ਵਿਧਾਨ ਸਭਾ ਦੇ ਮੈਂਬਰ ਰਹੇ ਹਨ। ਹੁਣ ਉਨ੍ਹਾਂ ਦੀ ਪਤਨੀ ਅੰਮ੍ਰਿਤਾ ਵੜਿੰਗ ਚੋਣ ਲੜ ਰਹੀ ਹੈ। ਇਸ ਤੋਂ ਇਲਾਵਾ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਹੋਣ ਦੇ ਨਾਤੇ ਬਾਕੀ ਤਿੰਨੋ ਸੀਟਾਂ ਜਿੱਤਣਾ ਅਤਿਅੰਤ ਜ਼ਰੂਰੀ ਹੋਵੇਗਾ। ਜੇਕਰ ਕਾਂਗਰਸ ਪਾਰਟੀ ਖਾਸ ਕਰਕੇ ਉਨ੍ਹਾਂ ਦੀ ਪਤਨੀ ਚੋਣ ਨਾ ਜਿੱਤ ਸਕੀ ਤਾਂ ਪ੍ਰਧਾਨਗੀ ਦੀ ਕੁਰਸੀ ਖ਼ਤਰੇ ਵਿੱਚ ਪੈ ਸਕਦੀ ਹੈ। ਬਰਨਾਲਾ ਤੋਂ ਉਮੀਦਵਾਰ ਕੁਲਦੀਪ ਸਿੰਘ ਢਿਲੋਂ ਵੀ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਨਜ਼ਦੀਕੀ ਹੈ। ਏਸੇ ਤਰ੍ਹਾਂ ਸੁਖਜਿੰਦਰ ਸਿੰਘ ਰੰਧਾਵਾ ਲਈ ਵੀ ਉਨ੍ਹਾਂ ਦੀ ਪਤਨੀ ਦਾ ਜਿੱਤਣਾ ਜ਼ਰੂਰੀ ਹੈ ਕਿਉਂਕਿ ਉਹ 2002, 2012, 2017 ਅਤੇ 2022 ਵਿੱਚ ਡੇਰਾ ਬਾਬਾ ਨਾਨਕ ਤੋਂ ਵਿਧਾਨਕਾਰ ਰਹੇ ਹਨ। ਚਰਨਜੀਤ ਸਿੰਘ ਚੰਨੀ ਦੀ ਸਰਕਾਰ ਵਿੱਚ ਉਪ ਮੁੱਖ ਮੰਤਰੀ ਸਨ। ਉਹ ਕਾਂਗਰਸ ਪਾਰਟੀ ਦੇ ਪੰਜਾਬ ਵਿੱਚ ਸਿਰਮੌਰ ਨੇਤਾ ਅਤੇ ਸਰਬ ਭਾਰਤੀ ਕਾਂਗਰਸ ਵੱਲੋਂ ਰਾਜਸਥਾਨ ਦੇ ਇਨਚਾਰਜ ਹਨ। ਇਨ੍ਹਾਂ ਦੋਹਾਂ ਨੇਤਾਵਾਂ ਲਈ ਇਹ ਚੋਣਾ ਵਕਾਰ ਦਾ ਸਵਾਲ ਹਨ। ਇਨ੍ਹਾਂ ਉਮੀਦਵਾਰਾਂ ਦੀ ਇੱਕ ਹੋਰ ਖਾਸੀਅਤ ਹੈ ਕਿ ਉਨ੍ਹਾਂ ਵਿੱਚੋਂ ਹਰਦੀਪ ਸਿੰਘ ਡਿੰਪੀ, ਮਨਪ੍ਰੀਤ ਸਿੰਘ ਬਾਦਲ, ਅੰਮ੍ਰਿਤਾ ਵੜਿੰਗ, ਜਤਿੰਦਰ ਕੌਰ ਰੰਧਾਵਾ, ਕੇਵਲ ਸਿੰਘ ਢਿਲੋਂ ਅਤੇ ਰਵੀ ਕਿਰਨ ਸਿੰਘ ਕਾਹਲੋਂ ਆਰਥਿਕ ਤੌਰ 'ਤੇ ਕਾਫ਼ੀ ਮਜ਼ਬੂਤ ਉਮੀਦਵਾਰ ਹਨ। ਕੇਵਲ ਸਿੰਘ ਢਿਲੋਂ ਸਭ ਤੋਂ ਅਮੀਰ ਉਮੀਦਵਾਰ ਹਨ। ਹਰਦੀਪ ਸਿੰਘ ਡਿੰਪੀ, ਮਨਪ੍ਰੀਤ ਸਿੰਘ ਬਾਦਲ ਅਤੇ ਹਰਿੰਦਰ ਸਿੰਘ ਧਾਲੀਵਾਲ ਟਰਾਂਸਪੋਰਟਰ ਹਨ। ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਗੋਬਿੰਦ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਮਾਨ ਨੇ ਬਰਨਾਲਾ ਤੋਂ ਉਮੀਦਵਾਰ ਉਤਾਰਿਆ ਹੈ। ਇਹ ਚੋਣਾ ਭਗਵੰਤ ਸਿੰਘ ਮਾਨ ਮੁੱਖ ਮੰਤਰੀ, ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਲਈ ਵੀ ਵੰਗਾਰ ਹੋਵੇਗੀ ਕਿਉਂਕਿ ਤਿੰਨੋ ਨੇਤਾਵਾਂ ਦੇ ਸਿਆਸੀ ਭਵਿਖ 'ਤੇ ਚੋਣ ਨਤੀਜਿਆਂ ਦਾ ਗਹਿਰਾ ਪ੍ਰਭਾਵ ਪਵੇਗਾ। ਟਿਕਟਾਂ ਦੀ ਵੰਡ ਦੇ ਮਾਮਲੇ ਤੇ ਆਮ ਆਦਮੀ ਪਾਰਟੀ ਵਿੱਚ ਗਿਦੜਬਾਹਾ ਅਤੇ ਬਰਨਾਲਾ ਹਲਕਿਆਂ ਵਿੱਚ ਬਗਾਬਤੀ ਸੁਰਾਂ ਉਠੀਆਂ ਹਨ, ਗਿਦੜਬਾਹਾ ਤੋਂ ਪ੍ਰਿਤਪਾਲ ਸ਼ਰਮਾ ਚੇਅਰਮੈਨ ਮਾਰਕੀਟ ਕਮੇਟੀ ਗਿਦੜਬਾਹਾ ਅਤੇ ਬਲਾਕ ਪ੍ਰਧਾਨ ਸਮੇਤ ਹੋਰ ਕੁਝ ਨੇਤਾ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਪ੍ਰਿਤਪਾਲ ਸ਼ਰਮਾ ਨੇ 2022 ਦੀਆਂ ਵਿਧਾਨ ਸਭਾ ਚੋਣ ਆਮ ਆਦਮੀ ਪਾਰਟੀ ਦੇ ਟਿਕਟ 'ਤੇ ਲੜੀ ਸੀ। ਇਸੇ ਤਰ੍ਹਾਂ ਬਰਨਾਲਾ ਜ਼ਿਲ੍ਹਾ ਯੋਜਨਾ ਬੋਰਡ ਦੇ ਪ੍ਰਧਾਨ ਗੁਰਦੀਪ ਸਿੰਘ ਬਾਠ ਅਸਤੀਫ਼ਾ ਦੇ ਕੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਉਮੀਦਵਾਰਾਂ ਅਤੇ ਸੀਨੀਅਰ ਸਿਆਸੀ ਨੇਤਾਵਾਂ ਦੇ ਭਵਿਖ ਦਾ ਫ਼ੈਸਲਾ ਵੋਟਰਾਂ ਦੇ ਹੱਥ ਹੋਵੇਗਾ।

# ਦੰਦਰਾਲਾ ਢੀਂਡਸਾ ਸਕੂਲ ਦੇ ਬੱਚਿਆਂ ਨੂੰ ਜਾਕਟਾਂ ਵੰਡੀਆਂ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੰਦਰਾਲਾ ਢੀਂਡਸਾ ਦੇ ਬੱਚਿਆਂ ਅਤੇ ਸਕੂਲ ਦੇ ਵਿਕਾਸ ਲਈ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੇ 'ਮੇਰਾ ਸਕੂਲ ਵੈਲਫੈਅਰ ਸੋਸਾਇਟੀ' ਬਣਾ ਕੇ ਸਭ ਤੋਂ ਪਹਿਲਾਂ ਮੂਹਰੇ ਆ ਰਹੀ ਸਰਦੀ ਤੋਂ ਬਚਾਅ ਲਈ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਦੇ ਸਾਰੇ ਬੱਚਿਆਂ ਨੂੰ ਗਰਮ ਜਾਕਟਾਂ ਦੇਣ ਦਾ ਫੈਸਲਾ ਕੀਤਾ। ਇਸ ਲਈ 26 ਅਕਤੂਬਰ 2024 ਨੂੰ ਸੋਸਾਇਟੀ ਵਲੋਂ ਸਕੂਲ ਇੰਚਾਰਜ ਮੈਡਮ ਦਲਜੀਤ ਕੌਰ, ਸਮੂਹ ਸਕੂਲ ਸਟਾਫ, ਗ੍ਰਾਮ ਪੰਚਾਇਤ, ਐਸ.ਐਮ.ਸੀ., ਪਿੰਡ ਅਤੇ ਆਲੇ ਦੁਆਲੇ ਦੇ ਮੋਹਤਬਰ ਪਤਵੰਤਿਆਂ ਦੇ ਸਹਿਯੋਗ ਨਾਲ ਸੋਸਾਇਟੀ ਦੇ ਪਹਿਲੇ ਸਮਾਗਮ ਦੌਰਾਨ ਸਾਰੇ ਬੱਚਿਆਂ ਨੂੰ ਸ.ਸ.ਸ.ਸ. ਦੰਦਰਾਲਾ ਢੀਂਡਸਾ ਵਿਖੇ ਜਾਕਟਾਂ ਵੰਡੀਆਂ ਗਈਆਂ। ਇਸ ਮੌਕੇ ਸਟੇਜ ਸੰਚਾਲਕ ਲੈਕ: ਦਿਨੇਸ਼ ਕੁਮਾਰ ਨੇ ਸੋਸਾਇਟੀ ਦੀ ਹੋਂਦ 'ਚ ਆਉਣ ਦੀ ਗੱਲ ਦੱਸੀ ਕਿ ਕਿਵੇਂ ਮੈਡਮ ਜਗਦੀਪ ਕੌਰ ਲੈਕ: ਅਤੇ ਮੈਡਮ ਦਲਜੀਤ ਕੌਰ ਲੈਕ: ਨੇ ਮੇਰਾ ਸਕੂਲ ਦੇ ਗਰੁੱਪ ਨੂੰ ਸ਼ੁਰੂ ਕੀਤਾ ਅਤੇ ਇਸ ਨੇ ਦਿਨਾਂ 'ਚ ਹੀ ਕਾਫਲੇ ਦਾ ਰੂਪ ਧਾਰਨ ਕਰ ਲਿਆ ਅਤੇ ਇਸ ਨੂੰ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਦੇ ਸਹਿਯੋਗ ਨਾਲ 'ਮੇਰਾ ਸਕੂਲ ਵੈਲਫੇਅਰ ਸੋਸਾਇਟੀ ਦਾ ਨਾਮਕਰਨ ਕਰ ਦਿੱਤਾ ਜੋ ਕਿ ਹੋਰ ਵੱਡਾ ਰੂਪ ਧਾਰਨ ਕਰਨ ਵਾਲੀ ਨਿਵੇਕਲੀ ਪਛਾਣ ਬਣਾਵੇਗੀ। ਇਸ ਸਮੇਂ ਬਿਸ਼ਨਗੜ੍ਹ ਦੇ ਸਰਪੰਚ ਸ੍ਰ. ਸੁੱਖਵਿੰਦਰ ਸਿੰਘ ਸੁੱਖੀ ਨੇ ਸਕੂਲ ਦੀ ਭਲਾਈ ਲਈ ਸੋਸਾਇਟੀ ਬਣਾਉਣ ਦੇ ਉਪਰਾਲੇ ਦੀ ਸਲਾਘਾ ਕੀਤੀ। ਉਨ੍ਹਾ ਸਕੂਲੀ ਸਮੇਂ ਨੂੰ ਜ਼ਿੰਦਗੀ ਦਾ ਅਹਿਮ ਸਮਾਂ ਦੱਸਦੇ ਹੋਏ ਇਸ ਦੀ ਮਹੱਤਤਾ ਦੱਸੀ ਕਿ ਬਾਅਦ 'ਚ ਪਛਤਾਉਣ ਨਾਲੋਂ ਇਸ ਦਾ ਸਦਉਪਯੋਗ ਬੱਚਿਆਂ ਨੂੰ ਕਰਨਾ ਚਾਹੀਦਾ ਹੈ। ਸਾਬਕਾ ਸਰਪੰਚ ਸ੍ਰ. ਰਣਜੀਤ ਸਿੰਘ ਨੇ ਸੋਸਾਇਟੀ ਬਣਨ ਨਾਲ ਸਕੂਲ ਲਈ ਚੰਗੀ ਸ਼ੁਰੂਆਤ ਹੋਣ ਦੀ ਗੱਲ ਕਹੀ।ਕਰਮ ਸਿੰਘ ਟੌਪਰ ਨਾਮਵਰ ਗਾਇਕ ਨੇ ਬੱਚਿਆਂ ਨੂੰ ਦੱਸਿਆ ਕਿ ਉਸ ਨੂੰ ਸਕੂ.ਲ ਸਮੇਂ ਦੌਰਾਨ ਵਿਦਿਆ ਦੀ ਅਹਿਮੀਅਤ ਦਾ ਪਤਾ ਨਾ ਹੋਣ ਕਾਰਨ ਹੁਣ ਉਸ ਗੱਲ ਦਾ ਝੋਰਾ ਹੈ ਕਿ ਜੇ ਵਧੀਆ ਪੜ੍ਹ ਲੈਂਦੇ ਤਾਂ ਉਸ ਨੇ ਹੋਰ ਵਧੀਆ ਮੁਕਾਮ ਤੇ ਹੋਣਾ ਸੀ। ਇਸੇ ਲਈ ਉਸ ਨੇ ਬੱਚਿਆਂ ਨੂੰ ਖੂਬ ਪੜ੍ਹਨ ਲਈ ਪ੍ਰੇਰਿਤ ਕੀਤਾ।ਇਸ ਸਮੇਂ ਸ੍ਰ. ਸੁਖਚੈਨ ਸਿੰਘ ਢੀਂਡਸਾ (ਡਿਪਟੀ ਜਨਰਲ ਮਨੈਜਰ ਮੰਡੀ ਬੋਰਡ ਪੰਜਾਬ ਰਿਟਾ:), ਸ੍ਰ. ਦਵਿੰਦਰ ਸਿੰਘ (ਐਸ.ਐਚ.ਓ. ਰਿਟਾ), ਸ੍ਰੀ ਲਛਮਣ ਦਾਸ (ਸੀ.ਐਚ.ਟੀ. ਰਿਟਾ:) , ਸ੍ਰ. ਹਰਬੰਸ ਸਿੰਘ (ਜੇ.ਈ. ਰਿਟਾ:), ਵੈਦ ਸ੍ਰ. ਜਸਪਾਲ ਸਿੰਘ ਢੀਂਡਸਾ, ਸ੍ਰ. ਰਵਿੰਦਰ ਸਿੰਘ (ਈ.ਟੀ.ਓ. ਰਿਟਾ:), ਸ੍ਰ. ਅਮਰੀਕ ਸਿੰਘ(ਅ/ਕ ਟੀਚਰ ਰਿਟਾ:), ਮਾਸਟਰ ਮੇਜਰ ਸਿੰਘ ਨਾਭਾ, ਸ੍ਰ. ਹਰਬੰਸ ਸਿੰਘ (ਮਾਸਟਰ ਰਿਟਾ), ਸ੍ਰ. ਦਰਸ਼ਨ ਸਿੰਘ ਮਾਸਟਰ ਰਿਟਾ:, ਨੰਬਰਦਾਰ ਸ੍ਰ. ਯਾਦਵਿੰਦਰ ਸਿੰਘ ਢੀਂਡਸਾ, ਸ੍ਰ. ਭਗਵਾਨ ਸਿੰਘ ਢੀਂਡਸਾ, ਸ੍ਰ. ਜਗਦੇਵ ਸਿੰਘ ਢੀਂਡਸਾ, ਸ੍ਰ. ਸੰਦੀਪ ਸਿੰਘ ਸਰਪੰਚ, ਸ੍ਰ. ਪਲਵਿੰਦਰ ਸਿੰਘ ਝੱਜ, ਸ੍ਰ. ਚਰਨਜੀਤ ਸਿੰਘ, ਮਾਸਟਰ ਮੇਜਰ ਸਿੰਘ ਢੀਂਡਸਾ, ਸ੍ਰ. ਜੋਧ ਸਿੰਘ ( ਏ.ਐਸ. ਆਈ. ਰਿਟਾ:), ਸ੍ਰ. ਸੁੱਖਵਿੰਦਰ ਸਿੰਘ, ਸ੍ਰ. ਗੁਰਬਖਸ਼ ਸਿੰਘ ਢੀਂਡਸਾ, ਸ੍ਰ. ਪਵਨਪ੍ਰੀਤ ਸਿੰਘ ਢੀਂਡਸਾ, ਕਰਮ ਸਿੰਘ ਟੌਪਰ ਨਾਮਵਰ ਗਾਇਕ, ਮੇਜਰ ਸਿੰਘ ਆੜ੍ਹਤੀਆ, ਡਾ. ਕੁਲਵੰਤ ਸਿੰਘ, ਸ੍ਰੀਮਤੀ ਪਰਮਿੰਦਰ ਕੌਰ ਹਾਜ਼ਰ ਸਨ। ਸਾਰੇ ਮੈਂਬਰਾਂ ਦਾ ਸਕੂਲ ਵਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇੰਚਾਰਜ ਮੈਡਮ ਦਲਜੀਤ ਕੌਰ ਲੈਕਚਰਾਰ ਵਲੋਂ ਨਵੀਂ ਬਣੀ ਸੋਸਾਇਟੀ ਦੀ ਪ੍ਰਸੰਸਾ ਕੀਤੀ ਅਤੇ ਆਸ ਕੀਤੀ ਕਿ ਇਹ ਸਕੂ.ਲ ਦੀ ਬਿਹਤਰੀ ਲਈ ਇਸੇ ਤਰ੍ਹਾਂ ਸਹਿਯੋਗ ਦਿੰਦੀ ਰਹੇਗੀ। ਉਨ੍ਹਾਂ ਸਕੂਲ ਦੇ ਆਏ ਪੁਰਾਣੇ ਵਿਦਿਆਰਥੀਆਂ, ਗੁਆਂਢੀ ਪਿੰਡਾਂ ਤੋਂ ਆਏ ਅਤੇ ਪਿੰਡ ਦੇ ਪਤਵੰਤਿਆਂ ਦਾ ਧੰਨਵਾਦ ਕੀਤਾ।




– ਮੇਜਰ ਸਿੰਘ ਨਾਭਾ

# ਕਿਰਾਏਦਾਰਾਂ ਅਤੇ ਨੌਕਰਾਂ ਦਾ ਪੂਰਾ ਵੇਰਵਾ ਪੁਲਿਸ ਪ੍ਰਸ਼ਾਸਨ ਨੂੰ ਦੇਣ ਦੇ ਆਦੇਸ਼



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਜ਼ਿਲ੍ਹਾ ਮੈਜਿਸਟਰੇਟ ਰਾਜੇਸ਼ ਧੀਮਾਨ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹੇ ਦੀਆਂ ਨਗਰ ਕੌਂਸਲਾਂ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿਚ ਰਹਿਣ ਵਾਲਾ ਕੋਈ ਵੀ ਵਿਅਕਤੀ ਜੇਕਰ ਆਪਣੇ ਘਰ/ਹੋਟਲ/ਰੈਸਟੋਰੈਂਟ ਵਿਚ ਕਿਰਾਏਦਾਰ/ਨੌਕਰ/ਪੇਇੰਗ ਗੈਸਟ/ਨੇਪਾਲੀ ਲਾਂਗਰੀ ਰੱਖੇਗਾ ਤਾਂ ਉਹ ਉਸ ਦੀ ਸੂਚਨਾ dc_nawanshahr@rediffmail.com ਅਤੇ dpo.nsr.police@punjab.gov.in ਉੱਤੇ ਇਕ ਹਫ਼ਤੇ ਦੇ ਅੰਦਰ-ਅੰਦਰ ਦੇਣ ਲਈ ਪਾਬੰਦ ਹੋਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਮਕਾਨ ਮਾਲਕਾਂ ਨੇ ਅੱਜ ਤੱਕ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਨੂੰ ਨਹੀਂ ਦਿੱਤੀ ਹੈ, ਉਹ ਉਕਤ ਈ-ਮੇਲ 'ਤੇ ਕਿਰਾਏਦਾਰ (ਨਾਮ, ਪਿਤਾ ਦਾ ਨਾਮ, ਫੋਟੋ ਅਤੇ ਆਧਾਰ ਕਾਰਡ) ਦੀ ਸੂਚਨਾ ਇਸ ਹੁਕਮ ਦੇ ਜਾਰੀ ਹੋਣ ਦੀ ਮਿਤੀ ਤੋਂ ਇਕ ਹਫਤੇ ਦੇ ਅੰਦਰ-ਅੰਦਰ ਦੇਣ।

ਉਨ੍ਹਾਂ ਕਿਹਾ ਕਿ ਮਕਾਨ ਮਾਲਕਾਂ ਵੱਲੋਂ ਰੱਖੇ ਗਏ ਕਿਰਾਏਦਾਰ/ਨੌਕਰ/ਪੇਇੰਗ ਗੈਸਟ ਆਦਿ ਕਈ ਵਾਰ ਨਸ਼ੇ, ਅਸਮਾਜਿਕ ਅਤੇ ਅਪਰਾਧਿਕ ਪਿਛੋਕੜ ਦੇ ਹੁੰਦੇ ਹਨ ਅਤੇ ਕਿਰਾਏ ਵਾਲੇ ਮਕਾਨਾਂ ਅਤੇ ਪਬਲਿਕ ਸਥਾਨਾਂ 'ਤੇ ਹੁੜਦੰਗ ਕਰਦੇ ਰਹਿੰਦੇ ਹਨ, ਜਿਸ ਕਰਕੇ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਡਰ ਹੈ, ਪਰ ਮਕਾਨ ਮਾਲਕਾਂ ਵੱਲੋਂ ਇਨ੍ਹਾਂ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਪਾਸ ਸਮੇਂ ਸਿਰ ਦਰਜ ਨਹੀਂ ਕਰਵਾਈ ਜਾਂਦੀ ਹੈ। ਇਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 24 ਦਸੰਬਰ 2024 ਤੱਕ ਲਾਗੂ ਰਹੇਗਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਇਕ ਦੀਵਾ ਹੋਰ ਬਾਲੀਏ





ਡਾ. ਪ੍ਰਿਤਪਾਲ ਸਿੰਘ ਮਹਿਰੋਕ
91-98885-10185

ਜਗਦਾ ਦੀਵਾ ਬਹੁਤ ਵਸੀਹ ਅਰਥ ਪ੍ਰਦਾਨ ਕਰਨ ਵਾਲੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ। ਦੀਵੇ ਦੀ ਬੇਗ਼ਰਜ਼ ਤੇ ਨਿਰਸਵਾਰਥ ਫਿਤਰਤ ਦਾ ਇਕ ਖ਼ੂਬਸੂਰਤ ਪਹਿਲੂ ਵੇਖੋ ਕਿ ਕਾਰੀਗਰ ਉਸਨੂੰ ਬਣਾਉਂਦਾ ਹੀ ਬਲਣ ਵਾਸਤੇ ਹੈ। ਹਨੇਰੇ ਨੂੰ ਮਿਟਾਉਣਾ ਤੇ ਚਾਨਣ ਦਾ ਪਾਸਾਰ ਕਰਨਾ ਹੀ ਜਿਵੇਂ ਦੀਵੇ ਦਾ ਧਰਮ ਹੁੰਦਾ ਹੋਵੇ। ਇਹੀ ਸੰਕਲਪ ਲੈ ਕੇ ਉਹ ਆਕਾਰ ਗ੍ਰਹਿਣ ਕਰਦਾ ਹੈ। ਦੀਵਾ ਘਰਾਂ ਦੀ ਬਰਕਤ ਹੁੰਦਾ ਹੈ ਤੇ ਬਰੂਹਾਂ ਦੀ ਹਲੀਮੀ, ਨਿਮ੍ਰਤਾ ਤੇ ਸਵਾਗਤ ਕਰਨ ਦੀ ਸੁਰ ਦਾ ਅਜੀਬ ਤੇ ਵਿਸ਼ੇਸ਼ ਅੰਦਾਜ਼! ਮਨੁੱਖੀ ਜ਼ਿੰਦਗੀ ਨੂੰ ਰੁਸ਼ਨਾਉਣ ਤੇ ਰਸਤਾ ਵਿਖਾਉਣ ਵਿੱਚ ਦੀਵੇ ਦੀ ਮੁੱਢਲੀ ਤੇ ਮਹੱਤਵਪੂਰਨ ਭੂਮਿਕਾ ਰਹੀ ਹੈ। ਦੀਵੇ ਦੀ ਰੌਸ਼ਨੀ ਮਨੁੱਖ ਨੂੰ ਗਿਆਨ ਪ੍ਰਦਾਨ ਕਰਦੀ ਆਈ ਹੈ, ਤਾਕਤ ਬਖ਼ਸ਼ਦੀ ਆਈ ਹੈ, ਰਸਤਾ ਵਿਖਾਉਂਦੀ ਆਈ ਹੈ। ਗਿਆਨ, ਸੱਚ, ਉਜਾਲੇ, ਖ਼ੁਸ਼ੀ, ਖੇੜੇ, ਖੁਸ਼ਹਾਲੀ, ਜ਼ਿੰਦਗੀ ਦੇ ਹੱਸਦੇ ਪਾਸੇ, ਰੌਸ਼ਨ ਰਾਹਾਂ, ਉਮੀਦਾਂ ਆਦਿ ਦਾ ਪ੍ਰਤੀਕ ਸਮਝਿਆ ਜਾਂਦਾ ਹੈ ਦੀਵਾ! ਹਰੇਕ ਸਮੇਂ ਦੇ ਸੱਚ ਤੇ ਅਸਲੀਅਤ ਦੀ ਤਸਦੀਕ ਕਰਦਾ ਹੈ ਦੀਵਾ। ਹਨੇਰੇ ਉੱਪਰ ਜਿੱਤ ਪ੍ਰਾਪਤ ਕਰਨ ਦਾ ਹੌਸਲਾ ਰੱਖਦਾ ਹੈ ਦੀਵਾ। ਕਿਸੇ ਵਿਅਕਤੀ/ਸੰਸਥਾ ਵੱਲੋਂ ਸਮਾਜ ਦੀ ਬਿਹਤਰੀ ਵਾਸਤੇ ਜਾਂ ਸੁਖਾਵੇਂ ਭਵਿੱਖ ਵਾਸਤੇ ਕੋਈ ਨਵੀਂ ਵਿਉਂਤਬੰਦੀ ਘੜਨ, ਕੋਈ ਨਵਾਂ ਵਿਚਾਰ ਪੇਸ਼ ਕਰਨ, ਕੋਈ ਨਵਾਂ ਰਸਤਾ ਸੁਝਾਉਣ, ਲੋਕਾਂ ਵਲੋਂ ਉਸ ਨੂੰ ਪਸੰਦ ਕਰ ਲੈਣ, ਸਵੀਕਾਰ ਕਰ ਲੈਣ ਆਦਿ ਨੂੰ ਆਪਣੇ ਵਿਚਾਰਾਂ/ਯੋਜਨਾਵਾਂ ਨਾਲ ਜਾਗ੍ਰਿਤੀ /ਚੇਤਨਾ ਦੇ ਦੀਵੇ ਬਾਲਣਾ ਕਹਿ ਲਿਆ ਜਾਂਦਾ ਹੈ। ਕਝ ਲੋਕ ਜਿਨ੍ਹਾਂ ਨੂੰ ਚਾਨਣ ਸੁਖਾਉਂਦਾ ਨਹੀਂ, ਉਹ ਜਗਦੇ ਦੀਵਿਆਂ ਨੂੰ ਬੁਝਾਉਣ ਲਈ ਆਪਣੀ ਪੂਰੀ ਵਾਹ ਲਾ ਦਿੰਦੇ ਹਨ। ਜਦੋਂ ਉਨ੍ਹਾਂ ਦੀ ਅਜਿਹੀ ਮੰਦਭਾਵਨਾ ਸਿਰੇ ਨਹੀਂ ਚੜ੍ਹਦੀ ਤਾਂ ਦੀਵਾ ਉਨ੍ਹਾਂ ਨੂੰ ਜਿਵੇਂ ਕਹਿ ਰਿਹਾ ਹੁੰਦਾ ਹੈ- "ਮੇਰੀ ਲੜਾਈ ਤਾਂ ਹਨੇਰੇ ਨਾਲ ਹੈ, ਹਵਾਵਾਂ ਖਾਹ-ਮਖਾਹ ਕਿਉਂ ਖ਼ਫ਼ਾ ਹਨ ਤੇ ਕਿਉਂ ਪ੍ਰੇਸ਼ਾਨ ਹੋ ਰਹੀਆਂ ਹਨ।" ਦੀਵੇ ਤੇ ਤੂਫਾਨ ਦੀ ਕਹਾਣੀ ਸਦੀਆਂ ਤੋਂ ਕਹੀ-ਸੁਣੀ ਜਾਂਦੀ ਰਹੀ ਹੈ।

ਦੀਵੇ ਬਾਲਣ ਨੂੰ ਤੇ ਜਗਦੇ ਦੀਵੇ ਨੂੰ ਆਸਥਾ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੇ ਸ਼ਬਦਾਂ ਵਿੱਚ-"ਦੀਵਾ ਜੀਵਨ ਜੋਤ ਦਾ ਪ੍ਰਤੀਕ ਹੈ। ਹਨੇਰੇ ਤੋਂ ਚਾਨਣ ਫੈਲਣਾ... ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਮੂਰਤੀਆਂ ਅੱਗੇ ਦੀਵੇ ਬਾਲੇ ਜਾਂਦੇ ਹਨ। ਦੇਵਤਿਆਂ ਦੀ ਪੂਜਾ ਵਿੱਚ ਦੀਵੇ ਦਾ ਵਿਸ਼ੇਸ਼ ਸਥਾਨ ਹੈ। ਖੁਸ਼ੀ ਦੇ ਸਮਾਗਮਾਂ ਉੱਤੇ ਵੀ ਦੀਵੇ ਜਗਾਏ ਜਾਂਦੇ ਹਨ।" (ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨੇ1553-54)। ਦੀਵਾ ਤਾਂ ਸਵੈ ਨੂੰ ਮਿਟਾ ਕੇ ਦੂਜਿਆਂ ਨੂੰ ਲੋਅ ਵੰਡਣ ਵਾਲੇ ਸਾਧਕ ਵਰਗਾ ਹੁੰਦਾ ਹੈ । ਦੀਵਾ ਮਨੁੱਖ ਨੂੰ ਆਸ਼ਾਵਾਦੀ ਹੋਣ ਦਾ ਸੰਦੇਸ਼ ਦਿੰਦਾ ਆਇਆ ਹੈ:

ਆੜੂਏ ਦਾ ਬੂਟਾ ਅਸਾਂ ਪਾਣੀ ਦੇ ਦੇ ਪਾਲਿਆ,
ਆਸ ਵਾਲਾ ਦੀਵਾ, ਅਸਾਂ ਵਿਹੜੇ ਵਿਚ ਬਾਲਿਆ ।

ਪੀਰਾਂ ਫਕੀਰਾਂ ਦੀਆਂ ਦਰਗਾਹਾਂ 'ਤੇ ਅਤੇ ਦੇਹਰੀ 'ਤੇ ਜਗਦਾ ਦੀਵਾ ਵੀ ਕਿਸੇ ਨੂੰ ਆਤਮਿਕ ਬਲ ਪ੍ਰਦਾਨ ਕਰ ਰਿਹਾ ਹੋ ਸਕਦਾ ਹੈ। ਕਿਸੇ ਨੂੰ ਸੇਧ ਦੇ ਰਿਹਾ ਹੋ ਸਕਦਾ ਹੈ। ਕਿਸੇ ਦੀ ਅਗਵਾਈ ਕਰ ਰਿਹਾ ਹੋ ਸਕਦਾ ਹੈ।

ਦੀਵੇ ਤੇ ਉਸ ਵਿਚਲੀ ਬੱਤੀ ਦਾ ਆਪਸ ਵਿਚ ਗੂੜ੍ਹਾ ਸਬੰਧ ਹੁੰਦਾ ਹੈ। ਆਖਦੇ ਹਨ ਘਿ ਅਤੇ ਰੂੰ ਸਦੀਆਂ ਤੋਂ ਜਲਦੇ ਚਲੇ ਆ ਰਹੇ ਹਨ। ਲੋਕ ਇਹ ਵੀ ਕਹਿੰਦੇ ਹਨ ਕਿ ਦੀਵਾ ਜਲ ਰਿਹਾ ਹੈ। ਅਸਲ ਵਿੱਚ ਬਲਣ ਵਾਲੀ ਸਮੱਗਰੀ ਹੋਰ ਹੈ, ਨਾਂ ਦੀਵੇ ਦਾ ਲਿਆ ਜਾਂਦਾ ਹੈ। ਅਜਿਹਾ ਵੀ ਕਿਸੇ ਕਿਸੇ ਦੇ ਮੁਕੱਦਰ ਵਿੱਚ ਹੀ ਹੁੰਦਾ ਹੈ। ਮਹਿਫ਼ਲ ਸਜਾਉਣ ਲਈ ਦੀਵੇ ਜਗਾਏ ਜਾਂਦੇ ਹਨ, ਸ਼ਮ੍ਹਾਂ ਰੌਸ਼ਨ ਕੀਤੀ ਜਾਂਦੀ ਹੈ। ਇਹ ਵੀ ਤਾਂ ਦੀਵੇ ਦੀ ਖੁਸ਼ਕਿਸਮਤੀ ਹੀ ਸਮਝੀ ਜਾਣੀ ਚਾਹੀਦੀ ਹੈ। ਦੀਵਾ ਤੇ ਬੱਤੀ ਦੋਵੇਂ ਇਕ-ਦੂਜੇ ਦੇ ਪੂਰਕ ਹਨ। ਦੀਵੇ ਵਿਚਲਾ ਤੇਲ, ਘਿ ਉਸ ਦੀ ਜਿੰਦ ਜਾਨ ਹੈ। ਸ਼ਾਲਾ! ਦੀਵਿਆਂ ਵਿਚਲੀਆਂ ਬੱਤੀਆਂ ਸਦਾ ਸਲਾਮਤ ਰਹਿਣ, ਦੀਵਿਆਂ ਵਿਚਲਾ ਤੇਲ ਉਨ੍ਹਾਂ ਨੂੰ ਊਰਜਾ ਪ੍ਰਦਾਨ ਕਰਦਾ ਰਹੇ! ਦੀਵਾ ਹਨੇਰੇ ਤੋਂ ਰੌਸ਼ਨੀ ਵੱਲ ਜਾਣ ਦਾ ਪ੍ਰਤੀਕ ਹੈ। ਵਿਸ਼ਵ ਦੇ ਧਰਮ ਮਨੁੱਖ ਨੂੰ ਆਤਮਿਕ ਪ੍ਰਕਾਸ਼ ਹਾਸਲ ਕਰਨ ਲਈ ਰੌਸ਼ਨੀ ਵੱਲ ਜਾਂਦਾ ਰਸਤਾ ਵਿਖਾਉਂਦੇ ਹਨ । ਧਰਮ ਮਨੁੱਖੀ ਮਨ ਅੰਦਰ ਗਿਆਨ ਦਾ ਦੀਵਾ ਜਗਾਉਣ ਦੀ ਪ੍ਰੇਰਨਾ ਵੀ ਦਿੰਦੇ ਹਨ। ਅੱਖਾਂ ਦੀ ਬਾਹਰੀ, ਮਨ ਅੰਦਰਲੀ ਤੇ ਦੁਨਿਆਵੀ ਰੌਸ਼ਨੀ ਦੇ ਨਾਲ-ਨਾਲ ਮਨ ਅੰਦਰ ਪ੍ਰਕਾਸ਼ ਕਰਨ ਲਈ ਵੀ ਦੀਵੇ ਜਗਾਉਣ ਦੀ ਲੋੜ ਹੈ। ਦੀਵਾ, ਦੀਵੇ ਦੀ ਬੱਤੀ, ਦੀਵੇ ਦੀ ਲਾਟ, ਜਗਦੀ ਜੋਤ ਆਦਿ ਧਰਮ, ਲੋਕ ਧਰਮ, ਪੂਜਾ ਅਤੇ ਪੂਜਾ ਵਿਧੀਆਂ ਦੇ ਖੇਤਰ ਨਾਲ ਜੁੜਨ ਵਾਲੇ ਸਰੋਕਾਰ ਵੀ ਬਣਦੇ ਹਨ ।

ਜਗਦੇ ਦੀਵੇ ਨੂੰ ਬਹੁਤ ਸ਼ੁਭ ਮੰਨਿਆ ਜਾਂਦਾ ਹੈ। ਮਹਾਂਪੁਰਸ਼ਾਂ ਦੇ ਬਚਨਾਂ,ਵਿਸ਼ਵ ਦੇ ਮਹਾਨ ਗ੍ਰੰਥਾਂ, ਸਿੱਖਿਆਵਾਂ, ਸੂਰਬੀਰਾਂ ਦੀਆਂ ਕੁਰਬਾਨੀਆਂ, ਸ਼ਹਾਦਤ ਆਦਿ ਪਹਿਲੂਆਂ ਨੂੰ ਰੌਸ਼ਨੀ ਦੇਣ ਵਾਲੀ ਤੇ ਮਾਨਵਤਾ ਦਾ ਮਾਰਗ ਦਰਸ਼ਨ ਕਰਨ ਵਾਲੀ ਲਾਟ ਵਜੋਂ ਸਤਿਕਾਰਿਆ ਜਾਂਦਾ ਹੈ। ਦੁਨਿਆਵੀ ਰਿਸ਼ਤਿਆਂ ਵਿੱਚ ਇਕ ਭੈਣ ਆਪਣੇ ਭਰਾ ਪ੍ਰਤੀ ਪਿਆਰ-ਸਤਿਕਾਰ ਪ੍ਰਗਟ ਕਰਦਿਆਂ ਕਹਿੰਦੀ ਹੈ:

ਜਾਂ ਵੀਰਾ ਬੈਠਾ ਚਾਕੇ, ਭਾਂਡਿਆਂ ਰਿਸ਼ਮਾਂ ਛੱਡੀਆਂ
ਜਾਂ ਵੀਰ ਵੜਿਆ ਅੰਦਰ, ਦੀਵਾ ਲਟ ਲਟ ਬਲਿਆ...।

ਲਟ-ਲਟ ਬਲਦਾ ਦੀਵਾ ਬਹੁਤ ਕੁਝ ਕਹਿੰਦਾ ਹੈ। ਕਈ ਸੰਕੇਤ ਕਰਦਾ ਹੈ। ਬਹੁਤ ਕੁਝ ਅਣਕਿਹਾ ਰਹਿਣ ਦਿੰਦਾ ਹੈ । ਕਈਆਂ ਦੇ ਮਨ ਅੰਦਰ ਚੇਤਨਾ ਦੇ ਦੀਵੇ ਜਗਾ ਦਿੰਦਾ ਹੈ। ਦੀਵਾ ਭੁੱਲੇ-ਭਟਕਿਆਂ ਨੂੰ ਰਸਤੇ ਵਿਖਾਉਂਦਾ ਹੈ। ਰੌਸ਼ਨੀ ਵੰਡਣਾ ਉਸ ਦੀ ਫ਼ਿਤਰਤ ਹੈ। ਅਨੇਕ ਸੰਸਥਾਵਾਂ ਦੇ ਲੋਗੋ ਦੀ ਸਿਰਜਣਾ ਸੰਸਥਾ ਦੇ ਸਿਖਿਆ ਪ੍ਰਦਾਨ ਕਰਨ ਦੇ ਥੀਮ ਮੁਤਾਬਕ ਕੀਤੀ ਜਾਂਦੀ ਹੈ।ਸਬੰਧਤ ਸੰਸਥਾ ਜਿਸ ਅਨੁਸ਼ਾਸਨ ਵਿੱਚ ਸਿੱਖਿਆ ਪ੍ਰਦਾਨ ਕਰਦੀ ਹੈ, ਉਸਨੂੰ ਲੋਗੋ ਰਾਹੀਂ ਸੰਕੇਤ ਰੂਪ ਵਿੱਚ ਵਿਖਾਉਣ ਦੇ ਨਾਲ ਨਾਲ ਉਸ ਵਿੱਚ ਕਿਧਰੇ ਨਾ ਕਿਧਰੇ ਜਗਦਾ ਦੀਵਾ ਜਾਂ ਦੀਵੇ ਦੀ ਲਾਟ ਨੂੰ ਵੀ ਵਿਖਾ ਦਿੱਤਾ ਜਾਂਦਾ ਹੈ। ਜਗਦੇ ਦੀਵੇ ਦਾ ਅਰਥ ਸਪਸ਼ਟ ਹੈ।

ਮੁਸ਼ਕਿਲਾਂ, ਦੁਸ਼ਵਾਰੀਆਂ, ਚੁਣੌਤੀਆਂ, ਵਿਪਰੀਤ ਸਥਿਤੀਆਂ, ਗ਼ੈਰ-ਮੁਆਫ਼ਕ ਹਾਲਤਾਂ ਆਦਿ ਦਾ ਮੁਕਾਬਲਾ ਕਰਨਾ ਕੋਈ ਦੀਵੇ ਕੋਲੋਂ ਸਿੱਖੇ । ਮਾਰੂ ਝੱਖੜ ਜੇ ਦੀਵੇ ਨੂੰ ਬੁਝਾ ਵੀ ਜਾਂਦਾ ਹੈ ਤਾਂ ਕੀ? ਦੀਵੇ ਨੇ ਤਾਂ ਆਪਣਾ ਵਾਅਦਾ ਨਿਭਾਉਣਾ ਹੁੰਦਾ ਹੈ, ਆਪਣਾ ਫ਼ਰਜ਼ ਅਦਾ ਕਰਨਾ ਹੁੰਦਾ ਹੈ। ਉਸ ਨੂੰ ਧਰਾਤਲ ਉੱਪਰ ਟਿਕੇ ਰਹਿਣ ਦੀ ਲੋੜ ਹੁੰਦੀ ਹੈ। ਉਸ ਦੇ ਪੈਰ ਨਹੀਂ ਉਖੜਣੇ ਚਾਹੀਦੇ । ਉਹ ਬੁਝ ਕੇ ਵੀ ਆਸ ਨਹੀਂ ਛੱਡਦਾ। ਦੀਵੇ ਦੀ ਇਸ ਆਸ ਵਿੱਚ ਜੀਵਨ ਦੇ ਗੁੱਝੇ ਭੇਦ ਛੁਪੇ ਹਨ। ਉਹ ਅਗਲੀ ਰਾਤ ਨੂੰ ਰੁਸ਼ਨਾਉਣ ਦੀ ਤਿਆਰੀ/ਉਡੀਕ ਕਰਨ ਲੱਗ ਜਾਂਦਾ ਹੈ। ਦੀਵਾ ਉਮੀਦ ਤੇ ਰੌਸ਼ਨ ਭਵਿੱਖ ਦਾ ਪ੍ਰਤੀਕ ਬਣਦਾ ਹੈ।

ਜ਼ਿਆਦਾ ਦਿਨਾਂ ਤੱਕ ਬੱਦਲ ਛਾਏ ਰਹਿਣ ਅਤੇ ਮੀਂਹ ਵਧੇਰੇ ਵਰ੍ਹਦਾ ਰਹਿਣ ਕਰਕੇ ਦੁਖੀ ਹੋਏ ਲੋਕ ਸੂਰਜ ਨਾਲ ਗਿਲ੍ਹਾ ਪ੍ਰਗਟ ਕਰਦਿਆਂ, ਉਸਨੂੰ ਛੇਤੀ ਵਿਖਾਈ ਦੇਣ ਲਈ ਕਹਿੰਦੇ ਹਨ। ਅਜਿਹੇ ਮੌਕੇ ਜੇ ਦਿਨ ਵੇਲੇ ਦੀਵਾ ਜਗਾਉਣ ਦੀ ਲੋੜ ਪੈ ਜਾਵੇ ਤਾਂ ਸੂਰਜ ਵਾਸਤੇ ਇਹ ਨਮੋਸ਼ੀ ਵਾਲੀ ਗੱਲ ਸਮਝੀ ਜਾਂਦੀ ਹੈ:

ਸੂਰਜਾ ਸੂਰਜਾ ਧੁੱਪ ਚੜ੍ਹਾ,ਧੁੱਪ ਚੜ੍ਹਾ ਕਿ ਬੱਦਲ ਉਡਾ
ਤੇਰੇ ਹੁੰਦਿਆਂ ਦੀਵਾ ਬਲਿਆ
ਲਈ ਤੂੰ ਲੱਜ ਲਵਾ!

ਦੀਵਾ ਬਲੇ ਸਾਰੀ ਰਾਤ
ਮੇਰਿਆ ਜ਼ਾਲਮਾਂ
ਦੀਵਾ ਬਲੇ ਸਾਰੀ ਰਾਤ...
ਬੱਤੀਆਂ ਬਟਾ ਰੱਖਦੀ
ਮੇਰਿਆ ਜ਼ਾਲਮਾਂ
ਦੀਵਾ ਬਲੇ ਸਾਰੀ ਰਾਤ...
ਆਵੇਗਾ ਤੇ ਬੁਝ ਲਵਾਂਗੀ
ਮੇਰਿਆ ਜ਼ਾਲਮਾਂ
ਕਿਥੇ ਗੁਜ਼ਾਰੀ ਸਾਰੀ ਰਾਤ ..
ਮੇਰਿਆ ਹਾਣੀਆਂ
ਦੀਵਾ ਬਲੇ ਸਾਰੀ ਰਾਤ...

ਜਗਦੇ ਦੀਵੇ ਨੂੰ ਬਹੁਤ ਸ਼ੁਭ ਸਮਝਿਆ ਜਾਂਦਾ ਹੈ। ਦੀਵਾ ਭੁੱਲਿਆਂ ਭਟਕਿਆਂ ਨੂੰ ਰਸਤਾ ਵਿਖਾਉਂਦਾ ਹੈ। ਕਈ ਵਾਰ ਰਾਹ ਵਿਖਾਉਣ ਵਾਲੇ ਦੀਵਿਆਂ ਨੂੰ ਵੀ ਲੋਕ ਤੁਰੇ ਤੁਰੇ ਜਾਂਦਿਆਂ ਬੁਝਾ ਜਾਂਦੇ ਹਨ। ਕਿਸੇ ਦੇ ਮਨ ਵਿੱਚ ਇਸ ਵਿੱਚੋਂ ਵੀ ਆਸ ਦੀ ਕਿਰਨ ਜਾਗ ਜਾਂਦੀ ਹੈ:

ਪੱਲਾ ਮਾਰ ਕੇ ਬੁਝਾ ਗਈ ਦੀਵਾ
ਅੱਖ ਨਾਲ ਗੱਲ ਕਰ ਗਈ।

ਹਲਕਾ ਜਿਹਾ ਹਾਸਾ ਮਜ਼ਾਕ ਪੈਦਾ ਕਰਨ ਲਈ ਵੀ ਕਈ ਲੋਕ ਗੀਤਾਂ ਵਿੱਚ ਦੀਵਾ ਇਕ ਪ੍ਰਤੀਕ ਵਜੋਂ ਵਰਤਿਆ ਗਿਆ ਹੈ:

ਜਿਵੇਂ ਬਲਦਾ ਰੰਡੀ ਦੇ ਘਰ ਦੀਵਾ
ਛੜੇ ਦੀ ਅੱਖ ਇਉਂ ਬਲਦੀ।

ਕਈ ਵਾਰ ਕਿਸੇ ਦੀ ਖ਼ੂਬਸੂਰਤੀ ਨੂੰ ਵੀ ਦੀਵੇ ਦੀ ਰੌਸ਼ਨੀ ਨਾਲ ਤੁਲਨਾਇਆ ਜਾਂਦਾ ਹੈ:

ਜੇ ਮਾਮੀਏ ਤੂੰ ਬਹੁਤੀ ਸੋਹਣੀ, ਦੇ ਦੇ ਗਿੱਧੇ ਵਿਚ ਗੇੜਾ
ਨੀ ਰੂਪ ਤੇਰੇ 'ਤੇ ਗਿੱਠ ਗਿੱਠ ਲਾਲੀ, ਤੈਥੋਂ ਸੋਹਣਾ ਕਿਹੜਾ
ਨੀ ਦੀਵਾ ਕੀ ਕਰਨਾ, ਚਾਨਣ ਹੋ ਜੂ ਤੇਰਾ
ਨੀ ਦੀਵਾ ਕੀ ਕਰਨਾ...

ਦੀਵਾ ਬੋਲਦਾ ਕੁਝ ਨਹੀਂ ਫਿਰ ਵੀ ਬਹੁਤ ਕੁਝ ਕਹਿ ਜਾਂਦਾ ਹੈ। ਉਹ ਆਪਣੀ ਰੌਸ਼ਨੀ ਨਾਲ ਹੀ ਆਪਣੀ ਪਛਾਣ ਤੇ ਆਪਣਾ ਨਾਂ ਬਣਾਉਂਦਾ ਹੈ। ਦੀਵਾ ਕਦੇ ਕਿਸੇ ਮਨੁੱਖ, ਸਮੇਂ, ਸਥਾਨ, ਸਥਿਤੀ ਆਦਿ ਨਾਲ ਪੱਖਪਾਤ ਨਹੀਂ ਕਰਦਾ। ਕਿਸੇ ਕਮਰੇ ਦੇ ਦਰਵਾਜ਼ੇ ਦੀ ਦਹਿਲੀਜ਼ 'ਤੇ ਬਾਲ ਕੇ ਰੱਖਿਆ ਦੀਵਾ ਬਿਨਾਂ ਕਿਸੇ ਭੇਦ ਭਾਵ ਤੋਂ ਕਮਰੇ ਦੇ ਅੰਦਰ ਵੀ ਰੌਸ਼ਨੀ ਕਰਦਾ ਹੈ ਤੇ ਬਾਹਰ ਵੀ। ਦੀਵੇ ਦਾ ਸੁਭਾਅ ਕਿੰਨਾ ਵਚਿੱਤਰ ਹੈ। ਕਹਿੰਦੇ ਹਨ ਮਨ ਵਿੱਚ ਜਗਦੀ ਦੀਵੇ ਦੀ ਲੋਅ ਨੂੰ ਨਾ ਕੋਈ ਮੱਧਮ ਕਰ ਸਕਦਾ ਹੈ, ਨਾ ਬੁਝਾ ਸਕਦਾ ਹੈ।

ਦੀਵਾ ਸੂਰਜ ਦਾ ਸਥਾਨ ਤਾਂ ਨਹੀਂ ਲੈ ਸਕਦਾ ਪਰ ਰਾਤ ਦੇ ਹਨੇਰੇ ਨੂੰ ਕੁਝ ਹੱਦ ਤੱਕ ਛੰਡਣ ਦਾ ਯਤਨ ਤਾਂ ਕਰਦਾ ਹੀ ਹੈ। ਦੀਵੇ ਦਾ ਇਹ ਉਪਰਾਲਾ ਸਦੀਆਂ ਤੋਂ ਜਾਰੀ ਹੈ। ਹੋ ਸਕਦਾ ਹੈ ਉਪਰਾਲੇ ਕਰਨ ਤੇ ਆਸ ਰੱਖਣ ਦਾ ਮੰਤਰ ਵੀ ਮਨੁੱਖ ਨੇ ਦੀਵੇ ਕੋਲੋਂ ਸਿਖਿਆ ਹੋਵੇ:

ਜਾ ਦੀਵੜਿਆ ਘਰ ਆਪਣੇ, ਤੇਰੀ ਮਾਂ ਉਡੀਕੇ ਵਾਰ
ਆਈਂ ਅਵੇਰੇ ਜਾਈਂ ਸਵੇਰੇ, ਸੱਭੇ ਸ਼ਗਨ ਵਿਚਾਰ
ਜਾ ਦੀਵਿਆ ਘਰ ਆਪਣੇ, ਸੁੱਖ ਵਸਾਈਂ ਰਾਤ
ਰਿਜ਼ਕ ਲਿਆਈਂ ਭਾਲ, ਤੇਲ ਲਿਆਈਂ ਨਾਲ...

ਜਾਗੋ ਦੇ ਨਾਚ ਵਿਚ ਉਸ ਨਾਚ ਦੀਆਂ ਤਿਆਰੀਆਂ ਦੀ ਪ੍ਰਕਿਰਿਆ ਹੀ ਦੀਵਿਆਂ ਤੋਂ ਸ਼ੁਰੂ ਹੁੰਦੀ ਹੈ। ਦੀਵੇ ਹੀ ਜਾਗੋ ਨੂੰ ਆਧਾਰ ਪ੍ਰਦਾਨ ਕਰਦੇ ਹਨ। ਜਾਗੋ ਦੇ ਬਲਦੇ ਦੀਵਿਆਂ ਦੇ ਚਾਨਣ ਵਿਚ ਆਸ ਦੀਆਂ ਨਵਕਿਰਨਾਂ ਨਵਾਂ ਸੰਦੇਸ਼ ਲੈ ਕੇ ਪ੍ਰਗਟ ਹੁੰਦੀਆਂ ਹਨ। ਇੰਜ ਪ੍ਰਤੀਤ ਹੋਣ ਲੱਗਦਾ ਹੈ ਜਿਵੇਂ ਦੀਵਿਆਂ ਦੀ ਲਾਟ ਤੋਂ ਉਪਜਦਾ ਚਾਨਣ ਸਭ ਪਾਸੇ ਉਮੀਦਾਂ ਦੇ ਸਾਕਾਰਾਤਮਿਕ ਤੇ ਰੁਸ਼ਨਾਉਂਦੇ ਚਿੰਨ੍ਹ ਉਲੀਕਦਾ ਜਾ ਰਿਹਾ ਹੋਵੇ।

ਦੀਵਾਲੀ ਵਾਲੀ ਰਾਤ ਨੂੰ ਘਰ ਦੇ ਬਨੇਰਿਆਂ 'ਤੇ, ਮਮਟੀਆਂ 'ਤੇ, ਘਰ ਦੇ ਮੁੱਖ ਦਰਵਾਜ਼ੇ ਆਦਿ 'ਤੇ ਦੀਵੇ ਜਗਾਏ ਜਾਂਦੇ ਹਨ। ਘਰ ਦੇ ਹਰੇਕ ਕੋਣੇ ਨੂੰ ਰੌਸ਼ਨ ਕਰ ਦੇਣ ਦਾ ਯਤਨ ਕੀਤਾ ਜਾਂਦਾ ਹੈ, ਖ਼ੁਸ਼ੀ ਦੇ ਪ੍ਰਗਟਾਵੇ ਲਈ, ਜਿੱਤ ਦੇ ਜਸ਼ਨ ਮਨਾਉਣ ਲਈ ਦੀਵੇ ਜਗਾਏ ਜਾਂਦੇ ਹਨ। ਦੀਵਾਲੀ ਰੌਸ਼ਨੀਆਂ ਦਾ, ਜਗਦੇ ਦੀਵਿਆਂ ਦਾ ਤਿਉਹਾਰ ਹੈ। ਜਗਦੇ ਦੀਵਿਆਂ ਦੀ ਕਤਾਰ ਦੇ ਮਨਮੋਹਕ ਦ੍ਰਿਸ਼ ਕੋਲੋਂ ਕੋਈ ਖ਼ੁਸ਼ੀਆਂ ਸਾਂਝੀਆਂ ਕਰਨ ਅਤੇ ਖ਼ੁਸ਼ੀਆਂ ਨੂੰ ਵਿਸਥਾਰ ਦੇਣ ਦਾ ਸਲੀਕਾ ਸਿੱਖੇ! ਖੁੱਲ੍ਹ ਕੇ ਜਿਊਣ ਦੀ ਜਾਚ ਵੀ ਦੀਵੇ ਕੋਲੋਂ ਸਿੱਖੀ ਜਾ ਸਕਦੀ ਹੈ। ਦੀਵੇ ਜਗਦੇ ਹਨ ਤਾਂ ਮਨ ਨੂੰ ਖ਼ੁਸ਼ੀ ਮਿਲਦੀ ਹੈ, ਸ਼ਾਂਤੀ ਮਿਲਦੀ ਹੈ, ਹੁਲਾਰਾ ਮਿਲਦਾ ਹੈ, ਉਤਸ਼ਾਹ ਜਾਗਦਾ ਹੈ। ਜਗਦੇ ਦੀਵੇ ਨੂੰ ਜਦੋਂ ਕੋਈ ਵਿਅਕਤੀ ਆਪਣੇ ਹੱਥਾਂ ਵਿੱਚ ਫੜ੍ਹ ਕੇ ਹੋਰ ਕਈ ਦੀਵੇ ਜਗਾਉਂਦਾ ਹੈ ਤਾਂ ਉਸ ਦੇ ਇਸ ਅਮਲ ਨੂੰ ਕਿਸੇ ਦਾ ਫਿਕਰ ਕਰਨ, ਕਿਸੇ ਦਾ ਭਲਾ ਚਾਹੁਣ ਤੇ ਕਿਸੇ ਦੀ ਜ਼ਿੰਦਗੀ ਵਿੱਚ ਚਾਨਣ ਦਾ ਪਾਸਾਰ ਕਰਨ ਦੇ ਅਰਥਾਂ ਵਿਚ ਵੇਖਿਆ ਜਾ ਸਕਦਾ ਹੈ।

ਅਜਿਹੇ ਮਨੁੱਖ ਵੀ ਹੁੰਦੇ ਹਨ, ਜਿਨ੍ਹਾਂ ਦੀ ਸਾਰੀ ਉਮਰ ਦੀਵੇ ਜਗਾਉਂਦਿਆਂ-ਜਗਾਉਂਦਿਆਂ ਹੀ ਲੰਘ ਜਾਂਦੀ ਹੈ। ਦੂਰ-ਦੂਰ ਤੱਕ ਰੌਸ਼ਨੀ ਫੈਲਾਉਣ ਦੇ ਅਭਿਲਾਸ਼ੀ ਲੋਕ ਦੀਵੇ ਜਗਾਉਂਦਿਆਂ ਹੋਇਆਂ ਆਪਣੀਆਂ ਉਂਗਲਾਂ ਵੀ ਲੂਹ ਬੈਠਦੇ ਹਨ। ਅਜਿਹੇ ਲੋਕ ਵੀ ਹੁੰਦੇ ਹਨ ਜੋ ਦੀਵੇ ਬਾਲਣ ਲਈ ਦੂਰ-ਦੁਰੇਡੇ ਦੇ ਹਨੇਰਿਆਂ ਦੀ ਭਾਲ ਵਿਚ ਰਹਿੰਦੇ ਹਨ। ਉਨ੍ਹਾਂ ਨੂੰ ਇਸ ਗੱਲ ਕਰਕੇ ਜਾਣਿਆ ਜਾਂਦਾ ਹੈ ਕਿ ਉਨ੍ਹਾਂ ਨੇ ਉਸ ਥਾਂ 'ਤੇ ਜਾ ਕੇ ਦੀਵੇ ਜਗਾਏ ਸਨ ਜਿਥੇ ਕਦੇ ਰੌਸ਼ਨੀ ਪਹੁੰਚ ਸਕਣ ਦੀ ਤਵੱਕੋ ਵੀ ਨਹੀਂ ਸੀ ਕੀਤੀ ਜਾ ਸਕਦੀ। ਕਿਸੇ ਸ਼ਾਇਰ ਦੇ ਕਹੇ ਮੁੱਲਵਾਨ ਤੇ ਯਾਦ ਰੱਖਣ ਯੋਗ ਬੋਲ ਵਿਸ਼ੇਸ਼ ਤੌਰ 'ਤੇ ਵਿਚਾਰ ਕਰਨ ਯੋਗ ਹਨ:

ਜਿਸ ਵਕਤ ਰੌਸ਼ਨੀ ਕਾ ਤਸੱਵਰ ਮੁਹਾਲ ਥਾ
ਉਸ ਸ਼ਖ਼ਸ਼ ਕਾ ਚਿਰਾਗ਼ ਜਲਾਨਾ ਕਮਾਲ ਥਾ।

ਚੌਮੁਖੀਆ ਦੀਵਾ ਵੀ ਕਈ ਪੱਖਾਂ ਤੋਂ ਆਪਣੀ ਪਛਾਣ ਤੇ ਮਹੱਤਵ ਰੱਖਦਾ ਹੈ। ਇਸ ਦੀਵੇ ਦੇ ਚਾਰੇ ਪਾਸੇ ਦੀਵਾ ਰੱਖਣ ਲਈ ਥਾਂ ਬਣੀ ਹੁੰਦੀ ਹੈ। ਕੀਮਤੀ ਧਾਤਾਂ ਦੇ ਬਣੇ ਦੀਵਿਆਂ ਨੂੰ ਕਈ ਤਰ੍ਹਾਂ ਦੇ ਧਾਰਮਿਕ ਅਨੁਸ਼ਠਾਨਾਂ ਨੂੰ ਨਿਭਾਉਣ ਵੇਲੇ ਜਗਾਇਆ ਜਾਂਦਾ ਹੈ। ਆਰਤੀ ਉਤਾਰੀ ਜਾਂਦੀ ਹੈ, ਜਗਦੇ ਦੀਵਿਆਂ ਨੂੰ ਵਿਸ਼ੇਸ਼ ਆਕਾਰ ਪ੍ਰਦਾਨ ਕੀਤੇ ਜਾਂਦੇ ਹਨ। ਹੁਣ ਆਟੇ, ਮਿੱਟੀ ਜਾਂ ਕਿਸੇ ਧਾਤ ਆਦਿ ਦੇ ਦੀਵਿਆਂ ਦੀ ਥਾਂ 'ਤੇ ਬਿਜਲਈ ਬਲਬਾਂ, ਵੰਨ-ਸੁਵੰਨੀਆਂ, ਰੰਗ-ਬਰੰਗੀਆਂ ਰੌਸ਼ਨੀਆਂ, ਐਲ.ਈ.ਡੀ. ਰੌਸ਼ਨੀਆਂ, ਜਗਦੀਆਂ-ਬੁਝਦੀਆਂ ਰੌਸ਼ਨੀਆਂ, ਪੰਕਤੀਆਂ, ਦਾਇਰਿਆਂ, ਕੋਣਾਂ ਆਦਿ ਵਿਚ ਘੁੰਮਦੀਆਂ ਪ੍ਰਤੀਤ ਹੁੰਦੀਆਂ ਰੌਸ਼ਨੀਆਂ ਨਾਲ ਧਾਰਮਿਕ ਅਸਥਾਨਾਂ, ਵੱਡੀਆਂ ਇਮਾਰਤਾਂ, ਭਵਨਾਂ ਤੇ ਘਰਾਂ ਨੂੰ ਸਜਾਇਆ ਜਾਂਦਾ ਹੈ। ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੇ ਅਵਸਰ 'ਤੇ ਰੌਸ਼ਨ ਦਿਮਾਗਾਂ ਨੂੰ ਦੀਵੇ ਜਗਾਉਣੇ ਚਾਹੀਦੇ ਹਨ। ਆ ! ਇਸ ਅਵਸਰ 'ਤੇ ਇਕ ਦੀਵਾ ਹੋਰ ਬਾਲੀਏ ਤੇ ਅਜਿਹਾ ਕਰਨ ਨੂੰ ਆਪਣੇ ਫ਼ਰਜ਼ ਵਿੱਚ ਸ਼ਾਮਲ ਕਰੀਏ! ਉਨ੍ਹਾਂ ਲੋਕਾਂ ਲਈ ਵੀ ਇਕ ਦੀਵਾ ਜਗਾਉਣਾ ਚਾਹੀਦਾ ਹੈ, ਜਿਨ੍ਹਾਂ ਕੋਲ ਨਾ ਤੇਲ ਹੈ, ਨਾ ਬੱਤੀ ਹੈ, ਨਾ ਦੀਵਾ ਹੈ। ਜਿਥੇ-ਜਿਥੇ ਹਨੇਰਾ ਹੈ, ਉਥੇ ਉਥੇ ਰੌਸ਼ਨੀ ਪਹੁੰਚੇ! ਜਿਥੇ ਝੂਠ, ਕੂੜ, ਕੁਸਤ ਹੈ, ਉਥੇ ਰੌਸ਼ਨੀ ਪਹੁੰਚੇ! ਦੀਵਾ ਜਗਦਾ ਰਹਿਣਾ ਚਾਹੀਦਾ ਹੈ । ਜਗਦੇ ਹੋਏ ਦੀਵੇ ਨੂੰ ਜਦੋਂ ਕੋਈ ਵਿਅਕਤੀ ਆਪਣੇ ਹੱਥਾਂ ਵਿੱਚ ਫੜ੍ਹਕੇ ਕਈ ਹੋਰ ਦੀਵੇ ਜਗਾਉਂਦਾ ਹੈ ਤਾਂ ਉਸਦੇ ਇਸ ਅਮਲ ਨੂੰ ਹੋਰਨਾਂ ਦਾ ਫਿਕਰ ਕਰਨ, ਕਿਸੇ ਤੱਕ ਰੌਸ਼ਨੀ ਪਹੁੰਚਾਉਣ, ਕਿਸੇ ਦੀ ਮਦਦ ਕਰਨ, ਹੋਰਾਂ ਵਿੱਚ ਗਿਆਨ ਵੰਡਣ ਦੇ ਅਰਥਾਂ ਵਿੱਚ ਵੇਖਿਆ ਜਾਂਦਾ ਹੈ। ਮਨੁੱਖ ਨੂੰ ਆਪਣੇ ਹਿੱਸੇ ਦੇ ਦੀਵੇ ਖ਼ੁਦ ਨੂੰ ਜਗਾਉਣੇ ਪੈਂਦੇ ਹਨ। ਦੀਵਿਆਂ ਨੂੰ ਆਪਣੀ ਰੌਸ਼ਨੀ ਦੀ ਇਬਾਰਤ ਖ਼ੁਦ ਨੂੰ ਲਿਖਣੀ ਪੈਂਦੀ ਹੈ। ਨਾਲ ਹੀ ਇਹ ਵੀ ਸੱਚ ਹੈ ਕਿ ਕਿਸੇ ਆਪਣੇ ਦੇ ਭਰੋਸੇ ਉੱਤੇ ਮਨੁੱਖ ਆਪਣੀ ਤਲੀ ਉੱਤੇ ਦੀਵਾ ਰੱਖਕੇ ਸੰਘਣੇ ਹਨੇਰੇ ਵਿੱਚ ਵੀ ਕੋਹਾਂ ਲੰਮਾ ਪੰਧ ਤੈਅ ਕਰ ਸਕਦਾ ਹੈ। ਦੀਵੇ ਬਲਦੇ ਹਨ ਤਾਂ ਖੁਸ਼ੀ ਮਿਲਦੀ ਹੈ।

ਸ਼ਾਂਤੀ ਮਿਲਦੀ ਹੈ। ਜਗਦੇ ਦੀਵਿਆਂ ਦੀ ਕਤਾਰ ਦੇ ਮਨਮੋਹਕ ਦ੍ਰਿਸ਼ ਕੋਲੋਂ ਕੋਈ ਖੁਸ਼ੀਆਂ ਸਾਂਝੀਆਂ ਕਰਨ ਅਤੇ ਖੁਸ਼ੀਆਂ ਨੂੰ ਵਿਸਥਾਰ ਦੇਣ ਦੀ ਜਾਚ ਸਿੱਖੇ! ਦੀਵਾ ਮਿੱਟੀ ਦਾ ਹੋਵੇ, ਆਟੇ ਦਾ ਬਣਾਇਆ ਹੋਵੇ, ਕਿਸੇ ਧਾਤ ਜਾਂ ਸੋਨੇ ਦਾ ਹੋਵੇ, ਇਹ ਗੱਲ ਬਹੁਤਾ ਮਹੱਤਵ ਨਹੀਂ ਰੱਖਦੀ। ਸ਼ਰਧਾ, ਸਿਦਕ ਤੇ ਵਿਸ਼ਵਾਸ ਨਾਲ ਜਗਾਏ ਦੀਵੇ ਦੀ ਰੌਸ਼ਨੀ ਕਿਸੇ ਦੀ ਹਨੇਰੀ ਜ਼ਿੰਦਗੀ ਵਿੱਚ ਪ੍ਰਵੇਸ਼ ਕਰ ਜਾਵੇ ਤਾਂ ਉਸਦੀ ਤਕਦੀਰ ਸੰਵਰ ਸਕਦੀ ਹੈ। ਮਨੁੱਖ ਦੇ ਮਨ ਅੰਦਰ ਇਨਸਾਨੀਅਤ ਬਣੀ ਰਹਿਣ ਲਈ ਅਤੇ ਇਨਸਾਨੀਅਤ ਦੀ ਖੁਸ਼ਹਾਲੀ, ਸਲਾਮਤੀ ਤੇ ਬਿਹਤਰੀ ਲਈ ਦੁਆ ਕਰਨ ਵਾਸਤੇ ਵੀ ਇਕ ਦੀਵਾ ਜਗਾਉਣਾ ਚਾਹੀਦਾ ਹੈ। ਸ਼ਾਲਾ! ਦੀਵੇ ਜਗਦੇ ਰਹਿਣ! ਚੌਗਿਰਦੇ ਨੂੰ ਰੁਸ਼ਨਾਉਂਦੇ ਰਹਿਣ!

## ਵਕਤ

ਸੁਣਿਆ ਸੀ
ਵਕਤ ਬਦਲਦਾ ਹੈ
ਅਮੀਰ ਸਦਾ ਅਮੀਰ
ਨਹੀਂ ਰਹਿੰਦਾ
ਤੇ ਗਰੀਬ ਸਦਾ ਗਰੀਬ
ਨਹੀਂ ਰਹਿੰਦਾ
ਮੇਹਨਤ ਨਾਲ ਰੰਗ ਢੰਗ
ਜਰੂਰ ਬਦਲਦਾ ਹੈ ।
ਸਾਲਾਂ ਹੋ ਗਏ ਦੇਖਦਿਆਂ
ਤੜਕੇ ਉੱਠ ਆਉਂਦੀ
ਨਿੱਕੀ ਜਿਹੀ ਜਾਨ
ਵੱਡੇ ਬੋਰੇ ਵਿੱਚ ਥਾਂ-ਥਾਂ ਤੋਂ
ਪਲਾਸਟਿਕ, ਗੱਤੇ,
ਰਬੜ, ਕਾਗਜ਼ ਆਦਿ
ਚੁੱਕ ਇਕੱਠੇ ਕਰ-ਕਰ ਪਾਉਂਦੀ
ਹੁਣ 25 ਵਰਿਆਂ ਬਾਦ ਵੀ
ਉਸਦਾ ਨਾ ਕੰਮ ਬਦਲਿਆ
ਤੇ ਨਾ ਉਸਦਾ ਢੰਗ ਬਦਲਿਆ
ਇਕ ਤਬਦੀਲੀ ਜਰੂਰ ਹੈ
ਪਹਿਲਾਂ ਉਹ ਇਕੱਲੀ ਆਉਂਦੀ
ਤੇ ਹੁਣ ਉਸਦੇ ਨਾਲ
ਦੋ ਛੋਟੇ-ਛੋਟੇ ਬੱਚੇ
ਛੋਟਾ ਬੋਰਾ ਚੁੱਕ
ਮਾਂ ਦੀ ਮਦਦ ਵਿੱਚ
ਨੰਗੇ ਹੱਥੀਂ ਠੁਰ-ਠੁਰ-ਠੁਰ ਕਰਦੇ,
ਉਹੀ ਕੁਝ ਟੋਲਦੇ
ਕਚਰਾ ਫਰੋਲਦੇ
ਚੰਗੇ ਵਕਤ ਦੀ ਉਡੀਕ ਵਿੱਚ
ਸੋਨੇ,ਹੀਰੇ , ਮੋਤੀਆਂ ਦੀ
ਭਾਲ ਪਏ ਕਰਦੇ ।

**ਰਬਿੰਦਰ ਸ਼ਰਮਾ**
91-98146-67682



## ਵਿਅੰਗ/ 'ਚੋਣਾਂ ਲੜਨ ਜੋਗੇ ਨਾ ਛੱਡੇ'

ਪ੍ਰਕਾਸ਼ ਸਿੰਘ ਬਾਦਲ ਨੇ ਨਾਲ ਭਾਜਪਾ ਦੇ,
ਰਿਸ਼ਤਾ ਪਤੀ ਪਤਨੀ ਵਾਲਾ ਬਣਾਇਆ ਸੀ।

ਕੌਣ ਪਤਨੀ ਸੀ, ਕੌਣ ਸੀ ਪਤੀ ਇਹਦਾ,
ਇਹ ਕਦੇ ਨਾ ਚਾਨਣਾ ਪਾਇਆ ਸੀ।

ਦੋਵੇਂ ਰਲ਼ ਮਿਲਕੇ ਮਾਣਦੇ ਰਹੇ ਮੌਜਾਂ,
ਚੇਤਾ ਕੌਮ ਦਾ ਮਨੋਂ ਭੁਲਾਇਆ ਸੀ।

ਰਲ਼ਕੇ ਪੰਜਾਬ ਤੇ ਸੈਂਟਰ ਵਿੱਚ ਰਾਜ ਕਰਿਆ,
ਪਰ ਮਸਲਾ ਕੋਈ ਨਾ ਹੱਲ ਕਰਾਇਆ ਸੀ।

ਨਾ ਕੋਈ ਪੰਜਾਬ ਦਾ ਇਹਨਾਂ ਕਰਿਆ ਫਾਇਦਾ,
ਨਾ ਕੋਈ 'ਬੰਦੀ' ਸਿੰਘ ਛੁਡਾਇਆ ਸੀ।

ਅੱਜ 'ਅਕਾਲੀ ਦਲ' ਜਿਸ ਨੂੰ ਦੱਸੇ ਦੁਸ਼ਮਣ,
ਉਹਨੂੰ ਸਿਰ ਤੇ ਆਪ ਬਿਠਾਇਆ ਸੀ।

'ਮੇਜਰ' ਛੱਡਕੇ ਆਪਣੇ ਗੁਰੂਆਂ ਨੂੰ,
ਜਿਹੜੇ ਲੜ ਸਾਧਾਂ ਦੇ ਜਾ ਲੱਗੇ ਜੀ।

ਜਿਹਨਾਂ ਲੋਕਾਂ ਨੂੰ ਇਹਨਾਂ ਟਿੱਚ ਜਾਣਿਆ,
ਉਹਨਾਂ ਚੋਣਾਂ ਲੜਨ ਜੋਗੇ ਨਾ ਛੱਡੇ ਜੀ।

**ਮੇਜਰ ਸਿੰਘ ਬੁਢਲਾਡਾ**
91-94176 42327

# ਕਾਸ਼ ! ਸਾਡੀਆਂ ਲਾਇਬ੍ਰੇਰੀਆਂ ਵੀ ਅਮਰੀਕੀ ਲਾਇਬ੍ਰੇਰੀਆਂ ਵਾਂਗ ਗਿਆਨ ਦਾ ਭੰਡਾਰ ਹੋਣ

ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਦੁਨੀਆਂ ਦੇ ਬੁੱਧੀਜੀਵੀਆਂ ਨੇ ਜਨਤਕ ਲਾਇਬਰੇਰੀਆਂ ਦੀ ਸ਼ੁਰੂਆਤ ਕੀਤੀ। ਇੰਗਲੈਂਡ ਵਿਚ 1608 ਵਿਚ ਨਾਰਵਿਚ ਲਾਇਬ੍ਰੇਰੀ ਅਤੇ ਅਮਰੀਕਾ ਵਿਚ 1636 ਵਿਚ ਬੋਸਟਨ ਵਿਚ ਜਨਤਕ ਲਾਇਬ੍ਰੇਰੀ ਸਥਾਪਤ ਕੀਤੀ ਗਈ। ਵੱਡੀ ਪੱਧਰ 'ਤੇ ਜਨਤਕ ਲਾਇਬ੍ਰੇਰੀਆਂ ਸਥਾਪਤ ਕਰਨ ਦੀ ਲਹਿਰ ਇੰਗਲੈਂਡ ਵਿਚ 19ਵੀਂ ਸਦੀ ਦੇ ਅੱਧ ਵਿਚ ਸ਼ੁਰੂ ਹੋਈ ਜਦ ਯੂਰਪ ਵਿਚ ਇਨਕਲਾਬ ਆਇਆ। ਅਮਰੀਕਾ ਵਿਚ ਐਂਡਰੀਊ ਕਾਰਨੇਗੀ ਫਾਊਂਡੇਸ਼ਨ ਨੇ ਜਨਤਕ ਲਾਇਬ੍ਰੇਰੀਆਂ ਕਾਇਮ ਕਰਨ ਲਈ ਵੱਡਾ ਯੋਗਦਾਨ ਪਾਇਆ। ਇਸ ਸੰਸਥਾ ਨੇ 1900 ਤੋਂ 1917 ਤੱਕ 1700 ਦੇ ਕਰੀਬ ਜਨਤਕ ਲਾਇਬ੍ਰੇਰੀਆਂ ਕਾਇਮ ਕੀਤੀਆਂ। ਇਸ ਸਮੇਂ ਅਮਰੀਕਾ ਵਿਚ 123627 ਲਾਇਬ੍ਰੇਰੀਆਂ ਹਨ। ਇਨ੍ਹਾਂ ਵਿਚੋਂ 17248 ਪਬਲਿਕ ਲਾਇਬਰੇਰੀਆਂ ਹਨ। ਸਕੂਲਾਂ ਵਿਚ 105451 ਲਾਇਬਰੇਰੀਆਂ ਹਨ, ਜਿਨ੍ਹਾਂ ਵਿਚੋਂ 82300 ਪਬਲਿਕ ਸਕੂਲਾਂ ਵਿਚ ਤੇ 22991 ਪ੍ਰਾਈਵੇਟਾਂ ਸਕੂਲਾਂ ਵਿਚ ਹਨ। ਅਮਰੀਕਾ ਵਿਚ 12ਵੀਂ ਜਮਾਤ ਤੀਕ ਸਕੂਲਾਂ ਵਿਚ ਪੜ੍ਹਾਈ ਮੁਫ਼ਤ ਹੈ, ਇਨ੍ਹਾਂ ਨੂੰ ਪਬਲਿਕ ਸਕੂਲ ਕਿਹਾ ਜਾਂਦਾ ਹੈ। ਘਰਾਂ ਵਿਚ ਬੱਸਾਂ ਬੱਚਿਆਂ ਨੂੰ ਲੈਣ ਆਉਂਦੀਆ ਹਨ ਤੇ ਇਨ੍ਹਾਂ ਲਈ ਕੋਈ ਕਿਰਾਇਆ ਨਹੀਂ ਲਿਆ ਜਾਂਦਾ।

ਜਿੱਥੋਂ ਤੀਕ ਇਨ੍ਹਾਂ ਦੀ ਮਹਾਨਤਾ ਦਾ ਸਬੰਧ ਹੈ, ਅਮਰੀਕਾ ਵਿੱਚ ਹਰ ਸਾਲ ਕੌਮੀ ਲਾਇਬ੍ਰੇਰੀਆਂ ਹਫ਼ਤਾ ਮਨਾਇਆ ਜਾਂਦਾ ਹੈ। ਅਮਰੀਕੀ ਲਾਇਬ੍ਰੇਰੀ ਐਸੋਸੀਏਸ਼ਨ ਹਰ ਸਾਲ ਅਮਰੀਕੀ ਲਾਇਬ੍ਰੇਰੀਆਂ ਦੀ ਸਥਿਤੀ ਬਾਰੇ ਰਿਪੋਰਟ ਜਾਰੀ ਕਰਦੀ ਹੈ। ਐਸੋਸੀਏਸ਼ਨ ਦੀ ਪ੍ਰਧਾਨ ਐਮਿਲੀ ਡਰਾਬਿਨਸਕੀ ਨੇ 2023 ਦੀ ਰਿਪੋਰਟ ਜਾਰੀ ਕਰਦਿਆਂ ਲਾਇਬ੍ਰੇਰੀਅਨਾਂ ਨੂੰ ਯਾਦ ਕਰਵਾਇਆ ਕਿ ਲਾਇਬ੍ਰੇਰੀਆਂ ਬਹੁਤ ਚੰਗਾ ਕੰਮ ਕਰ ਰਹੀਆਂ ਹਨ। ਸਾਨੂੰ ਸਾਰਿਆਂ ਨੂੰ ਮਿਲਕੇ ਇਸ ਸੰਸਾਰ ਨੂੰ ਚੰਗਾ ਬਨਾਉਣ ਲਈ ਕੰਮ ਕਰਦੇ ਰਹਿਣਾ ਚਾਹੀਦਾ ਹੈ। ਲੋਕਾਂ ਦੀ ਬਹੁਤ ਵੱਡੀ ਗਿਣਤੀ ਲਾਇਬ੍ਰੇਰੀਆਂ ਨੂੰ ਪਿਆਰ ਕਰਦੀ ਹੈ। ਇਸ ਲਈ ਸਾਨੂੰ ਪਾਠਕਾਂ ਦੀ ਦਿਲਚਸਪੀ ਨੂੰ ਹੋਰ ਉਤਸ਼ਾਹਿਤ ਕਰਨ ਲਈ ਯਤਨ ਜਾਰੀ ਰੱਖਣੇ ਚਾਹੀਦੇ ਹਨ।

ਇਥੇ ਦੱਸਣਯੋਗ ਹੈ ਕਿ ਅਮਰੀਕਾ ਵਿੱਚ ਹਰ ਸ਼ਹਿਰ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਲਾਇਬ੍ਰੇਰੀਆਂ ਹਨ। ਤੁਸੀਂ 72 ਕਿਤਾਬਾਂ ਇੱਕ ਸਮੇਂ ਕਢਾ ਸਕਦੇ ਹੋ। ਹਰੇਕ ਕਿਤਾਬ 23 ਦਿਨ ਲਈ ਜਾਰੀ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਮੁੜ ਜਾਰੀ ਕਰਵਾ ਸਕਦੇ ਹੋ। ਘਰ ਬੈਠੇ ਇੰਟਰਨੈੱਟ 'ਤੇ ਲਾਇਬ੍ਰੇਰੀ ਦੀ ਵੈਬਸਾਈਟ ਖੋਲ੍ਹ ਕੇ ਆਪਣਾ ਲਾਇਬ੍ਰੇਰੀ ਕਾਰਡ ਨੰਬਰ ਭਰ ਕੇ ਜਿਸ ਵਿਸ਼ੇ ਜਾਂ ਜਿਸ ਲੇਖਕ ਦੀ ਕਿਤਾਬ ਚਾਹੀਦੀ ਹੈ, ਉਹ ਲਾਇਬ੍ਰੇਰੀ ਦੀ ਵੈੱਬਸਾਈਟ ਉਪਰ ਲਭੋ (ਸਰਚ)ਕਰੋ, ਉਹ ਪੁਸਤਕਾਂ ਕਿੱਥੇ ਹਨ, ਉਹ ਪਤਾ ਲੱਗਾ ਜਾਂਦਾ ਹੈ। ਤੁਸੀਂ ਉਨ੍ਹਾਂ ਨੂੰ ਚੁਣ ਲਉ। ਕੁਝ ਦਿਨਾਂ ਪਿੱਛੋਂ ਜਿਵੇਂ ਕਿਤਾਬ ਲਾਇਬ੍ਰੇਰੀ ਪੁੱਜੇਗੀ, ਤੁਹਾਨੂੰ ਈ-ਮੇਲ ਰਾਹੀਂ ਪਤਾ ਲੱਗ ਜਾਵੇਗਾ ਕਿ ਕਿਤਾਬ ਆ ਗਈ ਹੈ।

ਲਾਇਬ੍ਰੇਰੀ ਵਿੱਚ ਬਹੁਤ ਹੀ ਜਰੂਰੀ ਕਿਤਾਬਾਂ ਹੁੰਦੀਆਂ ਹਨ। ਜਿਆਦਾਤਰ ਰਸਾਲੇ, ਅਖਬਾਰਾਂ, ਵਿਡੀ ਹੁੰਦੀਆਂ ਹਨ। ਕਿਤਾਬਾਂ ਕਾਲਜਾਂ ਤੋਂ ਮੰਗਵਾ ਕੇ ਦੇਂਦੇ ਹਨ। ਸੂਬੇ ਦੇ ਜਿੰਨੇ ਕਾਲਜ ਹਨ, ਉਹ ਲਾਇਬ੍ਰੇਰੀਆਂ ਨਾਲ ਇੰਟਰਨੈੱਟ ਰਾਹੀਂ ਜੁੜੇ ਹੋਇ ਹਨ। ਜਦੋਂ ਤੁਸੀਂ ਲਭੋਗੇ ਤਾਂ ਤੁਹਾਡੇ ਲੈਪ ਟਾਪ 'ਤੇ ਤੁਹਾਨੂੰ ਕਿਤਾਬ ਦਾ ਵੇਰਵਾ ਜਿਵੇਂ ਕਿਤਾਬ ਦਾ ਨਾਂ, ਲੇਖਕ, ਪ੍ਰਕਾਸ਼ਿਕ, ਛੱਪਣ ਦਾ ਵਰ੍ਹਾ ਤੇ ਕਾਲਜ ਦਾ ਨਾਂ ਆ ਜਾਵੇਗਾ। ਬੱਸ ਤੁਸੀਂ ਵੈਬਸਾਇਟ 'ਤੇ ਕਲਿਕ ਕਰਨਾ ਹੈ, ਕਿਤਾਬ ਤੁਹਾਡੇ ਖ਼ਾਤੇ ਵਿਚ ਆ ਜਾਣੀ ਹੈ। ਇਸ ਤਰ੍ਹਾਂ ਤੁਸੀਂ ਵੱਖ ਵੱਖ ਕਿਤਾਬਾਂ ਲੱਭ ਸਕਦੇ ਹੋ। ਲਾਇਬ੍ਰੇਰੀ ਕਾਰਡ ਦੀ ਕੋਈ ਫ਼ੀਸ ਨਹੀਂ। ਨਾ ਹੀ ਲਾਇਬ੍ਰੇਰੀ ਵਾਲੇ ਸਿਕਉਰਟੀ ਵਜੋਂ ਕੋਈ ਪੈਸਾ ਲੈਂਦੇ ਹਨ। ਪੁਰਾਣੇ ਰਸਾਲੇ ਤੇ ਅਖ਼ਬਾਰਾਂ ਹਨ ਭਾਵੇਂ ਉਹ ਕਿੰਨੇ ਵੀ ਪੁਰਾਣੇ ਹੋਣ, ਉਹ ਤੁਸੀਂ ਘਰ ਬੈਠੇ ਇੰਟਰਨੈੱਟ 'ਤੇ ਆਪਣੀ ਲਾਇਬ੍ਰੇਰੀ ਦੀ ਵੈਬਸਾਇਟ ਰਾਹੀਂ ਪੜ੍ਹ ਸਕਦੇ ਹੋ। ਜੇ ਕੋਈ ਲੇਖ ਜਾਂ ਖ਼ਬਰ ਡਾਊਨਲੋਡ ਕਰਨੀ ਹੋਵੇ ਤਾਂ ਤੁਸੀਂ ਆਪਣੇ ਲੈਪਟਾਪ 'ਤੇ ਕਰ ਸਕਦੇ ਹੋ।ਇਸ ਲੇਖਕ ਨੇ ਅਮਰੀਕਾ ਦੇ ਸਭ ਤੋਂ ਪੁਰਾਣੇ ਰਸਾਲੇ 'ਟਾਇਮ' ਤੋਂ 1984 ਸਾਲ ਦੇ ਅੰਕ ਵੇਖਣੇ ਚਾਹੇ ਤਾਂ ਲਾਇਬਰੇਰੀਅਨ ਨੇ ਮੈਨੂੰ ਉਸੇ ਸਮੇਂ ਕੁਝ ਹੀ ਸਮੇਂ ਵਿਚ ਲਾਇਬਰੇਰੀ ਦੇ ਕੰਪਿਊਟਰ 'ਤੇ ਜਾ ਕੇ ਲਾਇਬਰੇਰੀ ਦੀ ਵੈੱਬਸਾਇਟ ਖੋਲੀ ਤੇ ਮੇਰਾ ਲਾਇਬਰੇਰੀ ਦਾ ਕਾਰਡ ਨੰਬਰ ਭਰਿਆ ਤੇ ਰਸਾਲੇ ਨੂੰ ਇੰਟਰਨੈੱਟ ਰਾਹੀਂ ਲਭ ਕੇ ਕਿਹਾ ਕਿ ਤੁਸੀਂ ਹੁਣ ਜਿਹੜਾ ਮਰਜੀ ਅੰਕ ਕਢੋ ਤੇ ਜਿਹੜੇ ਸਫ਼ੇ ਚਾਹੀਦੇ ਹਨ ਉਹ ਡਾਊਨਲੋਡ ਕਰ ਲਉ। ਮੈਂ ਫਿਰ ਘਰ ਆ ਕੇ 1984 ਦੇ ਸਾਰੇ ਸਾਲ ਦੇ ਟਾਇਮ ਮੈਗ਼ਜੀਨ ਖੋਲ ਕੇ ਲੋੜੀਂਦੇ ਪੰਨੇ ਡਾਊਨ ਲੋਡ ਕਰ ਲਏ।




ਦੁਨੀਆਂ ਦੀਆਂ ਪ੍ਰਮੁੱਖ ਘਟਨਾਵਾਂ ਨਾਲ ਸਬੰਧਿਤ ਕਿਤਾਬਾਂ ਇਨ੍ਹਾਂ ਲਾਇਬਰੇਰੀਆਂ ਦਾ ਸ਼ਿੰਗਾਰ ਹਨ। ਜਿਵੇਂ 1913 ਦੀ ਵਾਪਰੀ ਜਲਿਆਂਵਾਲਾ ਦੁਖਾਂਤ ਦੀਆਂ ਭਾਰਤ ਸਮੇਤ ਜਿਹੜੀਆਂ ਵੀ ਕਿਤਾਬਾਂ ਕਿਸੇ ਦੇਸ਼ ਵਿਚ ਛੱਪੀਆਂ ਹਨ, ਉਹ ਇੱਥੇ ਉਪਲਬਧ ਹਨ । ਮੇਰੇ ਪਾਸ ਜਲਿਆਂਵਾਲਾ ਦੁਖਾਂਤ ਨਾਲ ਅੰਗਰੇਜੀ ਵਿਚ ਭਾਰਤ ਸਮੇਤ ਵਿਦੇਸ਼ਾਂ ਵਿਚ ਛੱਪੀਆਂ ਦੋ ਦਰਜਨ ਦੇ ਕਿਤਾਬਾਂ ਪੀ ਡੀ ਐਫ਼ ਰੂਪ ਵਿਚ ਹਨ। ਕੋਈ ਵੀ ਪਾਠਕ ਮੈਥੋਂ ਵਟਸ ਐਪ 'ਤੇ ਇਹ ਪੁਸਤਕਾਂ ਪ੍ਰਾਪਤ ਕਰ ਸਕਦਾ ਹੈ .ਮਹਾਰਾਜਾ ਰਣਜੀਤ ਸਿੰਘ ਬਾਰੇ, ਵੱਖ ਵੱਖ ਧਰਮਾਂ ਜਿਨ੍ਹਾਂ ਵਿਚ ਸਿੱਖ ਧਰਮ ਵੀ ਸ਼ਾਮਿਲ ਹੈ ਬਾਰੇ ਵੀ ਪੁਸਤਕਾਂ ਹਨ।

ਅਮਰੀਕਾ ਵਿਚ ਹਰ ਸਕੂਲ ਵਿੱਚ ਭਾਵੇਂ ਕਿ ਉਹ ਪ੍ਰਾਇਮਰੀ ਸਕੂਲ ਹੀ ਕਿਉਂ ਨਾ ਹੋਵੇ, ਲਾਇਬ੍ਰੇਰੀ ਹੈ। ਹਫ਼ਤੇ ਵਿੱਚ ਇੱਕ ਲਾਇਬ੍ਰੇਰੀ ਪੀਰਡ ਹੈ ਜਿਸ ਵਿੱਚ ਿਵਦਿਆਰਥੀ ਕਿਤਾਬ ਪ੍ਰਾਪਤ ਕਰਦੇ ਹਨ ਤੇ ਪਹਿਲੀ ਕਿਤਾਬ ਵਾਪਿਸ ਕਰ ਦੇਂਦੇ ਹਨ। ਹਰੇਕ ਅਮਰੀਕੀ ਿਵਦਿਆਰਥੀ ਭਾਵੇਂ ਕਿ ਉਹ ਪ੍ਰਾਇਮਰੀ ਸਕੂਲ ਦਾ ਹੀ ਹੋਵੇ, ਉਸ ਦੀ ਆਪਣੀ ਘਰ ਵਿਚ ਲਾਇਬ੍ਰੇਰੀ ਹੈ।

ਲਾਇਬ੍ਰੇਰੀਆਂ ਦਾ ਬਹੁਤ ਮਹੱਤਵ ਹੈ। ਅਸੀਂ ਸੰਖੇਪ ਵਿੱਚ ਇਸ ਦਾ ਵਰਣਨ ਇਸ ਤਰ੍ਹਾਂ ਕਰ ਸਕਦੇ ਹਾਂ :-

**1. ਸੂਚਨਾ ਤੀਕ ਪਹੁੰਚ:-** ਲਾਇਬ੍ਰੇਰੀ ਇਸ ਲਈ ਜ਼ਰੂਰੀ ਹੈ ਕਿਉਂਕਿ ਇਹ ਮੁਫ਼ਤ ਵਿੱਚ ਕਈ ਸਾਧਨਾਂ ਤੋਂ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਹਨ ਜਿਵੇਂ ਕਿਤਾਬਾਂ, ਅਖ਼ਬਾਰਾਂ, ਰਸਾਲੇ, ਵਿਡੀ ਆਦਿ। ਜਿਹੜੇ ਵਿਅਕਤੀਆਂ ਪਾਸ ਇੰਟਰਨੈੱਟ ਨਹੀਂ, ਕਿਤਾਬਾਂ, ਅਖਬਾਰਾਂ, ਰਸਾਲੇ ਖ੍ਰੀਦਣ ਲਈ ਪੈਸੇ ਨਹੀਂ, ਉਹ ਲਾਇਬ੍ਰੇਰੀ ਵਿੱਚ ਇਹ ਸਹੂਲਤ ਪ੍ਰਾਪਤ ਕਰ ਸਕਦੇ ਹਨ।

**2. ਕੰਮ ਕਰਨ ਦੀ ਸਮਰੱਥਾ:-** ਲਾਇਬ੍ਰੇਰੀਆਂ ਪੜ੍ਹਨ ਦੀ ਰੁਚੀ ਪੈਦਾ ਕਰਦੀਆਂ ਹਨ, ਜਿਸ ਨਾਲ ਸਾਖਰਤਾ ਭਾਵ ਪੜਾਕੂਆਂ ਦੀ ਗਿਣਤੀ ਵੱਧਦੀ ਹੈ। ਸਮਾਜ ਜਿੰਨਾਂ ਪੜ੍ਹਿਆ ਲਿਖਿਆ ਹੋਵੇਗਾ, ਉਨ੍ਹਾਂ ਹੀ ਵਿਕਸਤ ਹੋਵੇਗਾ। ਕਿਤਾਬਾਂ, ਰਸਾਲੇ ਅਖਬਾਰਾਂ ਪੜ੍ਹਨ ਨਾਲ ਉਨ੍ਹਾਂ ਵਿੱਚ ਕੰਮ ਕਰਨ ਦੀ ਸਮਰੱਥਾ ਵੱਧਦੀ ਹੈ।

**3. ਸਮਾਜਿਕ ਗਤੀਵਿਧੀਆਂ ਦਾ ਕੇਂਦਰ:-** ਪਾਠਕ ਲਾਇਬ੍ਰੇਰੀਆਂ ਵਿੱਚ ਬਹੁਤ ਸਾਰੀਆਂ ਗਤੀਵਿਧੀਆਂ ਇਕੱਠੇ ਹੋ ਕੇ ਕਰਦੇ ਹਨ। ਬੁਕ ਕਲੱਬ ਬਣੇ ਹੋਇ ਹਨ। ਵਰਕਛਾਪਾਂ ਲਾਈਆਂ ਜਾਂਦੀਆਂ ਹਨ। ਲੈਕਚਰ ਕਰਵਾਏ ਜਾਂਦੇ ਹਨ। ਕਵੀ ਦਰਬਾਰ ਹੁੰਦੇ ਹਨ। ਇਸ ਤਰ੍ਹਾਂ ਦੇ ਹੋਰ ਵੀ ਪ੍ਰੋਗਰਾਮ ਕਰਵਾਏ ਜਾਂਦੇ ਹ ਨ । ਗਰਮੀਆਂ ਤੇ ਸਰਦੀਆਂ ਦੀਆ ਛੁੱਟੀਆਂ ਵਿਚ ਿਵਦਆਥੀਆਂ ਲਈ ਵਿਸ਼ੇਸ਼ ਪ੍ਰੋਗਰਾਮ ਪਹਿਲਾਂ ਹੀ ਉਲੀਕ ਕੇ ਰਖੇ ਜਾਂਦੇ ਹਨ ਤਾਂ ਜੁ ਉਹ ਆਪਣੇ ਵਿਹਲੇ ਸਮੇਂ ਦਾ ਵੱਧ ਵੱਧ ਤੋਂ ਲਾਭ ਉੱਠਾ ਸਕਣ।

**4. ਡਿਜੀਟਲ ਤਕਨੀਕ ਦੀ ਸੁਵਿਧਾ ਹੈ:-** ਲਾਇਬ੍ਰੇਰੀਆਂ ਜਿੰਨ੍ਹਾਂ ਪਾਸ ਇੰਟਰਨੈੱਟ ਹੈ ਤੇ ਜਿਨ੍ਹਾਂ ਪਾਸ ਨਹੀਂ ਹੈ, ਉਨ੍ਹਾਂ ਵਿਚ ਅੰਤਰ ਖ਼ਤਮ ਕਰਦੀਆਂ ਹਨ। 2021 ਵਿੱਚ ਯੂ ਐਨ ਦੇ ਡਿਪਟੀ ਸਕੱਤਰ ਜਨਰਲ ਨੇ ਜਨਰਲ ਅਸੈਂਬਲੀ ਵਿੱਚ ਕਿਹਾ ਸੀ ਕਿ ਦੁਨੀਆਂ ਦੀ ਅੱਧੀ ਆਬਾਦੀ ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਹਨ ਉਹ ਇੰਟਰਨੈੱਟ ਤੋਂ ਦੂਰ ਹਨ, ਖ਼ਾਸ ਕਰਕੇ ਭਾਰਤ ਵਰਗੇ ਪਛੜੇ ਦੇਸ਼ਾਂ ਵਿਚ।

**5. ਸਭਿਆਚਾਰ ਤੇ ਇਤਿਹਾਸ ਨੂੰ ਸੰਭਾਲਣਾ:-** ਲਾਇਬ੍ਰੇਰੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਭਿਆਚਾਰਕ ਵਿਰਾਸਤ ਤੇ ਇਤਿਹਾਸਕ ਸਮੱਗਰੀ ਸੰਭਾਲਕੇ ਰੱਖਦੀਆਂ ਹਨ। ਉਹ ਜਿੱਥੇ ਮੌਜੂਦਾ ਸਮੱਗਰੀ ਸੰਭਾਲਦੀਆਂ ਹਨ, ਉੱਥੇ ਹੱਥ ਲਿਖਤਾਂ, ਦੁਰਲੱਭ ਪੁਸਤਕਾਂ ਲੱਭ ਕੇ ਸੰਭਾਲਦੀਆਂ ਹਨ। ਅਲੋਪ ਹੋ ਚੁੱਕੀਆਂ ਜਾਂ ਅਲੋਪ ਰਹੀਆਂ ਭਾਸ਼ਾਵਾਂ ਤੇ ਲਿਪੀਆਂ ਨੂੰ ਸਾਂਭਦੀਆਂ ਹਨ। ਦੇਸੀ ਭਾਸ਼ਾਵਾਂ ਨੂੰ ਸੰਭਾਲਣ 'ਤੇ ਉਨ੍ਹਾਂ ਦੀ ਤਰੱਕੀ ਲਈ ਕੰਮ ਕਰਦੀਆਂ ਹਨ।

**6. ਆਮ ਵਿਦਿਆ ਵਿੱਚ ਸਹਾਈ ਹੋਣਾ:-** ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ, ਖੋਜਾਰਥੀਆਂ ਤੇ ਅਧਿਆਪਕਾਂ ਦੀ ਪੜ੍ਹਾਈ ਤੇ ਖੋਜ ਆਦਿ ਵਿੱਚ ਸਹਾਇਤਾ ਕਰਦੀਆਂ ਹਨ।

**7. ਚਿੰਤਾ ਦੂਰ ਕਰਨ ਤੇ ਸਿਹਤ ਸਹੂਲਤਾਂ ਪ੍ਰਦਾਨ ਕਰਨਾ:-** ਕਈ ਲਾਇਬ੍ਰੇਰੀਆਂ ਵਿੱਚ ਿਵਦਿਆਰਥੀਆਂ ਲਈ ਵਿਸ਼ੇਸ਼ ਕਮਰਿਆਂ ਦਾ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਕੁਝ ਸਮਾਂ ਰਵਾਇਤੀ ਪੜ੍ਹਾਈ ਛੱਡ ਕੇ ਸਕੂਨ ਵਾਲੀ ਥਾਂ ਆਰਾਮ ਕਰ ਸਕਣ।

**8. ਸੂਚਨਾ ਤੇ ਮੀਡੀਆ ਬਾਰੇ ਜਾਣਕਾਰੀ ਵਧਾਉਣਾ:-** ਲਾਇਬ੍ਰੇਰੀ ਬੱਚਿਆਂ ਤੇ ਬਾਲਗਾਂ ਨੂੰ ਸੂਚਨਾ ਆਦਾਨ ਪ੍ਰਦਾਨ ਕਰਨ ਸਮੇਂ ਸਤਰਕ ਰਹਿਣ ਦੀ ਜਾਣਕਾਰੀ ਵੀ ਮੁਹੱਈਆ ਕਰਦੀਆਂ। ਅੱਜ ਫਰਜ਼ੀ ਸਕੈਮ ਹੋ ਰਹੇ ਹਨ। ਝੂਠੀਆਂ ਖ਼ਬਰਾਂ ਫੈਲਾਈਆਂ ਜਾਂਦੀਆਂ ਹਨ। ਬੈਂਕ ਖਾਤਿਆਂ ਵਿੱਚੋਂ ਧੋਖੇ ਨਾਲ ਪੈਸੇ ਕਢਾਏ ਜਾਂਦੇ ਹਨ ਆਦਿ ਬਾਰੇ ਲਾਇਬ੍ਰੇਰੀਆਂ ਸਹਾਇਤਾ ਕਰ ਰਹੀਆਂ ਹਨ।



ਡਾ. ਚਰਨਜੀਤ ਸਿੰਘ ਗੁਮਟਾਲਾ
0019375739812

ਅਮਰੀਕੀ ਲਾਇਬਰੇਰੀਆਂ ਵਿਚ ਆਧੁਨਿਕ ਸਹੂਲਤਾਂ ਨਾਲ ਲੈਸ ਹਨ। ਬਹੁਤ ਸਾਰੇ ਕਮਪਿਊਟਰ ਪਾਠਕਾਂ ਦੇ ਕੰਮ ਲਈ ਰਖੇ ਹਨ। ਬੈਠਣ ਤੇ ਪੜ੍ਹਨ ਲਈ ਫ਼ਰ-ਨੀਚਰ ਬੜਾ ਸੁਵਿਧਾਜਨਕ ਹੈ। ਬੱਚਿਆਂ ਲਈ ਵਖਰੇ ਕਮਰੇ ਹਨ, ਜਿੱਥੇ ਉਨ੍ਹਾਂ ਦੀ ਦਿਲਚਸਪੀ ਲਈ ਪੁਸਤਕਾਂ ਤੇ ਵੀਡੀ ਉਪਲਬਧ ਹਨ। ਸਕੈਨਰ ਤੇ ਪਰਿੰਟਰ ਹਨ ਤਾਂ ਜੁ ਪਾਠਕ ਕਿਤਾਬਾਂ, ਰਸਾਲਿਆਂ ਤੇ ਅਖ਼ਬਾਰਾਂ ਦੀਆਂ ਫੋਟੋ ਕਾਪੀਆਂ ਪ੍ਰਾਪਤ ਕਰ ਸਕਣ। ਪੀਣ ਦੇ ਪਾਣੀ ਤੇ ਪਖ਼ਾਨਿਆਂ ਦੀ ਸਹੂਲਤ ਬਹੁਤ ਵਧੀਆ ਹੈ।

ਜਿੱਥੋਂ ਤੀਕ ਸਾਂਝੇ ਪੰਜਾਬ ਦਾ ਸਬੰਧ ਹੈ, ਪਹਿਲੀ ਮਿਊਸਿਪਲ ਲਾਇਬ੍ਰੇਰੀ ਲੁਧਿਆਣਾ 1878 ਈ. ਵਿਚ, ਲਾਹੌਰ 1884 ਈ. ਵਿਚ, ਪਟਿਆਲਾ 1897 ਈ. ਵਿਚ, ਅੰਮ੍ਰਿਤਸਰ 1900 ਈ. ਵਿਚ, ਕਪੂਰਥਲਾ 1904 ਈ. ਵਿਚ, ਸੰਗਰੂਰ 1912 ਈ. ਵਿਚ ਮਿਊਸਿਪਲ ਲਾਇਬ੍ਰੇਰੀ ਕਾਇਮ ਕੀਤੀ ਗਈ। ਜਿੱਥੋਂ ਤੱਕ ਪਿੰਡਾਂ ਦਾ ਸਬੰਧ ਹੈ, 1920-30 ਦੇ ਦਰਮਿਆਨ ਸਿੱਖਿਆ ਅਤੇ ਸਹਿਕਾਰਤਾ ਵਿਭਾਗ ਵੱਲੋਂ ਮਿਡਲ ਤੇ ਆਮ ਸਕੂਲਾਂ 'ਚ ਤਕਰੀਬਨ 1500 ਲਾਇਬ੍ਰੇਰੀਆਂ ਖੋਲ੍ਹੀਆਂ ਗਈਆਂ। ਇਸ ਸਮੇਂ ਪੰਜਾਬ ਦੀ ਹਾਲਤ ਬਹੁਤ ਮਾੜੀ ਹੈ। ਪੰਜਾਬ ਦੇ ਸਿਆਸਤਦਾਨਾਂ ਦੀ ਇਨ੍ਹਾਂ ਵਿਚ ਕੋਈ ਦਿਲਚਸਪੀ ਨਹੀਂ। ਵਿਦੇਸ਼ਾਂ ਵਾਂਗ ਪਿੰਡ-ਪਿੰਡ ਲਾਇਬ੍ਰੇਰੀਆਂ ਖੋਲ੍ਹਣ ਲਈ ਪੰਜਾਬ ਨੂੰ ਛੱਡ ਕੇ ਬਾਕੀ ਸਾਰਿਆਂ ਸੂਬਿਆਂ ਨੇ ਲਾਇਬ੍ਰੇਰੀ ਐਕਟ ਪਾਸ ਕਰ ਦਿੱਤੇ ਹਨ। ਪੰਜਾਬ ਵਿੱਚ ਜਦ ਸ. ਸੇਵਾ ਸਿੰਘ ਸੇਖਵਾਂ ਪੰਜਾਬ ਦੇ ਸਿੱਖਿਆ ਮੰਤਰੀ ਸਨ ਤਾਂ ਉਨ੍ਹਾਂ ਨੇ ਸਿੱਖਿਆ ਸ਼ਾਸਤੀਆਂ ਤੇ ਪੱਤਰਕਾਰਾਂ ਦੀ ਇੱਕ ਕਮੇਟੀ ਬਣਾਈ ਜਿਸ ਨੇ 2011 ਵਿੱਚ "ਸ਼ਬਦ ਪ੍ਰਕਾਸ਼ ਪੰਜਾਬੀ ਪਬਲਿਕ ਲਾਇਬਰੇਰੀ ਐਂਡ ਇਨਫਮੇਸ਼ਨ ਸਰਵਿਸਜ਼ ਬਿਲ 2011" ਦਾ ਖਰੜਾ ਤਿਆਰ ਕਰਵਾਇਆ ਸੀ। ਚੋਣਾਂ ਦਾ ਐਲਾਨ ਹੋ ਜਾਣ ਕਰਕੇ ਇਹ ਖਰੜਾ ਕਾਨੂੰਨ ਦੀ ਸ਼ਕਲ ਨਾ ਧਾਰਨ ਕਰ ਸਕਿਆ।

14 ਸਾਲ ਬੀਤ ਜਾਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਇਸ ਖਰੜੇ ਨੂੰ ਹਾਲਾਂ ਤੀਕ ਹਵਾ ਨਹੀਂ ਲਵਾਈ ਭਾਵੇਂ ਕਿ ਇਸ ਲੇਖਕ ਤੇ ਡਾ. ਬਿਕਰਮ ਸਿੰਘ ਘੁੰਮਣ ਵਲੋਂ ਇਸ ਸਬੰਧੀ ਮੁੱਖ ਮੰਤਰੀਆਂ ਨੂੰ ਲਗਾਤਾਰ ਪੱਤਰ ਲਿਖੇ ਜਾ ਰਹੇ ਹਨ, ਪਰ ਨਾ ਤਾਂ ਸਰਕਾਰ ਵੱਲੋਂ ਪੱਤਰਾਂ ਦਾ ਜੁਆਬ ਆਉਂਦਾ ਹੈ ਤੇ ਨਾ ਕਾਨੂੰਨ ਬਣਾਇਆ ਜਾ ਰਿਹਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਵਟਸ ਐਪ 'ਤੇ ਲੇਖਕਾਂ ਕਈ ਗਰੁਪ ਹਨ ਜਿਵੇਂ ਪੰਜਾਬ ਲਾਇਬਰੇਰੀਜ਼ ਮੂਵਮੈਂਟ ਅਤੇ ਕਿਸਾਨ ਮਜ਼ਦੂਰ ਜਥੇਬੰਧੀਆਂ ਨਾਲ ਮਿਲ ਕੇ ਸਾਂਝੀ ਮੁਹਿੰਮ ਚਲਾ ਕੇ ਇਸ ਕਾਨੂੰਨ ਨੂੰ ਪਾਸ ਕਰਵਾਉਣਾ ਚਾਹੀਦਾ ਹੈ ਤਾਂ ਸੂਬੇ ਦੇ ਸਾਰੇ ਪਿੰਡਾਂ ਵਿਚ ਲਾਇਬਰੇਰੀਆਂ ਦਾ ਜਾਲ ਵਿਛਾਇਆ ਜਾ ਸਕੇ ਤੇ ਪੰਜਾਬ ਵਿਚ ਨਸ਼ਿਆਂ ਨੂੰ ਠੱਲ ਪਾਉਣ ਦੇ ਨਾਲ ਪੁਸਤਕ ਸਭਿਆਚਾਰ ਪ੍ਰਫ਼ੁਲਤ ਹੋ ਸਕੇ।

## ਵਿਜੀਲੈਂਸ ਜਾਗਰੂਕਤਾ ਹਫ਼ਤਾ, ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਦੀ ਚੁਕਾਈ ਸਹੁੰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** 28 ਅਕਤੂਬਰ: ਜ਼ਿਲ੍ਹਾ ਵਿਜੀਲੈਂਸ ਬਿਊਰੋ ਵੱਲੋਂ 28 ਅਕਤੂਬਰ ਤੋਂ 3 ਨਵੰਬਰ 2024 ਤੱਕ ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਸਾਲ ਦਾ ਵਿਸ਼ਾ 'ਰਾਸ਼ਟਰ ਦੀ ਖੁਸ਼ਹਾਲੀ ਲਈ ਇਮਾਨਦਾਰੀ ਦਾ ਸੱਭਿਆਚਾਰ' ਰੱਖਿਆ ਗਿਆ ਹੈ। ਇਸੇ ਲੜੀ ਵਿਚ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਡੀ.ਐਸ.ਪੀ. ਵਿਜੀਲੈਂਸ ਮਨੀਸ਼ ਕੁਮਾਰ ਵੱਲੋਂ ਸਾਰੇ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਲਈ ਸਹੁੰ ਚੁਕਾਈ। ਇਸ ਮੌਕੇ ਵਿਜੀ-ਲੈਂਸ ਵਿਭਾਗ ਦੇ ਕਰਮਚਾਰੀਆਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਅਤੇ ਸਕੂਲਾਂ ਦੇ ਵਿਦਿਆਰਥੀਆਂ ਨੇ ਆਨਲਾਈਨ ਭਾਗ ਲਿਆ।




ਡੀ.ਐਸ.ਪੀ. ਮਨੀਸ਼ ਕੁਮਾਰ ਨੇ ਆਪਣੇ ਸੰਬੋਧਨ ਵਿਚ ਭ੍ਰਿਸ਼ਟਾਚਾਰ ਦੇ ਵਿਰੁੱਧ ਸਾਰਿਆ ਨੂੰ ਜਾਗਰੂਕ ਰਹਿਣ ਅਤੇ ਇਸਦੇ ਖਾਤਮੇ ਲਈ ਚੌਕਸੀ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਜਾਗਰੂਕਤਾ ਵਧਾਉਣ ਲਈ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਵਿੱਚ ਵਿਸ਼ੇਸ਼ ਸੈਮੀਨਾਰ ਕਰਵਾਏ ਜਾਣਗੇ। ਇਸ ਤਹਿਤ ਸਮਾਜ ਅਤੇ ਸਰਕਾਰੀ ਸਿਸਟਮ ਵਿੱਚ ਫੈਲੇ ਭ੍ਰਿਸ਼ਟਾਚਾਰ ਵਿਰੁੱਧ ਸਾਰਿਆਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਵਿਜੀਲੈਂਸ ਜਾਗਰੂਕਤਾ ਹਫ਼ਤੇ ਦੇ ਹਿੱਸੇ ਵਜੋਂ ਅੱਜ ਵੁੱਡਲੈਂਡ ਵਰਸੀਜ਼ ਸਕੂਲ ਵਿਖੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਡੀ.ਐਸ.ਪੀ. ਮਨੀਸ਼ ਕੁਮਾਰ ਦੇ ਨਾਲ ਸਕੂਲ ਦੇ ਮੈਨੇਜਿੰਗ ਟਰੱਸਟੀ ਮਨਦੀਪ ਸਿੰਘ ਗਿੱਲ, ਪ੍ਰਿੰਸੀਪਲ ਪੂਜਾ ਧੀਮਾਨ ਅਤੇ 250 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਇਸ ਸੈਸ਼ਨ ਵਿੱਚ ਵਿਦਿਆਰਥੀਆਂ ਨੇ 'ਰਾਸ਼ਟਰ ਦੀ ਖੁਸ਼ਹਾਲੀ ਲਈ ਇਮਾਨਦਾਰੀ ਦਾ ਸੱਭਿਆਚਾਰ' ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਸਹੁੰ ਚੁੱਕੀ।

ਡੀ.ਐਸ.ਪੀ. ਮਨੀਸ਼ ਕੁਮਾਰ ਨੇ ਇਸ ਮੌਕੇ ਦੱਸਿਆ ਕਿ ਜੇਕਰ ਕੋਈ ਸਰਕਾਰੀ ਮੁਲਾਜ਼ਮ ਰਿਸ਼ਵਤ ਦੀ ਮੰਗ ਕਰਦਾ ਹੈ ਤਾਂ ਨਾਗਰਿਕ ਇਸ ਬਾਰੇ ਵਿਜੀਲੈਂਸ ਬਿਊਰੋ ਨੂੰ ਸੂਚਿਤ ਕਰ ਸਕਦਾ ਹੈ। ਵਿਜੀਲੈਂਸ ਬਿਊਰੋ ਦਾ ਟੋਲ-ਫ੍ਰੀ ਨੰਬਰ 1800-1800-1000, ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਨੰਬਰ 95012-00200 ਅਤੇ ਵੈੱਬਸਾਈਟ www.vigilancebureau.punjab.gov.in 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਡੀ. ਐਸ. ਪੀ. ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ ਵਿਰੁੱਧ ਇਕਜੁੱਟ ਹੋ ਕੇ ਵਿਜੀਲੈਂਸ ਬਿਊਰੋ ਦਾ ਸਾਥ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ 'ਰਾਸ਼ਟਰ ਦੀ ਖੁਸ਼ਹਾਲੀ ਲਈ ਇਮਾਨਦਾਰੀ ਦਾ ਸੱਭਿਆਚਾਰ' ਥੀਮ ਰਾਹੀਂ ਸਾਨੂੰ ਸਾਰਿਆਂ ਨੂੰ ਭ੍ਰਿਸ਼ਟਾਚਾਰ ਮੁਕਤ ਭਾਰਤ ਬਣਾਉਣ ਲਈ ਯੋਗਦਾਨ ਪਾਉਣ ਲਈ ਦ੍ਰਿੜ ਸੰਕਲਪ ਲੈਣਾ ਚਾਹੀਦਾ ਹੈ।

## ਵਧੀਕ ਡਿਪਟੀ ਕਮਿਸ਼ਨਰ ਨੇ ਸਿਖਿਆਰਥੀਆਂ ਨੂੰ ਸਕਿੱਲ ਟ੍ਰੇਨਿੰਗ ਲਈ ਕੀਤਾ ਰਵਾਨਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਦੀਨਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ ਅਧੀਨ ਪੰਜਾਬ ਹੁਨਰ ਵਿਕਾਸ ਮਿਸ਼ਨ ਦੀ ਜ਼ਿਲ੍ਹਾ ਪੱਧਰੀ ਟੀਮ ਵੱਲੋਂ ਹੁਨਰ ਸਿਖਲਾਈ ਲਈ ਚੁਣੇ ਗਏ 10 ਸਿਖਿਆਰਥੀਆਂ ਨੂੰ ਅੱਜ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਵੱਲੋਂ ਹੁਨਰ ਸਿਖਲਾਈ ਲਈ ਰੂਪ-ਨਗਰ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਿਖਿਆਰਥੀ ਅਗਲੇ ਚਾਰ ਮਹੀਨੇ ਲਈ ਸ਼ਹੀਦ ਭਗਤ ਸਿੰਘ ਚੈਰੀਟੇਬਲ ਰਿਹਾਇਸ਼ੀ ਸਕਿੱਲ ਟ੍ਰੇਨਿੰਗ ਬੇਲਾ ਰੂਪਨਗਰ ਵਿਖੇ ਵੇਅਰਹਾਊਸ ਐਸੋਸੀਏਟ ਦੇ ਕਿੱਤਾ ਮੁੱਖੀ ਕੋਰਸ ਵਿਚ ਮੁਫਤ ਟ੍ਰੇਨਿੰਗ ਪ੍ਰਾਪਤ ਕਰਨਗੇ। ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਟ੍ਰੇਨਿੰਗ ਉਪਰੰਤ ਸਿਖਿਆਰੀਆਂ ਨੂੰ ਵੱਖ-ਵੱਖ ਪ੍ਰਾਈਵੇਟ ਅਦਾਰਿਆਂ ਵਿਚ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਏ ਜਾਣਗੇ। ਇਸ ਮੌਕੇ ਉਨ੍ਹਾਂ ਜ਼ਿਲ੍ਹੇ ਦੇ ਹਰੇਕ ਪੇਂਡੂ ਨੌਜਵਾਨ ਨੂੰ ਇਸ ਸਕੀਮ ਦਾ ਲਾਭ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਕੋਈ ਵੀ ਪੇਂਡੂ ਨੌਜਵਾਨ ਸਿਖਲਾਈ ਲਈ ਚਾਹਵਾਨ ਹੈ ਤਾਂ ਉਹ ਜ਼ਿਲ੍ਹਾ ਪੱਧਰੀ ਟੀਮ ਨਾਲ ਡੀ।ਸੀ ਕੰਪਲੈਕਸ, ਚੰਡੀਗੜ੍ਹ ਰੋਡ, ਤੀਜੀ ਮੰਜ਼ਿਲ, ਕਮਰਾ ਨੰਬਰ 413 ਵਿਖੇ ਸੰਪਰਕ ਕਰ ਸਕਦਾ ਹੈ। ਇਸ ਮੌਕੇ ਪੰਜਾਬ ਹੁਨਰ ਵਿਕਾਸ ਮਿਸ਼ਨ ਦੀ ਜ਼ਿਲ੍ਹਾ ਪੱਧਰੀ ਟੀਮ ਦੇ ਸ਼ੰਮੀ ਠਾਕੁਰ, ਰਾਜ ਕੁਮਾਰ ਅਤੇ ਸੁਮਿਤ ਸ਼ਰਮਾ ਵੀ ਹਾਜ਼ਰ ਸਨ।



## 'ਸੱਚ ਦੇ ਰੂਬਰੂ'

# 'ਏਕਲਵਿਆ ਬਨਾਮ ਦਰੋਣਾਚਾਰੀਆ'

'ਏਕਲਵਿਆ' ਅਤੇ 'ਦਰੋਣਾਚਾਰੀਆ' ਦੀ ਕਹਾਣੀ ਨੂੰ ਭਾਵੇਂ ਕਿ ਕਾਫ਼ੀ ਲੋਕ ਜਾਣਦੇ ਹਨ। ਫਿਰ ਵੀ ਇਕ ਵਾਰ ਇਸ ਪ੍ਰਚਲਤ ਕਹਾਣੀ ਤੇ ਸੰਖੇਪ ਜਿਹੀ ਝਾਤ ਮਾਰ ਲਈਏ।

ਕਿਹਾ ਜਾਂਦਾ ਹੈ ਕਿ "ਏਕਲਵਿਆ' ਤੀਰ ਅੰਦਾਜ਼ੀ ਸਿੱਖਣ ਲਈ 'ਕਾਰਵਾਂ ਪਾਂਡਵਾਂ' ਦੇ ਗੁਰੂ 'ਦਰੋਣਾਚਾਰੀਆ' ਜੀ ਦੇ ਪਾਸ ਗਿਆ, ਜਦੋਂ ਕੌਰਵਾਂ ਪਾਂਡਵਾਂ ਦੇ ਗੁਰੂ ਦਰੋਣਾਚਾਰੀਆ ਨੇ ਏਕਲਵਿਆ ਨੂੰ ਅਛੂਤ ਜ਼ਾਤੀ ਨਾਲ ਸਬੰਧਿਤ ਹੋਣ ਕਰਕੇ ਆਪਣੇ ਨੇੜੇ ਢੁੱਕਣ ਨਾ ਦਿੱਤਾ।"

ਫਿਰ ਕਹਿੰਦੇ "ਏਕਲਵਿਆ ਨੇ ਜੰਗਲ ਵਿੱਚ ਆਕੇ ਦਰੋਣਾਚਾਰੀਆ ਦੀ ਮਿੱਟੀ ਦੀ ਮੂਰਤੀ ਬਣਾਕੇ ਉਸਨੂੰ ਗੁਰੂ ਮੰਨਕੇ ਨਿੱਤ ਨਮਸਕਾਰ ਕਰਕੇ ਤੀਰ ਅੰਦਾਜ਼ੀ ਦਾ ਅਭਿਆਸ ਕਰਨ ਲੱਗ ਪਿਆ ਅਤੇ ਅਖੀਰ ਸਫ਼ਲ ਹੋ ਗਿਆ। ਇਕ ਵਾਰ ਦਰੋਣਾਚਾਰੀਆ ਜੀ ਆਪਣੇ ਸ਼ਿਸ਼ 'ਅਰਜਨ' ਜੀ ਨਾਲ ਜੰਗਲਾਂ ਵਿੱਚੋਂ ਲੰਘ ਰਹੇ ਸੀ, ਜਿਹਨਾਂ ਨੂੰ ਵੇਖਕੇ ਇਕ ਕੁੱਤਾ ਉੱਚੀ ਉੱਚੀ ਭੌਂਕਣ ਲੱਗ ਪਿਆ।ਜਦ ਏਕਲਵਿਆ ਨੂੰ ਪਤਾ ਲੱਗਾ ਇਹ ਕੁੱਤਾ ਤਾਂ ਮੇਰੇ ਗੁਰੂ ਨੂੰ ਭੌਂਕ ਰਿਹਾ ਹੈ, ਤਾਂ ਉਸਨੇ ਦੂਰੋਂ ਬਹੁਤ ਸਾਰੇ ਤੀਰ ਛੱਡੇ, ਜਿਸ ਨਾਲ ਕੁੱਤੇ ਦਾ ਤੀਰਾਂ ਨਾਲ ਮੂੰਹ ਭਰ ਗਿਆ। ਕੁੱਤਾ ਇਕ ਦਮ ਚੁੱਪ ਹੋ ਗਿਆ। ਇਕ ਦਮ ਕੁੱਤੇ ਦੇ ਚੁੱਪ ਹੋਣ ਤੇ ਦਰੋਣਾਚਾਰੀਆ ਜੀ ਅਤੇ ਅਰਜਨ ਹੈਰਾਨ ਹੋ ਗਏ,ਜਦ ਉਹਨਾਂ ਅੱਗੇ ਜਾਕੇ ਕੁੱਤੇ ਦੇ ਮੂੰਹ ਵਿੱਚ ਵੱਜੇ ਤੀਰ ਵੇਖੇ ਤਾਂ ਦਰੋਣਾਚਾਰੀਆ ਜੀ ਹੈਰਾਨ ਰਹਿ ਗਏ, ਇਸ ਤਰਾਂ ਦਾ ਤੀਰ ਅੰਦਾਜ਼ੀ ਕੌਣ ਹੋ ਸਕਦਾ? ਕੁਝ ਕੁ ਸਮੇਂ ਬਾਅਦ ਏਕਲਵਿਆ ਵੀ ਗੁਰੂ ਦੇ ਸਾਹਮਣੇ ਆ ਖੜ੍ਹਾ ਹੋਇਆ, ਆਪਣੀ ਜਾਣ ਪਛਾਣ ਕਰਵਾਈ, ਇਹ ਸੁਣਕੇ ਦਰੋਣਾਚਾਰੀਆ ਜੀ ਬੇਹੱਦ ਹੈਰਾਨ ਪ੍ਰੇਸ਼ਾਨ! ਫਿਰ ਏਕਲਵਿਆ ਨੇ ਗੁਰੂ ਦਰੋਣਾਚਾਰੀਆ ਨੂੰ ਗੁਰੂ ਦਖਸ਼ਣਾ ਲੈਣ ਲਈ ਤਰਲਾ ਕੀਤਾ, ਤਾਂ ਦਰੋਣਾਚਾਰੀਆ ਨੇ ਇਹ ਸੋਚਕੇ ਕਿ ਮੇਰੇ ਸਿਖਾਏ ਸ਼ਿਸ਼ਾਂ ਤੋਂ ਕੋਈ ਉੱਪਰ ਨਾ ਹੋਵੇ, ਧੱਕੇ ਨਾਲ ਬਣੇ ਚੇਲੇ ਦਾ ਅੰਗੂਠਾ ਦਖਸ਼ਣਾ ਵਿੱਚ ਲੈ ਲਿਆ।" ਇਸ ਤਰਾਂ ਦੀ ਇਹ ਕਹਾਣੀ ਮਹਾਂਭਾਰਤ ਵਿੱਚੋਂ ਆਈ ਹੈ। ਇਸ ਤਰਾਂ ਇਤਿਹਾਸ ਮਿਥਿਹਾਸ ਦੀਆਂ ਅਨੇਕਾਂ ਕਹਾਣੀਆਂ ਭਾਰਤ ਦੇ ਲੋਕਾਂ ਦੇ ਖੂਨ ਵਿੱਚ ਰਚੀਆਂ ਹੋਈਆਂ ਹਨ , ਜਿਹਨਾਂ ਨੂੰ ਆਮ ਲੋਕਾਂ ਤੋਂ ਇਲਾਵਾ ਚੰਗੇ ਪੜ੍ਹੇ ਲਿਖੇ ਲੋਕ ਵੀ (ਬਿਨਾਂ ਸੋਚੇ ਵਿਚਾਰੇ) ਮੰਨ ਰਹੇ ਹਨ, ਜਿਹਨਾਂ ਵਿੱਚ ਵਿਦਵਾਨ ਅਖਵਾਉਣ ਵਾਲੇ ਲੋਕ ਵੀ ਸ਼ਾਮਲ ਹਨ।

ਆ ਅੱਜ ਇਸ ਕਹਾਣੀ ਨੂੰ ਡੂੰਘਾਈ ਤੱਕ ਸਮਝਣ ਦੀ ਕੋਸ਼ਿਸ਼ ਕਰੀਏ, ਇਸ ਦੀ ਸਚਾਈ ਕੀ ਹੈ।

ਕਾਫ਼ੀ ਲੋਕਾਂ ਨੂੰ ਪਤਾ ਹੈ, ਕਿ ਏਕਲਵਿਆ 'ਭੀਲ' ਜਾਤੀ ਨਾਲ ਸਬੰਧਤ ਸੀ, ਜਿਹੜੀ ਕਿ ਅਖੌਤੀ ਅਛੂਤ ਜਾਤੀਆਂ ਵਿੱਚ ਆਉਂਦੀ ਹੈ। 'ਭੀਲ' ਭਾਰਤ ਦੀ ਇੱਕ ਪ੍ਰਾਚੀਨ ਜਾਤੀ ਹੈ, ਜੋ ਮੁੱਖ ਤੌਰ 'ਤੇ ਆਦਿਵਾਸੀ ਸਮੂਹਾਂ ਵਿੱਚ ਆਉਂਦੀ ਹੈ। ਭੀਲ ਭਾਰਤ ਦੇ ਪੂਰਬੀ ਅਤੇ ਕੇਂਦਰੀ ਹਿੱਸਿਆਂ ਵਿੱਚ ਵਸਦੇ ਹਨ, ਜਿਸ ਵਿੱਚ ਮੁੱਖ ਰੂਪ ਵਿੱਚ ਮੱਧ ਪ੍ਰਦੇਸ਼, ਗੁਜਰਾਤ, ਮਹਾਂ ਰਾਸ਼ਟਰ, ਛੱਤੀਸਗੜ੍ਹ ਅਤੇ ਰਾਜਸਥਾਨ ਆਦਿ ਸ਼ਾਮਲ ਹਨ।

'ਭੀਲ' ਧਨੁਸ਼ ਵਿਦਿਆ ਦੇ ਕੁਸ਼ਲਤਾਪੂਰਵਕ ਮਾਹਰ ਮੰਨੇ ਜਾਂਦੇ ਹਨ ਅਤੇ ਇਤਿਹਾਸਕ ਤੌਰ 'ਤੇ ਸ਼ਿਕਾਰ ਕਰਨਾ ਅਤੇ ਕੁਦਰਤੀ ਸਰੋਤਾਂ ਤੇ ਨਿਰਭਰ ਰਹਿਣਾ ਉਹਨਾਂ ਦੇ ਜੀਵਨ ਦਾ ਹਿੱਸਾ ਰਿਹਾ ਹੈ।

ਜਿਸ ਕਰਕੇ ਏਕਲਵਿਆ ਦਾ ਖ਼ਾਨਦਾਨ ਧਨੁਸ਼ ਵਿਦਿਆ ਦੇ ਖ਼ਾਨਦਾਨੀ ਮਾਹਰ ਸਨ, ਇਸ ਲਈ ਉਸਨੂੰ ਆਪਣੇ ਪੁਰਖਿਆਂ ਨੂੰ ਛੱਡਕੇ ਕਿਸੇ ਕੋਲੋਂ ਇਸ ਕਲਾ ਨੂੰ ਸਿੱਖਣ ਦੀ ਜ਼ਰੂਰਤ ਨਹੀਂ ਸੀ।

ਮੰਨ ਲਵੋ ਉਸ ਵਕਤ ਦਰੋਣਾਚਾਰੀਆ ਜੀ ਦੀ ਜ਼ਿਆਦਾ ਹੀ ਮਾਨਤਾ ਹੋਵੇ, ਇਸ ਕਰਕੇ ਏਕਲਵਿਆ ਨੇ ਉਸਨੂੰ ਗੁਰੂ ਧਾਰਨ ਦੀ ਮਨ ਵਿਚ ਧਾਰ ਲਈ ਹੋਵੇ। ਪਰ ਉਸਨੂੰ ਇਹ ਵੀ ਪਤਾ ਹੋਵੇਗਾ ਹੀ, ਉਸ ਟਾਇਮ ਉਹ ਕੌਰਵਾਂ ਪਾਂਡਵਾਂ ਦਾ ਗੁਰੂ, ਦਰੋਣਾਚਾਰੀਆ ਜੀ ਉੱਚ ਕੋਟੀ ਦਾ ਬ੍ਰਾਹਮਣ ਹੈ। (ਜਿਸ ਦੇ ਅੱਗੋ ਦੀ ਅਛੂਤ ਜਾਤੀ ਦੇ ਲੋਕ ਲੰਘ ਵੀ ਨਹੀਂ ਸਕਦੇ ਸੀ। ਗੱਲ ਕਰਨੀ ਤਾਂ ਦੂਰ ਗੱਲ ਹੈ।)

ਉਸ ਨੂੰ ਕਿਵੇਂ ਸਵੀਕਾਰ ਕਰੇਗਾ ?

ਅਗਲੀ ਗੱਲ, ਰਾਜ ਦਰਬਾਰ ਵਿੱਚ ਰਹਿਣ ਵਾਲਾ ਦਰੋਣਾਚਾਰੀਆ ਕੋਈ ਆਮ ਤਾਂ ਤੁਰਿਆ ਫਿਰਦਾ ਨਹੀਂ ਹੋਣਾ, ਜਿਥੇ ਜੀ ਕਰਿਆ ਅੱਗੇ ਹੋਕੇ ਮਿਲ ਪਿਆ, ਦਰੋਣਾਚਾਰੀਆ ਕੋਲ ਰਾਜ ਦਰਬਾਰ ਵਿੱਚ ਉੱਚਾ ਰੁਤਬਾ ਸੀ,ਜਿਸ ਦੇ ਨਾਲ ਸੈਨਾ ਦੇ ਸਿਪਾਹੀ ਚਲਦੇ ਸੀ, ਅਛੂਤ ਤਾਂ ਕੀ, ਕੋਈ ਹੋਰ ਵੀ ਛੇਤੀ ਕਿਤੇ ਉਸ ਨੂੰ ਮਿਲ ਨਹੀਂ ਸਕਦਾ ਸੀ। ਵੱਡੀ ਪੁੱਛ ਪੜਤਾਲ ਵੀ ਹੁੰਦੀ ਸੀ। ਫਿਰ ਅਜਿਹੇ ਹਾਲਾਤ ਵਿੱਚ ਇਕ ਅਛੂਤ ਵਿਆਕਤੀ ਨੂੰ ਰਾਜ ਦਰਬਾਰ ਵਿੱਚ ਦਰੋਣਾਚਾਰੀਆ ਨੂੰ ਮਿਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਲਈ ਇਸ ਕਹਾਣੀ ਵਿੱਚ ਤਰਕ ਦੇ ਆਧਾਰ ਤੇ ਕਿਤੇ ਸਚਾਈ ਦਿਸਦੀ ਨਹੀਂ ਹੈ।

ਭਾਰਤ ਦੇ ਇਤਿਹਾਸ ਵਿੱਚ ਮਿਥਿਹਾਸ ਭਾਰੂ ਹੈ, ਹਰ ਇਕ ਨੂੰ ਸੋਚ ਵਿਚਾਰ ਕੇ ਮੰਨਣਾ ਚਾਹੀਦਾ ਹੈ।

ਇਹ ਕਹਾਣੀ ਉਸੇ ਤਰਾਂ ਦੀ ਹੈ, ਜਿਵੇਂ ਰਵਿਦਾਸ ਜੀ ਨੂੰ ਪਿਛਲੇ ਜਨਮ ਵਿੱਚ ਬ੍ਰਾਹਮਣ ਦੇ ਘਰ ਪੈਦਾ ਕੀਤਾ, ਕਬੀਰ ਜੀ ਨੂੰ ਬ੍ਰਾਹਮਣੀ ਦੇ ਪੇਟੋਂ ਪੈਦਾ ਕਰਿਆ ਅਤੇ ਹੋਰ ਨਾਮਦੇਵ ਜੀ ਆਦਿ ਭਗਤਾਂ ਦਾ ਗੁਰੂ ਰਾਮਾਨੰਦ ਜੀ ਨੂੰ ਬਣਾਇਆ ਹੈ।

ਇਸ ਲਈ ਕਿਹਾ ਜਾ ਸਕਦਾ ਹੈ ਕਿ:-

ਜੰਗਲਾਂ 'ਚ ਰਹਿਣ ਵਾਲੇ ਆਦਿ ਵਾਸੀ 'ਭੀਲ'
ਹੁੰਦੇ ਖ਼ਾਨਦਾਨੀ ਤੀਰ-ਅੰਦਾਜ਼ ਮੇਰੇ ਦੋਸਤੋ।
ਥੋੜੀ ਉਮਰੇ ਇਹਨਾਂ ਦੇ ਬੱਚੇ ਸਿੱਖ ਜਾਂਦੇ,
ਤੀਰ-ਅੰਦਾਜੀ ਵਾਲੇ ਸਾਰੇ 'ਰਾਜ਼' ਮੇਰੇ ਦੋਸਤੋ।
'ਏਕਲੱਵਯਾ' ਵੀ ਸੀ ਇਹਨਾਂ ਦਾ ਹੀ ਮੁੰਡਾ,
ਜੀਹਦੀ ਤੀਰ-ਅੰਦਾਜੀ ਤੇ ਸੀ ਨਾਜ਼ ਮੇਰੇ ਦੋਸਤੋ।
'ਏਕਲੱਵਯਾ' ਦਰੋਣਾਚਾਰੀਆ ਨੂੰ ਕਿਉਂ ਦਿਉ ਅਗੂੰਠਾ,
ਕਿਉਂ ਉਹਦੇ ਅੱਗੇ ਕਰੂ ਫਰਿਆਦ ਮੇਰੇ ਦੋਸਤੋ?
ਜੋ ਸ਼ੂਦਰਾਂ ਦੇ ਪਰਛਾਵਿਆਂ ਤੋਂ ਭਿੱਟੇ ਜਾਂਦੇ,
'ਏਕਲੱਵਯਾ' ਦੇ ਨਾਲ ਕੀ ਸੀ ਲਿਹਾਜ਼ ਮੇਰੇ ਦੋਸਤੋ?
'ਦੱਕਸਣਾਂ' 'ਚ 'ਅਗੂੰਠੇ' ਵਾਲੀ ਲੱਗੇ ਝੂਠ ਕਹਾਣੀ,
ਵੇਖਿਆ ਜਾਵੇ ਤਰਕ ਦੇ ਲਿਹਾਜ਼ ਮੇਰੇ ਦੋਸਤੋ।

**- ਮੇਜਰ ਸਿੰਘ ਬੁਢਲਾਡਾ**
**94176 42327**

# ਸਰਕਾਰੀ ਕਾਲਜ ਟਾਂਡਾ ਉੜਮੁੜ ਵਿਖੇ ਕਰਵਾਇਆ ਕਹਾਣੀਕਾਰ ਲਾਲ ਸਿੰਘ ਨਾਲ ਰੂਬਰੂ ਪ੍ਰੋਗਰਾਮ



ਪੰਜਾਬੀ ਵਿਭਾਗ ਅਤੇ ਸਾਹਿਤ ਆਸ਼ਰਮ ਟਾਂਡਾ ਉੜਮੁੜ ਦੇ ਸਾਂਝੇ ਸਹਿਯੋਗ ਨਾਲ ਪ੍ਰਿੰ-ਸੀਪਲ ਡਾ. ਸ਼ਸ਼ੀ ਬਾਲਾ ਦੀ ਯੋਗ ਅਗਵਾਈ ਅਤੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਾਹਿਤ ਆਸ਼ਰਮ ਟਾਂਡਾ ਦੇ ਪ੍ਰਧਾਨ ਪ੍ਰੋ. ਮਲਕੀਤ ਜੌੜਾ ਦੇ ਵਿਸ਼ੇਸ਼ ਯਤਨਾਂ ਨਾਲ ਪੰਜਾਬੀ ਕਹਾਣੀਕਾਰ ਮਾਸਟਰ ਲਾਲ ਸਿੰਘ ਹੁਣਾਂ ਦਾ ਵਿਦਿਆਰਥੀਆਂ ਅਤੇ ਲੇਖਕਾਂ ਨਾਲ ਰੂਬਰੂ ਪ੍ਰੋਗਰਾਮ ਜੀ. ਕੇ. ਐਸ. ਐਮ. ਸਰਕਾਰੀ ਕਾਲਜ ਟਾਂਡਾ ਉੜਮੁੜ ਦੇ ਪੋਡੀਅਮ ਹਾਲ ਵਿਖੇ ਕਰਵਾਇਆ ਗਿਆ। ਸਮਾਗਮ ਦੇ ਆਰੰਭ ਵਿਚ ਪ੍ਰੋ. ਨਵਜੀਤ ਕੌਰ ਵੱਲੋਂ ਸਭ ਸ਼ਖਸੀਅਤਾਂ ਨੂੰ ਜੀ ਆਇਆਂ ਆਖ ਕੇ ਕੀਤਾ ਗਿਆ। ਸਾਹਿਤ ਆਸ਼ਰਮ ਟਾਂਡਾ ਦੇ ਜਨਰਲ ਸਕੱਤਰ ਪੰਮੀ ਦਿਵੇਦੀ ਵੱਲੋਂ ਕਹਾਣੀਕਾਰ ਲਾਲ ਸਿੰਘ ਹੁਣਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।ਉਸ ਤੋਂ ਬਾਅਦ ਵਿਚ ਕਹਾਣੀਕਾਰ ਲਾਲ ਸਿੰਘ ਵੱਲੋਂ ਆਪਣੇ ਜੀਵਨ ਅਨੁਭਵ, ਕਹਾਣੀ ਸਿਰਜਣਾ ਨਾਲ ਡੂੰਘੀ ਸਾਂਝ ਪਾਉਂਦਿਆਂ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੁੜਨ ਲਈ ਵੀ ਪ੍ਰੇਰਿਤ ਕੀਤਾ। ਕਹਾਣੀਕਾਰ ਲਾਲ ਸਿੰਘ ਨੇ ਆਪਣੀਆਂ ਕਹਾਣੀਆਂ ਨਾਲ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਵਿਸ਼ੇਸ਼ ਥਾਂ ਬਣਾਈ ਹੈ। ਸਮੁੱਚੇ ਪ੍ਰੋਗਰਾਮ ਦਾ ਮੰਚ ਸੰਚਾਲਨ ਪ੍ਰੋ. ਗੁਰਦੇਵ ਵੱਲੋਂ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿਚ ਪ੍ਰੋ. ਮਲਕੀਤ ਜੌੜਾ ਵੱਲੋਂ ਆਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਡਾ. ਹਰਜਿੰਦਰ ਸਿੰਘ ਅਟਵਾਲ, ਰੂਪ ਲਾਲ ਰੂਪ, ਪ੍ਰੋ. ਬਲਦੇਵ ਬੱਲੀ, ਸਭਾ ਦੇ ਸਰਪ੍ਰਸਤ ਡਾ. ਨਿਰੰਜਨ, ਨਾਵਲਕਾਰ ਸੁਰਿੰਦਰ ਨੇਕੀ, ਉਰਮਿਲਾ ਦੁੱਗਲ, ਆਸਾ ਅਰਮਾਨ, ਸੁਖਜੀਤ ਝਾਂਸ, ਪ੍ਰੋ. ਰਮਿੰਦਰਜੀਤ ਕੌਰ (ਵਾਈਸ ਪ੍ਰਿੰਸੀਪਲ), ਪ੍ਰੋ. ਰਾਜੇਸ਼ ਕੁਮਾਰ, ਡਾ. ਕੁਲਵਿੰਦਰ ਕੌਰ, ਪ੍ਰੋ. ਰਜਨੀਸ਼ ਕੌਰ, ਪ੍ਰੋ. ਜਗਜੀਤ ਸਿੰਘ, ਪ੍ਰੋ. ਦਕਸ਼ ਸੋਹਲ ਅਤੇ ਵੱਡੀ ਗਿਣਤੀ ਵਿਚ ਵਿਦਿਆਰਥੀ ਹਾਜ਼ਰ ਸਨ।

# ਕੁਦਰਤੀ ਸੁੰਦਰਤਾ ਅਤੇ ਸ਼ਾਂਤੀ ਦਾ ਪ੍ਰਤੀਕ: ਹੰਟਸਵਿਲ ਚੋਟੀ ਵਾਲਾ ਰਾਸ਼ਟਰ ਪਾਰਕ

ਸ਼ਾਂਤ, ਕੁਦਰਤੀ ਦ੍ਰਿਸ਼ਾਂ ਅਤੇ ਵਿਸ਼ਾਲ ਤੇ ਘਣੇ ਜੰਗਲਾਂ ਲਈ ਜਾਣਿਆ ਜਾਂਦਾ "ਹੰਟਸਵਿਲ ਚੋਟੀ ਵਾਲਾ ਰਾਸ਼ਟਰ ਪਾਰਕ" ਕੈਨੇਡਾ ਦੇ ਨਟਾਰੀ ਸੂਬੇ ਵਿੱਚ ਸਥਿਤ ਹੈ, ਜੋ ਸੈਲਾਨੀਆਂ ਨੂੰ ਆਪਣੀ ਕੁਦਰਤੀ ਖੂਬਸੂਰਤੀ ਨਾਲ ਮੋਹ ਲੈਂਦਾ ਹੈ।



ਹੰਟਸਵਿਲ ਪਾਰਕ ਦੀ ਪਹਾੜੀ ਤੋਂ ਹੇਠਾਂ ਵੇਖਣ 'ਤੇ ਰਿਹਾਇਸ਼ੀ ਘਰ ਬਹੁਤ ਖੂਬਸੂਰਤ ਦਿਸਦੇ ਹਨ। ਇਹ ਘਰ ਵਿਸ਼ਾਲ ਬਾਗਾਂ ਦੀ ਬੁੱਕਲ ਵਿੱਚ ਸਮੋਏ ਸੂਰਜ ਦੀ ਰੌਸ਼ਨੀ ਵਿੱਚ ਬੇਹੱਦ ਖੂਬਸੂਰਤ ਦਿਸਦੇ ਹਨ। ਇਸ ਤੋਂ ਇਲਾਵਾ, ਪਹਾੜੀ ਦੇ ਹੇਠਾਂ ਝੀਲਾਂ, ਤਲਾਬ, ਝਰਨਿਆਂ, ਦਰਿਆਵਾਂ ਅਤੇ ਜੰਗਲਾਂ ਦਾ ਖੂਬਸੂਰਤ ਮਿਲਾਪ ਵੀ ਦੇਖਣ ਨੂੰ ਮਿਲਦਾ ਹੈ। ਇਸ ਪਾਰਕ ਦੇ ਆਲੇ ਦੁਆਲੇ ਦੇ ਘਣੇ ਜੰਗਲ ਫੁੱਲਾਂ ਦੀ ਖੂਬਸੂਰਤੀ ਨੂੰ ਵੀ ਮਾਤ ਪਾ ਦਿੰਦੇ ਹਨ, ਜਦੋਂ ਦਰੱਖਤਾਂ ਦੇ ਪੱਤੇ ਸੁਨਹਿਰੀ, ਲਾਲ ਅਤੇ ਸੰਤਰੀ ਰੰਗਾਂ ਵਿੱਚ ਰੰਗੇ ਹੋਏ ਹੁੰਦੇ ਹਨ ਅਤੇ ਇਹ ਪੱਤੇ ਟਿਮ ਟਿਮਾਉਂਦੇ ਤਾਰਿਆਂ ਵਾਂਗ ਚਮਕਦੇ ਹਨ।

ਟੋਰਾਂਟੋ ਤੋਂ ਹੰਟਸਵਿਲ ਲਗਭਗ 250 ਕਿਲੋਮੀਟਰ ਦੂਰ ਹੈ ਅਤੇ ਸੜਕ ਰਾਹੀਂ ਆਪਣੀ ਕਾਰ ਵਿੱਚ ਇਸ ਤੱਕ ਪਹੁੰਚਣ ਵਿੱਚ ਢਾਈ ਤੋਂ ਤਿੰਨ ਘੰਟੇ ਲੱਗਦੇ ਹਨ। ਹੰਟਸਵਿਲ ਪਾਰਕ ਨਟਾਰੀ ਦੇ ਮੁਸਕੋਕਾ ਜਿਲ੍ਹੇ ਵਿੱਚ ਸਥਿਤ ਹੈ। ਇਸ ਪਾਰਕ ਤੱਕ ਪਹੁੰਚਦਿਆਂ ਸੈਲਾਨੀ ਘੁੰਮਾਦਾਰ ਸੜਕਾਂ, ਝੀਲਾਂ ਅਤੇ ਘਣੇ ਜੰਗਲਾਂ ਦੇ ਨਜ਼ਾਰੇ ਲੈਂਦਿਆ ਪੁੱਜਣਾ ਪੈਂਦਾ ਹੈ। ਖਾਸ ਕਰਕੇ ਇਸ ਅਕਤੂਬਰ ਦੇ ਮਹੀਨੇ ਵਿੱਚ ਪਤਝੜ ਦੇ ਮੌਸਮ ਦੌਰਾਨ ਦਰੱਖਤਾਂ ਦੇ ਪੱਤੇ ਸੁਨਹਿਰੀ, ਲਾਲ ਅਤੇ ਸੰਤਰੀ ਰੰਗ ਵਿੱਚ ਬਦਲ ਜਾਂਦੇ ਹਨ, ਜੋ ਸੈਲਾਨੀਆਂ ਨੂੰ ਕੁਦਰਤ ਦੇ ਵਿਲੱਖਣ ਨਜ਼ਾਰੇ ਦਿਖਾਉਂਦੇ ਹਨ।

ਇਹ ਚੋਟੀ ਵਾਲਾ ਰਾਸ਼ਟਰ ਪਾਰਕ ਕੁਦਰਤ ਦਾ ਅਨਮੋਲ ਰਤਨ ਹੈ, ਜਿਸ ਦਾ ਸੁੰਦਰੀਕਰਨ ਦੇਸ਼-ਵਿਦੇਸ਼ ਦੇ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦਾ ਹੈ। ਇਸ ਪਾਰਕ ਦੀ ਭੂਗੋਲਿਕ ਵਿਸ਼ੇਸ਼ਤਾ ਇਹ ਹੈ ਕਿ ਇਹ ਹਜ਼ਾਰਾਂ ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ ਅਤੇ ਨਟਾਰੀ ਦੇ ਕੇਂਦਰੀ ਹਿੱਸੇ ਵਿੱਚ ਮੌਜੂਦ ਹੈ, ਜਿੱਥੇ ਬੇਹਤਰੀਨ ਝੀਲਾਂ, ਦਰਿਆਵਾਂ ਅਤੇ ਜੰਗਲਾਂ ਦਾ ਮਿਲਾਪ ਹੈ। ਇੱਥੇ ਸੈਲਾਨੀ ਭਾਲੂ, ਹਿਰਣ ਅਤੇ ਹੋਰ ਅਨੇਕਾ ਜੀਵਾਂ ਨੂੰ ਵੀ ਵੇਖ ਸਕਦੇ ਹਨ। ਇਸ ਖੇਤਰ ਵਿੱਚ ਪਾਰਕਿੰਗ ਦੀ ਸਹੂਲਤ ਅਤੇ ਸੈਲਾਨੀਆਂ ਲਈ ਆਰਾਮਦਾਇਕ ਹੋਟਲ ਵੀ ਹਨ, ਜਿੱਥੇ ਉਹ ਆਪਣੇ ਪਰਿਵਾਰਾਂ ਨਾਲ ਖਾਣ-ਪੀਣ ਅਤੇ ਆਰਾਮ ਦਾ ਆਨੰਦ ਮਾਣ ਸਕਦੇ ਹਨ।

ਅੰਤ: ਹੰਟਸਵਿਲ ਚੋਟੀ ਵਾਲਾ ਰਾਸ਼ਟਰ ਪਾਰਕ ਸੈਲਾਨੀਆਂ ਨੂੰ ਸਰੀਰਕ, ਮਾਨਸਿਕ ਅਤੇ ਆਤਮਿਕ ਸ਼ਾਂਤੀ ਪ੍ਰਦਾਨ ਕਰਦਾ ਹੈ। ਇਹ ਪਾਰਕ ਦਾ ਦੌਰਾ ਕਰਨਾ ਸੈਲਾਨੀਆਂ ਲਈ ਇੱਕ ਅਨੁਭਵ ਬਣ ਜਾਂਦਾ ਹੈ, ਜੋ ਉਨ੍ਹਾਂ ਦੀ ਯਾਦ ਵਿੱਚ ਹਮੇਸ਼ਾ ਰਹਿੰਦਾ ਹੈ।

**- ਰਾਜਿੰਦਰ ਸਿੰਘ ਰਾਜਨ**

# ਕੰਮ ਹੀ ਜੀਵਨ ਹੈ



ਹਰਕੀਰਤ ਕੌਰ ਸਭਰਾ

ਕਿਹਾ ਜਾਂਦਾ ਹੈ ਕਿ ਨਿਆਮਤ ਤੇ ਵਿਹਲ ਕਿਆਮਤ ਜਾਂ ਇਹ ਕਹਿ ਲਓ ਕਿ ਕੰਮ ਕਰਨਾ ਹੀ ਸੌ ਦੁੱਖਾਂ ਦਾ ਦਾਰੂ ਹੈ। ਵਿਹਲ ਰੋਗ ਦੇ ਤੁਲ ਹੋ ਨਿਬੜਦਾ ਹੈ। ਕੰਮ ਕਰਨਾ ਕੁਦਰਤ ਵੱਲੋਂ ਸਾਡੇ ਤੇ ਪਾਈ ਗਈ ਇੱਕ ਵੱਡੀ ਜ਼ਿੰਮੇਵਾਰੀ ਹੈ ਕਿਉਂਕਿ ਮਨੁੱਖ ਨੂੰ ਉਸਨੇ ਦੋ ਹੱਥ ਦੇ ਕੇ ਪੈਦਾ ਕੀਤਾ ਹੈ। ਕੰਮ ਬੁਲੰਦੀ, ਹੌਸਲਾ, ਸਰੀਰਕ ਤੇ ਮਾਨਸਿਕ ਅਰੋਗਤਾ ਦੀ ਨਿਸ਼ਾਨੀ ਮੰਨਿਆ ਗਿਆ ਹੈ। ਇਸ ਕਰਕੇ ਬਹਾਦੁਰ ਤੇ ਯੋਧੇ ਹਮੇਸ਼ਾ ਕਾਮਾ ਜਮਾਤ ਵਿਚੋਂ ਹੀ ਪੈਦਾ ਹੋਏ। ਸਾਰੇ ਬੰਦੇ ਵਿਹਲੇ ਨਹੀਂ, ਕੰਮ ਵੀ ਸਾਰੇ ਨਹੀਂ ਕਰਦੇ। ਜੇਕਰ ਅਜਿਹਾ ਹੁੰਦਾ ਤਾਂ ਹਿੰਸਾ, ਲੜਾਈ - ਝਗੜੇ, ਈਰਖਾ ਆਦਿ ਨਾਂ ਦੀ ਕੋਈ ਚੀਜ਼ ਸ਼ਾਇਦ ਨਾ ਹੁੰਦੀ। ਬਹੁਤਾ ਕਰਕੇ ਇਹ ਵਿਹਲ ਦੀ ਹੀ ਦੇਣ ਹੈ। ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਸਾਡੀ ਭਟਕਣਾ, ਸ਼ਾਂਤੀ ਵਧੇਰੇ ਕਰਕੇ ਕੰਮ ਨਾ ਮਿਲਣ ਜਾਂ ਨਾ ਕਰਨ ਕਰਕੇ ਹੁੰਦੀ ਹੈ। ਅਸਲ ਵਿੱਚ ਅਸੀਂ ਸਭ ਕੁਝ ਜਾਣਦੇ ਹੋਏ ਵੀ ਹੱਥੀ ਕੰਮ ਕਰਨ ਲਈ ਤਿਆਰ ਨਹੀਂ ਹਾਂ। ਸਾਡੀ ਕਾਮਾ ਜਾਮਾਤ ਦੇ ਰਾਜਸੀ ਤੇ ਸੰਘ ਦੇ ਨੁਮਾਇੰਦੇ ਕੰਮ ਦੀਆਂ ਗੱਲਾਂ ਕਰਕੇ ਵੀ ਕੰਮ ਨਹੀਂ ਕਰਦੇ। ਉਹਨਾਂ ਨੂੰ ਦੇਖਕੇ ਮੈਨੂੰ ਲੱਗਦਾ ਹੁੰਦਾ ਹੈ ਕਿ ਉਨ੍ਹਾਂ ਕਾਮੇ ਨੂੰ ਹੀ ਅਪਣਾਇਆ ਹੈ, ਕੰਮ ਨੂੰ ਨਹੀਂ।

ਕੰਮ ਕੋਈ ਵੀ ਮਾੜਾ ਨਹੀਂ। ਮਾੜਾ ਤਾਂ ਸਾਡਾ ਮਨ ਹੀ ਹੋ ਬਹਿੰਦਾ ਹੈ। ' ਮਨ ਹਰਾਮੀ ਹੁੱਜਤਾ ਢੇਰ ' ਹਰਾਮੀ ਮਨ ਜਾਂ ਤਾਂ ਢੇਰੀ ਢਾਹ ਬਹਿੰਦਾ ਜਾਂ ਫਿਰ ਗਲਤ ਕੰਮ, ਧੰਦਾ ਜਾਂ ਗੱਲਾਂ ਨੂੰ ਹੱਥ ਪਾਉਂਦਾ ਹੈ। ਇਹ ਇੱਕ ਕੰਮ ਤੇ ਟਿਕ ਕੇ ਨਹੀਂ ਬਹਿੰਦਾ।

ਭਾਈ ਗੁਰਦਾਸ ਜੀ ਕੰਮ ਦੀ ਮਹਾਨਤਾ ਤੇ ਢੰਗ ਤਰੀਕੇ ਦਾ ਸੰਦੇਸ਼ਾ ਦਿੰਦੇ ਹੋਏ ਫੁਰਮਾਉਂਦੇ ਹਨ ਕਿ

" ਕਿਰਤ ਵਿਰਤ ਕਰ ਧਰਮ ਦੀ "

ਕੰਮ ਅਨੁਸਾਰ ਫਲ ਮਿਲਣਾ ਹੀ ਨਿਆਂ ਹੁੰਦਾ ਹੈ। ਪਰ ਸਾਡੇ ਇੱਥੇ ਉਲਟ ਹੈ। ਜੇਕਰ ਮਜਦੂਰ ਵਰਗ ਵੱਲ ਝਾਤ ਮਾਰੀ ਜਾਵੇ ਤਾਂ ਕੰਮ ਵੱਧ ਅਤੇ ਖਾਣ ਨੂੰ ਘੱਟ ਹੈ। ਜਾਂ ' ਕੋਹਲੂ ਦੇ ਬੈਲ ' ਵਾਲੀ ਗੱਲ ਹੋ ਨਿਬੜਦੀ ਹੈ। ਇਹੋ ਹੀ ਮਨੁੱਖ ਦੁਆਰਾ ਲੁੱਟ ਤੇ ਅਸਮਾਨਤਾ ਹੁੰਦੀ ਹੈ। ਕੰਮ ਵਿੱਚ ਮਾਹਿਰ ਹੋ ਕੇ ਕੰਮ ਕਰਨਾ ਹੀ ਕਾਰੀਗਰੀ ਅਖਵਾਉਂਦਾ ਹੈ। ਇਸ ਤੋਂ ਬਿਨਾ ਤਾਂ ਕੰਮ ਸਿਰਫ਼ ਡੰਗ ਟਪਾਉਣਾ ਜਾਂ ਖਾਨਾ ਪੂਰਤੀ ਵਾਲੀ ਗੱਲ ਬਣ ਬਹਿੰਦੀ ਹੈ।

ਕੰਮ ਪੂਜਾ ਵੀ ਹੈ, ਕਿਉਂਕਿ ਇਹ ਮਨ ਨੂੰ ਕਾਬੂ ਵਿੱਚ ਰੱਖਦਾ ਹੈ। ਚੰਗਾ ਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਦੀ ਬਹੁਤੀ ਕਾਮਨਾ ਜਾਂ ਸਾਧਾਂ ਸੰਤਾਂ ਪਿੱਛੇ ਭੱਜਣ ਦੀ ਚਾਲ ਮੱਠੀ ਪੈ ਜਾਂਦੀ ਹੈ।ਜੇਕਰ ਕੰਮ ਨੂੰ ਸੋਚ ਸਮਝ ਕੇ ਕੀਤਾ ਜਾਵੇ ਤਾਂ ਕੰਮ ਇੱਕ ਕਲਾ ਵੀ ਹੈ। ਜੇਕਰ ਇਸਨੂੰ ਇੱਕ ਤਰਤੀਬ ਤਹਿਤ ਨਾ ਕੀਤਾ ਜਾਵੇ ਤਾਂ ਗਲ ਪਏ ਢੋਲ ਵਜਾਉਣ ਵਾਲੀ ਗੱਲ ਹੁੰਦੀ ਹੈ। ਇਸ ਲਈ ਕਈ ਸੋਚ ਕੇ ਕਰਦੇ ਹਨ ਅਤੇ ਕਈ ਬਿਨਾ ਸੋਚੇ। ਇਹ ਮੇਰਾ ਨਿੱਜੀ ਤਜੁਰਬਾ ਵੀ ਹੈ ਕਿ ਸੋਚਣ ਤੋਂ ਬਿਨਾ ਕੀਤਾ ਜਾਣ ਵਾਲੇ ਕੰਮ ਨਾਲ ਹਮੇਸ਼ਾ ਭਟਕਣ, ਘੁੰਮਣਘੇਰੀ, ਅਸਫਲਤਾ ਤੇ ਵਕਤ ਦੀ ਖਰਾਬੀ ਹੀ ਪੱਲੇ ਪੈਂਦੀ ਹੈ। ਅਜਿਹੀ ਅਵਸਥਾ ਵਿੱਚ ਤਾਂ ਕਲਮ ਵੀ ਲਿਖਣ ਦੀ ਬਜਾਇ ਝਰੀਟਣ ਲੱਗ ਪੈਂਦੀ ਹੈ। ਕੰਮ ਕਰਨ ਨਾਲ ਅਸੀਂ ਬਹੁਤ ਕੁਝ ਸਿਖਦੇ ਹਾਂ, ਪਰ ਗਵਾਉਂਦੇ ਕੁਝ ਵੀ ਨਹੀਂ। ਕੰਮ ਵਿੱਚ ਰੁੱਝੇ ਰਹਿਣਾ ਕਿਰਿਆਸ਼ੀਲਤਾ ਅਤੇ ਵਿਕਾਸ ਦੀ ਨਿਸ਼ਾਨੀ ਹੈ। ਜਦੋਂ ਕਿ ਵਿਹਲ ਨਕਾਰਾ ਹੋਣ ਅਤੇ ਵਿਨਾਸ਼ ਹੋਣ ਦੀ ਨਿਸ਼ਾਨੀ ਹੈ। ਮਨ ਦਾ ਵਿਕਾਸ ਕੁਝ ਕਰਨ ਅਤੇ ਕਰਾਉਣ ਦੇ ਨਾਲ ਵੀ ਜੁੜਿਆ ਹੁੰਦਾ ਹੈ।


ਕੰਮ ਚਾਅ ਨਾਲ ਹੁੰਦਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਜਿੰਨੇ ਚਾਅ ਨਾਲ ਅਸੀਂ ਖਾਣ ਤੇ ਵਹਿਲ ਦਾ ਆਨੰਦ ਲੈਂਦੇ ਹਾਂ ਉਨੇ ਚਾਅ ਨਾਲ ਕੰਮ ਨਹੀਂ ਕਰਦੇ। ਜੇ ਅਜਿਹਾ ਹੋਵੇ ਤਾਂ ਸਾਡਾ ਚੁਫੇਰਾ ਹੀ ਬਦਲ ਜਾਵੇਂ। ਹਰ ਕੰਮ ਸਮੇਂ ਸਿਰ ਹੀ ਸੋਭਦਾ ਹੈ ਨਹੀਂ ਤਾਂ ਤਾਲੋਂ ਖੁੰਝੀ ਡੂੰਮਣੀ ਵਾਲੀ ਗੱਲ ਹੋ ਨਿਬੜਦੀ ਹੈ। ਕੰਮ ਕਦੇ ਵੀ ਮੁੱਕਦਾ ਨਹੀਂ ਹੈ। ਇੱਕ ਕੰਮ ਦੂਸਰੇ ਕੰਮ ਦਾ ਜਨਮਦਾਤਾ ਹੈ । ਕੰਮ ਕਰਨ ਨਾਲ ਕਈ ਵਾਰ ਸਰੀਰਕ ਕਸ਼ਟ ਤਾਂ ਮਿਲਦਾ ਹੈ ਪਰ ਵਿਹਲੇ ਰਹਿਣ ਨਾਲ ਮਾਨਸਿਕ ਰੋਗ ਮਿਲਦੇ ਹਨ। ਜਿੱਥੋਂ ਤੱਕ ਮੇਰਾ ਅਨੁਭਵ ਹੈ ਕਿ ਸਰੀਰਕ ਰੋਗ ਦੀ ਸੌ ਦਵਾ ਹੈ ਪਰ ਮਾਨਸਿਕ ਰੋਗ ਦਾ ਕੋਈ ਇਲਾਜ ਨਹੀਂ ਹੈ। ਉੱਚ ਕੋਟੀ ਦੇ ਡਾਕਟਰ ਵੀ ਅੱਜ ਵੱਡੀਆਂ ਵੱਡੀਆਂ ਬਿਮਾਰੀਆਂ ਦਾ ਕਾਰਣ ਮਾਨਸਿਕ ਤਨਾਵ ਨੂੰ ਦੱਸਦੇ ਹਨ। ਚਾਹੁਣ ਤੋਂ ਬਿਨਾ ਕੰਮ ਦਾ ਮਿਲਣਾ ਜਾਂ ਕਰਨਾ ਤੇ ਚਾਹੁੰਦਿਆ ਹੋਇਆ ਵੀ ਕੰਮ ਦਾ ਨਾ ਮਿਲਣਾ ਦੋਵੇਂ ਹੀ ਮਾੜੇ ਹਨ

ਅਸਲ ਵਿੱਚ ਕੰਮ ਹੀ ਜੀਵਨ ਹੈ, ਕੰਮ ਤੋਂ ਅਵੇਸਲੇ ਬਣ ਬੈਠਣਾ ਆਪਣੀ ਕਬਰ ਪੁੱਟਣ ਦੇ ਤੁੱਲ ਹੁੰਦਾ ਹੈ। ਕਹਿੰਦੇ ਹਨ ਕਿ ਮਾਇਆ ਵੀ ਉਦਮ ਦੀ ਦਾਸੀ ਹੈ। ਉੱਦਮ ਅੱਗੇ ਲਛਮੀ ਪੱਖੇ ਅੱਗੇ ਪੌਣ। ਪਰ ਅੱਜ ਕੱਲ ਮੈਨੂੰ ਇਹ ਬੋਲ ਦਰੁੱਸਤ ਨਹੀਂ ਲੱਗਦੇ। ਚੁਫੇਰਾ ਦੱਸ ਰਿਹਾ ਹੈ ਕਿ ਮਾਇਆ ਤਾਂ ਵਿਹਲੜਾਂ ਕੋਲ ਇਕੱਠੀ ਹੁੰਦੀ ਜਾਂ ਰਹੀ ਹੈ ਤੇ ਉੱਦਮ ਕਰਨ ਵਾਲੇ ਜਾਂ ਤਾਂ ਭੁੱਖੇ ਮਰ ਰਹੇ ਨੇ ਜਾਂ ਫਿਰ ਸੜਕਾਂ ਤੇ ਆਪਣੇ ਹੱਕਾਂ ਲਈ ਧੱਕੇ ਖਾ ਰਹੇ ਹਨ।

ਜਰੂਰਤ ਹੈ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਿਰੜੀ ਤੇ ਉੱਦਮੀ ਬਣਾਉਣ ਦੀ। ਜਰੂਰਤ ਹੈ ਬਹਾਨੇ ਬਣਾਉਣ ਦੀ ਬਜਾਇ ਕੰਮ ਦੇ ਮੌਕੇ ਲੱਭਣ ਦੀ। ਕਿਉਂਕਿ ਕੰਮ ਹੀ ਜੀਵਨ ਹੈ ਅਤੇ ਜੇਕਰ ਅਸੀਂ ਜੀਵਨ ਵਿੱਚੋਂ ਕੰਮ ਕੱਡ ਦਿੱਤਾ ਤਾਂ ਸਾਡੇ ਹਿੱਸੇ ਕੇਵਲ ਦੁਖਾਂਤ ਰਹਿ ਜਾਵੇਗਾ। ਮੈਨੂੰ ਲੱਗਦਾ ਹੈ ਕਿ ਇਹਨਾਂ ਸਾਰੀਆਂ ਗੱਲਾਂ ਤੋਂ ਇਲਾਵਾ ਸਭ ਤੋਂ ਅਹਿਮ ਅਤੇ ਮਹੱਤਵਪੂਰਣ ਗੱਲ ਕਿ ਸਾਡੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਵੀ ਸਾਨੂੰ ਹੱਥੀ ਕਿਰਤ ਕਰਨ ਦਾ ਸੰਦੇਸ਼ ਦਿੱਤਾ ਹੈ। ਸੋ ਜਰੂਰਤ ਹੈ ਅਵੇਸਲੇਪਣ ਨੂੰ ਛੱਡ ਕੇ ਕਿਰਤੀ ਬਨਣ ਦੀ।

## ਨਾਮ ਜਪੋ ਕਿਰਤ ਕਰੋ, ਵੰਡ ਛੱਕੋ ਦੇ ਨਾਲ ਹਾਕਮਾਂ ਦੇ ਜੁਲਮਾਂ ਖਿਲਾਫ ਬੋਲਣ ਤਰਕਸ਼ੀਲ ਸੋਚ ਰੱਖਣ ਵਾਲੇ ਮਹਾਨ ਚਿੰਤਕ

# ਸ਼੍ਰੀ ਗੁਰੂ ਨਾਨਕ ਦੇਵ ਜੀ




ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਅਧਿਆਤਮਕਤਾ ਅਤੇ ਰੂਹਾਨੀਅਤ ਤੋਂ ਜਿਆਦਾ ਸਮਾਜ ਸੁਧਾਰਕ ਲਹਿਰ ਦਾ ਬਾਨੀ, ਮਹਾਨ ਚਿੰਤਕ, ਤਰਕਸ਼ੀਲ ਵਿਚਾਰਾਂ ਦਾ ਧਾਰਨੀ, ਰਾਜਿਆਂ ਖਿਲਾਫ ਡੱਟ ਕੇ ਅਵਾਜ ਚੱਕਣ ਵਾਲਾ ਜਰਨੈਲ ਉਸ ਸਮੇਂ ਦੇ ਸ਼ਾਸ਼ਕਾਂ ਨੂੰ ਡਰ ਰਹਿਤ ਰਾਜਨੀਤੀ ਦੀ ਸਿੱਖਿਆ ਦੇਣ ਅਤੇ ਨਾਮ ਜਪੋ  ਕਿਰਤ ਕਰੋ ਵੰਡ ਛੱਕੋ ਕਰਕੇ ਵੱਧ ਯਾਦ ਕੀਤਾ ਜਾਦਾਂ।ਬੇਸ਼ਕ ਉਹ ਸਿੱਖ ਧਰਮ ਦੇ ਪਹਿਲੇ ਗੁਰੂ ਹਨ ਪਰ ਹਿੰਦੂ ਅਤੇ ਮੁਸਲਮਾਨ ਵੀ ਆਪਣਾ ਰਹਿਬਰ ਅਤੇ ਪੀਰ ਮੰਨਦੇ ਹਨ। ਅੱਜ ਵੀ ਪਾਕਿਸਤਾਨ ਵਿੱਚ ਉਹਨਾਂ ਦੀ ਪੀਰ ਵੱਜੋਂ ਪੂਜਾ ਕੀਤੀ ਜਾਦੀ ਹੈ।

ਜੇਕਰ ਗੁਰੁ ਨਾਨਕ ਜੀ ਦੇ ਬਚਪਨ ਅਤੇ ਜਵਾਨੀ ਅਵਸਥਾ ਨੂੰ ਦੇਖਿਆ ਜਾਵੇ ਤਾਂ ਬਚਪਨ ਵਿੱਚ ਜਿਵੇਂ ਆਮ ਮਾਂ-ਬਾਪ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੇਟਾ ਪ੍ਰੀਵਾਰ ਦਾ ਨਾਮ ਬਣਾਵੇ ਅਜਿਹੀ ਖਾਹਿਸ਼ ਹੀ ਨਾਨਕ ਦੇ ਮਾਤਾ-ਪਿਤਾ ਦੇ ਮਨ ਵਿੱਚ ਸੀ। ਪਿਤਾ ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਨੇ ਜਦੋਂ ਬਾਬਾ ਨਾਨਕ ਜੀ ਨੂੰ ਸਿੱਖਿਆ ਦੀ ਪ੍ਰਾਪਤੀ ਲਈ ਪਾਠਸ਼ਾਲਾ ਭੇਜਿਆ। ਸਿੱਖਿਆ ਬਾਰੇ ਗੁਰੂ ਜੀ ਨੇ ਕਿਹਾ ਕਿ ਸਿੱਖਿਆ ਦਾ ਅਸਲ ਮਕਸਦ ਜੀਵਨ ਦੀ ਅਸਲੀਅਤ ਨੂੰ ਸਮਝਣਾ ਹੈ। ਅਧਿਆਪਕ ਵੱਲੋਂ ਜਦੋਂ ਅੱਖਰਾਂ ਦੀ ਜਾਣਕਾਰੀ ਦੇਣ ਹਿੱਤ ਦੱਸਿਆ ਗਿਆ ਉਹਨਾਂ ਅੱਖਰ ਦਾ ਅਰਥ ਪੁੱਛਿਆ ਅਧਿਆਪਕ ਦੇ ਇਹ ਕਹਿਣ ਤੇ ਕਿ ਇੱਕ ਅੱਖਰ ਦਾ ਕੋਈ ਅਰਥ ਨਹੀ ਹੁੰਦਾਂ ਤਾਂ ਗੁਰੂ ਜੀ ਨੇ ਕਿਹਾ ਕਿ ਜਦੋਂ ਕਿਸੇ ਅੱਖਰ ਦਾ ਅਰਥ ਹੀ ਨਹੀ ਫੇਰ ਇਸ ਨੂੰ ਸਿੱਖਣ ਦਾ ਕੀ ਫਾਇਦਾ। ਜਿਸ ਕਾਰਣ ਉਨਾਂ ਪੜ੍ਹਨ ਤੋਂ ਇਨਕਾਰ ਕਰ ਦਿੱਤਾ। ਜਦੋਂ ਅਸੀ ਗੁਰੂ ਨਾਨਕ ਦੇ ਜੀਵਨ ਦੀਆਂ ਘਟਨਾਵਾਂ ਨੂੰ ਦੇਖਦੇ ਹਾਂ ਤਾਂ ਉਹਨਾਂ ਦੇ ਤਰਕਸ਼ੀਲ ਵਿਚਾਰਾਂ ਦਾ ਧਾਰਨੀ ਹੋਣ ਦੀ ਗਵਾਹੀ ਭਰਦਾ। ਸਿੱਖਿਆ ਬਾਰੇ ਉਹਨਾਂ ਕਿਹਾ ਕਿ ਸਾਨੂੰ ਉਹ ਹੀ ਸਿੱਖਣਾ ਚਾਹੀਦਾ ਹੈ ਜਿਸ ਦਾ ਸਾਡੇ ਜੀਵਨ ਵਿੱਚ ਕੋਈ ਅਰਥ ਹੋਵੇ ਜੋ ਸਾਨੂੰ ਅੱਗੇ ਵੱਧਣ ਲਈ ਮਾਰਗਦਰਸ਼ਨ ਕਰ ਸਕੇ।



**ਡਾ. ਸੰਦੀਪ ਘੰਡ**
**94782-31000**

ਉਨ੍ਹਾਂ ਨੇ ਆਪਣੇ ਤਰਕਸੀਲ ਵਿਚਾਰਾਂ ਨਾਲ ਪੁਰਾਤਨ ਰਸਮਾਂ ਰਿਵਾਜਾਂ ਖਿਲਾਫ ਆਪਣੀ ਅਵਾਜ ਉਠਾਈ। ਬਚਪਨ ਤੋਂ ਜਵਾਨੀ ਵਿੱਚ ਜਾਣ ਸਮੇਂ ਜਦੋਂ ਉਨ੍ਹਾਂ ਨੇ ਧਾਰਿਮਕ ਰਸਮਾਂ ਵਿੱਚ ਪਹਿਨਣ ਵਾਲਾ ਜੈਨਉ ਪਹਿਨਣ ਲਈ ਕਿਹਾ ਗਿਆ ਤਾਂ ਉਹਨਾਂ ਸਾਫ ਇੰਨਕਾਰ ਕਰ ਦਿੱਤਾ ਅਤੇ ਕਿਹਾ ਕਿ ਜਦੋਂ ਇਸ ਧਾਗੇ ਦਾ ਕੋਈ ਅਸਲ ਅਰਥ ਨਹੀ ਤਾਂ ਇਸ ਨੂੰ ਪਹਿਨਣ ਦਾ ਕੀ ਫਾਇਦਾ। ਉਸ ਸਮੇਂ ਜਦੋਂ ਵਹਿਮਾਂ ਭਰਮਾਂ ਦਾ ਬੋਲਬਾਲਾ ਸੀ ਉਸ ਸਮੇਂ ਪੰਡਿਤ ਨੂੰ ਕਿਹਾ ਕਿ ਅਸਲ ਜੈਨਉ ਮਨ ਦੇ ਅੰਦਰ ਦੀ ਪਵਿਤ੍ਰਤਾ,ਸਚਾਈ ਅਤੇ ਨੇਕੀ ਦੇ ਗੁਣ ਹਨ ਜੋ ਮਨੁੱਖ ਨੂੰ ਅੰਦਰੋਂ ਮਜਬੂਤ ਬਣਾਉਦੇ ਹਨ। ਉਨਾਂ ਦਾ ਇਹ ਕਹਿਣਾ ਕਿ

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇਂ ਘਤੁ ॥

ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਜਾਗਰੂਕ ਕਰਨ ਹਿੱਤ 35 ਹਜਾਰ ਕਿਲੋਮੀਟਰ ਤੋਂ ਜਿਆਦਾ ਸਫਰ ਕੀਤਾ ਜਿਸ ਵਿੱਚ ਭਾਈ ਮਰਦਾਨਾ ਨੇ ਵੀ ਉਹਨਾਂ ਦਾ ਸਾਥ ਦਿੱਤਾ। ਇਹਨਾਂ ਯਾਰਾਵਾਂ ਨੂੰ ਉਦਾਸੀਆਂ ਦਾ ਨਾਮ ਦਿੱਤਾ ਗਿਆ ਹੈ। ਪਹਿਲੀ ਉਦਾਸੀ ਦੇ ਛੇ ਸਾਲਾਂ ਵਿੱਚ ਉਹਨਾਂ 8000 ਕਿਲੋਮੀਟਰ ਦਾ ਸਫਰ ਤੈਅ ਕੀਤਾ। ਸੁਲਤਾਨਪੁਰ ਲੋਧੀ ਤੋਂ ਸ਼ੁਰੂ ਕੀਤੀ ਇਸ ਯਾਤਰਾ ਵਿੱਚ ਲਾਹੋਰ, ਦਿਲੀ, ਬਰਮਾ ਢਾਕਾ, ਹਰਦੁਆਰ, ਮਥਰਾ ਪ੍ਰਾਗਰਾਜ, ਪਟਨਾ ਗਯਾ ਬਨਾਰਸ ਆਦਿ ਸ਼ਾਮਲ ਹਨ। ਦੂਸਰੀ ਉਦਾਸੀ ਦਾ ਸਮਾਂ 7 ਸਾਲ ਦੀ ਸੀ। ਜਿਸ ਵਿੱਚ ਉਹਨਾਂ ਸਿਰਸਾ, ਬੀਕਾਨੇਰ, ਜੋਧਪੁਰ, ਬਿਦਰ। ਮਥਰਾ ਉਜੈਨ, ਆਧਰਾ ਪ੍ਰਦੇਸ਼, ਕੱੜਪਾ ਤਕਰੀਬਨ 10500 ਕਿਲੋਮੀਟਰ ਦਾ ਸਫਰ ਤੈਅ ਕੀਤਾ। ਇਸ ਉਦਾਸੀ ਦੋਰਾਨ ਹੀ ਉਨ੍ਹਾਂ ਰਮੇਸ਼ਵਰਮ ਮੰਦਿਰ ਵਿੱਚ ਆਰਤੀ ਗਗਨ ਮੈਂ ਥਾਲ ਰਵੀ ਚੰਦ ਦੀਪਕ ਦਾ ਉਚਾਰਨ ਕੀਤਾ।

ਗੁਰੁ ਨਾਨਕ ਜੀ ਦੀ ਤੀਸਰੀ ਉਦਾਸੀ ਦਾ ਸਮਾਂ 5 ਸਾਲ ਅਤੇ ਇਸ ਵਿੱਚ ਉਨ੍ਹਾਂ 8000 ਕਿਲੋਮੀਟਰ ਜਿਸ ਦੋਰਾਨ ਪੱਛਮ ਵੱਲ ਖੇਤਾਂ ਨੂੰ ਪਾਣੀ ਦੇਕੇ ਤਰਕਸ਼ੀਲ ਸੋਚ ਨਾਲ ਪੰਡਤਾਂ ਦੇ ਵਹਿਮਾਂ ਭਰਮਾਂ ਨੂੰ ਦੂਰ ਕੀਤਾ। 1519-1521 ਵਿੱਚ ਗੁਰੁ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਨੇ ਚੋਥੀ ਉਦਾਸੀ ਕੀਤੀ ਅਤੇ ਇਸ ਉਦਾਸੀ ਦੇ ਤਿੰਨ ਸਾਲ ਵਿੱਚ ਉਹਨਾਂ ਬਲੋਚਿਸਤਾਨ, ਅਰਬ, ਯਮਨ, ਬਗਦਾਦ, ਇਰਾਨ, ਕਾਬਲ ਆਦਿ ਜਾਕੇ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਪ੍ਰੇਰਿਤ ਕੀਤਾ।ਇਸ ਉਦਾਸੀ ਦੋਰਾਨ ਹੀ ਗੁਰੁ ਨਾਨਕ ਦੇਵ ਜੀ ਮੱਕਾ ਗਏ ਜਿਥੇ ਮੱਕਾ ਘੁਮਾਉਣ ਦੀ ਘਟਨਾ ਵਾਪਰੀ। ਇਸ ਉਦਾਸੀ ਵਿੱਚ ਗੁਰੂ ਜੀ ਨੇ ਬਾਰਾ ਹਜਾਰ ਕਿਲੋਮੀਟਰ ਦਾ ਸਫਰ ਤੈਅ ਕੀਤਾ।ਇਸ ਤਰਾਂ ਗੁਰੂ ਜੀ ਨੇ ਚਾਰ ਉਦਾਸੀਆਂ ਵਿੱਚ 35 ਹਜਾਰ ਕਿਲੋਮੀਟਰ ਦੇ ਕਰੀਬ ਸਫਰ ਤੈਅ ਕੀਤਾ।

1521-1539 ਦਾ ਸਮਾਂ ਉਨ੍ਹਾਂ ਕਰਤਾਰਪੁਰ ਸਾਹਿਬ ਵਿਖੇ ਖੇਤੀਬਾੜੀ ਕਰਕੇ ਗ੍ਰਹਿਸਥ ਵਿੱਚ ਰਹਿੰਦੇ ਹੋਏ ਆਪਣੇ ਪ੍ਰੀਵਾਰ ਨਾਲ ਬਿਤਾਇਆ। ਇਥੇ ਹੀ ਉਨ੍ਹਾਂ ਗੁਰੁ ਗ੍ਰੰਥ ਸਾਹਿਬ ਵਿੱਚ ਦਰਜ ਮੁੱਖ ਬਾਣੀ ਜਪੁਜੀ ਸਾਹਿਬ ਦੀ ਰਚਨਾ ਕੀਤੀ। ਜੇਕਰ ਉਹਨਾਂ ਵੱਲੋਂ ਦਿੱਤੀ ਧਰਮ ਦੀ ਸਿੱਖਿਆ ਨੂੰ ਅਸੀ ਦੇਖਦੇ ਹਾਂ ਤਾਂ ਕੇਵਲ ਜਪੁਜੀ ਸਾਹਿਬ ਦੇ ਅਰਥ ਵੱਖ ਵੱਖ 35-37 ਦੇ ਕਰੀਬ ਵਿਦਵਾਨਾਂ ਵੱਲੋਂ ਕੀਤੇ ਗਏ ਅਰਥ ਯਾਨੀ ਟੀਕੇ ਵਿੱਚ ਵੱਖੋ ਵੱਖਰੇ ਅਰਥ ਦਰਸਾਉਦੇ ਹਨ ਕਿ ਉਹਨਾਂ ਦੀ ਬਾਣੀ ਸਰਬ ਵਿਆਪਕ ਹੈ। ਗੁਰੁ ਨਾਨਕ ਦੇਵ ਜੀ ਕੁਦਰਤ ਨੂੰ ਬਹੁਤ ਪਿਆਰ ਕਰਨ ਦੇ ਨਾਲ ਲੋਕਾਈ ਨੂੰ ਹਮੇਸ਼ਾਂ ਇਸ ਦੀ ਤੁਲਨਾ ਪ੍ਰੀਵਾਰਕ ਰਿਸ਼ਤਿਆਂ ਨਾਲ ਕਰਕੇ ਸਾਨੂੰ ਕੁਦਰਤ ਨਾਲ ਪਿਆਰ, ਸਤਿਕਾਰ ਅਤੇ ਉਸ ਦੀ ਰੱਖਿਆ ਕਰਨ ਦਾ ਸੰਦੇਸ਼ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਉਨ੍ਹਾਂ ਦੇ ਸ਼ਬਦ

ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਦਿਵੁਸ ਦੁਇ ਦਾਈ ਜਾਇਆ ਖੇਲੈ ਸਗਲ ਜਗੁਤ॥

ਉਨ੍ਹਾਂ ਧਰਤੀ ਨੂੰ ਮਾਤਾ, ਪਾਣੀ ਨੂੰ ਪਿਤਾ ਅਤੇ ਹਵਾ ਨੂੰ ਗੁਰੁ ਕਹਿ ਕਿ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਕਿ ਸਾਨੂੰ ਜਿੰਦਗੀ ਵਿੱਚ ਇੰਨਾਂ ਤਿੰਨਾ ਰਿਸ਼ਤਿਆਂ ਅਤੇ ਤਿੰਨੇ ਪਦਾਰਥਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਜੇਕਰ ਅਸੀਂ ਇੰਨਾਂ ਦੀ ਸੰਭਾਲ ਨਹੀ ਕਰਾਂਗੇ ਤਾਂ ਜੀਵਨ ਸੰਭਵ ਨਹੀ।

ਜੇਕਰ ਸਮਾਜ ਨੂੰ ਦਿੱਤੇ ਗਏ ਸੰਦੇਸ਼ ਨੂੰ ਦੇਖਦੇ ਹਾਂ ਤਾਂ ਉਨ੍ਹਾਂ ਦਾ ਸੰਦੇਸ਼ ਸਿਰਫ ਰੂਹਾਨੀ ਜਾਗਰੂਕਤਾ ਤੱਕ ਸੀਮਿਤ ਨਹੀਂ ਸੀ, ਬਲਕਿ ਉਹ ਸਮਾਜ ਦੇ ਹਰ ਪੱਖ ਨੂੰ ਸੁਧਾਰਨ ਲਈ ਕੰਮ ਕੀਤਾ।ਇਸ ਕਾਰਨ ਹੀ ਉਹਨਾਂ ਦੀਆਂ ਸਿੱਖਿਆਵਾਂ ਵਿੱਚ ਸੱਚਾਈ, ਸਨਮਾਨ, ਸਮਾਨਤਾ, ਨੈਤਿਕਤਾ ਅਤੇ ਅਨਿਆਂ ਦੇ ਵਿਰੋਧ ਦੀ ਮਹੱਤਵਪੂਰਨ ਭੂਮਿਕਾ ਸੀ।ਂ ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਸਮਾਜ ਵਿੱਚ ਸਥਾਪਿਤ ਸਮਾਜਿਕ ਬੁਰਾਈਆਂ ਜਿਵੇਂ ਗਰੀਬਾਂ ਦਾ ਸ਼ੋਸਣ, ਅੰਧ ਵਿਸ਼ਵਾਸ, ਜਾਤ-ਪਾਤ ਅਤੇ ਔਰਤਾਂ ਦੀ ਤਰਸਯੋਗ ਹਲਾਤ ਸੀ। ਇਸ ਕਾਰਣ ਹੀ ਉਹਨਾਂ ਉਸ ਸਮੇਂ ਦੇ ਹਾਕਮਾਂ ਦੇ ਲਾਲਚ, ਅਨੈਤਿਕ ਕਿਰਦਾਰ ਅਤੇ ਜ਼ੁਲਮਾਂ ਬਾਰੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਜਿਵੇਂ ਉਨ੍ਹਾਂ ਕਿਹਾ

ਰਾਜੇ ਸੀਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ॥

ਗੁਰੂ ਨਾਨਕ ਦੇਵ ਜੀ ਦੇ ਮੁੱਖ ਤਿੰਨ ਸਿਧਾਤ ਕਿਰਤ ਕਰੋ ਨਾਮ ਜਪੋ ਅਤੇ ਵੰਡ ਛੱਕੋ ਨੂੰ ਅੱਜ ਜੇਕਰ ਅਸੀ ਆਪਣੇ ਜੀਵਨ ਵਿੱਚ ਢਾਲ ਲੈਂਦੇ ਹਾਂ ਤਾਂ ਸਾਡੀ ਜਿੰਦਗੀ ਦੀਆਂ ਸਾਰੀਆਂ ਚਿੰਤਾਵਾਂ, ਦੁੱਖ, ਮਾਨਸਿਕ ਪ੍ਰੇਸ਼ਾਨੀਆਂ ਖਤਮ ਹੋ ਸਕਦੀਆ ਹਨ। ਸਮਾਜਿਕ ਨਾ ਬਰਾਬਰੀ, ਜਾਤ-ਪਾਤ ਦੇ ਵਖਰੇਵੇਂ ਮਨੁੱਖ ਵਿੱਚ ਨਕਾਰਤਾਮਕ ਸੋਚ ਪੈਦਾ ਕਰਦੇ ਜਿਸ ਨਾਲ ਮਨ ਵਿੱਚ ਸ਼ੇਤਾਨੀ ਵਿਚਾਰ ਉਪਜਦੇ ਜਿਸ ਨਾਲ ਮਨੁੱਖ ਗਲਤ ਕੰਮਾਂ ਵੱਲ ਜਾਂਦਾ।ਸਬ ਤੋਂ ਪਹਿਲਾਂ ਔਰਤਾਂ ਬਾਰੇ ਅਵਾਜ ਉਠਾਉਣ ਵਾਲੇ ਵੀ ਗੁਰੂ ਨਾਨਕ ਦੇਵ ਜੀ ਸਨ ਜਿੰਨਾਂ ਉਪਦੇਸ਼ ਦਿੱਤਾ ਕਿ-

ਸੋ ਕਿਉ ਮੰਦਾਂ ਆਖੀਐ ਜਿਤੁ ਜੰਮੇ ਰਾਜਾਨ।

ਉਸ ਸਮੇ ਇਹ ਅਵਾਜ ਉਠਾਉਣੀ ਆਪਣੇ ਆਪ ਵਿੱਚ ਇੱਕ ਕ੍ਰਾਤੀਕਾਰੀ ਕਦਮ ਸੀ। ਉਹਨਾਂ ਸਦਭਾਵਨਾ ਅਤੇ ਭਾਈਚਾਰਕ ਏਕਤਾ ਦਾ ਸੰਦੇਸ਼ ਦਿੱਤਾ। ਉਸ ਸਮੇ ਔਰਤ ਨੂੰ ਪੈਰ ਦੀ ਜੁੱਤੀ, ਭੰਡ ਸ਼ਬਦਾਂ ਨਾਲ ਬੁਲਾਇਆ ਜਾਂਦਾ ਸੀ। ਜੱਗ ਜਨਣੀ ਅਤੇ ਔਰਤ ਨੂੰ ਵਿਅਕਤੀ ਦੀ ਪਹਿਲੀ ਅਧਿਆਪਕ ਦਾ ਖਿਤਾਬ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਬਾਲ ਵਿਆਹ, ਦਾਜ ਪ੍ਰਥਾ ਖਿਲਾਫ ਵੀ ਆਪਣੀ ਅਵਾਜ ਬਲੁੰਦ ਕੀਤੀ।

ਬਾਬਰ ਦੇ ਹਮਲਿਆਂ ਅਤੇ ਫੌਜੀ ਅੱਤਿਆਚਾਰਾਂ ਬਾਰੇ ਉਨ੍ਹਾਂ ਆਪਣੀ ਬਾਣੀ ਰਾਂਹੀ ਕਈ ਸਿੱਧੀਆਂ ਟਿੱਪਣੀਆਂ ਕੀਤੀਆਂ। ਗੁਰੂ ਜੀ ਨੇ ਬਾਬਰ ਦੀ ਹਮਲਾਵਰ ਨੀਤੀ ਅਤੇ ਉਸ ਦੀਆਂ ਫੌਜਾਂ ਦੁਆਰਾ ਕੀਤੇ ਜ਼ੁਲਮਾਂ 'ਤੇ ਖੁੱਲ ਕੇ ਲਿਖਿਆ ਅਤੇ ਬੋਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਰ ਵੱਲੋਂ ਕੀਤੇ ਜਾ ਰਹੇ ਜੁਲਮ ਬਾਰੇ ਮਾਝ ਕੀ ਵਾਰ ਵਿੱਚ ਉਹਨਾਂ ਨੇ ਕਿਹਾ:
"ਪਾਪ ਕੀ ਜੰਝ ਲਾਇ ਕੈ ਦਿਲੀ ਕੁ ਤੋਹਿ ਮੁਗਲ ਪਠਾਣਾ।"

ਸਿੱਖ ਦਰਮ ਵਿੱਚ ਲੰਗਰ ਦੀ ਪ੍ਰਥਾ ਨੂੰ ਸ਼ੁਰੂ ਕਰਨ ਵਾਲੇ ਵੀ ਗੁਰੁ ਨਾਨਕ ਸਨ ਜਿੰਨਾਂ ਨੇ ਉਸ ਸਮੇਂ ਜਾਤ-ਪਾਤ ਅਮੀਰ-ਗਰੀਬ ਦੇ ਫਰਕ ਨੂੰ ਖਤਮ ਕਰਨ ਵਿੱਚ ਆਪਣਾ ਯੋਗਦਾਨ ਪਾਇਆ। 1539 ਵਿੱਚ ਉਨਾਂ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੀਆਂ ਸਿੱਖਿਆਵਾਂ ਨੂੰ ਲੋਕਾਂ ਤੱਕ ਪਹਚਾਉਣ ਲਈ ਭਾਈ ਲਹਿਣਾ ਨੂੰ ਆਪਣੇ ਵਾਰਿਸ ਵੱਜੋਂ ਨਿੰਯੁਕਤ ਕੀਤਾ ਜੋ ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਜਾਣੇ ਗਏ।

ਅੱਜ ਜਦੋਂ ਸਮਾਜ ਵਿੱਚ ਧਰਮ ਦੇ ਨਾਮ ਤੇ ਵੰਡੀਆਂ ਪਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ ਤਾਂ ਸਾਨੂੰ ਉਹਨਾਂ ਦੀ ਵਿਚਾਰਧਾਰਾ ਅਤੇ ਸੋਚ ਨੂੰ ਆਪਣੀ ਜਿੰਦਗੀ ਵਿੱਚ ਲਾਗੂ ਕਰਨਾ ਚਾਹੀਦਾ ਜਿਥੇ ਅਸੀ ਉਹਨਾਂ ਵੱਲੋਂ ਸ਼ੁਰੂ ਕੀਤੀ ਲੰਗਰ ਪ੍ਰਥਾ ਅਤੇ ਉਹਨਾਂ ਵੱਲੋਂ ਦਿੱਤੇ ਗਏ  ਨਾਮ ਜਪੋ  ਕਿਰਤ ਕਰੋ, ਅਤੇ ਵੰਡ ਛੱਕੋ ਦੇ ਸੰਦੇਸ਼ ਨੂੰ ਸਮਾਜ ਵਿੱਚ ਲਾਗੂ ਕਰੀਏ। ਉਹਨਾਂ ਵੱਲੋਂ ਮਨੁੱਖਤਾ ਦੀ ਸੇਵਾ, ਧਰਮਾਂ ਦੀ ਬਰਾਬਰੀ, ਜਾਤਪਾਤ ਅਤੇ ਔਰਤਾਂ ਨਾਲ ਕੀਤੇ ਜਾ ਰਹੇ ਸ਼ੋਸ਼ਣ ਨੂੰ ਖਤਮ ਕਰਨ ਵਿੱਚ ਆਪਣਾ ਯੋਗਦਾਨ ਪਾਈਏ।

## ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀ ਨੇ ਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨਸ਼ਿਪ 'ਚ ਜਿੱਤਿਆ ਗੋਲਡ ਮੈਡਲ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ ਨੂੰ ਇਹ ਐਲਾਨ ਕਰਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਸਰੀਰਕ ਸਿੱਖਿਆ ਅਤੇ ਖੇਡ ਵਿਗਿਆਨ ਵਿਭਾਗ ਦੇ ਬੀਪੀਈਐਸ ਪਹਿਲੇ ਸਮੈਸਟਰ ਦੇ ਵਿਦਿਆਰਥੀ ਪੰਚਮਪ੍ਰੀਤ ਸਿੰਘ ਨੇ 33ਵੀਂ ਨੈਸ਼ਨਲ ਸਬ ਜੂਨੀਅਰ, ਸੀਨੀਅਰ, ਮਾਸਟਰ (ਪੁਰਸ਼/ਮਹਿਲਾ) ਕਲਾਸਿਕ ਅਤੇ ਬੈਂਚ ਪ੍ਰੈਸ, ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤਿਆ ਹੈ। ਇਹ ਚੈਂਪੀਨਸ਼ਿਪ ਰਵਿੰਦਰਾ ਭਵਨ, ਬੈਨਾ ਬੀਚ, ਮੁਰਮੁਗੋ ਵਾਸਕੋ-ਡੀ-ਗਾਮਾ, ਗੋਆ ਵਿਖੇ 14 ਤੋਂ 18 ਅਕਤੂਬਰ 2024 ਨੂੰ ਕਰਵਾਈ ਗਈ। ਪੰਚਮਪ੍ਰੀਤ ਸਿੰਘ, ਇੱਕ ਪ੍ਰਤਿਭਾਸ਼ਾਲੀ ਅਤੇ ਸਮਰਪਿਤ ਖਿਡਾਰੀ ਹੈ ਜਿਸ ਨੇ ਦੇਸ਼ ਭਰ ਦੇ ਪ੍ਰਤੀਯੋਗੀਆਂ ਨੂੰ ਪਛਾੜਨ ਲਈ ਬੇਮਿਸਾਲ ਤਾਕਤ ਅਤੇ ਤਕਨੀਕ ਦਾ ਪ੍ਰਦਰਸ਼ਨ ਕੀਤਾ। ਇਹ ਪ੍ਰਭਾਵਸ਼ਾਲੀ ਪ੍ਰਾਪਤੀ ਪੰਚਮਪ੍ਰੀਤ ਸਿੰਘ ਦੀ ਸਖ਼ਤ ਮਿਹਨਤ, ਦ੍ਰਿੜ੍ਹ ਇਰਾਦੇ ਅਤੇ ਉੱਤਮਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ।



ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਤੇ ਪਰੋ-ਚਾਂਸਲਰ ਡਾ ਤਜਿੰਦਰ ਕੌਰ ਨੇ ਕਿਹਾ, "ਅਸੀਂ ਪੰਚਮਪ੍ਰੀਤ ਸਿੰਘ ਦੀ ਇਸ ਸ਼ਾਨਦਾਰ ਸਫਲਤਾ ਪ੍ਰਾਪਤ ਕਰਦੇ ਦੇਖ ਕੇ ਬਹੁਤ ਖੁਸ਼ ਹਾਂ।" "ਇਹ ਪ੍ਰਾਪਤੀ ਨਾ ਸਿਰਫ਼ ਦੇਸ਼ ਭਗਤ ਯੂਨੀਵਰਸਿਟੀ ਲਈ ਮਾਣ ਦੀ ਗੱਲ ਹੈ, ਸਗੋਂ ਬਾਕੀ ਵਿਦਿਆਰਥੀਆਂ ਨੂੰ ਵੀ ਉਨ੍ਹਾਂ ਦੇ ਸਬੰਧਤ ਕੰਮਾਂ ਵਿੱਚ ਉੱਤਮਤਾ ਲਿਆਉਣ ਲਈ ਪ੍ਰੇਰਿਤ ਕਰਦੀ ਹੈ।"

ਇਸ ਮੌਕੇ ਪੰਚਮਪ੍ਰੀਤ ਸਿੰਘ ਨੇ ਕਿਹਾ, "ਇਹ ਪ੍ਰਾਪਤੀ ਮੇਰੇ ਯੂਨੀਵਰਸਿਟੀ ਦੇ ਕੋਚਾਂ, ਪਰਿਵਾਰ ਅਤੇ ਦੋਸਤਾਂ ਦੇ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਸੀ। ਮੈਨੂੰ ਦੇਸ਼ ਭਗਤ ਯੂਨੀਵਰਸਿਟੀ ਦੀ ਨੁਮਾਇੰਦਗੀ ਕਰਨ 'ਤੇ ਮਾਣ ਹੈ ਅਤੇ ਮੈਂ ਆਪਣੇ ਆਪ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਦੀ ਉਮੀਦ ਕਰਦਾ ਹਾਂ।

## ਓਸ਼ਾਵਾ ਵਿਚ ਭਾਰਤੀ ਸੀਨੀਅਰ ਨਾਗਰਿਕਾਂ ਦਾ ਵਿਦਾਇਗੀ ਸਮਾਰੋਹ"





**ਓਨਟਾਰੀਓ (ਕੈਨੇਡਾ), (ਰਾਜਿੰਦਰ ਸਿੰਘ ਰਾਜਨ)** ਨਟਾਰੀ ਦੇ ਸ਼ਹਿਰ  ਸ਼ਾਵਾ ਦੇ ਸਟੀਪਲਚੇਸ ਪਾਰਕ ਵਿਚ ਭਾਰਤ ਦੇ ਸੀਨੀਅਰ ਨਾਗਰਿਕਾਂ ਦੁਆਰਾ ਇੱਕ ਵਿਸ਼ੇਸ਼ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜੋ ਭਰਪੂਰ ਉਤਸਾਹ ਅਤੇ ਮਾਣ ਨਾਲ ਭਰਿਆ ਹੋਇਆ ਸੀ। ਇਸ ਸਮਾਰੋਹ ਦਾ ਵਿਸ਼ੇਸ਼ ਮਕਸਦ ਸੀ ਸੀਨੀਅਰ ਭਾਰਤੀ ਨਾਗਰਿਕਾਂ ਨੂੰ ਸਨਮਾਨਿਤ ਕਰਨਾ, ਜੋ ਲੰਮੇ ਸਮੇਂ ਬਾਅਦ ਮੁੜ ਭਾਰਤ ਪਰਤ ਰਹੇ ਸਨ। ਸਮਾਰੋਹ ਵਿੱਚ ਖੇਤੀਬਾੜੀ ਯੂਨੀਵਰਸਿਟੀ ਦੇ ਸੇਵਾ ਮੁਕਤ ਡਿਪਟੀ ਡਾਇਰੈਕਟਰ ਕੁਲਦੀਪ ਸਿੰਘ ਸਾਹਨੇਵਾਲ (ਲੁਧਿਆਣਾ), ਉਕਾਰ ਸਿੰਘ ਮਾਨਸਾ, ਅਤੇ ਸੁਖਦੇਵ ਸਿੰਘ ਪਾਣ-ੀਪਤ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ ਅਤੇ ਉਨ੍ਹਾਂ ਦੀ ਭਵਿੱਖ ਯਾਤਰਾ ਲਈ ਸਫਲਤਾ ਅਤੇ ਖੁਸ਼ੀ ਦੀਆਂ ਕਾਮਨਾਵਾਂ ਕੀਤੀਆਂ ਗਈਆਂ।

ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ  ਤੇ 100 ਸਾਲ ਦੇ ਬਜੁਰਗ ਸ੍ਰ. ਗੁਰਬਚਨ ਸਿੰਘ (ਫਰੀਦਕੋਟ), ਸ੍ਰ. ਸੰਤੋਖ ਸਿੰਘ (ਸੇਵਾ ਮੁਕਤ ਲੈਕਚਰਾਰ, ਗੁਰਦਾਸਪੁਰ), ਪ੍ਰਿੰਸੀਪਲ ਜਗਦੀਸ਼ ਚੰਦਰ ਬੰਗਰ (ਭੀਲਵੜਾ) ਅਤੇ ਅਲੀ ਖਾਨ (ਕਾਦੀਆਂ) ਆਦਿ ਸ਼ਾਮਲ ਸਨ ਜਿਨ੍ਹਾਂ  ਨੇ ਆਪਣੇ ਜੀਵਨ ਦੇ ਅਨੁਭਵ ਸਾਂਝੇ ਕੀਤੇ ਅਤੇ ਵਿਦਾਇਗੀ ਲਈ ਭਾਵੁਕਤਾ ਭਰਿਆ ਸੰਦੇਸ਼ ਦਿੱਤਾ। ਇਹ ਸਮਾਰੋਹ ਇਕ ਪ੍ਰੇਰਣਾਦਾਇਕ ਉਦਾਹਰਨ ਸੀ ਕਿ ਕਿਵੇਂ ਵਿਦੇਸ਼ਾਂ ਵਿੱਚ ਵਸੇ ਭਾਰਤੀ ਪਰਿਵਾਰ ਆਪਣੇ ਸਾਂਝੇ ਵਿਰਸੇ ਨੂੰ ਜਿੰਦਾ ਰੱਖਦੇ ਹਨ ਅਤੇ ਆਪਣੇ ਸਤਿਕਾਰ ਯੋਗ ਬਜੁਰਗ ਸਾਥੀਆ ਨੂੰ ਉਹ ਮਾਣ ਸਨਮਾਨ ਦਿੰਦੇ ਹਨ।

ਸਮਾਰੋਹ ਨੂੰ ਸੰਬੋਧਨ ਕਰਦਿਆਂ ਲੈਕਚਰਾਰ ਸੰਤੋਖ ਸਿੰਘ ਨੇ ਕਿਹਾ ਕਿ ਭਾਰਤ ਵਾਪਸ ਜਾ ਰਹੇ ਸਾਰੇ ਨਾਗਰਿਕਾਂ ਲਈ ਇਹ ਸਮਾਰੋਹ ਇੱਕ ਖਾਸ ਯਾਦਗਾਰ ਹੈ। ਉਨ੍ਹਾਂ ਨੇ ਨਾਗਰਿਕਾਂ ਨੂੰ ਉੱਤਮ ਸਫਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੀਆਂ ਯਾਦਾਂ ਨੂੰ ਸੰਗ੍ਰਹਿਤ ਕਰਨ ਦੀ ਪ੍ਰੇਰਣਾ ਦਿੱਤੀ, ਤਾਂ ਜੋ ਉਨ੍ਹਾਂ ਦੀ ਯਾਤਰਾ ਸਫਲਤਾਪੂਰਕ ਰਹੇ। ਉਨ੍ਹਾਂ ਕਿਹਾ ਕਿ ਇਹ ਯਾਤਰਾ ਨਾ ਸਿਰਫ਼ ਇੱਕ ਸਫਰ ਹੈ, ਬਲਕਿ ਆਪਣੇ ਵੱਤਨ ਦੀ ਪਛਾਣ ਅਤੇ ਅਸਲ ਜੜਾਂ ਨਾਲ ਜੁੜਨ ਦਾ ਮੌਕਾ ਹੈ। ਇਸ ਸਮਾਗਮ ਦੇ ਮੌਕੇ ਸਾਰੇ ਸੀਨੀਅਰ ਨਾਗਰਿਕਾਂ ਨੇ ਸਨਮਾਨਿਤ ਵਿਦਾਇਗੀ ਮਹਿਮਾਨਾਂ ਨੂੰ ਗੁਲਦਸਤੇ ਭੇਂਟ ਕੀਤੇ ਅਤੇ ਉਨ੍ਹਾਂ ਦੇ ਸਫਰ ਦੀਆਂ ਕਾਮਨਾਵਾਂ ਕੀਤੀਆਂ।

ਅੰਤ: ਭਾਰਤ ਜਾ ਰਹੇ ਸੀਨੀਅਰ ਨਾਗਰਿਕ ਨੇ ਵਿਦਾਇਗੀ ਦੇਣ ਵਾਲੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ, "ਤੁਹਾਡਾ ਸਹਿਯੋਗ ਅਤੇ ਪਿਆਰ ਸਾਡੇ ਲਈ ਬੇਮਿਸਾਲ ਹੈ। ਇਸ ਸਮਾਰੋਹ ਨੇ ਸਾਨੂੰ ਯਾਦਗਾਰ ਮੋੜ ਦਿਤਾ ਹੈ। ਤੁਹਾਡੇ ਨਾਲ ਬਿਤਾਏ ਪਲ ਸਾਡੇ ਦਿਲਾਂ ਵਿੱਚ ਸਦਾ ਰਹਿਣਗੇ। ਦਿਲੋਂ ਧੰਨਵਾਦ!"

# ਆਈਏਐਸ ਦੀ ਤਿਆਰੀ ਦੌਰਾਨ ਕਿਵੇਂ ਪ੍ਰੇਰਿਤ ਰਹੋ ?



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸਵਲ ਸੇਵਾਵਾਂ ਆਈਏਐਸ ਦੀ ਪ੍ਰੀਖਿਆ ਨੂੰ ਵਿਸ਼ਵ ਦੀ ਸਭ ਤੋਂ ਮੁਸ਼ਕਿਲ ਪ੍ਰੀਖਿਆਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ. ਇਹ ਸਿਰਫ ਪਰਖ ਕੀਤੇ ਜਾਣ ਵਾਲੇ ਵੱਖ ਵੱਖ ਵਿਸ਼ਿਆਂ ਦੇ ਗਿਆਨ ਦੇ ਕਾਰਨ ਹੀ ਨਹੀਂ, ਬਲਕਿ ਪੂਰੇ ਪ੍ਰੀਖਿਆ ਚੱਕਰ ਦੇ ਅਰਸੇ ਦੇ ਕਾਰਨ ਵੀ ਹੈ. ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐਸਸੀ) ਦੁਆਰਾ ਨੋਟੀ-ਫਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਲੈ ਕੇ ਅੰਤਮ ਮੈਰਿਟ ਸੂਚੀ ਜਾਰੀ ਹੋਣ ਤੱਕ ਘੱਟੋ ਘੱਟ 15 ਮਹੀਨੇ ਲੱਗਦੇ ਹਨ. ਹੋਰ ਚੁਣੌਤੀਆਂ ਦੇ ਵਿੱਚ, ਆਪਣੀ ਪ੍ਰੇਰਣਾ ਨੂੰ ਕਾਇਮ ਰੱਖਣਾ, ਇਸ ਯਾਤਰਾ ਦੇ ਦੌਰਾਨ ਆਈਏਐਸ ਦੀ ਪ੍ਰੀਖਿਆ ਵਿੱਚ ਸਫਲਤਾ ਦਾ ਮੁੱਖ ਨਿਰਧਾਰਕ ਹੈ.

**1. ਉਦੇਸ਼ ਲੱਭੋ–** ਆਪਣੇ ਆਪ ਨੂੰ ਪ੍ਰਸ਼ਨ ਕਰੋ - "ਮੈਨੂੰ ਆਈਏਐਸ ਅਧਿਕਾਰੀ ਕਿਉਂ ਬਣਨਾ ਚਾਹੀਦਾ ਹੈ"? ਚੰਗੀ ਤਨਖਾਹ ਅਤੇ ਸਮਾਜਿਕ ਵੱਕਾਰ ਤੋਂ ਇਲਾਵਾ, ਭਾਰਤੀ ਪ੍ਰਬੰਧਕੀ ਸੇਵਾ (ਆਈ.ਏ.ਐਸ.) ਤੁਹਾਨੂੰ ਸਮਾਜ ਦੇ ਨੁਕਸਾਨ ਦੇ ਭਾਗਾਂ ਦੀ ਸੇਵਾ ਕਰਨ ਦੇ ਕਾਫ਼ੀ ਮੌਕੇ ਪ੍ਰਦਾਨ ਕਰਦੀ ਹੈ. ਬਹੁਤਿਆਂ ਲਈ, ਆਈਏਐਸ ਦੁਆਰਾ ਪੇਸ਼ ਕੀਤੇ ਗਏ ਇਹ ਅਵਸਰ ਪ੍ਰੇਰਕ ਵਜੋਂ ਕੰਮ ਕਰਦੇ ਹਨ.

**2. ਦਿਨ ਦੇ ਸੁਪਨੇ ਵੇਖਣ ਤੋਂ ਪਰਹੇਜ਼ ਕਰੋ**

ਬਹੁਤੇ ਵਾਰੀ, ਚਾਹਵਾਨ ਇੱਕ ਪੱਕਾ ਰਸਤਾ ਉਸਾਰਨ ਦੀ ਬਜਾਏ ਆਪਣੇ ਟੀਚਿਆਂ ਦੀ ਪ੍ਰਾਪਤੀ ਦੀ ਪਰੀ ਕਹਾਣੀ ਬਾਰੇ ਸੁਪਨੇ ਦੇਖਦੇ ਹਨ. ਆਈਏਐਸ ਅਧਿਕਾਰੀ ਹੋਣ ਬਾਰੇ ਕਲਪਨਾ ਕਰਨਾ ਚੀਜ਼ਾਂ ਨੂੰ ਬਦਲਣ ਵਾਲਾ ਨਹੀਂ ਹੈ. ਇਮਤਿਹਾਨ ਵਿੱਚ ਸਫਲ ਹੋਣ ਲਈ, ਇੱਕ ਲਾਜ਼ਮੀ ਯੋਜਨਾ ਅਤੇ ਇੱਕ ਚੱਲਣ ਵਾਲੀ ਤਿਆਰੀ ਰਣਨੀਤੀ ਹੋਣੀ ਚਾਹੀਦੀ ਹੈ. ਇੱਕ ਕਾਰਜਕਾਰੀ ਰਣਨੀਤੀ ਅਭਿਲਾਸ਼ਾ ਲਈ ਨਿਰੰਤਰ ਪ੍ਰੇਰਕ ਵਜੋਂ ਕੰਮ ਕਰਦੀ ਹੈ

**3. ਆਪਣੇ ਟੀਚੇ ਨੂੰ ਛੋਟੇ ਹਿੱਸਿਆਂ ਵਿਚ ਵੰਡੋ**

ਉਦਾਹਰਣ ਦੇ ਲਈ, ਜੇ ਤੁਹਾਡਾ ਟੀਚਾ 100 ਤੋਂ ਘੱਟ ਰੈਂਕ ਨੂੰ ਸੁਰੱਖਿਅਤ ਕਰਨਾ ਹੈ, ਤਾਂ ਤੁਹਾਡੇ ਕੋਲ ਵਿਸ਼ੇ ਅਨੁਸਾਰ ਨਿਸ਼ਾਨਾ ਵੀ ਹੋਣੇ ਚਾਹੀਦੇ ਹਨ. ਆਪਣੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦੇ ਅਧਾਰ ਤੇ, ਆਮ ਅਧਿਐਨ, ਵਿਕਲਪਿਕ ਵਿਸ਼ਾ ਅਤੇ ਇੰਟਰਵਿ. ਲਈ ਆਪਣੇ ਟੀਚਿਆਂ ਨੂੰ ਸਹੀ ਕਰੋ. ਟੀਚੇ ਨੂੰ ਕਾਗਜ਼ ਦੇ ਅਨੁਸਾਰ ਵੰਡੋ. ਇਹ ਤੁਹਾਨੂੰ ਪ੍ਰੀਖਿਆ ਦੀ ਤਿਆਰੀ ਦੇ ਪ੍ਰਬੰਧਨ ਵਿਚ ਹੀ ਨਹੀਂ ਬਲਕਿ ਲੰਬੇ ਸਮੇਂ ਲਈ ਪ੍ਰੇਰਣਾ ਨੂੰ ਕਾਇਮ ਰੱਖਣ ਵਿਚ ਵੀ ਸਹਾਇਤਾ ਕਰੇਗਾ.

**4. ਆਪਣੇ ਆਪ ਨੂੰ ਨਿਯਮਤ ਰੂਪ ਵਿੱਚ ਮੁਲਾਂਕਣ ਕਰੋ**

ਤੁਹਾਨੂੰ ਨਿਯਮਤ ਅੰਤਰਾਲਾਂ ਤੇ ਆਪਣੇ ਆਪ ਦਾ ਮੁਲਾਂਕਣ ਕਰਨਾ ਲਾਜ਼ਮੀ ਹੈ. ਆਪਣੇ ਆਪ ਨੂੰ ਰੋਜ਼ਾਨਾ, ਹਫਤਾਵਾਰੀ ਅਤੇ ਮਾਸਿਕ ਅਧਾਰ 'ਤੇ ਅਭਿਆਸ ਅਤੇ ਮਖੌਲ ਦੇ ਟੈਸਟਾਂ ਦੁਆਰਾ ਟੈਸਟ ਕਰਨ ਲਈ ਲੋੜੀਂਦਾ ਸਮਾਂ ਨਿਰਧਾਰਤ ਕਰੋ. ਇਹ ਤੁਹਾਡੀ ਤਿਆਰੀ ਲਈ ਫੀਡਬੈਕ ਵਿਧੀ ਵਜੋਂ ਕੰਮ ਕਰੇਗਾ ਅਤੇ ਤੁਹਾਡੀਆਂ ਗਲਤੀਆਂ ਨੂੰ ਦੂਰ ਕਰਨ ਵਿਚ ਸਹਾਇਤਾ ਕਰੇਗਾ. ਜਦੋਂ ਤੁਸੀਂ ਆਪਣੀ ਤਿਆਰੀ ਵਿਚ ਤਰੱਕੀ ਦੇਖਦੇ ਹੋ, ਤਾਂ ਇਹ ਤੁਹਾਡੇ ਲਈ ਪ੍ਰੇਰਕ ਵਜੋਂ ਕੰਮ ਕਰੇਗਾ.

**5. 'ਹੁਣ' 'ਤੇ ਧਿਆਨ ਦਿਓ**

'ਹੁਣ' ਦੀ ਸ਼ਕਤੀ ਦਾ ਅਹਿਸਾਸ ਕਰੋ। ਆਪਣੇ ਵਿਚਾਰਾਂ ਨੂੰ ਮੌਜੂਦਾ ਸਮੇਂ ਵਿੱਚ ਲਗਾਓ. ਜਦੋਂ ਕਿ ਪਿਛਲੇ ਸਮੇਂ ਦੀਆਂ ਅਸਫਲਤਾਵਾਂ ਬਾਰੇ ਸੋਚਣਾ ਤਣਾਅ ਦਾ ਕਾਰਨ ਬਣਦਾ ਹੈ, ਭਵਿੱਖ ਬਾਰੇ ਬਹੁਤ ਸਾਰੇ ਵਿਚਾਰ ਚਿੰਤਾ ਵੱਲ ਲੈ ਜਾਂਦੇ ਹਨ. ਇਸ ਲਈ, ਚਾਹਵਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮੌਜੂਦ ਰਹਿਣ ਅਤੇ ਦਿਨ ਦੇ ਸ਼ਡਿਊਲ ਤੇ ਰਹਿਣ. ਜੇ ਤੁਸੀਂ ਇਸ ਨੂੰ ਧਾਰਮਿਕ ਢੰਗ ਨਾਲ ਕਰਦੇ ਹੋ, ਤਾਂ ਤਿਆਰੀ ਦਾ ਕੰਮ ਖੁਦ ਤੁਹਾਡੇ ਲਈ ਪ੍ਰੇਰਕ ਬਣ ਜਾਵੇਗਾ. ਜਦ ਕਿ, ਤਿਆਰੀ ਦਾ ਨਤੀਜਾ ਤੁਹਾਡੇ ਲਈ ਘੱਟੋ ਘੱਟ ਚਿੰਤਾ ਨਹੀਂ ਹੋਵੇਗਾ.

**6. ਸਿਹਤ ਧਨ ਹੈ**

ਆਪਣੇ ਸਰੀਰ ਅਤੇ ਦਿਮਾਗ ਨੂੰ ਨਿਰੰਤਰ ਅਧਾਰ ਤੇ ਪ੍ਰੀਖਿਆ ਲਈ ਤਿਆਰ ਕਰੋ. ਯਾਦ ਰੱਖੋ ਕਿ ਇੱਕ ਮਜ਼ਬੂਤ ਮਨ ਸਿਰਫ ਇੱਕ ਮਜ਼ਬੂਤ ਸਰੀਰ ਵਿੱਚ ਹੁੰਦਾ ਹੈ. ਦਿਨ ਵਿਚ ਘੱਟੋ ਘੱਟ 45 ਮਿੰਟ ਸਰੀਰਕ ਅਤੇ ਮਾਨਸਿਕ ਅਭਿਆਸਾਂ ਲਈ ਬਤੀਤ ਕਰੋ. ਚੰਗੀ ਸਿਹਤ ਤੁਹਾਨੂੰ ਚੰਗੀ ਰੂਹ ਵਿਚ ਰੱਖਦੀ ਹੈ ਅਤੇ ਹਰ ਸਮੇਂ ਭਿਆਨਕ ਆਈਏਐਸ ਪ੍ਰੀਖਿਆ ਦੀ ਤਿਆਰੀ ਲਈ ਪ੍ਰੇਰਣਾ ਬਣਾਈ ਰੱਖਣ ਵਿਚ ਤੁਹਾਡੀ ਮਦਦ ਕਰਦੀ ਹੈ।

ਹਮੇਸ਼ਾਂ ਯਾਦ ਰੱਖੋ ਕਿ ਆਈਏਐਸ ਪ੍ਰੀਖਿਆ ਨੂੰ ਪਾਸ ਕਰਨ ਲਈ ਗਿਆਨ ਕਾਫ਼ੀ ਨਹੀਂ ਹੈ. ਭਰਤੀ ਪ੍ਰਕਿਰਿਆ ਦੋ ਸਾਲਾਂ ਦੀ ਮਿਆਦ ਵਿੱਚ ਤੁਹਾਡੇ ਧੀਰਜ ਅਤੇ ਅਨੁਸ਼ਾਸਨ ਦੀ ਜਾਂਚ ਲਈ ਤਿਆਰ ਕੀਤੀ ਗਈ ਹੈ ਜਿਸ ਲਈ ਪ੍ਰੇਰਣਾ ਜ਼ਰੂਰੀ ਹੈ. ਅਸੀਂ ਆਸ ਕਰਦੇ ਹਾਂ ਕਿ ਉਪਰੋਕਤ ਦੱਸੇ ਗਏ ਸੁਝਾਅ ਆਈਏਐਸ ਪ੍ਰੀਖਿਆ ਦੀ ਤਿਆਰੀ ਦੌਰਾਨ ਤੁਹਾਨੂੰ ਪ੍ਰੇਰਿਤ ਰਹਿਣ ਵਿੱਚ ਸਹਾਇਤਾ ਕਰਨਗੇ.

# ਐਨਟੀਐਸਈ ਸਕਾਲਰ ਬਣਨ ਲਈ ਬਿਹਤਰ ਕਾਰਗੁਜ਼ਾਰੀ ਦੇ ਨਾਲ ਪ੍ਰੇਰਣਾ ਦੀ ਕਿਉਂ ਲੋੜ ਹੈ? - ਵਿਜੈ ਗਰਗ

ਰਾਸ਼ਟਰੀ ਪ੍ਰਤਿਭਾ ਖੋਜ ਪ੍ਰੀਖਿਆ (ਐਨਟੀਐਸਈ) ਭਾਰਤ ਵਿੱਚ ਇੱਕ ਰਾਸ਼ਟਰੀ ਪੱਧਰੀ ਸਕਾਲਰਸ਼ਿਪ ਪ੍ਰੋਗਰਾਮ ਹੈ. ਇਹ ਵਿਦਿਆਰਥੀਆਂ ਦੀ ਸਮਰੱਥਾ ਨੂੰ ਪਛਾਣਨ ਅਤੇ ਟੈਪ ਕਰਨ ਦੀ ਕੋਸ਼ਿਸ਼ ਹੈ. . ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਨਸੀਈਆਰਟੀ) ਆਯੋਜਿਤ ਕਰਦੀ ਹੈ ਇਸ ਨੂੰ ਇਕ ਬਹੁਤ ਹੀ ਵੱਕਾਰੀ ਪ੍ਰੀਖਿਆ ਮੰਨਿਆ ਜਾਂਦਾ ਹੈ. ਹਰ ਸਾਲ ਇਸ ਸਕਾਲਰਸ਼ਿਪ ਦੀ ਪ੍ਰੀਖਿਆ ਲਈ ਤਕਰੀਬਨ 80 ਲੱਖ ਵਿਦਿਆਰਥੀ ਆਉਂਦੇ ਹਨ, ਜਿਨ੍ਹਾਂ ਵਿਚੋਂ 2000 ਸਕ-ਾਲਰਸ਼ਿਪ ਦਿੱਤੀ ਜਾਂਦੀ ਹੈ। ਵਜ਼ੀਫ਼ਾ ਸਿਰਫ ਭਾਰਤੀ ਕੌਮੀਅਤ ਦੇ ਵਿਦਿਆਰਥੀਆਂ ਲਈ ਖੁੱਲ੍ਹਾ ਹੈ. ਦਸਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਸ਼ਾਮਲ ਹੋਣ ਦੇ ਯੋਗ ਹਨ। ਇਸ ਲੇਖ ਵਿਚ, ਅਸੀਂ ਤੁਹਾਡੇ ਨਾਲ ਐਨਟੀਐਸਈ ਟੌਪਰ ਬਣਨ ਲਈ ਚੋਟੀ ਦੇ ਸੁਝਾਅ ਸਾਂਝੇ ਕਰਾਂਗੇ।

ਇਸ ਤੋਂ ਪਹਿਲਾਂ ਕਿ ਅਸੀਂ ਇਨ੍ਹਾਂ ਇਮਤਿਹਾਨਾਂ ਨੂੰ ਪੱਕਾ ਕਰਨ ਦੀਆਂ ਚਾਲਾਂ ਵਿਚ ਡੂੰਘੀ ਡੁੱਬ ਸਕੀਏ, ਆਓ ਜਲਦੀ ਆਓ ਆਪਾਂ ਬੇਸਿਕ ਗੱਲਾਂ ਨੂੰ ਸਮਝਣ ਵਿਚ ਸਹਾਇਤਾ ਲਈ ਵੱਖ ਵੱਖ ਐਨਟੀਐਸਈ ਟੈਸਟਾਂ ਵੱਲ ਝਾਤ ਮਾਰੀਏ.

ਦਸਵੀਂ ਜਮਾਤ ਲਈ ਪ੍ਰੀਖਿਆਵਾਂ ਦੋ ਪੱਧਰਾਂ 'ਤੇ ਕਰਵਾਈਆਂ ਜਾਂਦੀਆਂ ਹਨ:

ਪਹਿਲਾ ਪੱਧਰ

**ਸਕਾਲਿਸਟਿਕ ਐਪਟੀਟਿਊਡ ਟੈਸਟ (ਓਠ)**

ਇਸ ਪਰੀਖਿਆ ਵਿੱਚ ਮਲਟੀਪਲ-ਵਿਕਲਪ ਪ੍ਰਸ਼ਨ ਹਨ, ਜਿੱਥੇ ਇੱਕ ਵਿਕਲਪ ਸਹੀ ਹੈ. ਹਾਲਾਂਕਿ, ਇਸਦਾ ਮੇਲ ਵੀ ਹੋ ਸਕਦਾ ਹੈ, ਕ੍ਰਮ ਦਾ ਪ੍ਰਬੰਧ ਕਰੋ, ਸਹੀ ਅਤੇ ਗਲਤ ਬਿਆਨ ਅਤੇ ਅੰਸ਼ਾਂ ਦੇ ਅਧਾਰ ਤੇ ਪ੍ਰਸ਼ਨ. ਇਹ ਵਿਚਾਰ ਉ-ਮੀਦਵਾਰਾਂ ਦੀ ਤਰਕ ਯੋਗਤਾ ਅਤੇ ਤਰਕਸ਼ੀਲ ਸੋਚ ਦਾ ਮੁਲਾਂਕਣ ਕਰਨਾ ਹੈ.

**ਮਾਨਸਿਕ ਯੋਗਤਾ ਟੈਸਟ (ਮੈਟ)**

ਇਸ ਵਿਚ ਐਨਾਲਾਗ, ਵਰਗੀਕਰਣ, ਲੜੀਵਾਰ, ਪੈਟਰਨ ਧਾਰਣਾ, ਲੁਕਵੇਂ ਅੰਕੜੇ, ਕੋਡਿੰਗ-ਡੀਕੋਡਿੰਗ, ਬਲਾਕ ਅਸੈਂਬਲੀ, ਸਮੱਸਿਆ ਹੱਲ ਕਰਨਾ ਆਦਿ ਬਾਰੇ ਕਈ ਤਰ੍ਹਾਂ ਦੇ ਪ੍ਰਸ਼ਨ ਹਨ. ਇਥੇ, ਟੀਚਾ ਤਰਕ ਦੀ ਸ਼ਕਤੀ, ਨਿਰਣਾ ਕਰਨ ਦੀ ਯੋਗਤਾ, ਮੁਲਾਂਕਣ, ਉਮੀਦਵਾਰਾਂ ਦੇ ਸਥਾਨ, ਸਥਾਨਿਕ ਰੁਝਾਨ, ਆਦਿ ਵਿੱਚ ਕਲਪਨਾ ਕਰੋ.

ਦੂਜਾ ਪੱਧਰ

ਐਨ.ਸੀ.ਈ.ਆਰ.ਟੀ. ਦੁਆਰਾ ਸਟੇਜ 2 ਦੀਆਂ ਪ੍ਰੀਖਿਆਵਾਂ ਦੇ ਇੱਕ ਨਵੇਂ ਪੈਟਰਨ ਦੀ ਘੋਸ਼ਣਾ ਕੀਤੀ ਗਈ ਹੈ. ਇਮਤਿਹਾਨ ਦਾ ਇਹ ਪੱਧਰ ਵਿਦਿਆਰਥੀਆਂ ਦੀਆਂ ਉਨ੍ਹਾਂ ਦੀਆਂ ਮਾਨਸਿਕ ਯੋਗਤਾਵਾਂ, , ਵਿਦਿਅਕ ਰੁਝਾਨਾਂ ਅਤੇ ਸਮਾਜਿਕ ਵਿਗਿਆਨ ਸੰਬੰਧੀ ਸਮਰੱਥਾ ਦੀ ਪਰਖ ਕਰਦਾ ਹੈ

ਸਕਾਲਰਸ਼ਿਪ ਇਨਾਮ

ਵਿਦਿਆਰਥੀ ਜੋ ਦੂਜੇ ਪੜਾਅ ਦੀਆਂ ਪ੍ਰੀਖਿਆਵਾਂ ਨੂੰ ਖਤਮ ਕਰਦੇ ਹਨ ਉਹ ਐਨਟੀਐਸਈ ਸਕਾਲਰਸ਼ਿਪ ਲਈ ਯੋਗ ਹਨ. ਇਸ ਤੋਂ ਇਲਾਵਾ, ਇੱਥੇ ਮਾਪਿਆਂ ਦੀ ਆਮਦਨੀ, ਸਰਕਾਰੀ ਸਕੂਲ, ਨਿਵਾਸ, ਆਦਿ ਵਰਗੀਆਂ ਕੋਈ ਪਾਬੰਦੀਆਂ ਨਹੀਂ ਹਨ. ਹਾਲਾਂਕਿ, ਜੇ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਜਾਂਦਾ ਹੈ, ਤਾਂ ਵਜ਼ੀਫ਼ਾ ਨਹੀਂ ਦਿੱਤਾ ਜਾਵੇਗਾ।

ਇੰਨੇ ਉੱਚੇ ਹਿੱਸੇਦਾਰੀ ਅਤੇ ਮੁਕਾਬਲਾ ਇੰਨਾ ਸਖਤ ਹੋਣ ਦੇ ਨਾਲ, ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਕੁਝ ਸੁਝਾਅ ਇਹ ਹਨ ਕਿ ਕਿਵੇਂ ਐਨਟੀਐਸਈ ਦੀਆਂ ਪ੍ਰੀਖਿਆਵਾਂ ਨੂੰ ਕ੍ਰੈਕ ਕਰਨਾ ਹੈ.

**ਐਨਟੀਐਸਈ ਸਕਾਲਰ ਬਣਨ ਦੇ ਸੁਝਾਅ**

**ਆਪਣੀਆਂ ਤਾਕਤਾਂ ਅਤੇ ਕਮਜ਼ੋਰੀਆਂ ਨੂੰ ਜਾਣੋ**

ਆਪਣੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਨੂੰ ਜਾਣਨਾ ਜ਼ਰੂਰੀ ਹੈ. ਜਿਵੇਂ ਕਿ ਜੇ ਤੁਸੀਂ ਗਣਿਤ ਅਤੇ ਵਿਗਿਆਨ ਵਿੱਚ ਮਜ਼ਬੂਤ ਹੋ ਪਰ ਸਮਾਜਿਕ ਵਿਗਿਆਨ ਵਿੱਚ ਕਮਜ਼ੋਰ ਹੈ ਤਾਂ ਤੁਸੀਂ ਆਪਣੀਆਂ ਕਮਜ਼ੋਰੀਆਂ ਨੂੰ ਸਮੁੱਚੇ ਚੰਗੇ ਅੰਕ ਲਈ ਤਾਕਤ ਵਿੱਚ ਬਦਲ ਸਕਦੇ ਹੋ।

ਐਨਸੀਈਆਰਟੀ ਦੀਆਂ ਕਿਤਾਬਾਂ ਦੀ ਪਾਲਣਾ ਕਰੋ

ਐਨਟੀਐਸਈ ਦੀ ਤਿਆਰੀ ਲਈ ਨੌਵੀਂ ਅਤੇ ਦਸਵੀਂ ਜਮਾਤ ਦੀਆਂ ਐਨਸੀਈਆਰਟੀ ਦੀਆਂ ਕਿਤਾਬਾਂ ਦੀ ਪਾਲਣਾ ਕਰੋ. ਜੀਵ ਵਿਗਿਆਨ ਦੀਆਂ ਕੁਝ ਧਾਰਨਾਵਾਂ ਲਈ, ਐਨਸੀਈਆਰਟੀ ਕਲਾਸ ਬਾਰ੍ਹਵੀਂ ਜੀਵ ਵਿਗਿਆਨ ਦੀ ਪਾਠ ਪੁਸਤਕ ਵੇਖੋ (ਸਿਰਫ ਉਹ ਹਿੱਸੇ ਜੋ ਯਿ ਅਤੇ ਯ ਕਲਾਸ ਦੇ ਪਾਠਕ੍ਰਮ ਨਾਲ ਸੰਬੰਧਿਤ ਹਨ). ਇਹ ਜ਼ਰੂਰੀ ਹੈ ਕਿ ਐਨਟੀ-ਐਸਈ ਲਈ ਸੋਸ਼ਲ ਸਟੱਡੀਜ਼ ਐਨਸੀਈਆਰਟੀ ਕਿਤਾਬ ਦੀ ਪੂਰੀ ਤਰ੍ਹਾਂ ਅਧਿਐਨ ਕਰਨਾ.

**ਆਪਣੇ ਮੈਟ ਸੈਕਸ਼ਨ ਨੂੰ ਮਜ਼ਬੂਤ ਕਰੋ**

ਮੈਟ ਸੈਕਸ਼ਨ ਤੁਹਾਡੀ ਮਾਨਸਿਕ ਯੋਗਤਾ ਦੀ ਜਾਂਚ ਕਰਦਾ ਹੈ. ਇਸ ਲਈ, ਤੁਹਾਨੂੰ ਇਸ ਭਾਗ ਦੀ ਤਿਆਰੀ ਲਈ ਲੋੜੀਂਦਾ ਸਮਾਂ ਦੇਣਾ ਚਾਹੀਦਾ ਹੈ.

**ਤੁਹਾਡੇ ਸੈਂਟ ਭਾਗ ਤੇ ਕੰਮ ਕਰੋ**

ਐਨਟੀਐਸਈ ਦੇ ਵਿਦਿਅਕ ਯੋਗਤਾ ਭਾਗ ਲਈ ਐਨਸੀਈਆਰਟੀ ਦੀ ਪਾਲਣਾ ਕਰੋ. 'ਕੋਰਸ ਤੋਂ ਬਾਹਰ' ਪ੍ਰਸ਼ਨਾਂ ਲਈ ਤੁਹਾਨੂੰ ਇੱਕ ਚੰਗੀ ਆਮ ਗਿਆਨ ਦੀ ਕਿਤਾਬ ਜ਼ਰੂਰ ਪੜਨੀ ਚਾਹੀਦੀ ਹੈ

**ਨਮੂਨੇ ਦੇ ਪੇਪਰ ਹੱਲ ਕਰੋ**

ਤੁਹਾਨੂੰ ਹਫਤੇ ਵਿੱਚ ਘੱਟੋ ਘੱਟ ਤਿੰਨ ਵਾਰ ਨਮੂਨੇ ਦੇ ਬਹੁਤ ਸਾਰੇ ਪੇਪਰਾਂ ਅਤੇ ਮਖੌਲ ਦੇ ਟੈਸਟਾਂ ਨੂੰ ਹੱਲ ਕਰਨਾ ਚਾਹੀਦਾ ਹੈ. ਇੰਟਰਨੈਟ ਤੇ ਬਹੁਤ ਸਾਰੇ ਐਨਟੀਐਸਈ ਦੇ ਮਖੌਲ ਪੱਤਰ ਉਪਲਬਧ ਹਨ. ਤੁਹਾਨੂੰ ਇਨ੍ਹਾਂ ਕਾਗਜ਼ਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਹੱਲ ਕਰਨ ਦਾ ਟੀਚਾ ਰੱਖਣਾ ਚਾਹੀਦਾ ਹੈ ਤਾਂ ਜੋ ਤੁਸੀਂ ਆਪਣੀ ਗਤੀ ਨੂੰ ਬਿਹਤਰ ਬਣਾ ਸਕੋ ਅਤੇ ਉਨ੍ਹਾਂ ਭਾਗਾਂ ਨੂੰ ਜਾਣ ਸਕੋ ਜੋ ਵਧੇਰੇ ਸਮੇਂ ਦੀ ਖਪਤ ਕਰਦੇ ਹਨ.

**ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰੋ**

ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਮਿੰਟ ਦਾ ਮੁਲਾਂਕਣ ਕਰੋ ਕਿ ਤੁਸੀਂ ਕੀ ਕਰ ਸਕਦੇ ਹੋ ਅਤੇ ਤੁਹਾਨੂੰ ਕਿਹੜਾ ਮੁਸ਼ਕਲ ਹੋਇਆ ਸੀ. ਕੀ ਇਹ ਵਿਸ਼ਾ ਸਮਝਣ ਦੀ ਤੁਹਾਡੀ ਘਾਟ ਸੀ? ਜਾਂ ਕੀ ਤੁਸੀਂ ਬੇਵਕੂਫ਼ੀਆਂ ਗ਼ਲਤੀਆਂ ਕਰਕੇ ਸਕੋਰ ਨੂੰ ਗੁਆ ਲਿਆ ਹੈ? ਇਹ ਜੋ ਵੀ ਹੈ, ਸਿਰਫ ਆਪਣੀ ਕਾਰਗੁਜ਼ਾਰੀ ਦਾ ਬਹੁਤ ਆਲੋਚਨਾਤਮਕ ਵਿਸ਼ਲੇਸ਼ਣ ਕਰੋ।

ਖੋਜ ਲਾਗੂ ਕਰੋ

ਇਕ ਵਾਰ ਜਦੋਂ ਤੁਸੀਂ ਆਪਣੇ ਕਮਜ਼ੋਰ ਬਿੰਦੂਆਂ ਨੂੰ ਜਾਣ ਲੈਂਦੇ ਹੋ, ਤਾਂ ਯੋਜਨਾ ਬਣਾਓ. ਜੇ ਲੋੜ ਪਵੇ ਤਾਂ ਵਿਸ਼ੇ ਦੇ ਅਧਿਐਨ ਅਤੇ ਸੰਸ਼ੋਧਨ ਕਰੋ. ਪ੍ਰੀਖਿਆ ਦੇ ਵੱਖ ਵੱਖ ਭਾਗਾਂ ਲਈ ਸਮਾਂ ਨਿਰਧਾਰਤ ਕਰੋ.

**ਸਵੈ-ਅਧਿਐਨ ਮਹੱਤਵਪੂਰਨ ਹੈ**

ਕਿਸੇ ਵੀ ਪ੍ਰੀਖਿਆ ਨੂੰ ਸਾਫ ਕਰਨ ਲਈ, ਸਵੈ-ਅਧਿਐਨ ਦੀ ਇੱਕ ਵਿਨੀਤ ਮਾਤਰਾ ਮਹੱਤਵਪੂਰਨ ਹੈ. ਇਹ ਇਕ ਐਨਟੀਐਸਈ ਵਿਦਵਾਨ ਬਣਨ ਦੇ ਸਾਰੇ ਸੁਝਾਆਂ ਵਿਚੋਂ ਇਕ ਸਭ ਤੋਂ ਮੁਢੱਲਾ ਅਤੇ ਮਹੱਤਵਪੂਰਣ ਹੈ।

ਕਿਸੇ ਨੂੰ ਇਸ ਮੁਕਾਬਲੇ ਵਾਲੀ ਪ੍ਰੀਖਿਆ ਨੂੰ ਦਰਸਾਉਣ ਲਈ ਘੱਟੋ ਘੱਟ 3-4 ਘੰਟੇ ਸਵੈ-ਸਿਖਲਾਈ ਲਈ ਲਗਾਉਣੇ ਚਾਹੀਦੇ ਹਨ.

**ਅਭਿਆਸ, ਅਭਿਆਸ ਅਤੇ ਹੋਰ ਅਭਿਆਸ**

ਅੰਤ ਵਿੱਚ, ਨਿਯਮਤ ਅਭਿਆਸ ਉਹ ਹੈ ਜੋ ਤੁਹਾਨੂੰ ਪ੍ਰਾਪਤ ਕਰੇਗਾ. ਮਾਨਸਿਕ ਯੋਗਤਾ ਦੇ ਵੱਧ ਤੋਂ ਵੱਧ ਪ੍ਰਸ਼ਨਾਂ ਨੂੰ ਹੱਲ ਕਰੋ ਤਾਂ ਜੋ ਪ੍ਰੀਖਿਆ ਵਾਲੇ ਦਿਨ ਤੁਹਾਨੂੰ ਹੈਰਾਨ ਨਾ ਹੋਵੇ. ਆਪਣੇ ਸਕੂਲ ਬਜ਼ੁਰਗਾਂ ਅਤੇ ਅਧਿਆਪਕਾਂ ਦੀ ਸਹਾਇਤਾ ਲਓ. ਅਭਿਆਸ ਦੇ ਨਾਲ, ਤੁਸੀਂ ਆਪਣੀ ਗਤੀ, ਵਿਸ਼ਾ ਗਿਆਨ ਅਤੇ ਸ਼ੁੱਧਤਾ ਬਾਰੇ ਵੀ ਵਧੇਰੇ ਵਿਸ਼ਵਾਸ ਪ੍ਰਾਪਤ ਕਰੋਗੇ।

ਬੱਸ ਯਾਦ ਰੱਖੋ ਕਿ ਤੁਹਾਨੂੰ ਮੁਕਾਬਲਾ ਕਰਨ ਅਤੇ ਉੱਤਮਤਾ ਪ੍ਰਾਪਤ ਕਰਨ ਲਈ ਸਭ ਜਾਣਨ ਦੀ ਜ਼ਰੂਰਤ ਨਹੀਂ ਹੈ. ਤੁਸੀਂ ਸਿਰਫ ਇੱਕ ਸਧਾਰਣ ਉਮੀਦਵਾਰ ਹੋ ਸਕਦੇ ਹੋ ਅਤੇ ਐਨਟੀਐਸਈ ਸਕਾਲਰ ਬਣਨ ਲਈ ਇਨ੍ਹਾਂ ਸੁਝਾਆਂ ਦੀ ਪਾਲਣਾ ਕਰੋ. ਕਈ ਵਾਰ, ਜ਼ਿੰਦਗੀ ਵਿਚ ਸਫਲ ਹੋਣ ਲਈ ਹਰ ਰੋਜ਼ ਦੀਆਂ ਆਦਤਾਂ ਵਿਚ ਥੋੜ੍ਹਾ ਬਦਲਾਅ ਆਉਂਦਾ ਹੈ।

# ਕਿੰਨੇ ਕੁ ਕਾਰਗਰ ਹਨ ਨਵੇਂ ਪ੍ਰਦੂਸ਼ਣ ਕੰਟਰੋਲ ਕਾਨੂੰਨ



ਹਰਕੀਰਤ ਕੌਰ ਸਭਰਾ
9779118066

ਪ੍ਰਦੂਸ਼ਣ ਮੌਜੂਦਾ ਸਮੇਂ ਦੀ ਇੱਕ ਬਹੁਤ ਵੱਡੀ ਸਮੱਸਿਆ ਬਣ ਚੁਕਿਆ ਹੈ। ਪ੍ਰਦੂਸ਼ਣ ਦੀਆਂ ਵੱਖ ਵੱਖ ਕਿਸਮਾਂ ਵਿੱਚੋਂ ਹਵਾ ਪ੍ਰਦੂਸ਼ਣ ਸਭ ਤੋਂ ਵੱਧ ਘਾਤਕ ਸਾਬਿਤ ਹੋ ਰਿਹਾ ਹੈ। ਮੌਜੂਦਾ ਦਿਨਾਂ ਵਿੱਚ ਦਿੱਲੀ ਐਨ ਸੀ ਆਰ ਵਿੱਚ ਹਵਾ ਪ੍ਰਦੂਸ਼ਣ ਦਾ ਪੱਧਰ ਏਨਾ ਜਿਆਦਾ ਵੱਧ ਗਿਆ ਹੈ ਕਿ, ਹਰ ਪ੍ਰਾਣੀ ਮਾਤਰ ਦਾ ਹਵਾ ਵਿੱਚ ਸਾਹ ਲੈਣਾ ਮੁਸ਼ਕਿਲ ਹੋ ਚੁੱਕਾ ਹੈ। ਸਿੱਧੇ ਅਸਿੱਧੇ ਤੌਰ ਤੇ ਕੇਂਦਰ ਸਰਕਾਰ ਇਸ ਵੱਧ ਰਹੇ ਪ੍ਰਦੂਸ਼ਣ ਦਾ ਕਾਰਣ ਕਿਸਾਨਾਂ ਦੁਆਰਾ ਪਰਾਲੀ ਨੂੰ ਲਗਾਈਆਂ ਜਾ ਰਹੀਆਂ ਅੱਗਾ ਨੂੰ ਮੰਨ ਰਹੀ ਹੈ। ਇਸੇ ਅਲਾਮਤ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਇੱਕ ਵਾਰ ਫਿਰ ਤੋਂ ਆਰਡੀਨੈਂਸ ਦੇ ਰੂਪ ਵਿੱਚ ਇੱਕ ਨਵਾਂ ਕਾਨੂੰਨ ਜਾਰੀ ਕੀਤਾ ਹੈ ।

ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਪੰਜ ਸਾਲ ਤੱਕ ਦੀ ਕੈਦ ਅਤੇ ਇੱਕ ਕਰੋੜ ਰੁਪਏ ਤੱਕ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸ ਕਾਨੂੰਨ ਤਹਿਤ ਨਿਆਂ ਮੰਤਰਾਲੇ ਦੁਆਰਾ ਵਾਤਾਵਰਣ ਪ੍ਰਦੂਸ਼ਣ ਰੋਕ ਅਥਾਰਿਟੀ ਨੂੰ ਭੰਗ ਕਰਕੇ ਇਸ ਦੀ ਜਗ੍ਹਾ 20 ਮੈਂਬਰੀ ਕਮਿਸ਼ਨ ਗਠਿਤ ਕੀਤਾ ਗਿਆ ਹੈ। ਇਸ ਕਾਨੂੰਨ ਨੂੰ ਖਾਸ ਕਰ ਪੰਜਾਬ, ਹਰਿਆਣਾ, ਰਾਜਸਥਾਨ, ਯੂ ਪੀ, ਦਿੱਲੀ ਵਿੱਚ ਜਲਦ ਤੋਂ ਜਲਦ ਲਾਗੂ ਕਰਨ ਦੇ ਆਦੇਸ਼ ਜਾਰੀ ਹੋਏ ਹਨ। ਇਸ ਤੋਂ ਇਲਾਵਾ ਇਸ ਕਾਨੂੰਨ ਵਿੱਚ ਸਾਫ ਸਾਫ ਲਿਖਿਆ ਗਿਆ ਹੈ ਕਿ ਜਿੰਨਾ ਫੈਕਟਰੀਆਂ ਨਾਲ ਵਾਤਾਵਰਣ ਦੂਸ਼ਿਤ ਹੋਣ ਦਾ ਸ਼ੰਕਾ ਪੈਦਾ ਹੁੰਦਾ ਹੈ, ਉਹਨਾਂ ਫੈਕਟਰੀਆਂ ਨੂੰ ਬੰਦ ਕਰ ਦਿੱਤਾ ਜਾਵੇ। ਇਸ ਸਾਰੀ ਖਬਰ ਨੂੰ ਬਹੁਤ ਗਹਿਰਾਈ ਨਾਲ ਵਿਚਾਰਨ ਤੋਂ ਬਾਅਦ ਮੈਂ ਇਸ ਨਤੀਜੇ ਤੇ ਪਹੁੰਚੀ ਅਤੇ ਸਭ ਤੋਂ ਪਹਿਲਾਂ ਇਹ ਸੋਚਿਆ ਕਿ ਕਾਨੂੰਨ ਤਾਂ ਭਾਰਤ ਵਿੱਚ ਹੋਰ ਵੀ ਬਹੁਤ ਸਾਰੇ ਬਣਾਏ ਹੋਏ ਹਨ? ਪਰ ਕੀ ਇਕੱਲੇ ਕਾਨੂੰਨ ਬਣਾਉਣ ਨਾਲ ਕੋਈ ਹੱਲ ਨਿਕਲ ਸਕਦਾ ਹੈ। ਕਾਨੂੰਨ ਤਾਂ ਭਾਰਤ ਵਿੱਚ ਕਤਲ ਦੇ ਵੀ ਬਣੇ ਹੋਏ ਨੇ, ਬਲਾਤਕਾਰੀਆਂ ਲਈ ਵੀ ਬਣੇ ਹੋਏ ਹਨ ਪਰ ਕੀ ਉਹਨਾਂ ਕਾਨੂੰਨਾ ਤਹਿਤ ਕਿਸੇ ਨੂੰ ਸਜ਼ਾ ਮਿਲਦੀ ਹੈ? ਭਾਰਤੀ ਸਿਸਟਮ ਦੀ ਇਹ ਕਮੀ ਰਹੀ ਹੈ ਕਿ ਇੱਥੇ ਲਿਖਤੀ ਰੂਪ ਵਿੱਚ ਕਾਪੀਆਂ ਜਿੰਨੀਆਂ ਮਰਜ਼ੀ ਕਾਲੀਆਂ ਕਰਵਾ ਲਵੋ, ਪਰ ਉਸ ਨੂੰ ਅਮਲੀ ਰੂਪ ਦੇਣ ਵਾਲਾ ਅਤੇ ਮੁਸ਼ਕਿਲ ਦਾ ਠੋਸ ਹੱਲ ਕੱਢਣ ਵਾਲਾ ਕੋਈ ਵੀ ਨਹੀ ਹੈ। ਜੇਕਰ ਕੇਂਦਰ ਸਰਕਾਰ ਨੂੰ ਲੱਗਦਾ ਹੈ ਕਿ ਖੇਤੀ ਪ੍ਰਧਾਨ ਸੂਬੇ ਜਿਵੇਂ ਕਿ ਪੰਜਾਬ, ਹਰਿਆਣਾ, ਯੂ ਪੀ ਆਦਿ ਕਾਰਣ ਦਿੱਲੀ ਵਿੱਚ ਪ੍ਰਦੂਸ਼ਣ ਵੱਧ ਰਿਹਾ ਹੈਂ ਤਾਂ, ਸਰਕਾਰ ਨੂੰ ਚੰਗੀ ਤਰ੍ਹਾਂ ਬਰੀਕੀ ਨਾਲ ਸੋਚ ਕੇ ਇਹ ਫੋਕੇ ਕਾਨੂੰਨ ਬਣਾਉਣ ਦੀ ਬਜਾਇ ਅਜਿਹੇ ਤਰੀਕਿਆਂ ਨੂੰ ਲੱਭਣ ਦਾ ਯਤਨ ਕਰਨਾ ਚਾਹੀਦਾ ਸੀ ਕਿ ਜਿੰਨਾ ਨਾਲ ਕਿਸਾਨ ਵੀਰ ਬਿਨਾ ਵਾਤਾਵਰਣ ਨੂੰ ਕੋਈ ਨੁਕਸਾਨ ਪੁੰਹਚਾਏ ਪਰਾਲੀ ਨੂੰ ਸੰਭਾਲ ਸਕਣ। ਜੇਕਰ ਦੇਖਿਆ ਜਾਵੇ ਤਾਂ ਦੋਗਲੀ ਨੀਤੀ ਵਾਲੀਆਂ ਸਰਕਾਰਾਂ ਪਹਿਲਾਂ ਹੀ ਕਿਸਾਨਾਂ ਨਾਲ ਕਾਫੀ ਵਧੀਕੀਆਂ ਕਰ ਚੁੱਕੀ ਹੈ, ਤੇ ਜੇਕਰ ਇਸ ਕਾਨੂੰਨ ਤਹਿਤ ਕਿਸੇ ਵੀ ਰਾਜ ਦੇ ਕਿਸਾਨ ਨੂੰ ਕੋਈ ਜੁਰਮਾਨਾ ਭਰਨਾ ਪੈਂਦਾ ਹੈ ਜਾਂ ਸਜ਼ਾ ਕੱਟਣੀ ਪੈਂਦੀ ਹੈ ਤਾਂ ਇਹ ਸਰਾਸਰ ਬੇਇਨਸਾਫ਼ੀ ਹੋਵੇਗੀ।

ਕੁਝ ਦਿਨ ਪਹਿਲਾਂ ਜਦ ਪ੍ਰਦੂਸ਼ਣ ਬਾਰੇ ਵਿਚਾਰ ਚਰਚਾ ਕੀਤੀ ਤਾਂ ਬਹੁਤ ਸਾਰੇ ਕਿਸਾਨ ਵੀਰਾਂ ਦੇ ਸੁਝਾਅ ਸਨ ਕਿ ਹਰ ਕਿਸਾਨ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੈ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ, ਪਰ ਅਸੀਂ ਕਿਸਾਨ ਮਜਬੂਰ ਹਾਂ ਕਿਉਂਕਿ ਸਾਡੇ ਕੋਲ ਅੱਗ ਲਗਾਉਣ ਤੋਂ ਇਲਾਵਾ ਹੋਰ ਕੋਈ ਰਾਸਤਾ ਨਹੀਂ ਬੱਚਦਾ। ਕਿਉਂਕਿ ਪੰਜਾਬ ਦੇ ਕਿਸਾਨਾਂ ਕੋਲ ਨਾ ਤਾਂ ਏਨੀ ਪੂੰਜੀ ਹੈ ਕਿ ਉਹ ਅਧੁਨਿਕ ਤਕਨੀਕੀ ਯੰਤਰਾਂ ਨੂੰ ਖਰੀਦ ਕੇ ਪਰਾਲੀ ਨੂੰ ਸੰਭਾਲ ਸਕਣ ਅਤੇ ਨਾ ਹੀ ਅਜਿਹੇ ਹੋਰ ਸਸਤੇ ਸਾਧਨ ਜਿੰਨਾ ਨਾਲ ਵਾਤਾਵਰਣ ਨੂੰ ਘੱਟ ਨੁਕਸਾਨ ਪਹੁੰਚ ਸਕੇ। ਮੈਂ ਹੈਰਾਨ ਹਾਂ ਕਾਨੂੰਨ ਬਣਾਉਣ ਵਾਲਿਆਂ ਤੇ ਕਿ ਏਨਾ ਵੱਡਾ ਜੁਰਮਾਨਾ ਲਗਾਉਣ ਤੋਂ ਪਹਿਲਾਂ ਨਿਆਂ ਕਾਰਕੁੰਨਾਂ ਨੇ ਇੱਕ ਵਾਰ ਇਹ ਦੇਖਣ ਦਾ ਯਤਨ ਨਹੀਂ ਕੀਤਾ ਕਿ ਕਿਸਾਨਾਂ ਕੋਲ ਤਾਂ ਆਪਣੀ ਜ਼ਮੀਨ ਵਿੱਚ ਉਗਾਉਣ ਲਈ ਬੀਜ ਖਾਦ ਆਦਿ ਲਈ ਤਾਂ ਪੈਸੇ ਨਹੀਂ ਹਨ ਤਾਂ ਜੁਰਮਾਨੇ ਦੀਆਂ ਏਨੀਆਂ ਵੱਡੀਆਂ ਰਕਮਾਂ ਕਿਵੇ ਚੁਕਾਵੇਗਾ। ਇੱਕ ਗੱਲ ਹੋਰ ਵਿਚਾਰ ਹਿੱਤ ਲਿਆਉਣ ਵਾਲੀ ਹੈ ਕਿ ਸਾਡੇ ਦੇਸ਼ ਦੀ 70% ਤੋਂ ਵੱਧ ਅਬਾਦੀ ਖੇਤੀਬਾੜੀ ਉੱਪਰ ਸਿੱਧੇ ਅਤੇ ਅਸਿੱਧੇ ਤੌਰ ਤੇ ਨਿਰਭਰ ਹੈ।ਜਿਸ ਨੂੰ ਮੱਦੇਨਜ਼ਰ ਰੱਖਦੇ ਹੋਏ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਕੁਝ ਅਜਿਹੇ ਕਾਨੂੰਨ ਬਣਾਏ ਜਾਣ ਜਿਸ ਨਾਲ ਕਿਸਾਨਾਂ ਨੂੰ ਮਦਦ ਮਿਲ ਸਕੇ ਪਰ ਸਾਡੇ ਦੇਸ਼ ਵਿੱਚ ਬਿਲਕੁਲ ਇਸ ਦੇ ਉਲਟ ਹੋ ਰਿਹਾ ਹੈ। ਮੁਕਦੀ ਗੱਲ ਪਰਾਲੀ ਦੀ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਸਾਡੇ ਕਿਸਾਨ ਏਨੇ ਅਮੀਰ ਤਾਂ ਹੈ ਨਹੀ ਕਿ ਉਹ ਮਹਿੰਗੀ ਮਹਿੰਗੀ ਮਸ਼ੀਨਰੀ ਖਰੀਦ ਸਕਣ। ਇਸ ਸਮੱਸਿਆ ਦੇ ਹੱਲ ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਵਾਜਿਬ ਹੱਲ ਕੱਢੇ ਜਾਣ। ਪਿਛਲੇ ਕੁਝ ਸਮੇਂ ਵਿੱਚ ਸਰਕਾਰ ਵੱਲੋਂ ਬਠਿੰਡੇ ਵਿਖੇ ਸਥਿੱਤ ਥਰਮਲ ਪਲਾਂਟ ਨੂੰ ਕੋਲੇ ਦੀ ਜਗ੍ਹਾ ਤੇ ਪਰਾਲੀ ਨਾਲ ਚਲਾਉਣ ਦੀ ਯੋਜਨਾ ਬਣਾਈ ਗਈ ਸੀ, ਪਰ ਉਹ ਯੋਜਨਾ ਕੇਵਲ ਯੋਜਨਾ ਬਣ ਕੇ ਹੀ ਰਹਿ ਗਈ। ਜੇਕਰ ਕਿਤੇ ਉਸ ਯੋਜਨਾ ਨੂੰ ਅਮਲੀ ਰੂਪ ਦਿੱਤਾ ਹੁੰਦਾ ਤਾਂ ਪਰਾਲੀ ਨੂੰ ਸਾਂਭਣ ਵਿੱਚ ਆ ਰਹੀ ਔਕੜ ਨਾਲ ਅਰਾਮ ਨਾਲ ਨਜਿੱਠਿਆ ਜਾ ਸਕਦਾ ਸੀ। ਅੰਤ ਵਿੱਚ ਇਹੀ ਕਹਿ ਸਕਦੇ ਹਾਂ ਕਿ ਸਰਕਾਰਾਂ ਨੂੰ ਚਾਹੀਦਾ ਹੈ ਕਿ ਹਰ ਵਾਰ ਕਿਸਾਨਾਂ ਦੀ ਪਿੱਠ ਵਿੱਚ ਹੀ ਛੁਰਾ ਨਾ ਖੁਭਾਇਆ ਜਾਵੇ, ਬਲਕਿ ਕਿਸਾਨਾਂ ਦੇ ਹਮਦਰਦ ਬਣ ਕਿਸਾਨਾਂ ਦੇ ਹੱਕ ਵਿੱਚ ਕਾਨੂੰਨ ਬਣਾਏ ਜਾਣ।

# ਸ਼ੋ੍ਮਣੀ ਅਕਾਲੀ ਦੱਲ ਦਾ ਪੰਜਾਬ ਵਿਧਾਨ ਸਭਾ ਦੀਆਂ 4 ਜਿਮਨੀ ਚੋਣਾਂ ਨਾ ਲੜਨਾ ਗਲਤੀ

ਇਕ ਸੱਦੀ ਤੋਂ ਵੱਧ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦੱਲ ਜਿਸ ਦਾ ਆਪਣਾ ਇਤਿਹਾਸਕ ਵਿਰਸਾ ਹੀ ਨਹੀਂ ਬਲਕਿ ਜਬਰ ਜੁਲਮ ਵਿਰੁੱਧ ਲੜ੍ਹਣ ਦਾ ਸ਼ਾਨਦਾਰ ਇਤਿਹਾਸ ਵੀ ਹੈ ਦੇ ਹੁਣ ਦੇ ਸੁਆਰਥੀ ਆਗੂਆਂ ਨੇ ਨਵੰਬਰ 2024 ਨੂੰ ਪੰਜਾਬ ਵਿੱਚ ਹੋ ਰਹੀਆਂ 4 ਵਿਧਾਨ ਸਭਾ ਦੀਆਂ ਚੋਣਾਂ ਨਾ ਲੜ੍ਹਣ ਦਾ ਫੈਸਲਾ ਕਰਕੇ ਆਪਣੇ ਮੱਥੇ ਤੇ ਇਕ ਨਾ ਧੋਤੇ ਜਾਣ ਵਾਲਾ ਕਲੰਕ ਲਗਾ ਲਿਆ ਹੈ। ਜੇਕਰ ਇਸ ਪਾਰਟੀ ਦੇ ਇਤਿਹਾਸ ਤੇ ਸਰਸਰੀ ਜਿਹੀ ਝਾਤ ਮਾਰੀਏ ਤਾਂ ਪਤਾ ਲਗ ਜਾਂਦਾ ਹੈ ਕਿ ਇਸ ਪਾਰਟੀ ਦੇ ਕਈ ਕਈ ਜੁਝਾਰੂ ਨੇਤਾ ਰਹੇ ਹਨ ਜਿਨਾਂ ਨੇ ਸਮੇਂ ਸਮੇਂ ਸਿਰ ਪੰਥ ਨੂੰ ਸ਼ਾਨਦਾਰ ਅਗਵਾਈ ਦਿੱਤੀ ਹੈ। ਬਹੁਤੀ ਪੁਰਾਣੀ ਗੱਲ ਨਹੀਂ ਐਮਰਜੈਂਸੀ ਸਮੇਂ ਸ੍ਰ ਪ੍ਰਕਾਸ਼ ਸਿੰਘ ਬਾਦਲ, ਜਥੇ ਗੁਰਚਰਨ ਸਿੰਘ ਟੌਹੜ੍ਹਾ, ਜਥੇਦਾਰ ਮੋਹਨ ਸਿੰਘ ਤੁੜ੍ਹ, ਸੰਤ ਹਰਚੰਦ ਸਿੰਘ ਲੌਂਗੋਵਾਲ, ਸ੍ਰ ਸੁਰਜੀਤ ਸਿੰਘ ਬਰਨਾਲਾ, ਸ੍ਰ ਬਸੰਤ ਸਿੰਘ ਖਾਲਸਾ ਆਦਿ ਕਈਆਂ ਦੇ ਨਾਂ ਲਏ ਜਾ ਸਕਦੇ ਹਨ ਜਿਨਾਂ ਨੇ ਬੜੇ ਬੁਲੰਦ ਇਰਾਦੇ ਨਾਲ ਸੰਘਰਸ਼ ਲੜ੍ਹਿਆ ਤੇ ਉਸ ਵਿੱਚ ਜਿੱਤ ਵੀ ਹਾਸਲ ਕੀਤੀ। ਪਰ ਬੜੇ ਗਮਗੀਨ ਹਿਰਦੇ ਨਾਲ ਲਿਖਣਾ ਪੈ ਰਿਹਾ ਹੈ ਕਿ ਜਦੋਂ ਸ੍ਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸਪੁੱਤਰ ਸ੍ਰ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਆਪਣੇ ਰਾਜ ਕਾਲ ਵਿੱਚ ਸ਼ਾਮਲ ਕੀਤਾ ਇਸ ਸਮੇਂ ਅਨੇਕਾਂ ਅਜਿਹੇ ਪੰਥ ਤੇ ਪੰਜਾਬ ਵਿਰੋਧੀ ਕੰਮ ਕੀਤੇ ਹਨ ਕਿ ਸ਼ਾਨਦਾਰ ਇਤਿਹਾਸ ਰੱਖਣ ਵਾਲੀ ਇਸ ਪਾਰਟੀ ਨੂੰ ਰਸਾਤਲ ਵਿੱਚ ਲਿਜਾਣ ਦੀ ਕੋਈ ਕਸਰ ਨਹੀਂ ਛੱਡੀ ।ਉਸ ਨੇ ਆਪਣੇ ਰਾਜ ਕਾਲ ਵਿੱਚ ਸ਼੍ਰੋਮਣੀ ਅਕਾਲੀ ਦੱਲ ਪਾਰਟੀ ਵਿੱਚ ਕੋਈ ਹੋਰ ਲੀਡਰ ਉਭਰਣ ਹੀ ਨਹੀਂ ਦਿੱਤਾ ਜਿਸ ਦਾ ਨਤੀਜਾ ਪੰਜਾਬ ਵਿੱਚ ਲੰਮਾ ਸਮਾਂ ਰਹਿਣ ਵਾਲੀ ਖੇਤਰੀ ਪਾਰਟੀ ਦੀ ਅਜਿਹੀ ਦਰਦਨਾਕ ਹਾਲਤ ਬਣ ਗਈ ਹੈ ਕਿ ਪੰਜਾਬ ਵਿੱਚ ਰਾਜ ਕਰਨ ਵਾਲੀ ਪਾਰਟੀ ਸਿੱਖ ਪੰਥ ਨੇ ਇਸ ਕਦਰ ਦੁਰਕਾਰ ਦਿੱਤੀ ਪਾਰਟੀ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੁੰਗੜ੍ਹ ਕੇ ਤਿੰਨ ਸੀਟਾਂ ਤੇ ਰਹਿ ਗਈ ਹੈ ਇਸ ਸਮੇਂ ਇਸ ਪਾਰਟੀ ਦੇ ਕੋਲ ਨਾਂ ਦੇਣ ਨੂੰ ਇਕ ਮੈਂਬਰ ਹੀ ਰਹਿ ਗਿਆ ਹੈ ।ਇਸ ਤੋਂ ਵੀ ਨਮੋਸ਼ੀ ਵਾਲੀ ਇਹ ਗੱਲ ਹੈ ਕਿ ਇਸ ਸਮੇਂ ਪਾਰਟੀ ਦੋ ਗੁੱਟਾਂ ਇਕ ਬਾਦਲ ਪੱਖੀ ਤੇ ਦੂਸਰੇ ਅਕਾਲੀ ਦੱਲ ਸੁਧਾਰ ਪਾਰਟੀ ਵਿੱਚ ਵੰਡੀ ਹੋਈ ਜਾਣ ਕੇ ਇਸ ਦਾ ਸਿੱਖ ਪੰਥ ਦੇ ਜਥੇਦਾਰਾਂ ਸ੍ਰੀ ਅਕਾਲ ਤੱਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤੱਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸੁਲਤਾਨ ਸਿੰਘ ਅਤੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗੰਭੀਰ ਨੋਟਿਸ ਲੈਂਦਿਆ ਸ਼੍ਰੋਮਣੀ ਅਕਾਲੀ ਦੱਲ ਦੇ ਮੌਜੂਦਾ ਪ੍ਰਧਾਨ ਸ੍ਰ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਸੀ। ਸ੍ਰ ਬਾਦਲ ਦੇ ਅਤਿ ਨਜਦੀਕੀ ਸ੍ਰ ਵਿਰਸਾ ਸਿੰਘ ਵਲਟੋਹਾ ਨੇ ਜਥੇਦਾਰ ਸਾਹਿਬਾਨ ਤੇ ਗੰਭੀਰ ਦੋਸ਼ ਲਗਾ ਦਿੱਤੇ ਸਨ ਜਿਸ ਕਾਰਨ ਜਥੇਦਾਰਾਂ ਦੇ ਸਖਤ ਆਦੇਸ਼ਾਂ ਤੇ ਪਾਰਟੀ ਦੇ ਐਕਟਿੰਗ ਪ੍ਰਧਾਨ ਸ੍ਰ ਬਲਵਿੰਦਰ ਸਿੰਘ ਭੂੰਦੜ੍ਹ ਨੇ ਸ ਵਿਰਸਾ ਸਿੰਘ ਵਲਟੋਹਾ ਨੂੰ ਸ਼੍ਰੋਮਣੀ ਅਕਾਲੀ ਦੱਲ ਤੋਂ ਬਾਹਰ ਦਾ ਰਸਤਾ



ਵਿਖਾ ਦਿੱਤਾ। ਜਥੇਦਾਰ ਸਾਹਿਬਾਨ ਨੇ ਇਕ ਹੋਰ ਫੈਸਲਾ ਕਰਕੇ ਕਿਹਾ ਕਿ ਤਨਖਾਹੀਆ ਕਰਾਰ ਦਿੱਤੇ ਗਏ ਸ੍ਰ ਸੁਖਬੀਰ ਸਿੰਘ ਬਾਦਲ ਚੋਣ ਨਹੀਂ ਲੜ੍ਹ ਸਕਦੇ। ਸਿੱਖ ਜਗਤ ਭਲੀ ਭਾਂਤ ਜਾਣਦਾ ਹੈ ਕਿ ਤਨਖਾਹੀਆ ਕਰਾਰ ਦਿੱਤਾ ਕੋਈ ਵੀ ਆਗੂ ਕਿਸੇ ਵੀ ਰਾਜਨੀਤਕ ਸਰਗਰਮੀ ਵਿੱਚ ਭਾਗ ਨਹੀਂ ਲੈ ਸਕਦਾ ਨਾ ਹੀ ਉਹ ਸਿੱਖ ਸਮਾਜ ਵਿੱਚ ਕਿਸੇ ਨੂੰ ਕੋਈ ਆਦੇਸ਼ ਦੇ ਸਕਦਾ ਹੈ। ਸਿੰਘ ਸਾਹਿਬਾਨ ਦੇ ਇਸ ਫੈਸਲੇ ਦਾ ਭਾਂਡਾ ਉਨਾਂ ਜਥੇਦਾਰਾਂ ਦੇ ਸਿਰ ਤੇ ਭੰਡਣ ਲਈ ਬਾਦਲ ਜੁੰਡਲੀ ਨੇ ਇਨਾਂ ਚਾਰ ਹਲਕਿਆਂ ਦੇ ਅਕਾਲੀ ਆਗੂਆਂ ਨਾਲ ਗੱਲ ਬਾਤ ਕੀਤੇ ਬਗੈਰ ਆਪਣੇ ਪੱਧਰ ਤੇ ਫੈਸਲਾ ਕਰ ਲਿਆ ਕਿ ਸ਼੍ਰੋਮਣੀ ਅਕਾਲੀ ਦੱਲ ਨਵੰਬਰ 2024 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚਾਰ ਜਿਮਨੀ ਚੋਣਾਂ ਵਿੱਚ ਭਾਗ ਨਹੀਂ ਲਵੇਗੀ ।ਇਹ ਫੈਸਲਾ ਕਰਕੇ ਸਿੱਖ ਪੰਥ ਦੇ ਜਥੇਦਾਰ ਸਾਹਿਬਾਨ ਦੇ ਸਿਰ ਤੇ ਭਾਂਡਾ ਤੋੜਣ ਦਾ ਕੋਹਝਾ ਯਤਨ ਕੀਤਾ ਪਰ ਸ੍ਰੀ ਅਕਾਲ ਤੱਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮੀਡੀਏ ਨੂੰ ਇਹ ਬਿਆਨ ਦੇ ਕੇ ਸ਼੍ਰੋਮਣੀ ਅਕਾਲੀ ਦੱਲ ਚੋਣ ਲੜ੍ਹ ਸਕਦੀ ਹੈ ਉਸ ਤੇ ਚੋਣ ਲੜ੍ਹਣ ਦੀ ਕੋਈ ਪਾਬੰਧੀ ਨਹੀਂ ਹੈ, ਪਾਬੰਦੀ ਤਾਂ ਸਿਰਫ ਤਨਖਾਹੀਆ ਕਰਾਰ ਦਿੱਤੇ ਸ੍ਰ ਸੁਖਬੀਰ ਸਿੰਘ ਬਾਦਲ ਤੇ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜੇ ਸੁਖਬੀਰ ਸਿੰਘ ਬਾਦਲ ਤੇ ਪਾਬੰਦੀਆਂ ਹਨ ਬਾਕੀ ਲੀਡਰਸ਼ਿਪ ਤਾਂ ਅਜਾਦ ਹੈ। ਚੋਣਾਂ ਨਾ ਲੜ੍ਹਣ ਦੇ ਕੀਤੇ ਫੈਸਲੇ ਤੋਂ ਸਾਫ ਜਾਹਰ ਹੈ ਕਿ ਮੌਜੂਦਾ ਬਾਦਲ ਜੁੰਡਲੀ ਸ਼੍ਰੋਮਣੀ ਅਕਾਲੀ ਦੱਲ ਤੇ ਸਿੱਖ ਪੰਥ ਨੂੰ ਬਾਦਲਾਂ ਦੇ ਪੰਜੇ ਤੋਂ ਨਿਜਾਤ ਹੀ ਨਹੀਂ ਦਿਵਾਉਣਾ ਚਾਹੁੰਦੇ। ਸ਼੍ਰੋਮਣੀ ਅਕਾਲੀ ਦੱਲ ਚੋਣ ਨਾ ਲੜ੍ਹਣ ਦਾ ਅਜਿਹਾ ਫੈਸਲਾ ਕਰਕੇ ਭਾਜਪਾ ਨੂੰ ਸਿੱਧਾ ਫਾਇਦਾ ਦੇ ਰਹੀ ਹੈ ਕਿਉਂ ਕਿ ਅਕਾਲੀ ਦੱਲ ਵਿੱਚ ਰਹੇ ਆਗੂ ਚਾਹੇ ਗਿਦੜ੍ਹਬਾਹਾ ਤੋਂ ਚੋਣ ਲੜ੍ਹ ਰਹੇ ਸ੍ਰ ਮਨਪ੍ਰੀਤ ਸਿੰਘ ਬਾਦਲ ਹੈ ਚਾਹੇ ਇਹ ਚਬੇਵਾਲ ਤੋਂ ਚੋਣ ਲੜ੍ਹ ਰਹੇ ਸ੍ਰ ਸੋਹਨ ਸਿੰਘ ਠੰਡਲ ਹਨ ਜਾਂ ਫਿਰ ਦੂਸਰੇ ਦੋ ਹਲਕਿਆਂ ਦੇ ਹਨ ।ਚਾਰ ਹਲਕਿਆਂ ਵਿੱਚੋਂ ਤਿੰਨ ਥਾਵਾਂ ਤੇ ਉਮੀਦਵਾਰ ਅਕਾਲੀ ਦੱਲ ਦੇ ਰਹਿ ਚੁੱਕੇ ਆਗੂ ਹਨ ਜੋ ਭਾਜਪਾ ਦੀ ਟਿਕਟ ਤੇ ਚੋਣ ਲੜ੍ਹ ਰਹੇ ਹਨ । ਜੇਕਰ ਅਕਾਲੀ ਲੀਡਰਸ਼ਿਪ ਦੇ ਇਹ ਆਗੂ ਪਾਰਟੀ ਪ੍ਰਤੀ ਸੁਹਿਰਦ ਹੁੰਦੇ ਤਾਂ ਉਨਾਂ ਨੂੰ ਚਾਹੀਦਾ ਇਹ ਸੀ ਕਿ ਉਹ ਅਕਾਲੀ ਦੱਲ ਦੀ ਬਾਕੀ ਸੀਨੀਅਰ ਲੀਡਰਸ਼ਿਪ ਇਨਾਂ ਚਾਰ ਹਲਕਿਆਂ ਵਿੱਚ ਚੋਣ ਲੜਣ ਵਾਲੇ ਅਕਾਲੀ ਆਗੂਆਂ ਨਾਲ ਸੰਪਰਕ ਕਰਕੇ ਉਨਾਂ ਨੂੰ ਚੋਣ ਲੜਵਾਉਂਦੀ ਪਰ ਇਨਾਂ ਟੋਡੀ ਆਗੂਆਂ ਨੇ ਬਾਦਲ ਭਗਤੀ ਵਾਲਾ ਉਕਤ ਫੈਸਲਾ ਕਰਕੇ ਸਿੱਖ ਪੰਥ ਦੇ ਢਿੱਡ ਵਿੱਚ ਛੁੱਰਾ ਮਾਰ ਕੇ ਕੌਮ ਨੂੰ ਡੂੰਘੀ ਖਾਈ ਵਿੱਚ ਸੁੱਟਣ ਦਾ ਬੇਸ਼ਰਮੀ ਭਰਿਆ ਯਤਨ ਕੀਤਾ। ਜਿਸ ਦਾ ਅਸਰ ਇਹ ਹੋ ਰਿਹਾ ਹੈ ਕਿ ਸਿੱਖ ਕੌਮ ਵਿੱਚ ਇਕ ਤਰਾਂ ਦੀ ਬਾਦਲ ਜੁੰਡਲੀ ਦੇ ਆਗੂਆਂ ਵਿਰੁੱਧ ਬਗਾਵਤ ਉਭਰਨੀ ਸ਼ੁਰੂ ਹੋ ਗਈ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਬਰਨਾਲਾ ਚੋਣ ਹਲਕੇ ਤੋਂ ਅਕਾਲੀ ਦੱਲ ਦੇ ਆਗੂ ਰਹੇ ਸ੍ਰ ਮਲਕੀਅਤ ਸਿੰਘ ਕੀਤੂ ਦੇ ਬੇਟੇ ਸ੍ਰ ਕੁਲਵੰਤ ਸਿੰਘ ਕੀਤੂ ਨੇ ਇਸ ਹਲਕੇ ਤੋਂ ਚੋਣ ਲੜ੍ਹੇ ਜਾਣ ਦਾ ਫੈਸਲਾ ਕੀਤਾ ਹੈ ਇਹ ਵੀ ਪਤਾ ਲਗਾ ਹੈ ਕਿ ਉਸ ਨੇ ਆਪਣੀਆਂ ਚੋਣ ਸਰਗਰਮੀਆਂ ਵੀ ਅਰੰਭ ਦਿੱਤੀਆਂ ਹਨ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬਾਕੀ ਹੋਰ ਹਲਕਿਆਂ ਤੋਂ ਵੀ ਅਕਾਲੀ ਉਮੀਦਵਾਰ ਬਾਦਲ ਜੁੰਡਲੀ ਵਲੋਂ ਕੀਤੇ ਫੈਸਲੇ ਦੇ ਵਿਰੁੱਧ ਆਪਣੇ ਆਪਣੇ ਹਲਕਿਆਂ ਵਿੱਚ ਚੋਣ ਲੜ੍ਹਣ ਲਈ ਮੈਦਾਨ ਵਿੱਚ ਨਿੱਤਰ ਕੇ ਸਾਹਮਣੇ ਨਾ ਆ ਜਾਣ। ਹੁਣ ਇਨਾਂ ਚਾਰ ਵਿਧਾਨ ਸਭਾ ਦੇ ਸੰਜੀਦਾ ਅਕਾਲੀ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਬਿਨਾ ਦੇਰੀ ਸਿੱਖ ਬੁੱਧੀਜੀਵੀਆਂ, ਪੰਥ ਚਿੰਤਕਾਂ, ਪੰਜਾਬ ਹਿਤੈਸ਼ੀਆਂ ਜੋ ਬਾਦਲ ਦੱਲ ਦੇ ਕੰਮਾਂ ਤੋਂ ਨਿਰਾਸ਼ ਹੋਏ ਹੋਏ ਹਨ ਸਾਰੇ ਆਗੂਆਂ ਨੂੰ ਇੱਕਠੇ ਕਰਕੇ ਇਨਾਂ ਚਾਰ ਹਲਕਿਆਂ ਦਾ ਲੋਕ ਹਿਤੈਸ਼ੀ ਸਾਂਝਾ ਪ੍ਰੋਗਰਾਮ ਬਣਾਉਣ ਜਿਸ ਵਿੱਚ ਉਹ ਪੰਜਾਬ ਦੇ ਗਾਇਬ ਮੁੱਦਿਆਂ, ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਦੇ ਨਾਲ ਪੰਥਕ ਮੁਦਿਆਂ ਜਿਨਾਂ ਨੂੰ ਬਾਦਲਾਂ ਨੇ ਵਿਸਾਰ ਕੇ ਸਿਰਫ ਧੰਨ ਕਮਾਉਣ ਨੀਤੀ ਬਣਾਈ ਹੋਈ ਸੀ ਨੂੰ ਤਿਲਾਂਜਲੀ ਦੇ ਕੇ ਲੋਕਾਂ ਦੀ ਸੇਵਾ ਕਰਨ ਦਾ ਵਿਸ਼ਵਾਸ਼ ਦੁਆਉਣ ਤੇ ਪੰਥ ਸਮੇਤ ਪੰਜਾਬੀਆਂ ਨੂੰ ਯਕੀਨ ਦਿਵਾਉਣ ਕਿ ਉਹ ਪੰਜਾਬ ਦੇ ਹਿੱਤਾਂ ਤੇ ਡੱਟ ਕੇ ਪਹਿਰਾ ਦੇਣਗੇ ਆਦਿ ਤੇ ਵਿਚਾਰਾਂ ਕਰਕੇ ਚਾਰੇ ਹਲਕਿਆਂ ਵਿੱਚ ਪੰਜਾਬ ਹਿਤੇਸ਼ੀਆਂ ਨੂੰ ਇਕਠਿਆਂ ਕਰਕੇ ਚੋਣ ਲੜ੍ਹਣ ।ਨਿਸਚੇ ਹੀ ਇਸ ਦੇ ਹਾਂ ਪੱਖੀ ਨਤੀਜੇ ਨਿਕਲਣਗੇ।



ਜੰਗ ਸਿੰਘ ਮਰਸਡ (ਅਮਰੀਕਾ )
+1 415 603 7380


ਇਥੇ ਇਹ ਗੱਲ ਵੀ ਇਨਾਂ ਆਗੂਆਂ ਨੂੰ ਸਪਸ਼ਟ ਕਰਨੀ ਪਵੇਗੀ ਕਿ ਚਾਰ ਵਿਧਾਨ ਸਭਾ ਦੇ ਨਤੀਜੇ ਕੁਝ ਵੀ ਕਿਉਂ ਨਾ ਹੋਣ? ਉਹ ਚੋਣਾਂ ਉਪਰੰਤ ਬੈਠ ਨਹੀਂ ਜਾਣਗੇ ਬਲਕਿ ਸਾਰੇ ਪੰਜਾਬ ਦੇ ਦੌਰੇ ਕਰਕੇ ਪੰਜਾਬ ਦੇ ਲੋਕਾਂ ਨੂੰ ਇਕਠਿਆਂ ਕਰਕੇ ਸ਼੍ਰੋਮਣੀ ਅਕਾਲੀ ਦੱਲ ਦਾ ਕੁਰਬਾਨੀ ਵਾਲਾ, ਨਿਰਸੁਆਰਥ ਆਗੂ ਚੁਣਨਗੇ ਜੋ ਪੰਜਾਬ ਦੀ ਨਿਗਰ ਅਗਵਾਈ ਕਰੇਗਾ। ਲੋੜ੍ਹ ਤਾਂ ਸਿਰਫ ਤੇ ਸਿਰਫ ਦ੍ਰਿੜ੍ਹ ਇਰਾਦੇ ਦੀ ਹੈ, ਸਫਲਤਾ ਉਨਾਂ ਦੇ ਪੈਰ ਜਰੂਰ ਚੁੰਮੇਗੀ।

# ਪੁਸਤਕ ਸਮੀਖਿਆ/ ਬਹੁਮੁੱਲੇ ਵਿਚਾਰਾਂ ਦੀ ਵਾਰਤਕ ਪੁਸਤਕ

**ਗਿਆਨ ਦੇ ਗਹਿਣੇ**
**ਲੇਖਕ: ਬਲਜਿੰਦਰ ਮਾਨ**
**ਪ੍ਰਕਾਸ਼ਕ– ਸੰਗਮ ਪਬਲੀਕੇਸ਼ਨਜ਼ ਸਮਾਣਾ (ਪਟਿਆਲਾ)**
**ਪੰਨੇ :152 ਮੁੱਲ :200 ਰੁਪਏ**

ਬਲਜਿੰਦਰ ਮਾਨ ਬਹੁਵਿਧਾਵੀ ਸਾਹਿਤਕਾਰ ਹੈ। ਉਸਦੀ ਵਧੇਰੇ ਪਛਾਣ ਬਾਲ ਸਾਹਿਤਕਾਰ ਵਜੋਂ ਹੈ। ਕਿਉਂ ਕਿ ਉਸਦੀਆਂ ਲਿਖੀਆਂ ਕਿਤਾਬਾਂ ਵਿਚ ਬਾਲ ਸਾਹਿਤ ਦਾ ਗਰਾਫ ਉੱਚਾ ਹੈ ।ਉਹ ਪੰਜਾਬ ਸਰਕਾਰ ਦਾ ਪ੍ਰਵਾਨਿਤ ਸ਼ਰੋਮਣੀ ਬਾਲ ਸਾਹਿਤਕਾਰ ਹੈ। ਬਲਜਿੰਦਰ ਮਾਨ ਰਚਿਤ ਬਾਲ ਸਾਹਿਤ ਵਿਚ ਬਾਲ ਕਹਾਣੀਆਂ, ਬਾਲ ਕਵਿਤਾਵਾਂ, ਬਾਲ ਸਫਰਨਾਮਾ, ਨਰਸਰੀ ਗੀਤ, ਬਾਲ ਚਿਤਰ ਕਥਾਵਾਂ, ਬਾਲ ਨਾਟਕ, ਬਾਲ ਗੀਤਾਂ ਦੀਆ 16 ਕਿਤਾਬਾਂ ਹਨ। ਬੱਚਿਆਂ ਨਾਲ ਤੇ ਸਕੂਲੀ ਸਿੱਖਿਆ ਨਾਲ ਉਸਦਾ ਗਹਿਰਾ ਰਿਸ਼ਤਾ ਹੈ। ਬਾਲ ਮਨੋਵਿਗਿਆਨ ਦਾ ਉਹ ਮਾਹਰ ਹੈ। ਉਸਨੂੰ ਬੱਚਿਆਂ ਦੇ ਸੁਹਜ ਸੁਆਦਾਂ ਦੀ ਜਾਣਕਾਰੀ ਹੈ। ਉਸਦਾ ਸਿਧਾਂਤ ਹੈ ਕਿ ਮਾਂ ਬੋਲੀ ਪੰਜਾਬੀ ਨਾਲ ਜੁੜ ਕੇ ਬੱਚੇ ਦੀ ਸ਼ਖਸੀਅਤ ਦਾ ਵਿਕਾਸ ਹੁੰਦਾ ਹੈ। ਬਾਕੀ ਸਭ ਜ਼ਬਾਨਾ ਮਾਂ ਬੋਲੀ ਤੋਂ ਪਿਛੋਂ ਹਨ ।ਹੁਣ ਵਾਲੇ ਪਬਲਿਕ ਸਕੂਲ ਤੇ ਕੇਦਰੀ ਬੋਰਡਾਂ ਦੇ ਸਕੂਲ ਮਾਂ ਬੋਲੀ ਤੋਂ ਬੱਚੇ ਨੂੰ ਦੂਰ ਕਰ ਰਹੇ ਹਨ ।ਕਈ ਸਕੂਲਾਂ ਵਿਚ ਤਾਂ ਪੰਜਾਬੀ ਬੋਲਣ ਦੀ ਮਨਾਹੀ ਹੈ ।ਇਹੋ ਜਿਹੇ ਸਕੂਲਾਂ ਨੂੰ ਸਕੂਲ ਕਹਿਣਾ ਹੀ ਦਰੁਸਤ ਨਹੀਂ ਹੈ। ਇਹ ਅੰਗਰੇਜ਼ੀ ਫਬੀਆ ਸਕੂਲ ਹਨ। ਇਹ ਨਿਜੀ ਕਿਸਮ ਦੇ ਮਹਿੰਗੇ ਸਕੂਲਾਂ ਬੱਚੇ ਦੀ ਸਿਖਿਆ ਮਾਂ ਬੋਲੀ ਪੰਜਾਬੀ ਦੀ ਥਾਂ ਅੰਗਰੇਜ਼ੀ ਹਿੰਦੀ ਤੇ ਵਧੇਰੇ ਜ਼ੋਰ ਦਿੰਦੇ ਹਨ। ਤੇ ਪੰਜਾਬ ਵਿਚ ਸਿੱਖਿਆ ਨੂੰ ਵਪਾਰ ਬਣਾ ਰਖਿਆ ਹੈ। ਇਹ ਭਾਸ਼ਾ ਸਿਧਾਂਤਾਂ ਦੇ ਉਲਟ ਹੈ। ਭਾਸ਼ਾ ਦੇ ਪੱਖ ਤੋਂ ਪੰਜਾਬ ਵਿਚ ਸਿੱਖਿਆ ਦਾ ਹਨੇਰਾ ਹੈ। ਸਮੇਂ ਸਮੇਂ ਦੀਆਂ ਸਰਕਾਰਾਂ (ਸਰਦਾਰ ਲਛਮਨ ਸਿੰਘ ਗਿਲ ਸਰਕਾਰ ਨੂੰ ਛਡ ਕੇ) ਨੇ ਵੀ ਇਸ ਗਲਤ ਭਾਸਾ ਸਿਧਾਂਤ ਦੀ ਪੁਸ਼ਤਪਨਾਹੀ ਕੀਤੀ ਹੈ। ਭਾਸ਼ਾ ਦਾ ਇਹ ਗੁਨਾਹ ਪੂਰੇ ਦੇਸ਼ ਵਿਚੋਂ ਕੇਵਲ ਪੰਜਾਬ ਵਿਚ ਹੋ ਰਿਹਾ। ਇਕ ਸਮੇਂ ਤਾਂ ਸਰਕਾਰੀ ਸਕੂਲਾਂ ਵਿਚ ਪਹਿਲੀ ਤੋਂ ਅੰਗਰੇਜ਼ੀ ਲਾਉਣ ਦਾ ਘਿਨਾਉਣਾ ਕੰਮ ਵੀ ਹੋ ਚੁਕਾ ਹੈ। ਇਹ ਸਾਰੇ ਸਿੱਖਿਆ ਮਸਲੇ ਗਿਆਨ ਦੇ ਗਹਿਣੇ ਬਣਾ ਕੇ ਬਲਜਿੰਦਰ ਮਾਨ ਨੇ ਸਾਡੇ ਰੂਬਰੂ ਕੀਤੇ ਹਨ। ਕਿਤਾਬ ਵਿਚ ਲੇਖਕ ਨੇ ਪੰਜ ਸਿਰਲੇਖਾਂ ਵਿਚ ਕੁਲ 50 ਲੇਖ ਦਿਤੇ ਹਨ।

ਕਿਤਾਬ ਦੇ ਲੇਖ ਲੇਖਕ /ਸੰਪਾਦਕ ਦੇ ਮੈਗਜ਼ੀਂਨ ਨਿਕੀਆ ਕਰੂੰਬਲਾਂ ਦਾ ਤੇ ਨਾਮਵਰ ਅਖਬਾਰਾਂ ਵਿਚ ਛਪੇ ਹਨ ਤੇ ਅਕਸਰ ਛਪ ਰਹੇ ਹਨ। ਕਿਤਾਬ ਦੇ ਲੇਖਕ ਬਲਜਿੰਦਰ ਮਾਨ ਦਾ ਨਾਮ ਅੰਤਰਰਾਂਸ਼ਟਰੀ ਪਧਰ ਤੇ ਮਾਣ ਨਾਲ ਲਿਆ ਜਾਦਾ ਹੈ। ਕਿਤਾਬ ਦੇ ਵਖ ਵਖ ਸਿਰਲੇਖਾਂ ਤਹਿਤ" ਬਾਲ ਜੀਵਨ" ਹੇਠ 7 ਲੇਖ "ਸਮਾਜਿਕ ਸਰੋਕਾਰ" ਦੇ 14 ਲੇਖ "ਸਿੱਖਿਆ ਸੰਸਾਰ" ਵਿਚ 11 ਲੇਖਾਂ, ਸਾਹਿਤ ਤੇ ਸਭਿਆਚਾਰ ਦੇ 10 (ਲੜੀ ਨੰਬਰ 33-42) ਤੇ ਪੰਜਵਾਂ ਸਿਰਲੇਖ ਨਜ਼ਰੀਆ ਦੇ 8 ਲੇਖ (43-50) ਦਾ ਵੰਨ ਸੁਵੰਨਾ ਗੁਲਦਸਤਾ ਲੇਖਕ ਦੀ ਦੂਰ ਦ੍ਰਿਸ਼ਟੀ ਦਾ ਪ੍ਰਮਾਣ ਹੈ । ਜੇ ਕਿਤਾਬ ਦੇ ਸਿਰਲੇਖ ਦੀ ਗਲ ਕਰੀਏ ਤਾਂ ਇਹ ਲੇਖ ਗਹਿਣੇ ਹਨ ਪਰ ਇਹ ਗਹਿਣੇ ਸ਼ੋਨੇ ਚਾਂਦੀ ਦੇ ਨਹੀਂ ਸਗੋਂ ਜ਼ਿੰਦਗੀ ਵਿਚ ਕੰਮ ਆਉਣ ਵਾਲੇ ਸ਼ਬਦ ਰੂਪੀ ਗਹਿਣੇ ਹਨ। ਇਨ੍ਹਾਂ ਗਹਿਣਿਆਂ ਵਿਚ ਜ਼ਿੰਦਗੀ ਝ਼ਲਕਾਂ ਮਾਰਦੀ ਹੈ। ਕਿਤਾਬ ਪੜ੍ਹ ਕੇ ਰੂਹ ਦਾ ਰੱਜ ਪ੍ਰਾਪਤ ਹੁੰਦਾ ਹੈ। ਇਹ ਗਹਿਣੇ ਵਿਅਕਤੀ ਨੂੰ ਸਾਰੀ ਉਮਰ ਸੇਧਾਂ ਦੇਣ ਵਾਲੇ ਹਨ। ਸੋਨੇ ਚਾਂਦੀ ਦੇ ਗਹਿਣੇ ਹਰ ਵੇਲੇ ਨਹੀਂ ਪਾਏ ਜਾ ਸਕਦੇ ਪਰ ਸ਼ਬਦਾਂ ਦੇ ਗਹਿਣੇ ਸਾਰੀ ਉਮਰ ਹਰੇਕ ਵਰਗ ਲਈ ਸੇਧ ਗਾਰ ਹਨ। ਜ਼ਰਾ ਇਹ ਗਹਿਣੇ ਪਾ ਕੇ (ਕਿਤਾਬ ਪੜ੍ਹ ਕੇ) ਤਾਂ ਵੇਖੋ ਨਸ਼ਾ ਆ ਜਾਵੇਗਾ। ਨਸ਼ਾ ਨਾ ਆਵੇ ਫੇਰ ਮੈਨੂੰ ਕਹਿਣਾ। ਕਿਉਂ ਕਿਮੈ ਇਹ ਸ਼ਬਦ ਆਪਣੀ ਰੂਹ ਵਿਚ ਵਸਾਏ ਹਨ। ਸ਼ਬਦਾਂ ਦੀ ਸੀਮਾ ਕਰਕੇ ਸਮੀਖਿਆ ਵਿਚ ਸਾਰੇ ਲੇਖਾਂ ਨੂੰ ਤਾਂ ਵਿਚਾਰਨਾ ਅਸੰਭਵ ਜਿਹਾ ਹੈ। ਪਰ ਕੁਝ ਇਕ ਦੀ ਵਿਚਾਰ ਕਰਨੀ ਜ਼ਰੂਰੀ ਹੈ। ਬਚਪਨ ਮਨੁੱਖ ਦੇ ਜੀਵਨ ਦਾ ਆਰੰਭਿਕ ਸਮਾਂ ਹੈ। ਜਿਸ ਘਰ ਵਿਚ ਬੱਚੇ ਦੀ ਪਰਵਰਿਸ਼ ਵੱਲ ਸ਼ੁਰੂ ਤੋਂ ਮਾਪਿਆਂ ਨੇ ਧਿਆਨ ਦੇ ਦਿਤਾ। ਉਹ ਬੱਚਾ ਸਮਾ ਪਾ ਕੇ ਵਡੀ ਸ਼ਖਸੀਅਤ ਬਣ ਜਾਂਦਾ ਹੈ।ਬਾਲ ਉਮਰ ਨੂੰ ਕਿਵੇ ਸੰਭਾਲਣਾ ਹੈ। ਲੇਖਕ ਨੇ ਆਪਣੇ ਨਿਜ ਦੀ ਰੌਸ਼ਨੀ ਵਿਚ 7 ਲੇਖ ਦਿਤੇ ਹਨ। ਪਹਿਲਾ ਹੈ ਬੱਚਿਆਂ ਨੂੰ ਬਾਲ ਸਾਹਿਤ ਦੇ ਬਗੀਚੇ ਵਿਚ ਖੇਡਣ ਦਿ , ਇੰਟਟਰਨੈਟ ਨੇ ਖੋਹ ਲਈਆਂ ਖੇਡਾ, ਮੇਰਾ ਸਕੂਲ (ਲੇਖਕ ਦਾ ਆਪਣਾ ਬਚਪਨ )ਨੈਤਿਕਤਾ ਕਿਵੇਂ ਝ਼ਲਕੇ, ਨਰਸਰੀ ਗੀਤ, ਨਿਮਰਤਾ ਦਾ ਗਹਿਣਾ। ਸਪਸ਼ਟ ਹੈ ਕਿ ਬਚਪਨ ਨੂੰ ਇਹ ਸਾਰੇ ਗਹਿਣਿਆਂ ਦੀ ਲੋੜ ਹੈ। ਸਕੂਲ ਵੀ ਉਹ ਹੋਵੇ ਜਿਸ ਵਿਚ ਮਾਂ ਬੋਲੀ ਪੰਜਾਬੀ ਵਿਚ ਸਿੱਖਿਆ ਦਿਤੀ ਜਾਵੇ। (ਸ਼ਾਬਾਸ਼ ਦੇ ਪਾਤਰ ਹਨ ਸਰਕਾਰੀ ਸਕੂਲ )ਨਾ ਕਿ ਏ ਏਪਲ ਵਾਲੀ ਸਿਖਿਆ।




ਖੇਡ ਬੱਚੇ ਲਈ ਜ਼ਰੂਰੀ ਹੈ। ਖੇਡ ਨਾਲ ਉਸਦਾ ਸਰੀਰ ਫੁਰਤੀ ਪਕੜਦਾ ਹੈ। ਬੱਚਾ ਤੰਦਰੁਸਤ ਰਹਿੰਦਾ ਹੈ। ਨਰਸਰੀ ਗੀਤ ਸੁਣ ਕੇ ਉਸਦੀ ਰੂਹ ਖਿੜਦੀ ਹੈ। ਨਹੀਂ ਤਾਂ ਸਾਰਾ ਦਿਨ ਰੂੰਅ ਰੂੰਅ ਕਰਦਾ ਰਹਿੰਦਾ ਹੈ। ਅਜੋਕੇ ਸਮੇਂ ਵਿਚ ਇਕਹਿਰੇ ਪਰਿਵਾਰਾਂ ਵਿਚ ਦੋਨੋਂ ਜੀਅ ਨੌਕਰੀ ਤੇ ਜਾਂਦੇ ਹਨ। ਪਿਛੇ ਬੱਚਾ ਆਇਆ (ਪਾਲਣ ਵਾਲੀ ਔਰਤ) ਕੋਲ ਜਾਂ ਦਾਦਾ ਦਾਦੀ ਕੋਲ ਰਹਿੰਦਾ ਹੈ। ਢਾਈ ਤਿੰਨ ਸਾਲ ਦਾ ਹੋ ਕੇ ਨਰਸਰੀ ਵਿਚ ਜਾਂਦਾ ਹੈ। ਪਰ ਨਰਸਰੀ ਵਿਚ ਹੀ ਯੋਗ ਸੰਭਾਲ ਨਾ ਹੋਣ ਕਰਕੇ ਬੱਚੇ ਦੀ ਸ਼ਖਸੀਅਤ ਅਧੂਰੀ ਰਹਿ ਜਾਂਦੀ ਹੈ। ਖੈਰ ਇਹ ਸਾਰੇ ਮਸਲੇ ਪਹਿਲਾ ਭਾਗ ਦੇ ਸੱਤ; ਲੇਖਾਂ ਵਿਚ ਹਨ। ਸਾਡੀਆਂ ਸਰਕਾਰਾਂ ਨੇ ਪ੍ਰਾਇਮਰੀ ਸਕੂਲਾਂ ਵਿਚ ਨਰਸਰੀ ਤਾਂ ਸ਼ੁਰੂ ਕਰ ਦਿਤੀ ਪਰ ਯੋਗ ਅਧਿਆਪਕ ਲਾਉਣੇ ਭੁਲ ਗਈ ।ਬੱਚਾ ਕੀ ਕਰੇ। ਮਾਪੇ ਕੀ ਕਰਨ? ਉਹ ਪ੍ਰਾਈਵੇਟ ਸਕੂਲਾਂ ਵਿਚ ਜਾ ਬੂਹਾਖੜਕਾਉਂਦੇ ਹਨ। ਉਹ ਪਹਿਲਾਂ ਹੀ ਪੀਲੀਆ ਵੈਨਾਂ ਲਿਆ ਕੇ ਬੂਹੇ ਅਗੇ ਖੜੀ ਕਰ ਦਿੰਦੇ ਹਨ। ਸਰਕਾਰੀ ਸਕੂਲਾਂ ਨੇ ਅਜੇ ਵੈਨਾਂ ਬਾਰੇ ਸੋਚਣਾ ਹੈ। ਰੱਬ ਰਾਖਾ ਸਾਡੇ ਬੱਚਿਆਂ ਦਾ। ਇਸੇ ਉਮਰੇ ਬੱਚਾ ਗੁਮਰਾਹ ਹੋ ਜਾਂਦਾ ਹੈ। ਉਹ ਏਪਲ ਤੇ ਸੇਬ ਦੇ ਝੰਜਟ ਵਿਚ ਫਸ ਕੇ ਰਹਿ ਜਾਂਦਾ ਹੈ। ਤਿੰਨ ਭਾਸ਼ਾਂਵਾਂ ਦਾ ਕਠਾਂ ਬੋਝ। ਹੈ ਨਾ ਨਿਰਾ ਜ਼ੁਲਮ ਪੰਜਾਬ ਦੇ ਬਚਿਆਂ ਤੇ। ਲੇਖਕ ਦੀ ਇਹ ਚਿੰਤਾ ਮੇਰੇ ਸਮੇਤ ਹਰ ਪੰਜਾਬੀ ਹਿਤੈਸ਼ੀ ਦੀ ਹੈ। ਨਜ਼ਰੀਆ ਸਿਰਲੇਖ ਵਿਚ ਲੇਖਕ ਨੇ ਮਾਵਾਂ ਛਾਂਵਾਂ ਤੇ ਮਾਂ ਬੋਲੀ ਦਾ ਅਲਾ ਬੇਲੀ ਵਿਚ ਇਹੀ ਚਰਚਾ ਖੁਲ੍ਹ ਕੇ ਕੀਤੀ ਹੈ। ਇਕ ਹਉਕਾ ਲਿਆ ਹੈ ਪੰਜਾਬੀ ਲਈ। ਇਸੇ ਸਿਰਲੇਖ ਦੇ ਲੇਖ ਵਿਚ ਮਾਹਿਲਪੁਰ ਦੀ ਫੁਟਬਾਲ ਖੇਡ ਦੀ ਚਰਚਾ ਹੈ। ਲੇਖਕ ਬਚਪਨ ਤੋਂ ਪੰਜਾਬੀ ਕਿਤਾਬਾਂ ਦੇ ਪਾਠਕ ਹੋਣ ਦੀ ਗਾਥਾ ਪੇਸ਼ ਕਰਦਾ ਹੈ। ਪੜ੍ਹ ਕੇ ਰੂਹ ਖਿੜ ਜਾਂਦੀ ਹੈ।

ਕਿਤਾਬ ਦੇ ਸਮਾਜਿਕ ਸਰੋਕਾਰਾਂ ਮਾਂ ਦਾ ਪਿਆਰ, ਖੇਡਾਂ ਦਾ ਜ਼ਿੰਦਗੀ ਵਿਚ ਮਹਤਵ, ਸਕੂਲ ਸਮੇਂ ਦੇ ਸੰਗੀ ਸਾਥੀ, ਸ਼ੁਧ ਵਿਚਾਰ ਤੇ ਮਨੁਖੀ ਸ਼ਖਸੀਅਤ, ਮਿਠੀ ਬੋਲ ਬਾਣੀ ਦੀ ਮਹਤਤਾ, ਨਾਨਕੇ ਘਰ ਵਿਚ ਲਾਇਬਰੇਰੀ ਨਾਲ ਮੁਹਬਤ, ਜ਼ਿੰਦਗੀ ਵਿਚ ਸਹਿਣਸ਼ੀਲਤਾ, ਆਦਿ ਵਿਸ਼ਿਆ ਬਾਰੇ ਸਵੈ ਮੁਖੀ ਜ਼ਿਕਰ ਹੈ । ਲੇਖਕ ਨੇ ਵਿਸ਼ਾਲ ਤਜ਼ਰਬੇ ਵਿਚੋਂ ਇਹ ਗਹਿਣੇ ਲਿਆ ਕੇ ਕਿਤਾਬ ਵਿਚ ਸਾਂਝੇ ਹਨ।

ਸਿਖਿਆ ਸੰਸਾਰ ਦੇ ਗਿਆਰਾਂ ਲੇਖ ਅਧਿਆਪਕ ਵਰਗ ਦੇ ਖਾਸ ਤੌਰ ਤੇ ਪੜ੍ਹਨ ਵਾਲੇ ਹਨ। ਨਵੀ ਜਮਾਤਾ ਸ਼ੁਰੂ ਹੋਣ ਤੇ ਬਚੇ ਨੂੰ ਕੀ ਸੇਧ ਦੇਣੀ ਹੈ । ਪੜ੍ਹ ਕੇ ਇਕ ਚੰਗੇ ਸੈਮੀਨਾਰ ਵਾਲਾ ਲਾਭ ਹੋ ਜਾਂਦਾ ਹੈ। ਅਧਿਆਪਕਾਂ ਦੇ ਗੈਰ ਵਿਦਿਅਕ ਕੰਮਾਂ ਤੇ ਲੇਖਕ ਨੇ ਲੇਖ ਅਧਿਆਪਕ ਤੇ ਆਲੂ ਵਿਚ ਬੇਬਾਕ ਚਰਚਾ ਕੀਤੀ ਹੈ। ਇਹ ਲੇਖ ਸਰਕਾਰਾਂ ਦੇ ਪੜ੍ਹੰਨ ਵਾਲਾ ਹੈ। ਲੇਖਕ ਆਪਣੇ ਲੇਖਾਂ ਵਿਚ ਕਿਸੇ ਨੂੰ ਨ੍ਹੀ ਬਖਸ਼ਦਾ, ਸਚੋ ਸਚ ਲਿਖੇ ਸਮੇਂ ਦਾ ਯਥਾਰਥ ਪੇਸ਼ ਕਰਦਾ ਹੈ।

ਸਾਹਿਤ ਤੇ ਸਭਿਆਚਾਰ ਸਿਰਲੇਖ ਵਾਲੇ 10 ਲੇਖਾਂ ਵਿਚ ਲੇਖ ਰਫਤਾਰ, ਗੁਫਤਾਰ ਤੇ ਦਸਤਾਰ ਵਿਚ ਜਿਵੇਂ ਕੁੱਜੇ ਵਿਚ ਸਮੁੰਦਰ ਬੰਦ ਕਰ ਦਿਤਾ ਹੋਵੇ। ਚੰਗੀ ਸ਼ਖਸੀਅਤ ਬਨਾਉਣ ਦੇ ਚਾਹਵਾਨਾਂ ਲਈ ਅਨਮੋਲ ਗਹਿਣਾ ਹੈ। ਹੋਰ ਲੇਖਾਂ ਵਿਚ ਰੁੱਖਾਂ ਦਾ ਸਭਿਆਚਾਰਕ ਜ਼ਿਕਰ, ਮਾਂ ਬੋਲੀ, ਮਾਹਿਲਪੁਰ ਦਾ ਅਮਰ ਸਿੰਘ ਸ਼ੋਕੀ ਮੇਲਾ ਤੇ ਹੋਰ ਸਭਿਆਚਾਤਰ ਮੇਲਿਆ ਬਾਰੇ ਬੇਸ਼ਕੀਮਤੀ ਵਿਚਾਰ ਹਨ।

ਬਾਲ ਪ੍ਰੀਤ ਮਿਲਣੀ ਕਾਫਲੇ ਦਾਜ਼ਿਕਰ ਹੈ। ਇਸ ਕਾਫਲੇ ਦੀ ਮਿਠੀ ਯਾਦ ਅਜੇ ਵੀ ਸਾਹਿਤਕ ਹਲਕਿਆਂ ਵਿਚ ਹੋ ਰਹੀ ਹੈ। ਲੇਖ ਚੀਚੋ ਚੀਚ ਗਨੇਰੀਆ ਸੁਹਜਮਈ ਹੈ। ਪੁਸਤਕ ਬਾਰੇ ਸ਼੍ਰੋਮਣੀ ਬਾਲ ਸਾਹਿਤਕਾਰ ਮਨਮੋਹਨ ਸਿੰਘ ਦਾਊਂ, ਐਸ ਅਸ਼ੋਕ ਭੌਰਾ, ਪ੍ਰਿੰਸੀਪਲ ਪਰਵਿੰਦਰ ਸਿੰਘ ਬਕਲਮ ਖੁਦ, ਪ੍ਰਿੰਸੀਪਲ ਵਿਜੇ ਕੁਮਾਰ ਦੇ ਪ੍ਰਭਾਵਸ਼ਾਲੀ ਵਿਚਾਰ ਹਨ ।ਪੁਸਤਕ ਦਾ ਭਰਵਾਂ ਸਵਾਗਤ ਹੈ। ਹਰੇਕ ਵਿਦਿਅਕ ਅਦਾਰੇ ਵਿਚ ਪੁਸਤਕ ਪੜ੍ਹੀ ਜਾਣ ਵਾਲੀ ਹੈ। ਇਹ ਉਦਮ ਜੇ ਸਿੱਖਿਆ ਵਿਭਾਗ ਕਰੇ ਤਾਂ ਬੱਚਿਆ ਅਤੇ ਅਧਿਆਪਕਾਂ ਲਈ ਪਰਉਪਕਾਰ ਹੋਵੇਗਾ। ਲੇਖਕ ਬਲਜਿੰਦਰ ਮਾਨ ਨੂੰ ਸ਼ਬਦਾਂ ਦੇ ਗਹਿਣੇ ਪੰਜਾਬੀ ਪਾਠਕਾਂ ਨੂੰ ਦੇਣ ਦੀ ਮੁਬਾਰਕ।

**–ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ**
91-9814856160

# ਨੋਬਲ ਇਨਾਮਾਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਪ੍ਰਭਾਵ ਚਮਕਿਆ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਨੇਲੋ ਕ੍ਰਿਸਟਿਆਨਿਨੀ, ਬਾਥ ਯੂਨੀਵਰਸਿਟੀ ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਵਿੱਚ 2024 ਦੇ ਨੋਬਲ ਪੁਰਸਕਾਰਾਂ ਨੇ ਸਾਨੂੰ ਵਿਗਿਆਨ ਦੇ ਭਵਿੱਖ ਦੀ ਇੱਕ ਝਲਕ ਦਿੱਤੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਦੋਵਾਂ ਅਵਾਰਡਾਂ ਦੁਆਰਾ ਸਨਮਾਨਿਤ ਖੋਜਾਂ ਲਈ ਕੇਂਦਰੀ ਸੀ। ਤੁਹਾਨੂੰ ਹੈਰਾਨੀ ਹੋਵੇਗੀ ਕਿ ਇਨਾਮਾਂ ਦੀ ਸਥਾਪਨਾ ਕਰਨ ਵਾਲੇ ਐਲਫ੍ਰੇਡ ਨੋਬਲ ਇਸ ਸਭ ਬਾਰੇ ਕੀ ਸੋਚਣਗੇ। ਅਸੀਂ ਨਿਸ਼ਚਤ ਤੌਰ 'ਤੇ ਏਆਈ ਟੂਲਸ ਦੀ ਵਰਤੋਂ ਕਰਨ ਵਾਲੇ ਖੋਜਕਰਤਾਵਾਂ ਨੂੰ ਬਹੁਤ ਸਾਰੇ ਹੋਰ ਨੋਬਲ ਮੈਡਲ ਦੇਖਣਾ ਚਾਹੁੰਦੇ ਹਾਂ। ਜਿਵੇਂ ਕਿ ਇਹ ਵਾਪਰਦਾ ਹੈ, ਅਸੀਂ ਨੋਬਲ ਕਮੇਟੀ ਦੁਆਰਾ ਸਨਮਾਨਿਤ ਕੀਤੇ ਗਏ ਵਿਗਿਆਨਕ ਢੰਗਾਂ ਨੂੰ "ਭੌਤਿਕ ਵਿਗਿਆਨ", "ਰਸਾਇਣ ਵਿਗਿਆਨ" ਅਤੇ "ਭੌਤਿਕ ਵਿਗਿਆਨ ਜਾਂ ਦਵਾਈ" ਵਰਗੀਆਂ ਸਿੱਧੀਆਂ ਸ਼੍ਰੇਣੀਆਂ ਤੋਂ ਵੱਖ ਕਰ ਸਕਦੇ ਹਾਂ। ਅਸੀਂ ਇਹ ਵੀ ਦੇਖ ਸਕਦੇ ਹਾਂ ਕਿ ਪ੍ਰਾਪਤਕਰਤਾਵਾਂ ਦੇ ਵਿਗਿਆਨਕ ਪਿਛੋਕੜ ਇਹਨਾਂ ਸ਼੍ਰੇਣੀਆਂ ਨਾਲ ਇੱਕ ਢਿੱਲੇ ਸਬੰਧ ਨੂੰ ਬਰਕਰਾਰ ਰੱਖਦੇ ਹਨ। ਇਸ ਸਾਲ ਦਾ ਭੌਤਿਕ ਵਿਗਿਆਨ ਇਨਾਮ ਪ੍ਰਿੰਸਟਨ ਯੂਨੀਵਰਸਿਟੀ ਵਿਖੇ ਅਮਰੀਕੀ ਜੌਹਨ ਹੌਪਫੀਲਡ ਅਤੇ ਟੋਰਾਂਟੋ ਯੂਨੀਵਰਸਿਟੀ ਤੋਂ ਬ੍ਰਿਟਿਸ਼ ਮੂਲ ਦੇ ਜੈਫਰੀ ਹਿੰਟਨ ਨੂੰ ਦਿੱਤਾ ਗਿਆ। ਜਦੋਂ ਕਿ ਹੌਪਫੀਲਡ ਇੱਕ ਭੌਤਿਕ ਵਿਗਿਆਨੀ ਹੈ, ਹਿੰਟਨ ਨੇ ਏਆਈ ਨੂੰ ਗਰੈਵੀਟ ਕਰਨ ਤੋਂ ਪਹਿਲਾਂ ਪ੍ਰਯੋਗਾਤਮਕ ਮਨੋਵਿਗਿਆਨ ਦਾ ਅਧਿਐਨ ਕੀਤਾ। ਕੈਮਿਸਟਰੀ ਇਨਾਮ ਵਾਸ਼ਿੰਗਟਨ ਯੂਨੀਵਰਸਿਟੀ ਦੇ ਬਾਇ ਕੈਮਿਸਟ ਡੇਵਿਡ ਬੇਕਰ ਅਤੇ ਕੰਪਿਊਟਰ ਵਿਗਿਆਨੀ ਡੇਮਿਸ ਹੈਸਾਬਿਸ ਅਤੇ ਜੌਨ ਜੰਪਰ, ਜੋ ਕਿ ਯੂਕੇ ਵਿੱਚ ਗੂਗਲ ਡੀਪਮਾਈਂਡ ਵਿੱਚ ਹਨ, ਵਿਚਕਾਰ ਸਾਂਝਾ ਕੀਤਾ ਗਿਆ ਸੀ। ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਦੀਆਂ ਸ਼੍ਰੇਣੀਆਂ ਵਿੱਚ ਸਨਮਾਨਿਤ ਏਆਈ-ਅਧਾਰਿਤ ਤਰੱਕੀ ਦੇ ਵਿਚਕਾਰ ਇੱਕ ਨਜ਼ਦੀਕੀ ਸਬੰਧ ਹੈ। ਹਿੰਟਨ ਨੇ ਪ੍ਰੋਟੀਨ ਦੇ ਆਕਾਰ ਦੀ ਭਵਿੱਖਬਾਣੀ ਕਰਨ ਲਈ ਡੀਪਮਾਈਂਡ ਦੁਆਰਾ ਵਰਤੀ ਗਈ ਪਹੁੰਚ ਨੂੰ ਵਿਕਸਤ ਕਰਨ ਵਿੱਚ ਮਦਦ ਕੀਤੀ। ਭੌਤਿਕ ਵਿਗਿਆਨ ਦੇ ਜੇਤੂਆਂ, ਖਾਸ ਤੌਰ 'ਤੇ ਹਿੰਟਨ, ਨੇ ਮਸ਼ੀਨ ਸਿਖਲਾਈ ਵਜੋਂ ਜਾਣੇ ਜਾਂਦੇ ਸ਼ਕਤੀਸ਼ਾਲੀ ਖੇਤਰ ਦੀ ਨੀਂਹ ਰੱਖੀ। ਇਹ ਏਆਈ ਦਾ ਇੱਕ ਸਬਸੈਟ ਹੈ ਜੋ ਐਲਗੋਰਿਦਮ, ਖਾਸ ਕੰਪਿਊਟੇਸ਼ਨਲ ਕਾਰਜਾਂ ਨੂੰ ਕਰਨ ਲਈ ਨਿਯਮਾਂ ਦੇ ਸੈਟ ਨਾਲ ਸਬੰਧਤ ਹੈ। ਹੌਪਫੀਲਡ ਦਾ ਕੰਮ ਅੱਜ ਖਾਸ ਤੌਰ 'ਤੇ ਵਰਤੋਂ ਵਿੱਚ ਨਹੀਂ ਹੈ, ਪਰ ਬੈਕਪ੍ਰੋਪੈਗੇਸ਼ਨ ਐਲਗੋਰਿਦਮ (ਹਿੰਟਨ ਦੁਆਰਾ ਸਹਿ-ਖੋਜ) ਨੇ ਬਹੁਤ ਸਾਰੇ ਵੱਖ-ਵੱਖ ਵਿਗਿਆਨਾਂ ਅਤੇ ਤਕਨਾਲੋਜੀਆਂ 'ਤੇ ਬਹੁਤ ਪ੍ਰਭਾਵ ਪਾਇਆ ਹੈ। ਇਹ ਨਿਊਰਲ ਨੈਟਵਰਕ ਨਾਲ ਸਬੰਧਤ ਹੈ, ਕੰਪਿਊਟਿੰਗ ਦਾ ਇੱਕ ਮਾਡਲ ਜੋ ਮਨੁੱਖੀ ਦਿਮਾਗ ਦੀ ਬਣਤਰ ਅਤੇ ਡੇਟਾ ਨੂੰ ਪ੍ਰਕਿਰਿਆ ਕਰਨ ਲਈ ਕਾਰਜ ਦੀ ਨਕਲ ਕਰਦਾ ਹੈ। ਬੈਕਪ੍ਰੋਪੈਗੇਸ਼ਨ ਵਿਗਿਆਨੀਆਂ ਨੂੰ ਬਹੁਤ ਸਾਰੇ ਨਿਊਰਲ ਨੈਂਟਵਰਕਾਂ ਨੂੰ "ਸਿਖਲਾਈ" ਦੇਣ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ ਨੋਬਲ ਕਮੇਟੀ ਨੇ ਇਸ ਪ੍ਰਭਾਵਸ਼ਾਲੀ ਐਲਗੋਰਿਦਮ ਨੂੰ ਭੌਤਿਕ ਵਿਗਿਆਨ ਨਾਲ ਜੋੜਨ ਲਈ ਆਪਣੀ ਪੂਰੀ ਕੋਸ਼ਿਸ਼ ਕੀਤੀ, ਇਹ ਕਹਿਣਾ ਸਹੀ ਹੈ ਕਿ ਇਹ ਲਿੰਕ ਸਿੱਧਾ ਨਹੀਂ ਹੈ। ਵਾਇਰਸ ਪ੍ਰੋਟੀਨ ਨੂੰ ਹੁਣ ਤੇਜ਼ੀ ਨਾਲ ਵਾਇਰਸਾਂ ਦਾ ਮੁਕਾਬਲਾ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ। ਰੈਡੌਕਸਿਸਟ ਸਟੂਡੀ / ਸ਼ਟਰਸਟੌਕ ਇੱਕ ਮਸ਼ੀਨ-ਲਰਨਿੰਗ ਪ੍ਰਣਾਲੀ ਨੂੰ ਸਿਖਲਾਈ ਦੇਣ ਵਿੱਚ ਇਸਨੂੰ ਬਹੁਤ ਸਾਰੇ ਡੇਟਾ, ਅਕਸਰ ਇੰਟਰਨੈਟ ਤੋਂ, ਸਾਹਮਣੇ ਲਿਆਉਣਾ ਸ਼ਾਮਲ ਹੁੰਦਾ ਹੈ। ਹਿੰਟਨ ਦੀ ਐਡਵਾਂਸ ਨੇ ਆਖਰਕਾਰ ਜੀਪੀਟੀ ਚੈਟਜੀਪੀਟੀ ਦੇ ਪਿੱਛੇ ਤਕਨਾਲੋਜੀ), ਅਤੇ ਏਆਈ ਐਲਗੋਰਿਦਮ ਅਲਫ਼ਗੋ। ਅਤੇ ਅਲਫ਼ ਫੈਵਡ, ਗੁਗਲ ਡੀਪਮਾਡ ਦੁਆਰਾ ਵਿਕਸਤ ਕੀਤੇ ਸਿਸਟਮਾਂ ਦੀ ਸਿਖਲਾਈ ਨੂੰ ਸਮਰੱਥ ਬਣਾਇਆ। ਇਸ ਲਈ, ਬੈਕਪ੍ਰੋਪੈਗੇਸ਼ਨ ਦਾ ਪ੍ਰਭਾਵ ਬਹੁਤ ਜ਼ਿਆਦਾ ਰਿਹਾ ਹੈ। ਡੀਪਮਾਈਂਡ ਦੇ ਅਲਫਾਫੋਲਡ 2 ਨੇ 50 ਸਾਲ ਪੁਰਾਣੀ ਸਮੱਸਿਆ ਦਾ ਹੱਲ ਕੀਤਾ: ਉਹਨਾਂ ਦੇ ਅਣੂ ਬਿਲਡਿੰਗ ਬਲਾਕਾਂ, ਅਮੀਨੋ ਐਸਿਡਾਂ ਤੋਂ ਪ੍ਰੋਟੀਨ ਦੀਆਂ ਗੁੰਝਲਦਾਰ ਬਣਤਰਾਂ ਦੀ ਭਵਿੱਖਬਾਣੀ ਕਰਨਾ। ਹਰ ਦੋ ਸਾਲਾਂ ਬਾਅਦ, 1994 ਤੋਂ, ਵਿਗਿਆਨੀ ਆਪਣੇ ਅਮੀਨੋ ਐਸਿਡਾਂ ਦੇ ਕ੍ਰਮਾਂ ਤੋਂ ਪ੍ਰੋਟੀਨ ਬਣਤਰਾਂ ਅਤੇ ਆਕਾਰਾਂ ਦੀ ਭਵਿੱਖਬਾਣੀ ਕਰਨ ਦੇ ਸਭ ਤੋਂ ਵਧੀਆ ਤਰੀਕੇ ਲੱਭਣ ਲਈ ਇੱਕ ਮੁਕਾਬਲੇ ਦਾ ਆਯੋਜਨ ਕਰ ਰਹੇ ਹਨ। ਮੁਕਾਬਲੇ ਨੂੰ ਕ੍ਰਿਟੀਕਲ ਅਸੈਸਮੈਂਟ ਆਫ ਸਟਰਕਚਰ ਪ੍ਰੀਡੀਕਸ਼ਨ ਕਿਹਾ ਜਾਂਦਾ ਹੈ। ਪਿਛਲੇ ਕੁਝ ਮੁਕਾਬਲਿਆਂ ਲਈ, ਸੀਏਐਸਪੀ ਜੇਤੂਆਂ ਨੇ ਡੀਪੀਮਾਂਡ ਦੇ ਅਲਫ਼ਫੋਡਦੇ ਕੁਝ ਸੰਸਕਰਣ ਦੀ ਵਰਤੋਂ ਕੀਤੀ ਹੈ। ਇਸ ਲਈ, ਹਿੰਟਨ ਦੇ ਬੈਕਪ੍ਰੋਪੈਗੇਸ਼ਨ ਤੋਂ ਗੂਗਲ ਡੀਪਮਾਈਂਡ ਦੇ ਅਲਫਾਫੋਲਡ 2 ਸਫਲਤਾ ਤੱਕ ਇੱਕ ਸਿੱਧੀ ਲਾਈਨ ਖਿੱਚੀ ਜਾਣੀ ਹੈ। ਡੇਵਿਡ ਬੇਕਰ ਨੇ ਨਵੀਂ ਕਿਸਮ ਦੇ ਪ੍ਰੋਟੀਨ ਬਣਾਉਣ ਦੇ ਔਖੇ ਕਾਰਨਾਮੇ ਨੂੰ ਪ੍ਰਾਪਤ ਕਰਨ ਲਈ ਰੋਜ਼ੇਟਾ ਨਾਮਕ ਕੰਪਿਊਟਰ ਪ੍ਰੋਗਰਾਮ ਦੀ ਵਰਤੋਂ ਕੀਤੀ। ਬੇਕਰ ਅਤੇ ਡੀਪਮਾਈਂਡ ਦੇ ਦੋਵੇਂ ਤਰੀਕੇ ਭਵਿੱਖ ਦੀਆਂ ਐਪਲੀਕੇਸ਼ਨਾਂ ਲਈ ਬਹੁਤ ਜ਼ਿਆਦਾ ਸੰਭਾਵਨਾ ਰੱਖਦੇ ਹਨ। ਵਿਸ਼ੇਸ਼ਤਾ ਕ੍ਰੈਡਿਟ ਹਮੇਸ਼ਾ ਰਿਹਾ ਹੈਨੋਬਲ ਪੁਰਸਕਾਰਾਂ ਦਾ ਵਿਵਾਦਪੂਰਨ ਪਹਿਲੂ। ਵੱਧ ਤੋਂ ਵੱਧ ਤਿੰਨ ਖੋਜਕਰਤਾ ਇੱਕ ਨੋਬਲ ਸਾਂਝਾ ਕਰ ਸਕਦੇ ਹਨ। ਪਰ ਵਿਗਿਆਨ ਵਿੱਚ ਵੱਡੀ ਤਰੱਕੀ ਸਹਿਯੋਗੀ ਹੈ। ਵਿਗਿਆਨਕ ਪੇਪਰਾਂ ਵਿੱਚ 10, 20, 30 ਜਾਂ ਵੱਧ ਲੇਖਕ ਹੋ ਸਕਦੇ ਹਨ। ਨੋਬਲ ਕਮੇਟੀ ਦੁਆਰਾ ਸਨਮਾਨਿਤ ਕੀਤੀਆਂ ਖੋਜਾਂ ਵਿੱਚ ਇੱਕ ਤੋਂ ਵੱਧ ਟੀਮਾਂ ਯੋਗਦਾਨ ਪਾ ਸਕਦੀਆਂ ਹਨ। ਇਸ ਸਾਲ ਸਾਡੇ ਕੋਲ ਬੈਕਪ੍ਰੋਪੈਗੇਸ਼ਨ ਐਲਗੋਰਿਦਮ 'ਤੇ ਖੋਜ ਦੇ ਵਿਸ਼ੇਸ਼ਤਾ ਬਾਰੇ ਹੋਰ ਚਰਚਾ ਹੋ ਸਕਦੀ ਹੈ, ਜਿਸਦਾ ਵੱਖ-ਵੱਖ ਖੋਜਕਰਤਾਵਾਂ ਦੁਆਰਾ ਦਾਅਵਾ ਕੀਤਾ ਗਿਆ ਹੈ, ਨਾਲ ਹੀ ਭੌਤਿਕ ਵਿਗਿਆਨ ਵਰਗੇ ਖੇਤਰ ਲਈ ਖੋਜ ਦੇ ਆਮ ਵਿਸ਼ੇਸ਼ਤਾ ਲਈ। ਸਾਡੇ ਕੋਲ ਹੁਣ ਵਿਸ਼ੇਸ਼ਤਾ ਸਮੱਸਿਆ ਲਈ ਇੱਕ ਨਵਾਂ ਮਾਪ ਹੈ। ਇਹ ਤੇਜ਼ੀ ਨਾਲ ਅਸਪਸ਼ਟ ਹੈ ਕਿ ਕੀ ਅਸੀਂ ਹਮੇਸ਼ਾ ਮਨੁੱਖੀ ਵਿਗਿਆਨੀਆਂ ਅਤੇ ਉਨ੍ਹਾਂ ਦੇ ਨਕਲੀ ਸਹਿਯੋਗੀਆਂ ਦੇ ਯੋਗਦਾਨਾਂ ਵਿੱਚ ਫਰਕ ਕਰਨ ਦੇ ਯੋਗ ਹੋਵਾਂਗੇ - ਏਆਈ ਟੂਲ ਜੋ ਪਹਿਲਾਂ ਹੀ ਸਾਡੇ ਗਿਆਨ ਦੀਆਂ ਸੀਮਾਵਾਂ ਨੂੰ ਅੱਗੇ ਵਧਾਉਣ ਵਿੱਚ ਮਦਦ ਕਰ ਰਹੇ ਹਨ। ਭਵਿੱਖ ਵਿੱਚ, ਕੀ ਅਸੀਂ ਦੇਖ ਸਕਦੇ ਹਾਂ ਕਿ ਮਸ਼ੀਨਾਂ ਵਿਗਿਆਨੀਆਂ ਦੀ ਥਾਂ ਲੈਂਦੀਆਂ ਹਨ, ਮਨੁੱਖਾਂ ਨੂੰ ਇੱਕ ਸਹਾਇਕ ਭੂਮਿਕਾ ਲਈ ਭੇਜਿਆ ਜਾਂਦਾ ਹੈ? ਜੇਕਰ ਅਜਿਹਾ ਹੈ, ਤਾਂ ਸ਼ਾਇਦ ਏਆਈ ਟੂਲ ਨੂੰ ਮੁੱਖ ਨੋਬਲ ਪੁਰਸਕਾਰ ਮਿਲੇਗਾ ਜਿਸ ਦੀ ਆਪਣੀ ਸ਼੍ਰੇਣੀ ਦੀ ਲੋੜ ਹੈ।

# ਭਾਸ਼ਾ 'ਤੇ ਸੋਸ਼ਲ ਮੀਡੀਆ ਦਾ ਪ੍ਰਭਾਵ



ਸੋਸ਼ਲ ਮੀਡੀਆ ਬਹੁਤ ਸਾਰੇ ਤਰੀਕਿਆਂ ਨਾਲ ਖਾਸ ਤੌਰ 'ਤੇ ਸੰਚਾਰ ਡੋਮੇਨ, ਗਿਆਨ ਅਤੇ ਸਿੱਖਿਆ ਨਾਲ ਜੁੜੀਆਂ ਵਸਤੂਆਂ ਵਿੱਚ ਰਹਿਣ ਲਈ ਵਿਅਕਤੀਆਂ ਦੇ ਢੰਗ ਨੂੰ ਬਦਲ ਰਿਹਾ ਹੈ। ਇਸਦਾ ਅਰਥ ਇਹ ਵੀ ਹੈ ਕਿ ਮਨੁੱਖੀ ਜੀਵਨ ਦੀਆਂ ਲੋੜਾਂ ਵਿੱਚੋਂ ਇੱਕ ਪ੍ਰਾਪਤ ਕੀਤੀ ਜਾਏਗੀ; ਹੋਰ ਜੀਵਾਂ ਨਾਲ ਸੰਚਾਰ ਕਰਨ ਅਤੇ ਗੱਲਬਾਤ ਕਰਨ ਲਈ। ਇਸ ਲਈ, ਵਿਸ਼ਵੀਕਰਨ ਦੇ ਯੁੱਗ ਵਿੱਚ, ਬਹੁਤ ਸਾਰੇ ਲੋਕ ਦੁਨੀਆ ਭਰ ਵਿੱਚ ਸੋਸ਼ਲ ਮੀਡੀਆ ਦੀ ਵਰਤੋਂ ਆਪਣੇ ਜੀਵਨ ਦੇ ਮਹੱਤਵਪੂਰਨ ਟੋਲ ਵਜੋਂ ਕਰਦੇ ਹਨ, ਪਰ ਇਹ ਉਸ ਭਾਸ਼ਾ ਨੂੰ ਬਦਲਣ ਨੂੰ ਪ੍ਰਭਾਵਤ ਕਰਦਾ ਹੈ ਜੋ ਅਸੀਂ ਦੂਜਿਆਂ ਨਾਲ ਸੰਚਾਰ ਕਰਦੇ ਹਾਂ। ਮੇਰੇ ਖਿਆਲ ਵਿੱਚ ਸੋਸ਼ਲ ਮੀਡੀਆ ਦਾ ਭਾਸ਼ਾ ਉੱਤੇ ਸਕਾਰਾਤਮਕ ਅਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ।

ਬਹੁਤ ਸਾਰੇ ਸਕਾਰਾਤਮਕ ਪ੍ਰਭਾਵ ਹਨ ਜੋ ਸੋਸ਼ਲ ਮੀਡੀਆ ਭਾਸ਼ਾ ਨੂੰ ਬਦਲਦੇ ਹਨ ਜਦੋਂ ਲੋਕਾਂ ਨੂੰ ਇੱਕ ਦੂਜੇ ਨਾਲ ਸੰਚਾਰ ਕਰਨ ਦੀ ਲੋੜ ਹੁੰਦੀ ਹੈ ਜਿਵੇਂ ਕਿ ਆਸਾਨ ਸੰਚਾਰ। ਇਸ ਲਈ, ਸੋਸ਼ਲ ਮੀਡੀਆ ਅਕਸਰ ਮਦਦਗਾਰ ਹੋ ਸਕਦਾ ਹੈ, ਅਤੇ ਭਾਸ਼ਾ ਨੂੰ ਸਕਾਰਾਤਮਕ ਮੁੱਲ ਦੇ ਸਕਦਾ ਹੈ। ਉਦਾਹਰਨ ਲਈ, ਜਦੋਂ ਅਸੀਂ ਟੂਲ ਦੇ ਸੋਸ਼ਲ ਮੀਡੀਆ ਵਿੱਚ ਗੱਲਬਾਤ ਦੀ ਵਰਤੋਂ ਕਰਦੇ ਹਾਂ, ਤਾਂ ਅਸੀਂ ਚੰਗੀ ਤਰ੍ਹਾਂ ਸਮਝਣ ਲਈ ਭਾਸ਼ਾ ਡਿਕਸ਼ਨਰੀ ਵਿੱਚ ਬਹੁਤ ਸਾਰੇ ਨਵੇਂ ਸ਼ਬਦ ਸ਼ਾਮਲ ਕੀਤੇ ਹਨ ਅਤੇ ਸਪਸ਼ਟ ਫੀਡਬੈਕ ਪ੍ਰਾਪਤ ਕਰਨ ਲਈ ਇੱਕ ਬਿਹਤਰ ਤੇਜ਼ੀ ਨਾਲ ਜਵਾਬ ਦੇਣ ਵਾਲੇ ਦੀ ਪਛਾਣ ਕਰ ਸਕਦੇ ਹਾਂ। ਨਤੀਜੇ ਵਜੋਂ, ਬਹੁਤ ਸਾਰੇ ਲੋਕ ਇਸ ਕਿਸਮ ਦੇ ਸੰਚਾਰ ਦੀ ਵਰਤੋਂ ਕਰਦੇ ਹੋਏ ਇੱਕ ਦੂਜੇ ਨਾਲ ਸੰਚਾਰ ਕਰਨ ਲਈ ਇੱਕ ਸ਼ਾਰਟਸ ਤਰੀਕਾ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਜਿਵੇਂ ਕਿ ਸੰਖੇਪ, ਇਮੋਸ਼ਨ, ਤਸਵੀਰਾਂ, ਚਿੰਨ੍ਹ, ਖਾਸ ਸ਼ਬਦਾਵਲੀ, ਅਤੇ ਅਰਥ। ਇਸ ਤੋਂ ਇਲਾਵਾ, ਆਸਾਨੀ ਨਾਲ ਸੰਚਾਰ ਕਰਨ ਲਈ ਬਹੁਤ ਸਾਰੇ ਲੋਕ ਗਲਤੀਆਂ ਨੂੰ ਠੀਕ ਕਰਨ ਦੇ ਨਾਲ ਸਿੱਖਣ ਲਈ ਸੋਸ਼ਲ ਮੀਡੀਆ ਨੂੰ ਇੱਕ ਸਾਧਨ ਵਜੋਂ ਵਰਤਦੇ ਹਨ ਜੋ ਔਨਲਾਈਨ ਗੱਲਬਾਤ ਉਦੋਂ ਮਦਦ ਕਰਦੀ ਹੈ ਜਦੋਂ ਤੁਸੀਂ ਇੱਕ ਸ਼ਬਦ ਦੀ ਗਲਤ ਸ਼ਬਦ-ਜੋੜ, ਜਾਂ ਤੁਸੀਂ ਉਸ ਨੂੰ ਗਲਤ ਲਿਖਦੇ ਹੋ, ਜਦੋਂ ਤੁਸੀਂ ਦਰਸ਼ਕ ਨੂੰ ਠੀਕ ਕਰਨ ਲਈ ਗੱਲ ਕਰ ਰਹੇ ਹੋ। ਇਹ ਤਰੀਕਾ ਗਲਤੀਆਂ ਤੋਂ ਤੇਜ਼ੀ ਨਾਲ ਸਿੱਖਣ ਅਤੇ ਮੁੜ ਸੁਧਾਰ ਕਰਨ ਵਿੱਚ ਮਦਦ ਕਰੇਗਾ। ਭਾਵੇਂ ਕਿ ਬਹੁਤ ਸਾਰੇ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਉਹ ਭਾਸ਼ਾ ਦੀ ਤਸਵੀਰੀ ਵਰਤੋਂ ਕਾਰਨ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਦੇ ਹਨ, ਪਰ ਉਨ੍ਹਾਂ ਵਿੱਚੋਂ ਕੁਝ ਨਹੀਂ ਸਮਝਦੇ ਹਨ ਜੋ ਪੀੜ੍ਹੀ ਦੇ ਅੰਤਰ 'ਤੇ ਨਿਰਭਰ ਕਰਦਾ ਹੈ। ਉਦਾਹਰਣ ਵਜੋਂ, 21 ਸਦੀ ਦੀ ਪੀੜ੍ਹੀ ਭਾਸ਼ਾ 'ਤੇ ਸੋਸ਼ਲ ਮੀਡੀਆ ਦੇ ਪ੍ਰਭਾਵ ਤੋਂ ਆਉਣ ਵਾਲੀ ਭਾਸ਼ਾ ਦੀ ਵਰਤੋਂ ਅਤੇ ਸਮਝ ਸਕਦੀ ਹੈ ਅਤੇ ਨਾ ਹੀ ਦੂਜੀਆਂ ਪੀੜ੍ਹੀਆਂ ਕਰ ਸਕਦੀਆਂ ਹਨ। ਨਤੀਜੇ ਵਜੋਂ, ਬਦਲ ਰਹੀ ਭਾਸ਼ਾ 'ਤੇ ਸੋਸ਼ਲ ਮੀਡੀਆ ਦੇ ਸਕਾਰਾਤਮਕ ਪ੍ਰਭਾਵ ਨੂੰ ਜ਼ੁਬਾਨ ਨੂੰ ਵਧੇਰੇ ਆਸਾਨ ਬਣਾਉਣ ਅਤੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਇੱਕ ਮੁੱਲ ਦਿੱਤਾ ਜਾ ਸਕਦਾ ਹੈ।

ਫਿਰ ਵੀ, ਬਹੁਤ ਸਾਰੇ ਨਕਾਰਾਤਮਕ ਪ੍ਰਭਾਵ ਹਨ ਜੋ ਸੋਸ਼ਲ ਮੀਡੀਆ ਭਾਸ਼ਾ ਨੂੰ ਬਦਲਦੇ ਹਨ ਜਦੋਂ ਲੋਕਾਂ ਨੂੰ ਇੱਕ ਦੂਜੇ ਨਾਲ ਸੰਚਾਰ ਕਰਨ ਦੀ ਜ਼ਰੂਰਤ ਹੁੰਦੀ ਹੈ ਜਿਵੇਂ ਕਿ ਲੋਕ ਜ਼ਿਆਦਾਤਰ ਸਮਾਂ ਵਿਗੜਦੇ ਸ਼ਬਦਾਂ ਅਤੇ ਮਾਤ ਭਾਸ਼ਾ ਤੋਂ ਭਟਕਦੇ ਹਨ। ਇਸ ਤੋਂ ਇਲਾਵਾ, ਸਪੀਕਰ ਗਲਤੀਆਂ ਕਰਦੇ ਹਨ ਜਦੋਂ ਉਹ ਗਾਲੀ-ਗਲੋਚ ਅਤੇ ਸੰਖੇਪ ਸ਼ਬਦਾਂ ਦੀ ਵਰਤੋਂ ਕਰਦੇ ਹਨ, ਅਤੇ ਉਹ ਕੁਝ ਸ਼ਬਦਾਂ ਨੂੰ ਛੋਟਾ ਕਰਦੇ ਹਨ। ਨਾਲ ਹੀ, ਬਹੁਤ ਸਾਰੇ ਲੋਕ ਸ਼ਬਦਾਂ ਨੂੰ ਵਿਗਾੜ ਦਿੰਦੇ ਹਨ ਜਦੋਂ ਉਹ ਗਲਤ ਵਿਆਕਰਣ ਅਤੇ ਸਮੀਕਰਨ ਦੀ ਵਰਤੋਂ ਕਰਦੇ ਹਨ, ਸ਼ਬਦਾਂ ਦੀ ਬਜਾਏ ਤਸਵੀਰਾਂ ਵਿੱਚ ਵਿਚਾਰਾਂ ਨੂੰ ਵਧੇਰੇ ਪ੍ਰਦਰਸ਼ਿਤ ਕਰਦੇ ਹਨ ਜਾਂ ਕਿਸੇ ਸੰਖੇਪ ਰੂਪ ਦੀ ਵਰਤੋਂ ਕਰਦੇ ਹਨ।

ਸਿੱਟੇ ਵਜੋਂ, ਅਸੀਂ ਇੱਕ ਅਜਿਹੇ ਦੌਰ ਵਿੱਚ ਰਹਿ ਰਹੇ ਹਾਂ ਜਿਸ ਵਿੱਚ ਲੋਕ ਹਰ ਕੰਮ ਜਲਦੀ ਕਰ ਲੈਂਦੇ ਹਨ। ਇਸ ਸਦੀ ਵਿੱਚ ਕਿਸੇ ਕੋਲ ਵੀ ਭਾਸ਼ਾ ਦੀ ਸਹੀ ਸੰਰਚਨਾ ਨਾਲ ਸਹੀ ਵਰਤੋਂ ਕਰਨ ਦਾ ਸਮਾਂ ਨਹੀਂ ਹੈ। ਫਿਰ, ਅਸੀਂ ਇੱਕ ਅਜਿਹੇ ਦੌਰ ਵਿੱਚ ਰਹਿ ਰਹੇ ਹਾਂ ਜਿਸ ਵਿੱਚ ਲੋਕ ਸਭ ਕੁਝ ਤੇਜ਼ੀ ਨਾਲ ਕਰ ਰਹੇ ਹਨ। ਕਿਸੇ ਕੋਲ ਵੀ ਪੂਰੀ ਸੋਚ ਅਤੇ ਵਿਆਕਰਣ ਨਾਲ ਭਾਸ਼ਾ ਦੀ ਵਰਤੋਂ ਕਰਨ ਦਾ ਸਮਾਂ ਨਹੀਂ ਹੈ ਕਿਉਂਕਿ ਅਸੀਂ ਉਸ ਦੌਰ ਵਿੱਚ ਰਹਿ ਰਹੇ ਹਾਂ ਜਿਸ ਵਿੱਚ ਲੋਕ ਚੀਜ਼ਾਂ ਨੂੰ ਸਰਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਦਾਹਰਨ ਲਈ, ਂਿਨਸਟਅਗਰਅਮ ਅਤੇ ਂਅਚਣਬੋਕ ਉਪਭੋਗਤਾ #ਹਅਸਹਟਅਗਸ ਵਰਗੇ ਸ਼ਬਦਾਂ ਨੂੰ ਛੋਟਾ ਕਰਨ ਲਈ ਵਰਤਦੇ ਹਨ। ਕੋਈ ਸੰਪੂਰਨ ਵਿਚਾਰ, ਅਰਥ ਨਹੀਂ ਹਨ ਅਤੇ ਸਾਰੇ ਲੋਕ ਸ਼ਬਦ ਨੂੰ ਨਹੀਂ ਸਮਝਦੇ ਹਨ। ਨਤੀਜੇ ਵਜੋਂ, ਭਾਸ਼ਾ ਆਪਣੀਆਂ ਜੜ੍ਹਾਂ ਗੁਆ ਦੇਵੇਗੀ, ਬਜ਼ੁਰਗ ਲੋਕ ਇਸ ਕਿਸਮ ਦੇ ਸੰਚਾਰ ਨੂੰ ਨਹੀਂ ਸਮਝ ਸਕਦੇ ਅਤੇ ਉਪਭੋਗਤਾ ਇਸ ਕਿਸਮ ਦੀ ਭਾਸ਼ਾ ਦੀ ਸਹੀ ਵਰਤੋਂ ਵਿੱਚ ਆਲਸੀ ਹੋ ਜਾਂਦੇ ਹਨ।

ਸੋਸ਼ਲ ਮੀਡੀਆ ਦਾ ਭਾਸ਼ਾ 'ਤੇ ਜੋ ਮਾੜਾ ਪ੍ਰਭਾਵ ਪੈਂਦਾ ਹੈ, ਉਹ ਸਕਾਰਾਤਮਕ ਪ੍ਰਭਾਵਾਂ ਤੋਂ ਵੱਧ ਹੈ। ਇਸ ਦਾ ਅਰਥ ਹੈ ਉਹ ਭਾਸ਼ਾਵਿਆਕਰਨਿਕ ਤੌਰ 'ਤੇ ਬਦਲਣ ਲਈ ਬਣ ਜਾਂਦਾ ਹੈ, ਬੋਲਣ ਵਿੱਚ ਤੇਜ਼ੀ ਨਾਲ ਬਦਲਾਅ ਹੁੰਦਾ ਹੈ ਅਤੇ ਸੋਸ਼ਲ ਮੀਡੀਆ ਡੋਮੇਨ ਅਸਲ ਸੰਸਾਰ ਨਹੀਂ ਹੈ। ਉਦਾਹਰਨ ਲਈ, ਜਦੋਂ ਲੋਕ ਇੱਕ ਸ਼ਬਦ ਦੀ ਵਰਤੋਂ ਕਰਦੇ ਹੋਏ ਸੋਸ਼ਲ ਮੀਡੀਆ 'ਤੇ ਇੱਕ ਰੁਝਾਨ ਬਣ ਜਾਂਦੇ ਹਨ ਤਾਂ ਸਾਰੇ ਉਪਭੋਗਤਾ ਇਸਨੂੰ ਵਰਤਣ ਦੀ ਕੋਸ਼ਿਸ਼ ਕਰਦੇ ਹਨ, ਪਰ ਇਹ ਭਾਸ਼ਾ ਦੀ ਮਦਦ ਨਹੀਂ ਕਰਦਾ ਕਿਉਂਕਿ ਸਾਰੇ ਪ੍ਰਚਲਿਤ ਸ਼ਬਦਾਂ ਨੂੰ ਸਹੀ ਢੰਗ ਨਾਲ ਨਹੀਂ ਵਰਤਿਆ ਜਾਂਦਾ ਹੈ। ਨਾਲ ਹੀ, ਜਦੋਂ ਸੋਸ਼ਲ ਮੀਡੀਆ 'ਤੇ ਨਵੇਂ ਸ਼ਬਦ ਵਰਤੇ ਜਾਂਦੇ ਹਨ, ਤਾਂ ਮੌਜੂਦਾ ਭਾਸ਼ਾ ਘੱਟ ਵਰਤੀ ਜਾਂਦੀ ਹੈ। ਨਤੀਜੇ ਵਜੋਂ, ਸਮਾਜਿਕ ਮੀਡੀਆ ਦੀ ਭਾਸ਼ਾ ਬਦਲਣ ਵਾਲੇ ਮਾੜੇ ਪ੍ਰਭਾਵ ਸੰਚਾਰ ਵਿੱਚ ਰੁਕਾਵਟਾਂ ਪੈਦਾ ਕਰਦੇ ਹਨ, ਸ਼ਬਦਾਵਲੀ ਵਿੱਚ ਗਰੀਬ ਹੋ ਜਾਂਦੇ ਹਨ, ਅਤੇ ਪ੍ਰਤੀਕਾਂ ਰਾਹੀਂ ਸੰਚਾਰ ਵਿੱਚ ਵਾਪਸ ਆਉਣ ਦੀ ਸੰਭਾਵਨਾ ਹੁੰਦੀ ਹੈ। ਸਿੱਟੇ ਵਜੋਂ, ਸੋਸ਼ਲ ਮੀਡੀਆ ਭਾਸ਼ਾ 'ਤੇ ਬਹੁਤ ਸਾਰੇ ਸਕਾਰਾਤਮਕ ਅਤੇ ਨਕਾਰਾਤਮਕ ਪ੍ਰਭਾਵ ਪਾਉਂਦੇ ਹਨ, ਪਰ ਨਕਾਰਾਤਮਕ ਪ੍ਰਭਾਵ ਸਕਾਰਾਤਮਕ ਨਾਲੋਂ ਜ਼ਿਆਦਾ ਹੁੰਦੇ ਹਨ ਕਿਉਂਕਿ ਭਾਸ਼ਾ ਦੀ ਕੁਝ ਬਣਤਰ ਅਤੇ ਪ੍ਰਕਿਰਿਆ ਹੁੰਦੀ ਹੈ ਜਿਸਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਜੇਕਰ ਸਾਨੂੰ ਭਾਸ਼ਾ ਦੀ ਰੱਖਿਆ ਕਰਨ ਦੀ ਜ਼ਰੂਰਤ ਹੈ। ਮੈਂ ਭਾਸ਼ਾ ਦੀਆਂ ਜੜ੍ਹਾਂ ਨੂੰ ਹੋਰ ਸਮਝਣ ਅਤੇ ਜ਼ੁਬਾਨ ਦੀ ਰੱਖਿਆ ਲਈ ਭਾਸ਼ਾ ਨੂੰ ਸਥਾਨਕ ਸੱਭਿਆਚਾਰ ਨਾਲ ਜੋੜਨ ਦਾ ਪ੍ਰਸਤਾਵ ਕਰਦਾ ਹਾਂ।

**– ਵਿਜੈ ਗਰਗ**

# ਇੱਕ ਸਕ੍ਰਿਪਟ ਕਿਵੇਂ ਲਿਖਣੀ ਹੈ: ਇੱਕ ਸੰਪੂਰਨ ਗਾਈਡ

**– ਵਿਜੈ ਗਰਗ**

ਹਰ ਪੁਰਸਕਾਰ ਜੇਤੂ ਨਾਟਕ, ਅਣਪਛਾਤੇ ਨਾਵਲ, ਜਾਂ ਦੇਖਣ ਵਾਲੀ ਫਿਲਮ ਉਸੇ ਤਰ੍ਹਾਂ ਸ਼ੁਰੂ ਹੁੰਦੀ ਹੈ: ਖਾਲੀ ਪੰਨੇ ਨਾਲ। ਹਾਲਾਂਕਿ ਇਹ ਸਫੈਦ ਸਫ਼ਾ ਸ਼ੁਰੂ ਵਿੱਚ ਡਰਾਉਣਾ ਲੱਗ ਸਕਦਾ ਹੈ, ਇਹ ਕਿਸੇ ਜਾਦੂਈ ਚੀਜ਼ ਲਈ ਕੈਨਵਸ ਵੀ ਹੈ, ਤੁਹਾਡੀ ਕਲਪਨਾ ਨੂੰ ਪੇਂਟ ਵਾਂਗ ਇਸ ਵਿੱਚ ਫੈਲਣ ਦੀ ਉਡੀਕ ਕਰ ਰਿਹਾ ਹੈ। ਭਾਵੇਂ ਤੁਸੀਂ ਦਿਲ ਨੂੰ ਦਹਿਲਾ ਦੇਣ ਵਾਲੇ ਥ੍ਰਿਲਰ ਦਾ ਸੁਪਨਾ ਦੇਖ ਰਹੇ ਹੋ ਜਾਂ ਉੱਚੀ-ਉੱਚੀ ਹਾਸੇ ਵਾਲੀ ਕਾਮੇਡੀ, ਇੱਕ ਸਕ੍ਰਿਪਟ ਲਿਖਣਾ ਪਾਤਰਾਂ ਨੂੰ ਜੀਵਨ ਦੇਣ, ਕਹਾਣੀਆਂ ਨੂੰ ਬੁਣਨ ਬਾਰੇ ਹੈ ਜੋ ਦਰਸ਼ਕਾਂ ਨੂੰ ਬੰਦੀ ਬਣਾ ਕੇ ਰੱਖਦੀਆਂ ਹਨ, ਅਤੇ ਇਹ ਜਾਣਨਾ ਹੈ ਕਿ ਕਦੋਂ ਤੋੜਨਾ ਹੈ— ਅਤੇ ਨਿਯਮਾਂ ਦੀ ਪਾਲਣਾ —। ਇਸ ਕਦਮ-ਦਰ-ਕਦਮ ਗਾਈਡ ਵਿੱਚ, ਅਸੀਂ ਤੁਹਾਨੂੰ ਇੱਕ ਅਸਲੀ ਪ੍ਰੋ ਵਾਂਗ ਸਕ੍ਰਿਪਟ ਲਿਖਣ ਦੀ ਕਲਾ ਨੂੰ ਉਜਾਗਰ ਕਰਦੇ ਹੋਏ, ਖਾਲੀ ਪੰਨੇ ਤੋਂ ਸ਼ਾਨਦਾਰ ਸਕ੍ਰੀਨਪਲੇ ਤੱਕ ਲੈ ਜਾਵਾਂਗੇ। ਇੱਕ ਸਕ੍ਰਿਪਟ ਕੀ ਹੈ? ਇੱਕ ਸਕ੍ਰਿਪਟ ਇੱਕ ਵਿਸਤ੍ਰਿਤ ਰੂਪਰੇਖਾ ਹੁੰਦੀ ਹੈ ਜਿਸ ਵਿੱਚ ਸੰਵਾਦ, ਚਰਿੱਤਰ ਕਿਰਿਆਵਾਂ ਅਤੇ ਦ੍ਰਿਸ਼ ਸ਼ਾਮਲ ਹੁੰਦੇ ਹਨ ਅਤੇ ਪ੍ਰਦਰਸ਼ਨਾਂ ਨੂੰ ਮਾਰਗਦਰਸ਼ਨ ਕਰਨ ਲਈ ਵਰਤਿਆ ਜਾਂਦਾ ਹੈ। ਫਿਲਮ, ਟੈਲੀਵਿਜ਼ਨ, ਥੀਏਟਰ, ਅਤੇ ਇੱਥੋਂ ਤੱਕ ਕਿ ਵੀਡੀ ਗੇਮਾਂ ਵਰਗੇ ਮੀਡੀਆ ਵਿੱਚ ਸਕ੍ਰਿਪਟਾਂ ਮਹੱਤਵਪੂਰਨ ਹਨ, ਜੋ ਕਹਾਣੀ ਸੁਣਾਉਣ ਅਤੇ ਉਤਪਾਦਨ ਲਈ ਬੁਨਿਆਦ ਵਜੋਂ ਕੰਮ ਕਰਦੀਆਂ ਹਨ। ਸਕ੍ਰਿਪਟਾਂ ਦੀਆਂ ਕਿਸਮਾਂ ਇੱਕ ਸਕ੍ਰਿਪਟ ਲਿਖਣਾ (ਜਾਂ ਸਕ੍ਰੀਨਪਲੇ, ਜਿਵੇਂ ਕਿ ਇਸਨੂੰ ਵੀ ਕਿਹਾ ਜਾਂਦਾ ਹੈ) ਵਿੱਚ ਰਚਨਾਤਮਕਤਾ, ਕਹਾਣੀ ਸੁਣਾਉਣ ਦੇ ਹੁਨਰ, ਅਤੇ ਉਦਯੋਗ-ਮਿਆਰੀ ਫਾਰਮੈਟਿੰਗ ਦੀ ਕਲਾ ਸ਼ਾਮਲ ਹੁੰਦੀ ਹੈ। ਸਕ੍ਰਿਪਟ ਦੀ ਕਿਸਮ 'ਤੇ ਨਿਰਭਰ ਕਰਦੇ ਹੋਏ, ਅੰਤਿਮ ਡਰਾਫਟ ਵੱਖ-ਵੱਖ ਰੂਪਾਂ 'ਤੇ ਹੋਵੇਗਾ, ਹਰੇਕ ਵਿਲੱਖਣ ਢਾਂਚੇ, ਉਦੇਸ਼ਾਂ ਅਤੇ ਦਰਸ਼ਕਾਂ ਦੇ ਨਾਲ। ਆਉ ਸਕ੍ਰਿਪਟਾਂ ਦੀਆਂ ਸਭ ਤੋਂ ਆਮ ਕਿਸਮਾਂ ਅਤੇ ਉਹਨਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੀ ਪੜਚੋਲ ਕਰੀਏ। ਫਿਲਮ ਫਿਲਮ ਸਕ੍ਰਿਪਟਾਂ ਸਿਨੇਮਾ ਦੇ ਆਰਕੀਟੈਕਚਰਲ ਬਲੂਪ੍ਰਿੰਟਸ ਵਾਂਗ ਹੁੰਦੀਆਂ ਹਨ, ਜਿਸ ਵਿੱਚ ਇੱਕ ਫਿਲਮ ਬਣਾਉਣ ਲਈ ਲੋੜੀਂਦੀ ਸਾਰੀ ਜਾਣਕਾਰੀ ਹੁੰਦੀ ਹੈ। ਉਹ ਸੀਨ ਸਿਰਲੇਖਾਂ, ਐਕਸ਼ਨ ਲਾਈਨਾਂ, ਸੰਵਾਦ ਅਤੇ ਤਬਦੀਲੀਆਂ ਨਾਲ ਐਕਸ਼ਨ ਦੀ ਅਗਵਾਈ ਕਰਦੇ ਹਨ, ਸਾਰੇ ਇੱਕ ਕਲਾਸਿਕ ਤਿੰਨ-ਐਕਟ ਢਾਂਚੇ ਵਿੱਚ ਲਪੇਟੇ ਹੋਏ ਹਨ। ਸਕ੍ਰਿਪਟ ਦਾ ਇੱਕ ਪੰਨਾ ਆਮ ਤੌਰ 'ਤੇ ਸਕ੍ਰੀਨ ਸਮੇਂ ਦੇ ਇੱਕ ਮਿੰਟ ਦੇ ਬਰਾਬਰ ਹੁੰਦਾ ਹੈ। ਟੀ।ਵੀ ਟੀਵੀ ਸਕ੍ਰਿਪਟਾਂ ਦੋ ਪ੍ਰਾਇਮਰੀ ਰੂਪਾਂ ਵਿੱਚ ਆਉਂਦੀਆਂ ਹਨ: ਐਪੀਸੋਡਿਕ (ਚੱਲ ਰਹੇ ਲੜੀਵਾਰਾਂ ਲਈ) ਅਤੇ ਸਟੈਂਡ-ਅਲੋਨ (ਵਿਸ਼ੇਸ਼ ਵਰਗੇ ਇੱਕ-ਵਾਰ ਪ੍ਰੋਡਕਸ਼ਨ ਲਈ)। ਟੀਵੀ ਲਈ ਇੱਕ ਮਾਸਟਰ ਕਹਾਣੀਕਾਰ ਹੋਣ ਦੇ ਨਾਲ ਹਫ਼ਤਾ-ਹਫ਼ਤੇ ਦਰਸ਼ਕਾਂ ਨੂੰ ਰੁਝੇ ਰੱਖਣ ਲਈ ਮਜਬੂਰ ਕਰਨ ਵਾਲੇ ਸੰਵਾਦ ਅਤੇ ਪੇਸਿੰਗ ਨੂੰ ਸ਼ਾਮਲ ਕਰਨਾ ਸ਼ਾਮਲ ਹੈ। ਟੈਲੀਪਲੇ ਵੀ ਕਿਹਾ ਜਾਂਦਾ ਹੈ, ਅੱਧੇ-ਘੰਟੇ ਦੇ ਸ਼ੋਅ ਲਈ ਟੀਵੀ ਸਕ੍ਰਿਪਟਾਂ ਲਗਭਗ 25-30 ਪੰਨਿਆਂ ਦੀਆਂ ਹੁੰਦੀਆਂ ਹਨ, ਅਤੇ ਘੰਟੇ-ਲੰਬੇ ਸ਼ੋਅ ਲਗਭਗ 50-60 ਪੰਨਿਆਂ ਦੇ ਹੁੰਦੇ ਹਨ। ਥੀਏਟਰ ਥੀਏਟਰ ਲਿਪੀਆਂ ਨਾਟਕਾਂ ਵਿੱਚ ਵਰਤੀਆਂ ਜਾਣ ਵਾਲੀਆਂ ਜ਼ਰੂਰੀ ਲਿਖਤਾਂ ਹਨ। ਉਹਨਾਂ ਵਿੱਚ ਪਾਤਰਾਂ ਵਿਚਕਾਰ ਸੰਵਾਦ ਅਤੇ ਅੰਦੋਲਨਾਂ ਅਤੇ ਸਟੇਜ ਸੈਟਅੱਪ ਲਈ ਨਿਰਦੇਸ਼ ਸ਼ਾਮਲ ਹੁੰਦੇ ਹਨ। ਇੱਕ-ਐਕਟ ਸਕ੍ਰਿਪਟਾਂ 10 ਪੰਨਿਆਂ ਜਿੰਨੀਆਂ ਛੋਟੀਆਂ ਹੋ ਸਕਦੀਆਂ ਹਨ, ਜਦੋਂ ਕਿ ਪੂਰੀ-ਲੰਬਾਈ ਵਾਲੀਆਂ ਸਕ੍ਰਿਪਟਾਂ ਉਤਪਾਦਨ ਦੀ ਗੁੰਝਲਤਾ ਦੇ ਅਧਾਰ ਤੇ, ਅਕਸਰ 80 ਅਤੇ 120 ਪੰਨਿਆਂ ਵਿੱਚ ਫੈਲਦੀਆਂ ਹਨ। ਇੱਕ ਵਿਗਿਆਪਨ ਸਕ੍ਰਿਪਟ ਵੱਖ-ਵੱਖ ਮੀਡੀਆ ਪਲੇਟਫਾਰਮਾਂ, ਜਿਵੇਂ ਕਿ ਟੀਵੀ, ਰੇਡੀ , ਜਾਂ ਸੋਸ਼ਲ ਮੀਡੀਆ ਲਈ ਵਪਾਰਕ ਜਾਂ ਪ੍ਰਚਾਰ ਸਮੱਗਰੀ ਬਣਾਉਣ ਲਈ ਮਾਰਗਦਰਸ਼ਨ ਕਰਦੀ ਹੈ। ਇਸ ਵਿੱਚ ਮੁੱਖ ਸੰਦੇਸ਼ਾਂ ਨੂੰ ਤੇਜ਼ੀ ਨਾਲ ਸੰਚਾਰ ਕਰਨ ਲਈ ਤਿਆਰ ਕੀਤੇ ਗਏ ਸੰਵਾਦ, ਵੌਇਸ ਵਰ ਅਤੇ ਵਿਜ਼ੂਅਲ ਸੰਕੇਤ ਸ਼ਾਮਲ ਹਨ। ਇਹ ਲਿਪੀਆਂ 75 ਤੋਂ 100 ਸ਼ਬਦਾਂ ਤੱਕ ਸੰਖੇਪ ਹੋਣ ਲਈ ਹਨ।ਿਊਬਏ ਵੀਡੀ ਿਊਬਏ ਵੀਡੀ ਸਕ੍ਰਿਪਟਾਂ ਇੱਕ ਵੀਡੀ ਬਿਰਤਾਂਤ ਲਈ ਇੱਕ ਸਪਸ਼ਟ ਢਾਂਚਾ ਰੱਖਦੀਆਂ ਹਨ, ਜਿਸ ਵਿੱਚ ਕਿਹਾ ਗਿਆ, ਦਿਖਾਇਆ ਗਿਆ ਅਤੇ ਜ਼ੋਰ ਦਿੱਤਾ ਗਿਆ ਹੈ। ਉਹਨਾਂ ਵਿੱਚ ਦਰਸ਼ਕਾਂ ਦੀ ਸ਼ਮੂਲੀਅਤ ਲਈ ਸੀਨ ਬ੍ਰੇਕਡਾਊਨ, ਵੌਇਸ ਵਰ ਅਤੇ ਕਾਲ ਟੂ ਐਕਸ਼ਨ ਸ਼ਾਮਲ ਹਨ। ਜ਼ਿਆਦਾਤਰ YouTube ਵੀਡੀ ਸਕ੍ਰਿਪਟਾਂ ਇੱਕ ਤੋਂ ਪੰਜ ਪੰਨਿਆਂ ਤੱਕ ਹੁੰਦੀਆਂ ਹਨ। ਆਪਣੀ ਖੋਜ ਕਰੋ ਸ਼ਾਨਦਾਰ ਸਕ੍ਰੀਨਰਾਈਟਿੰਗ ਦਾ ਰਾਜ਼? ਆਪਣੀ ਖੋਜ ਕਰੋ ਅਤੇ ਵੱਧ ਤੋਂ ਵੱਧ ਮਹਾਨ ਸਕ੍ਰਿਪਟਾਂ ਵਿੱਚ ਡੁੱਬੋ। ਖਾਸ ਤੌਰ 'ਤੇ ਉਸੇ ਸ਼ੈਲੀ ਦੀਆਂ ਸਕ੍ਰਿਪਟਾਂ ਨੂੰ ਜ਼ੀਰੋ ਕਰਨਾ ਸਮਝਦਾਰੀ ਦੀ ਗੱਲ ਹੈ ਜਿਸ ਵਿੱਚ ਤੁਸੀਂ ਲਿਖ ਰਹੇ ਹੋ—ਕਾਮੇਡੀ, ਰੋਮਾਂਸ, ਡਰਾਉਣੀ, ਜਾਂ ਐਕਸ਼ਨ—ਤਾਂ ਜੋ ਤੁਸੀਂ ਸ਼ੈਲੀ ਅਤੇ ਵਾਈਬ ਲਈ ਮਹਿਸੂਸ ਕਰ ਸਕੋ। ਇੱਕ ਡਰਾਮਾ ਲਿਖਣਾ? ਬੱਸ "50 ਵਧੀਆ ਡਰਾਮਾ ਸਕ੍ਰਿਪਟਾਂ" ਦੀ ਖੋਜ ਕਰੋ ਅਤੇ ਪੜ੍ਹਨਾ ਸ਼ੁਰੂ ਕਰੋ! ਸਭ ਤੋਂ ਵਧੀਆ ਗੱਲ ਇਹ ਹੈ ਕਿ ਬਹੁਤ ਸਾਰੀਆਂ ਸਕ੍ਰਿਪਟਾਂ ਮੁਫਤ ਵਿੱਚ ਉਪਲਬਧ ਹਨ, ਇਸਲਈ ਤੁਸੀਂ ਇੱਕ ਪੈਸਾ ਖਰਚ ਕੀਤੇ ਬਿਨਾਂ ਲੋਡ ਕਰ ਸਕਦੇ ਹੋ। ਆਪਣੀ ਬਿਰਤਾਂਤਕ ਲਿਖਤ ਨੂੰ ਵਧੀਆ ਬਣਾਉਣ ਦਾ ਇੱਕ ਹੋਰ ਵਧੀਆ ਤਰੀਕਾ ਹੈਵੱਖ-ਵੱਖ ਸਕ੍ਰੀਨਰਾਈਟਿੰਗ ਕਿਤਾਬਾਂ ਪੜ੍ਹੋ। ਡੇਵਿਡ ਟ੍ਰੋ-ਟੀਅਰ ਦੀ ਸ਼ੁਰੂਆਤੀ-ਅਨੁਕੂਲ The Screen-wirter's Bible ਤੋਂ ਲੈ ਕੇ ਬਲੇਕ ਸਨਾਈਡਰ ਦੀ ਉਦਯੋਗ-ਮਨਪਸੰਦ ਸੇਵ ਦ ਕੈਟ ਤੱਕ, ਇੱਥੇ ਅਣਗਿਣਤ ਕਿਤਾਬਾਂ ਹਨ ਜੋ ਤੁਹਾਨੂੰ ਪ੍ਰਕਿਰਿਆ ਵਿੱਚ ਵਧੇਰੇ ਆਤਮਵਿਸ਼ਵਾਸ ਮਹਿਸੂਸ ਕਰਨ ਲਈ ਹਨ। ਅਤੇ, ਬੇਸ਼ੱਕ, ਕੁਝ ਟੀਵੀ, ਫਿਲਮਾਂ, ਅਤੇ ਨਾਟਕ ਜੋ ਤੁਹਾਡੇ ਨਾਲ ਸਭ ਤੋਂ ਵੱਧ ਬੋਲਦੇ ਹਨ, ਨੂੰ ਦੇਖਣ ਅਤੇ ਦੁਬਾਰਾ ਦੇਖਣਾ ਕਦੇ ਵੀ ਦੁਖੀ ਨਹੀਂ ਹੁੰਦਾ। ਆਪਣੇ ਦ੍ਰਿਸ਼ਟੀਕੋਣ ਦੇ ਦੌਰਾਨ, ਕਹਾਣੀ ਨੂੰ ਟਿੱਕ ਕਰਨ ਵਾਲੀਆਂ ਚੀਜ਼ਾਂ ਨੂੰ ਤੋੜੋ—ਪਲਾਟ ਦੇ ਮੋੜ, ਅੱਖਰ ਆਰਕਸ, ਉਹ ਅਭੁੱਲਣਯੋਗ ਲਾਈਨਾਂ! ਇਹਨਾਂ ਮਾਹਰ ਉਦਾਹਰਣਾਂ ਨਾਲ ਲੈਸ, ਤੁਸੀਂ ਉਸ ਖਾਲੀ ਪੰਨੇ ਨਾਲ ਨਜਿੱਠਣ ਲਈ ਤਿਆਰ ਹੋਵੋਗੇ। ਸਕ੍ਰਿਪਟ ਲਿਖਣ ਦੀ ਪ੍ਰਕਿਰਿਆ ਤੁਸੀਂ ਆਪਣੇ ਸਕਰੀਨ ਰਾਈਟਿੰਗ ਦੇ ਮੂਲ ਤੱਤ ਹੇਠਾਂ ਕਰ ਲਏ ਹਨ, ਪਰ ਹੁਣ ਅਸਲ ਕੰਮ ਸ਼ੁਰੂ ਹੁੰਦਾ ਹੈ! ਭਾਵੇਂ ਤੁਸੀਂ ਪਾਤਰਾਂ ਨੂੰ ਤਿਆਰ ਕਰ ਰਹੇ ਹੋ ਜਾਂ ਉਸ ਅਭੁੱਲ ਥਰਡ-ਐਕਟ ਮੋੜ ਨੂੰ ਤਿਆਰ ਕਰ ਰਹੇ ਹੋ, ਤੁਹਾਡੀ ਕਹਾਣੀ ਨੂੰ ਆਕਾਰ ਦੇਣ ਦਾ ਸਮਾਂ ਆ ਗਿਆ ਹੈ। ਇੱਥੇ ਸਕ੍ਰਿਪਟ ਲਿਖਣ ਦੀ ਪ੍ਰਕਿਰਿਆ ਬਾਰੇ ਜਾਣ ਦਾ ਤਰੀਕਾ ਹੈ।

1 **ਵਿਚਾਰ ਪੈਦਾ ਕਰੋ–** ਪਟਕਥਾ ਲਿਖਣ ਦੀ ਪ੍ਰਕਿਰਿਆ ਦਾ ਪਹਿਲਾ ਕਦਮ ਵਿਚਾਰ ਪੈਦਾ ਕਰਨਾ ਹੈ। ਪ੍ਰੇਰਨਾ ਕਿਤੋਂ ਵੀ ਆ ਸਕਦੀ ਹੈ, ਇਸਲਈ ਆਪਣੇ ਆਲੇ-ਦੁਆਲੇ ਦੀ ਦੁਨੀਆ 'ਤੇ ਪੂਰਾ ਧਿਆਨ ਦਿ , ਵਿਚਾਰਾਂ ਨੂੰ ਲਿਖੋ ਜਦੋਂ ਉਹ ਸਟ੍ਰਾਈਕ ਕਰਦੇ ਹਨ, ਅਤੇ ਖੁੱਲ੍ਹਾ ਮਨ ਰੱਖੋ। ਇੱਕ ਵਾਰ ਜਦੋਂ ਤੁਸੀਂ ਕੁਝ ਵਿਚਾਰ ਤਿਆਰ ਕਰ ਲੈਂਦੇ ਹੋ, ਤਾਂ **(ਬਾਕੀ ਅਗਲੇ ਸਫੇ 'ਤੇ)**

# ਸਰਦੀਆਂ ਦਾ ਉਪਹਾਰ ਰਜ਼ਾਈ ਅਤੇ ਤਲਾਈ ਦਾ ਇਤਿਹਾਸ



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਸਰਦੀਆਂ ਵਿਚ ਰਜ਼ਾਈ ਅਤੇ ਤਲਾਈ ਦੇ ਨਿੱਘ ਦਾ ਅਪਣਾ ਹੀ ਆਨੰਦ ਹੁੰਦਾ ਹੈ । ਗ਼ਰੀਬ ਹੋਏ ਜਾਂ ਅਮਰੀ ਹੋਵੇ ਦੋਵਾਂ ਨੂੰ ਹੀ ਰਜ਼ਾਈ ਅਤੇ ਤਲਾਈ ਦੀ ਜ਼ਰੂਰਤ ਹੁੰਦੀ ਹੈ । ਚੰਗੀ ਨੀਂਦ ਤੰਦਰੁਸਤੀ ਦਿੰਦੀ ਹੈ ਅਤੇ ਸਰਦੀਆਂ ਵਿਚ ਚੰਗੀ ਨੀਂਦ ਲੈਣ ਲਈ ਰਜ਼ਾਈ ਤੇ ਤਲਾਈ ਦਾ ਨਿੱਘ ਲੈਣਾ ਆਤਿ ਜ਼ਰੂਰੀ ਹੁੰਦਾ ਹੈ । ਸਰਦੀਆਂ ਵਿਚ ਲਿਹਾਫ਼ ਜਾਂ ਰਜ਼ਾਈ ਲੈਣਾ ਜ਼ਰੂਰੀ ਹੈ ।

ਸਰਦੀਆਂ ਵਿਚ ਸੌਂਦੇ ਸਮੇਂ ਰਜ਼ਾਈ ਅਤੇ ਤਲਾਈ ਦਾ ਬਾਦਸ਼ਾਹੀ ਸੁੱਖ ਸੁੱਖਦ ਜੀਵਨ ਦੀ ਪਰਿਭਾਸ਼ਾ ਦਸਦਾ ਹੈ । ਸਰਦੀਆਂ ਵਿਚ ਉਪਰ ਲੈਣ ਵਾਲਾ ਦੋਹਰਾ ਕਪੜਾ ਜਿਸ ਵਿਚ ਰੂੰਅ ਭਰੀ ਹੁੰਦੀ ਹੈ ਰਜ਼ਾਈ ਅਖਵਾਉਂਦਾ ਹੈ ।

ਰਜ਼ਾਈ ਦੀ ਆਵਾਜ਼ ਵਰਗੇ ਕਈ ਸ਼ਬਦ ਹੋਂਦ ਵਿਚ ਹਨ ਜਿਸ ਤਰ੍ਹਾਂ ਮਿਰਜਈ । ਮਿਰਜਈ ਪੁਰਾਣੇ ਸਮੇਂ ਦੀ ਦੇਣ ਹੈ । ਇਕ ਕਿਸਮ ਦੀ ਕਮੀਜ਼ ਜਿਸ ਵਿਚ ਰੂੰਹ ਭਰਿਆ ਹੁੰਦਾ ਸੀ । ਇਸ ਦਾ ਰਿਵਾਜ਼ ਖ਼ਤਮ ਹੋ ਚੁਕਿਆ ਹੈ ਪਰ ਲਖਨਊ, ਭੋਪਾਲ, ਜੈਪੁਰ, ਵਾਣਾਣਸੀ ਆਦਿ ਸ਼ਹਿਰਾਂ ਵਿਚ ਮਿਰਜਈ ਕਮੀਜ਼ ਪੁਰਾਣੇਂ ਲੋਕ ਪਾਉਂਦੇ ਹਨ । ਸੰਸਕ੍ਰਿਤ ਦਾ ਇਕ ਸ਼ਬਦ ਹੈ ਰੰਜਿਕਾ ਜਿਸ ਦਾ ਅਰਥ ਹੈ ਕਪੜਾ । ਇਸ ਸ਼ਬਦ ਤੋਂ ਹੀ ਰਜ਼ਾਈ ਦੀ ਹੋਂਦ ਬਣੀ । ਫਾਰਸੀ ਵਿਚ ਰਜ਼ਾਈ ਦਾ ਅਰਥ ਹੈ ਸਰਦੀਆਂ ਵਿਚ ਸਿਰ ਕੱਜਣ ਵਾਲਾ ਕਪੜਾ । ਰਾਜਦਾਨ ਤੋਂ ਰਜ਼ਾਈ ਸ਼ਬਦ ਬਣਿਆ । ਰਾਜ਼ੀ ਅਤੇ ਰਜ਼ਾ ਅਰਬੀ ਭਾਸ਼ਾ ਦੇ ਸ਼ਬਦ ਹਨ ਜਿਸ ਦੇ ਅਰਥ ਹਨ-ਮੰਨਣਾ, ਸਵੀਕਾਰ, ਅਧਿਕਾਰ ਵਿਚ ਰਹਿਣਾ। ਰਜ਼ਾ ਸ਼ਬਦ ਤੋਂ ਵੀ ਰਜ਼ਾਈ ਦੀ ਹੋਂਦ ਬਣਦੀ ਨਜ਼ਰ ਆਉਂਦੀ ਹੈ ਪੁਰਾਣੇਂ ਸਮੇਂ ਵਿਚ ਰਜ਼ਾਈ ਨੁਮਾ ਕਪੜੇ ਵੀ ਪ੍ਰਚਲਿਤ ਸਨ। ਆਦਮੀ ਦੇ ਵਿਕਸਤ ਹੋਣ ਨਾਲ ਰਜ਼ਾਈ ਦੇ ਰੂਪ ਬਦਲਦੇ ਗਏ। ਅੰਗਰੇਜ਼ਾਂ ਨੇ ਵੀ ਰਜ਼ਾਈ ਨਾ ਖ਼ੂਬ ਆਨੰਦ ਲਿਆ ਜਦ ਤਕ ਭਾਰਤ ਰਹੇ । ਦੇਸ਼ਾਂ ਵਿਦੇਸ਼ ਦੇ ਲੋਕਾਂ ਤਕ ਰਜ਼ਾਈ ਨੇ ਅਪਣੀ ਪਹਿਚਾਣ ਛੱਡੀ ।

ਇਸੇ ਤਰ੍ਹਾਂ ਹੀ ਤਲਾਈ ਸ਼ਬਦ ਤਲਾਂ ਤੋਂ ਬਣਿਆ ਜਿਸ ਦਾ ਅਰਥ ਹੈ ਹੇਠਲਾ ਹਿੱਸਾ, ਪੈਂਦੀ, ਆਖ਼ਰੀ ਹਿੱਸਾ, ਪਾਤਾਲ ਆਦਿ ਹੇਠਾਂ ਵਿਛਾਉਣ ਵਾਲੀ ਵਸਤੂ। ਤਲਾਂ ਸ਼ਬਦ ਤੋਂ ਤਲਾਈ ਹੋਂਦ ਵਿਚ ਆਈ । ਰਜ਼ਾਈ ਅਤੇ ਤਲਾਈ ਦਾ ਬਹੁਤ ਗਹਿਰਾ ਸਬੰਧ ਹੈ । ਨਿਰੀ ਰਜ਼ਾਈ ਜਾਂ ਨਿਰੀ ਤਲਾਈ ਦੀ ਕੋਈ ਵੁੱਕਤ ਨਹੀਂ ਹੈ। ਰਜ਼ਾਈ ਦੀਆਂ ਕਈ ਕਿਸਮਾਂ ਹੋਂਦ ਵਿਚ ਆ ਚੁਕੀਆਂ ਹਨ। ਪੁਰਾਣੇਂ ਸਮਿਆਂ ਵਿਚ ਹੱਥ ਦੀ ਬਣੀ ਹੋਈ ਭਾਰੀ ਰਜ਼ਾਈ ਹੁੰਦੀ ਸੀ ਜਿਸ ਵਿਚ ਕਪਾਹ ਦਾ ਰੂੰਅ ਪੈਂਦਾ ਸੀ । ਇਸੇ ਤਰ੍ਹਾਂ ਹੀ ਤਲਾਈ ਵਿਚ ਰੂੰਅ ਥੋੜਾ ਘੱਟ ਪੈਂਦਾ ਸੀ। ਮੰਜੀ ਅਤੇ



ਕੱਦ ਦੇ ਹਿਸਾਬ ਨਾਲ ਰਜ਼ਾਈ ਦੀ ਲੰਬਾਈ ਚੌੜਾਈ ਨਿਸ਼ਚਿਤ ਕਰ ਲਈ ਜਾਂਦੀ ਸੀ।

ਅੱਜ ਕਲ ਰਜ਼ਾਈਆਂ ਅਨੇਕਾਂ ਡਿਜ਼ਾਇਨਾਂ ਵਿਚ ਆ ਚੁੱਕੀਆਂ ਹਨ। ਪਹਿਲਾਂ ਤਾਂ ਕੇਵਲ ਖੱਦਰ ਦੀਆਂ ਹੀ ਰਜ਼ਾਈਆਂ ਚਲਦੀਆਂ ਸਨ ਪਰ ਹੌਲੀ-ਹੌਲੀ ਕਪੜੇ ਦੀਆਂ ਅਨੇਕਾਂ ਕਿਸਮਾਂ ਆਉਣ ਨਾਲ ਭੂਮੰਡਲੀਕਰਣ ਅਤੇ ਨਵਉਦਾਰਵਾਦਿਤਾ ਦੇ ਯੁਗ ਵਿਚ ਮਸ਼ੀਨਰੀ ਅਤੇ ਕੰਪਿਊਟਰ ਦੀ ਆਧੁਨਿਕ ਤਕਨੀਕ ਨੇ ਗਿਲਾਫ਼ (ਰਜ਼ਾਈ ਦਾ ਕਪੜਾ) ਨੂੰ ਖੱਦਰ ਦੇ ਅਧਿਕਾਰ 'ਚੋਂ ਬਾਹਰ ਕੱਢ ਕੇ ਆਧੁਨਿਕ ਆਕਰਸ਼ਕ ਸੁੰਦਰ ਸ਼ੈਲੀ ਵਾਲੇ ਰੰਗਦਾਰ ਕਪੜਿਆਂ (ਗਿਲਾਫ਼) ਵਿਚ ਲਿਆ ਖੜ੍ਹਾ ਕੀਤਾ ।

ਪਹਿਲਾਂ ਤਲਾਈ ਧਾਰੀਦਾਰ ਕਪੜੇ ਵਿਚ ਪ੍ਰਚਲਿਤ ਸੀ ਪਰ ਹੁਣ ਆਧੁਨਿਕ ਡਿਜ਼ਾਈਨਦਾਰ ਕਪੜੇ ਨੇ ਜਗ੍ਹਾ ਲੈ ਲਈ ਹੈ । ਕਿਸੇ ਸਮੇਂ ਵਾਧੂ ਘਾਟੂ ਰੂੰਅ ਜਾਂ ਕੰਬਲਾਂ ਦੇ ਬੇਕਾਰ ਧਾਗੇ, ਫੈਕਟਰੀ ਦੇ ਬੇਕਾਰ ਕਪੜੇ ਦੀਆਂ ਲੀਰਾਂ ਜਾਂ ਕਤਾਰਾਂ ਨਾਲ ਵੀ ਰਜ਼ਾਈਆਂ ਭਰੀਆਂ ਜਾਂਦੀਆਂ ਸਨ ਪਰ ਹੁਣ ਇਹ ਸ਼ੈਲੀ ਬਹੁਤ ਘੱਟ ਚੁੱਕੀ ਹੈ ।

ਵੇਖਣ ਵਿਚ ਆਇਆ ਹੈ ਕਿ ਕਪਾਹ ਦੇ ਰੂੰਅ ਦਾ ਰਿਵਾਜ਼ ਵੀ ਘਟਦਾ ਜਾ ਰਿਹਾ ਰੂੰਅ ਦੀ ਜਗ੍ਹਾ 'ਤੇ ਅਜ ਕਲ ਫਾਈਬਰ ਵਾਲਾ ਰੂੰਅ ਹੀ ਜ਼ਿਆਦਾ ਰਜ਼ਾਈ-ਤਲਾਈ ਵਿਚ ਭਰਿਆ ਜਾਂਦਾ ਹੈ । ਫਾਈਬਰ, ਕਪਾਹ ਨਾਲੋਂ ਸਸਤਾ ਪੈਂਦਾ ਹੈ ਕਿਉਂ ਰੂੰਅ ਨਾਲੋਂ ਫਾਈਬਰ ਬਹਤ ਹਲਕਾ ਅਤੇ ਘੱਟ ਭਾਰ ਵਾਲਾ ਹੁੰਦਾ ਹੈ ਅਤੇ ਕਪਾਹੀ ਰੂੰਅ ਨਾਲੋਂ ਨਿੱਘ ਜਿਆਦਾ ਦਿੰਦਾ ਹੈ।

ਰਜ਼ਾਈ ਦਾ ਕਪੜਾ ਵੀ ਅਜ ਕਲ ਕਈ ਕਿਸਮਾਂ ਵਿਚ ਆਉਣ ਲੱਗ ਪਿਆ ਹੈ । ਮਸ਼ੀਨੀ ਵਧੀਆ ਕਾਟਨ, ਵੈਲਵੇਟ, ਬੈਡ ਸ਼ੀਟ ਕਪੜਾ, ਸਿਲਕੀ ਕਪੜਾ, ਸਗਲੇਸ ਕਾਟਨ, ਪੋਲੀ ਐਸਟਰ ਆਦਿ ਕਿਸਮ ਦਾ ਕਪੜਾ ਰਜ਼ਾਈ-ਤਲਾਈ ਲਈ ਵਰਤਿਆ ਜਾਂਦਾ ਹੈ। ਪਹਿਲਾਂ ਰਜ਼ਾਈ ਦਾ ਹੇਠਾਂ ਹਿੱਸਾ ਇਕ ਰੰਗਾ ਹੀ ਹੁੰਦਾ ਸੀ ਅਜ ਕੱਲ ਦੋਵੇਂ ਪਾਸੇ ਇਕੋ ਕਪੜੇ ਦੇ ਹੁੰਦੇ ਹਨ । ਤਲਾਈ ਲਈ ਚੈਕ ਕਪੜਾ, ਵਧੀਆ ਕਾਟਨ, ਮਿਕਸ ਕਪੜਾ, ਵਾਲਪੇਪਰ ਆਦਿ ਡਿਜ਼ਾਇਨ ਵਾਲਾ ਕਪੜਾ ਵਰਤਿਆ ਜਾਂਦਾ ਹੈ।

ਅੱਜ ਕੱਲ੍ਹ ਰੂੰਅ 130 ਰੁਪਏ ਕਿਲੋ ਮਿਲਦਾ ਹੈ। ਇਕ ਰਜ਼ਾਈ ਵਿਚ 4 ਤੋਂ ਪੰਜ ਕਿਲੋ ਰੂੰਅ ਪੈ ਜਾਂਦਾ ਹੈ ਜਦਕਿ ਫਾਈਬਰ ਰੂੰਅ 190 ਤੋਂ 220 ਰੁਪਏ ਕਿਲੋ ਹੈ ਇਹ ਇਕ ਰਜ਼ਾਈ ਵਿਚ 2 ਕਿੱਲੋ ਹੀ ਪੈਂਦਾ ਹੈ । ਸਿੰਗਲ ਰਜ਼ਾਈ 500 ਤੋਂ ਲੈ ਕੇ 1400 ਰੁਪਏ ਤਕ ਵਿਕ ਜਾਂਦੀ ਹੈ। ਜਦਕਿ ਡਬਲ ਰਜ਼ਾਈ 1400 ਤੋਂ ਲੈ ਕੇ 3000 ਰੁਪਏ ਤੱਕ ਵਿਕਦੀ ਹੈ। ਰਜਾਈ ਦੇ ਪ੍ਰਚਲਿਤ ਸਾਈਜ ਹਨਅ 1 ਮੀਟਰ ਣ 2 ਮੀਟਰ ਸਵਾ ਦੋ ਮੀਟਰ ਤੇ ਢਾਈ ਮੀਟਰ ਵੱਡਾ ਸਾਈਜ ਢਾਈ ਤੋਂ ਤਿੰਨ ਮੀਟਰ ਆਦਿ ਤਕ ਹਨ।

ਜੈਪੁਰੀ ਅਤੇ ਨਾਗਾਲੈਂਡ, ਕੋਰੀਆ, ਦੀਮਾਪੁਰ, ਬਰਮਾ ਆਦਿ ਦੀਆਂ ਰਜ਼ਾਈ ਰੰਗਾਂ ਭਰਪੂਰ, ਭਰਪੂਰ ਆਕਰਸ਼ਣ ਅਤੇ ਦਿਲਕਸ਼ ਡਿਜ਼ਾਈਨਾਂ ਵਿਚ ਆਉਂਦੀਆਂ ਹਨ। ਇਹ ਰਜ਼ਾਈਆਂ ਹਲਕੀਆਂ ਅਤੇ ਖ਼ੂਬਸੂਰਤੀ ਵਿਚ ਹੁੰਦੀਆਂ ਹਨ। ਜੈਪੁਰੀ ਰਜ਼ਾਈ ਪਤਲੀ ਅਤੇ ਦੇਸੀ ਕਪਾਹ ਦੀ ਬਣੀ ਹੁੰਦੀ ਹੈ। ਇਹ ਰਜ਼ਾਈ ਸਿਤੰਬਰ ਤੋਂ ਜਨਵਰੀ ਮਹੀਨੇ ਤਕ ਹੀ ਲਈਆਂ ਜਾਂਦੀਆਂ ਹਨ। ਜਿਸ ਨੂੰ ਫਰਜ਼ੀ ਰਜ਼ਾਈ ਵੀ ਕਹਿੰਦੇ ਹਨ। ਇਸ ਰਜ਼ਾਈ ਵਿਚ ਕੇਵਲ 1 ਕਿੱਲੋਂ ਹੀ ਰੂੰਅ ਹੁੰਦਾ ਹੈ। ਸਫ਼ਰ ਵਿਚ ਇਹ ਰਜ਼ਾਈ ਕਾਮਯਾਬ ਹੈ।

ਤਲਾਈ 3 ਫੁੱਟ, 6 ਫੁੱਟ ਅਤੇ 4 ਫੁਟ 6 ਫੁੱਟ ਹਦ ਹੁੰਦੀ ਹੈ । ਪਹਾੜੀ ਜਾਂ ਗਲੇਸ਼ੀਅਰ ਇਲਾਕੇ ਵਿਚ ਫੌਜੀ ਜਾਂ ਲੋਕ ਬੋਰਾਨੁਮਾ ਰਜ਼ਾਈ ਲੈਂਦੇ ਹਨ। ਬੋਰੇ ਵਾਂਗ ਰਜ਼ਾਈ ਬਣਾ ਕੇ ਉਸ ਦੇ ਮੂੰਹ ਉਪਰ ਜਿਪ ਆਦਿ ਲਗਾ ਦਿੰਦੇ ਹਨ । ਇਸ ਰਜ਼ਾਈ ਵਿਚ ਅੰਦਰ ਵੜਦਾ ਪੈਂਦਾ ਹੈ। ਇਹ ਰਜ਼ਾਈ ਭਾਰੀ ਅਤੇ ਵਿਸ਼ੇਸ ਕਿਸਮ ਦੀ ਹੁੰਦੀ ਹੈ।

ਆਂਮ ਰਜ਼ਾਈ, ਤਲਾਈ ਨੂੰ ਭਰਨ ਲਈ ਪਹਿਲਾਂ ਰੂੰਅ ਪਿੰਜਿਆ ਜਾਂਦਾ ਹੈ । ਇਸ ਨੂੰ ਪਿੰਜਾਈ ਕਹਿੰਦੇ ਹਨ । ਫਿਰ ਭਰਾਈ ਅਤੇ ਬਾਅਦ ਵਿਚ ਕਾਰੀਗਰ ਲਗਦੇ ਹਨ, ਕੰਧੂਈ ਤੇ ਧਾਗਿਆਂ ਨਾਲ । ਕੰਧੂਈ ਨਾਲ ਕਾਰੀਗਰ ਡਿਜ਼ਾਇਨ ਵੀ ਪਾਉਂਦੇ ਹਨ ਜਿਸ ਨੂੰ ਪੰਜਾਬੀ ਵਿਚ ਗੱਡੇ ਪਾਉਣਾ ਕਹਿੰਦੇ ਹਨ । ਅਜ ਕਲ ਭਾਰਤੀ ਰਜ਼ਾਈਆਂ ਵਿਦੇਸ਼ਾਂ ਵਿਚ ਖ਼ੂਬ ਵਿਕਦੀਆਂ ਹਨ । ਹਰ ਸਾਲ ਕਰੋੜਾਂ ਰੁਪਏ ਦਾ ਧੰਦਾ ਹੁੰਦਾ ਹੈ।

ਵੇਖਿਆ ਜਾਵੇ ਤਾਂ ਰਜ਼ਾਈ ਤੇ ਤਲਾਈ ਤੋਂ ਬਗੈਰ ਸਰਦੀਆਂ ਕੱਟਣਾ ਮਨੁੱਖ ਲਈ ਅਤਿ ਮੁਸਕਿਲ ਹੈ। ਭਾਵੇਂ ਆਧੁਨਿਕ ਤਕਨੀਕਾਂ ਹੋਂਦ ਵਿਚ ਪਈਆਂ ਹਨ ਪਰ ਰਜ਼ਾਈ, ਰਜ਼ਾਈ ਹੀ ਏ ਤੇ ਤਲਾਈ, ਤਲਾਈ ਹੀ ਹੈ।

# ਇੱਕ ਸਕ੍ਰਿਪਟ ਕਿਵੇਂ ਲਿਖਣੀ ਹੈ: ਇੱਕ ਸੰਪੂਰਨ ਗਾਈਡ

(ਸਫਾ 28 ਦੀ ਬਾਕੀ)

ਇੱਕ ਸੰਕਲਪ ਵਿੱਚ ਸਭ ਤੋਂ ਮਜ਼ਬੂਤ ਨੂੰ ਵਿਕਸਿਤ ਕਰੋ। ਇਸਦਾ ਅਰਥ ਹੈ ਕਿ ਕੱਚੇ ਵਿਚਾਰ ਨੂੰ ਇੱਕ ਹੋਰ ਸ਼ੁੱਧ ਦ੍ਰਿਸ਼ਟੀ ਵਿੱਚ ਰੂਪ ਦੇਣਾ: ਤੁਹਾਡੇ ਪਾਤਰ ਕੌਣ ਹਨ? ਕੇਂਦਰੀ ਟਕਰਾਅ ਕੀ ਹੈ? ਇਹ ਕਹਾਣੀ ਕਿਸ ਸ਼ੈਲੀ ਵਿੱਚ ਫਿੱਟ ਹੋਵੇਗੀ? ਤੁਹਾਡਾ ਸੰਕਲਪ ਤੁਹਾਡੀ ਸਕ੍ਰਿਪਟ ਦੀ ਰੀੜ੍ਹ ਦੀ ਹੱਡੀ ਹੈ, ਇਸਲਈ ਇਸਨੂੰ ਕਿਸੇ ਅਜਿਹੀ ਚੀਜ਼ ਵਿੱਚ ਢਾਲਣ ਲਈ ਸਮਾਂ ਕੱਢੋ ਜੋ ਤੁਹਾਨੂੰ ਉਤਸ਼ਾਹਿਤ ਕਰਦੀ ਹੈ। ਇਹ ਇਸ ਪੜਾਅ 'ਤੇ ਇੱਕ ਵੱਡੇ ਥੀਮ ਜਾਂ ਸੰਦੇਸ਼ ਨੂੰ ਨੱਥ ਪਾਉਣ ਵਿੱਚ ਵੀ ਮਦਦ ਕਰਦਾ ਹੈ, ਜਿਸ ਨਾਲ ਦਰਸ਼ਕਾਂ ਨੂੰ ਦੂਰ ਜਾਣ ਲਈ ਕੁਝ ਅਰਥਪੂਰਨ ਮਿਲਦਾ ਹੈ।

2 ਅੱਖਰ ਬਣਾ - ਮਹਾਨ ਸਕ੍ਰਿਪਟਾਂ ਲਈ ਮਹਾਨ ਪਾਤਰਾਂ ਦੀ ਲੋੜ ਹੁੰਦੀ ਹੈ। ਮਜਬੂਰ ਕਰਨ ਵਾਲੇ ਪਾਤਰ ਬਣਾਉਣਾ ਤੁਹਾਡੀ ਕਹਾਣੀ ਨੂੰ ਅੱਗੇ ਵਧਾਏਗਾ, ਦਰਸ਼ਕਾਂ ਨੂੰ ਜੋੜ ਕੇ ਰੱਖੇਗਾ, ਅਤੇ ਤੁਹਾਡੇ ਬਿਰਤਾਂਤ ਨੂੰ ਜੀਵੰਤ ਬਣਾ ਦੇਵੇਗਾ। ਇਹ ਉਹ ਲੋਕ ਹਨ ਜੋ ਤੁਹਾਡੇ ਦਰਸ਼ਕ ਜੜ੍ਹਾਂ ਪਾਉਣਗੇ, ਪਿਆਰ ਕਰਨਗੇ ਜਾਂ ਨਫ਼ਰਤ ਕਰਨਾ ਪਸੰਦ ਕਰਨਗੇ — ਜਿਸਦਾ ਮਤਲਬ ਹੈ ਕਿ ਉਹਨਾਂ ਨੂੰ ਸਪੱਸ਼ਟ ਪ੍ਰੇਰਣਾਵਾਂ, ਅਸਲ-ਜੀਵਨ ਦੇ ਗੁਣਾਂ, ਅਤੇ ਖਾਮੀਆਂ ਦੀ ਲੋੜ ਹੈ ਜੋ ਉਹਨਾਂ ਨੂੰ ਸੰਬੰਧਿਤ ਬਣਾਉਂਦੇ ਹਨ। ਇਹ ਯਕੀਨੀ ਬਣਾਉਣ ਲਈ ਕਿ ਉਹ ਬਹੁ-ਆਯਾਮੀ ਹਨ, ਹਰੇਕ ਲਈ ਅੱਖਰ ਪ੍ਰੋਫਾਈਲਾਂ ਨੂੰ ਵਿਕਸਤ ਕਰਨਾ ਲਾਭਦਾਇਕ ਹੋ ਸਕਦਾ ਹੈ। ਵਿਚਾਰ ਕਰੋ ਕਿ ਤੁਹਾਡੇ ਅੱਖਰ ਸ਼ੁਰੂ ਤੋਂ ਅੰਤ ਤੱਕ ਕਿਵੇਂ ਬਦਲਣਗੇ, ਅਤੇ ਉਸ ਪਰਿਵਰਤਨ ਨੂੰ ਤੁਹਾਡੀ ਸਕ੍ਰਿਪਟ ਨੂੰ ਆਕਾਰ ਦੇਣ ਦਿ ।

3 ਪਲਾਟ ਬਣਾ - ਤੁਹਾਡਾ ਪਲਾਟ ਇੱਕ ਰੋਡਮੈਪ ਹੈ ਜੋ ਕਹਾਣੀ ਦੀ ਅਗਵਾਈ ਕਰਦਾ ਹੈ, ਸ਼ੁਰੂਆਤੀ ਹੁੱਕ ਤੋਂ ਅੰਤਮ ਦ੍ਰਿਸ਼ ਤੱਕ। ਵਾਰਤਾਲਾਪ ਵਿੱਚ ਡੁਬਕੀ ਲਗਾਉਣ ਤੋਂ ਪਹਿਲਾਂ, ਆਪਣੀ ਕਹਾਣੀ ਦੀਆਂ ਮੁੱਖ ਬੀਟਾਂ ਦਾ ਚਿੱਤਰ ਬਣਾ । ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਬਿਰਤਾਂਤ ਸੁਚਾਰੂ ਢੰਗ ਨਾਲ ਚੱਲਦਾ ਹੈ, ਮੁੱਖ ਪਲਾਂ- ਜਾਣ-ਪਛਾਣ, ਵਿਵਾਦ, ਕਲਾਈਮੈਕਸ, ਅਤੇ ਸੰਕਲਪਾਂ ਦੀ ਰੂਪਰੇਖਾ ਬਣਾ । ਇਹਨਾਂ ਮੁੱਖ ਦ੍ਰਿਸ਼ਾਂ ਦੀ ਇੱਕ ਠੋਸ ਰੂਪਰੇਖਾ ਤੁਹਾਨੂੰ ਸ਼ੁਰੂ ਤੋਂ ਅੰਤ ਤੱਕ ਪਲਾਟ ਨੂੰ ਤੰਗ ਅਤੇ ਰੁਝੇਵਿਆਂ ਵਿੱਚ ਰੱਖਣ ਲਈ ਮਾਰਗਦਰਸ਼ਨ ਕਰੇਗੀ। ਯਾਦ ਰੱਖੋ: ਹਰੇਕ ਵਿਅਕਤੀਗਤ ਦ੍ਰਿਸ਼ ਨੂੰ ਕਹਾਣੀ ਨੂੰ ਅੱਗੇ ਵਧਾਉਣਾ ਚਾਹੀਦਾ ਹੈ।

4 ਵਾਰਤਾਲਾਪ ਲਿਖੋ- ਅੱਗੇ ਤੁਹਾਡੇ ਪਾਤਰਾਂ ਵਿਚਕਾਰ ਸੰਵਾਦ 'ਤੇ ਕੰਮ ਕਰ ਰਿਹਾ ਹੈ। ਸੰਵਾਦ ਸਿਰਫ਼ ਗੱਲਬਾਤ ਤੋਂ ਵੱਧ ਹੈ-ਇਹ ਇੱਕ ਸ਼ਕਤੀਸ਼ਾਲੀ ਸਾਧਨ ਹੈ ਜੋ ਸ਼ਖਸੀਅਤਾਂ ਨੂੰ ਉਜਾਗਰ ਕਰਦਾ ਹੈ, ਪਲਾਟ ਨੂੰ ਅੱਗੇ ਵਧਾਉਂਦਾ ਹੈ, ਅਤੇ ਮਜਬੂਰ ਮਹਿਸੂਸ ਕੀਤੇ ਬਿਨਾਂ ਪ੍ਰਦਰਸ਼ਨ ਪ੍ਰਦਾਨ ਕਰਦਾ ਹੈ। ਬਹੁਤ ਜ਼ਿਆਦਾ ਲੰਬੇ ਜਾਂ ਸਖ਼ਤ ਐਕਸਚੇਂਜ ਤੋਂ ਬਚੋ; ਤੁਹਾਡੇ ਕਿਰਦਾਰਾਂ ਨੂੰ ਬੋਲਣਾ ਚਾਹੀਦਾ ਹੈ ਕਿ ਲੋਕ ਅਸਲ ਜ਼ਿੰਦਗੀ ਵਿੱਚ ਕਿਵੇਂ ਗੱਲ ਕਰਦੇ ਹਨ। ਇੱਕ ਵਾਰ ਜਦੋਂ ਤੁਸੀਂ ਡਾਇਲਾਗ ਲਿਖ ਲੈਂਦੇ ਹੋ, ਤਾਂ ਇਹ ਦੇਖਣ ਲਈ ਇਸਨੂੰ ਉੱਚੀ ਆਵਾਜ਼ ਵਿੱਚ ਪੜ੍ਹੋ ਕਿ ਇਹ ਕਿਵੇਂ ਦੀ ਆਵਾਜ਼ ਹੈ। ਜੇਕਰ ਇਹ ਅਜੀਬ ਜਾਂ ਸਖ਼ਤ ਲੱਗਦਾ ਹੈ, ਤਾਂ ਇਹ ਸਟੇਜ ਜਾਂ ਸਕ੍ਰੀਨ 'ਤੇ ਵੀ ਉਸੇ ਤਰ੍ਹਾਂ ਦਿਖਾਈ ਦੇਵੇਗਾ। ਕਦੇ-ਕਦਾਈਂ ਜੋ ਕੁਝ ਨਾ ਕਿਹਾ ਗਿਆ ਜਾਂ ਇਸ਼ਾਰਾ ਕੀਤਾ ਗਿਆ ਹੈ ਉਹ ਨਾ ਸ਼ਕਤੀਸ਼ਾਲੀ ਹੋ ਸਕਦਾ ਹੈ ਜਿੰਨਾ ਬੋਲਿਆ ਗਿਆ ਹੈ। ਅੱਖਰਾਂ ਨੂੰ ਉਹਨਾਂ ਦੇ ਐਕਸਚੇਂਜਾਂ ਵਿੱਚ ਲੇਅਰਾਂ ਨੂੰ ਜੋੜਨ ਲਈ ਜਾਣਕਾਰੀ ਨੂੰ ਅਸਹਿਮਤ, ਰੁਕਾਵਟ, ਜਾਂ ਰੋਕਣ ਦਿ ।

5 ਆਪਣੇ ਡਰਾਫਟ ਲਿਖੋ- ਇਸ ਸਾਰੇ ਤਿਆਰੀ ਦੇ ਕੰਮ ਤੋਂ ਬਾਅਦ, ਅੰਤ ਵਿੱਚ ਤੁਹਾਡੀ ਰਚਨਾਤਮਕ ਲਿਖਤ ਨੂੰ ਪੰਨੇ 'ਤੇ ਪ੍ਰਾਪਤ ਕਰਨ ਦਾ ਸਮਾਂ ਆ ਗਿਆ ਹੈ! ਆਪਣੇ ਪਹਿਲੇ ਡਰਾਫਟ ਨਾਲ ਸੰਪੂਰਨਤਾ ਬਾਰੇ ਚਿੰਤਾ ਨਾ ਕਰੋ; ਸਵੈ-ਸੰਪਾਦਨ ਸਿਰਫ ਤੁਹਾਨੂੰ ਹੌਲੀ ਕਰ ਦੇਵੇਗਾ। ਇੱਕ ਵਾਰ ਜਦੋਂ ਉਹ ਪਹਿਲਾ ਡਰਾਫਟ ਪੂਰਾ ਹੋ ਜਾਂਦਾ ਹੈ, ਤਾਂ ਆਪਣਾ ਫੋਕਸ ਸੰਸ਼ੋਧਨ ਵੱਲ ਬਦਲੋ। ਭਰੋਸੇਯੋਗ ਦੋਸਤਾਂ ਅਤੇ ਪਾਠਕਾਂ ਨੂੰ ਸਮੀਖਿਆ ਕਰਨ ਲਈ ਕਹੋ ਿਟ ਅਤੇ ਆਪਣੀ ਸਕ੍ਰਿਪਟ ਨੂੰ ਮਜ਼ਬੂਤ ਕਰਨ ਲਈ ਉਹਨਾਂ ਦੀ ਸੂਝ ਦੀ ਵਰਤੋਂ ਕਰੋ। ਸੰਸ਼ੋਧਨਾਂ ਦੇ ਹਰ ਦੌਰ ਦੇ ਨਾਲ, ਤੁਹਾਡੀ ਸਕ੍ਰੀਨਪਲੇ ਹੋਰ ਤਿੱਖੀ ਅਤੇ ਵਧੇਰੇ ਫੋਕਸ ਹੋ ਜਾਵੇਗੀ। ਆਪਣੀ ਸਕ੍ਰਿਪਟ ਨੂੰ ਕਿਵੇਂ ਫਾਰਮੈਟ ਕਰਨਾ ਹੈ ਜਦੋਂ ਤੁਹਾਡੀ ਸਕ੍ਰਿਪਟ ਨੂੰ ਫਾਰਮੈਟ ਕਰਨ ਦੀ ਗੱਲ ਆਉਂਦੀ ਹੈ, ਤਾਂ ਇੱਥੇ ਉਦਯੋਗਿਕ ਮਾਪਦੰਡ ਹਨ ਜੋ ਤੁਹਾਨੂੰ ਇਸ ਨੂੰ ਪੇਸ਼ੇਵਰ ਬਣਾਉਣ ਲਈ ਪਾਲਣਾ ਕਰਨ ਦੀ ਜ਼ਰੂਰਤ ਹੋਏਗੀ। ਸਕ੍ਰੀਨਪਲੇਅ ਆਮ ਤੌਰ 'ਤੇ 12-ਪੁਆਇੰਟ ਕੋਰੀਅਰ ਫੌਂਟ ਦੀ ਵਰਤੋਂ ਕਰਦੇ ਹਨ, ਇਕਸਾਰਤਾ ਨੂੰ ਯਕੀਨੀ ਬਣਾਉਂਦੇ ਹਨ ਅਤੇ ਹਰੇਕ ਪੰਨੇ ਦੇ ਸਮੇਂ ਨੂੰ ਸਕ੍ਰੀਨ ਸਮੇਂ ਦੇ ਇੱਕ ਮਿੰਟ ਦੇ ਬਰਾਬਰ ਬਣਾਉਂਦੇ ਹਨ। ਮਾਰਜਿਨ ਵੀ ਖਾਸ ਹਨ, ਬਾਈਡਿੰਗ ਨੂੰ ਅਨੁਕੂਲ ਕਰਨ ਲਈ ਖੱਬੇ ਪਾਸੇ 1.5 ਇੰਚ ਦੇ ਨਾਲ ਸੈੱਟ ਕੀਤਾ ਗਿਆ ਹੈ, ਜਦੋਂ ਕਿ ਸੱਜਾ ਹਾਸ਼ੀਆ 1 ਇੰਚ ਹੈ। ਉੱਪਰ ਅਤੇ ਹੇਠਲੇ ਹਾਸ਼ੀਏ 1 ਇੰਚ ਵੀ ਹੋਣੇ ਚਾਹੀਦੇ ਹਨ। ਡਾਇਲਾਗ ਅਤੇ ਐਕਸ਼ਨ ਵਰਣਨ ਆਮ ਤੌਰ 'ਤੇ ਸਿੰਗਲ-ਸਪੇਸ ਵਾਲੇ, ਸਹੀ ਸਪੇਸਿੰਗ ਕੁੰਜੀ ਹੈ, ਜਦੋਂ ਕਿ ਸੀਨ ਸਿਰਲੇਖਾਂ ਅਤੇ ਐਕਸ਼ਨ ਵਰਣਨ ਜਾਂ ਚਰਿੱਤਰ ਜਾਣ-ਪਛਾਣ ਦੇ ਵਿਚਕਾਰ ਇੱਕ ਡਬਲ ਸਪੇਸ ਹੈ। ਸੀਨ ਦੇ ਸਿਰਲੇਖ, ਜਿਨ੍ਹਾਂ ਨੂੰ ਸਲਗਲਾਈਨ ਵੀ ਕਿਹਾ ਜਾਂਦਾ ਹੈ, ਹਰੇਕ ਸੀਨ ਦਾ ਸਥਾਨ ਅਤੇ ਸਮਾਂ ਸਥਾਪਤ ਕਰਦਾ ਹੈ ਅਤੇ ਸਾਰੇ ਕੈਪਸ ਵਿੱਚ ਲਿਖਿਆ ਜਾਣਾ ਚਾਹੀਦਾ ਹੈ। ਇਹਨਾਂ ਨੂੰ ਆਮ ਤੌਰ 'ਤੇ "INT" ਵਜੋਂ ਫਾਰਮੈਟ ਕੀਤਾ ਜਾਂਦਾ ਹੈ। ਜਾਂ "EXT." ਇਹ ਦਰਸਾਉਣ ਲਈ ਕਿ ਕੀ ਦ੍ਰਿਸ਼ ਘਰ ਦੇ ਅੰਦਰ ਹੈ ਜਾਂ ਬਾਹਰ, ਉਸ ਤੋਂ ਬਾਅਦ ਸਥਾਨ ਅਤੇ ਦਿਨ ਦਾ ਸਮਾਂ। ਅੱਗੇ ਆਉਣ ਵਾਲੇ ਕਿਰਿਆ ਵਰਣਨ ਸੰਖੇਪ ਹੋਣੇ ਚਾਹੀਦੇ ਹਨ, ਵਰਤਮਾਨ ਕਾਲ ਵਿੱਚ ਲਿਖੇ ਜਾਣੇ ਚਾਹੀਦੇ ਹਨ, ਅਤੇ ਸਿਰਫ਼ ਉਹੀ ਵਰਣਨ ਕਰਨਾ ਚਾਹੀਦਾ ਹੈ ਜੋ ਸਕ੍ਰੀਨ 'ਤੇ ਦੇਖਿਆ ਜਾਂ ਸੁਣਿਆ ਜਾ ਸਕਦਾ ਹੈ। ਇੱਥੇ ਕਈ ਟੂਲ ਹਨ ਜੋ ਤੁਸੀਂ ਫਾਰਮੈਟਿੰਗ ਵਿੱਚ ਮਦਦ ਕਰਨ ਲਈ ਵਰਤ ਸਕਦੇ ਹੋ। ਪ੍ਰਸਿੱਧ ਸਕ੍ਰੀਨਰਾਈਟਿੰਗ ਸੌਫਟਵੇਅਰ ਜਿਵੇਂ ਕਿ ਫਾਈਨਲ ਡਰਾਫਟ, ਸੇਲਟੈਕਸ, ਅਤੇ ਰਾਈਟਰਡੁਏਟ ਤੁਹਾਡੇ ਦੁਆਰਾ ਲਿਖਦੇ ਹੀ ਸਹੀ ਫਾਰਮੈਟਿੰਗ ਨੂੰ ਲਾਗੂ ਕਰਦੇ ਹਨ, ਤੁਹਾਡਾ ਸਮਾਂ ਬਚਾਉਂਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਤੁਹਾਡੀ ਸਕ੍ਰਿਪਟ ਉਦਯੋਗ ਦੇ ਮਿਆਰਾਂ ਨੂੰ ਪੂਰਾ ਕਰਦੀ ਹੈ। ਭਾਵੇਂ ਤੁਸੀਂ ਮੈਨੂਅਲ ਰੂਟ 'ਤੇ ਜਾਂਦੇ ਹੋ ਜਾਂ ਸੌਫਟਵੇਅਰ ਦੀ ਵਰਤੋਂ ਕਰਦੇ ਹੋ, ਤੁਹਾਡੀ ਸਕ੍ਰੀਨਪਲੇ ਨੂੰ ਸ਼ਾਨਦਾਰ ਤਰੀਕੇ ਨਾਲ ਪੇਸ਼ ਕਰਨ ਲਈ ਸਹੀ ਸਕ੍ਰਿਪਟ ਫਾਰਮੈਟਿੰਗ ਵਿੱਚ ਮੁਹਾਰਤ ਹਾਸਲ ਕਰਨਾ ਮਹੱਤਵਪੂਰਨ ਹੈ। ਸਕ੍ਰਿਪਟ ਲਿਖਣ ਦੀਆਂ ਆਮ ਗਲਤੀਆਂ ਅਤੇ ਉਹਨਾਂ ਤੋਂ ਕਿਵੇਂ ਬਚਣਾ ਹੈ ਭਾਵੇਂ ਤੁਸੀਂ ਕਿੰਨੀਆਂ ਸਕਰੀਨਪਲੇ ਲਿਖੀਆਂ ਹੋਣ, ਕੋਈ ਵੀ ਸਕ੍ਰਿਪਟ ਨਿਰਦੋਸ਼ ਨਹੀਂ ਹੁੰਦੀ। ਪਰ ਚੰਗੀ ਖ਼ਬਰ? ਆਮ ਗਲਤੀਆਂ ਜੋ ਹਰ ਲੇਖਕ ਕਰਦਾ ਹੈ ਉਹਨਾਂ ਤੋਂ ਬਚਣਾ ਆਸਾਨ ਹੁੰਦਾ ਹੈ ਜਦੋਂ ਤੁਸੀਂ ਜਾਣਦੇ ਹੋ ਕਿ ਕੀ ਦੇਖਣਾ ਹੈ। ਇੱਥੇ ਚੋਟੀ ਦੇ ਸਕ੍ਰਿਪਟ-ਰਾਈਟਿੰਗ ਨੁਕਸਾਨ ਹਨ: ਗਲਤੀ: ਬਹੁਤ ਜ਼ਿਆਦਾ ਸੰਵਾਦ ਹੱਲ: ਕਿਰਿਆਵਾਂ ਨੂੰ ਸ਼ਬਦਾਂ ਨਾਲੋਂ ਉੱਚੀ ਬੋਲਣ ਦਿ । ਸੰਵਾਦ ਨੂੰ ਤਿੱਖਾ ਅਤੇ ਉਦੇਸ਼ਪੂਰਣ ਰੱਖੋ, ਅਤੇ ਚੀਜ਼ਾਂ ਨੂੰ ਮਿਲਾਉਣ ਲਈ ਵਿਜ਼ੂਅਲ ਅਤੇ ਇਸ਼ਾਰਿਆਂ ਦੀ ਵਰਤੋਂ ਕਰੋ।

ਗਲਤੀ: ਮਾੜੀ ਚਰਿੱਤਰ ਵਿਕਾਸ ਹੱਲ: ਯਕੀਨੀ ਬਣਾ ਕਿ ਤੁਹਾਡੇ ਪਾਤਰਾਂ ਦੇ ਉਦੇਸ਼ ਅਤੇ ਟੀਚੇ ਹਨ ਤਾਂ ਜੋ ਕਹਾਣੀ ਸ਼ੁਰੂ ਹੋ ਜਾਵੇ। ਥੀਮ ਅੱਖਰਾਂ ਨਾਲੋਂ ਮਜ਼ਬੂਤ ਨਹੀਂ ਹੋਣੀ ਚਾਹੀਦੀ। ਉਹਨਾਂ ਦੀਆਂ ਪਿਛੋਕੜ ਕਹਾਣੀਆਂ ਨੂੰ ਪੂਰੀ ਤਰ੍ਹਾਂ ਵਿਕਸਤ ਕਰਨ ਲਈ ਉਹਨਾਂ ਨੂੰ ਸੰਬੰਧਿਤ, ਅਸਲੀ ਅਤੇ ਮਨੁੱਖੀ ਮਹਿਸੂਸ ਕਰਨਾ ਜ਼ਰੂਰੀ ਹੈ। ਗਲਤੀ: ਮਾੜੀ ਪੇਸਿੰਗ ਹੱਲ: ਤੇਜ਼ ਅਤੇ ਹੌਲੀ ਪਲਾਂ ਨੂੰ ਸੰਤੁਲਿਤ ਕਰਕੇ ਕਹਾਣੀ ਨੂੰ ਅੱਗੇ ਵਧਾਉਂਦੇ ਰਹੋ, ਇਹ ਯਕੀਨੀ ਬਣਾਉਂਦੇ ਹੋਏ ਕਿ ਹਰ ਸੀਨ ਪਲਾਟ ਨੂੰ ਬਹੁਤ ਲੰਮਾ ਸਮਾਂ ਰੁਕੇ ਬਿਨਾਂ ਅੱਗੇ ਵਧਾਉਂਦਾ ਹੈ। ਸਿੱਟਾ ਇੱਕ ਸਕ੍ਰਿਪਟ ਲਿਖਣਾ ਔਖਾ ਲੱਗ ਸਕਦਾ ਹੈ, ਪਰ ਕੋਈ ਵੀ ਸਹੀ ਸਾਧਨਾਂ ਅਤੇ ਤਕਨੀਕਾਂ ਨਾਲ ਇੱਕ ਮਨਮੋਹਕ ਕਹਾਣੀ ਬਣਾ ਸਕਦਾ ਹੈ। ਤੁਹਾਡੇ ਪਲਾਟ ਨੂੰ ਸੰਰਚਨਾ ਕਰਨ ਤੋਂ ਲੈ ਕੇ ਪਾਤਰਾਂ ਨੂੰ ਵਿਕਸਤ ਕਰਨ ਅਤੇ ਉਦਯੋਗ-ਮਿਆਰੀ ਫਾਰਮੈਟਿੰਗ ਨੂੰ ਨੱਥ ਪਾਉਣ ਤੱਕ, ਕੁੰਜੀ ਦ੍ਰਿੜਤਾ ਅਤੇ ਰਚਨਾਤਮਕਤਾ ਹੈ। ਆਮ ਗ਼ਲਤੀਆਂ ਨਾਲ ਨਾ ਉਲਝੋ—ਉਨ੍ਹਾਂ ਤੋਂ ਸਿੱਖੋ ਅਤੇ ਸੁਧਾਰ ਕਰਦੇ ਰਹੋ।

ਇਸ ਗਾਈਡ ਦੇ ਨਾਲ, ਤੁਹਾਡੇ ਕੋਲ ਇੱਕ ਖਾਲੀ ਪੰਨੇ ਤੋਂ ਇੱਕ ਪਾਲਿਸ਼ਡ ਸਕ੍ਰੀਨਪਲੇ 'ਤੇ ਜਾਣ ਲਈ ਲੋੜੀਂਦੇ ਸਾਰੇ ਟੂਲ ਅਤੇ ਲਿਖਣ ਦੇ ਸੁਝਾਅ ਹਨ। ਇਸ ਲਈ ਇੱਕ ਡੂੰਘਾ ਸਾਹ ਲ , ਆਪਣੀ ਕਹਾਣੀ ਸੁਣਾਉਣ ਦੀ ਪ੍ਰਵਿਰਤੀ 'ਤੇ ਭਰੋਸਾ ਕਰੋ, ਅਤੇ ਲਿਖਣਾ ਸ਼ੁਰੂ ਕਰੋ। ਤੁਹਾਡਾ ਅਗਲਾ ਵੱਡਾ ਵਿਚਾਰ ਉਹ ਹੋ ਸਕਦਾ ਹੈ ਜੋ ਸਕ੍ਰੀਨ ਨੂੰ ਰੋਸ਼ਨੀ ਦਿੰਦਾ ਹੈ!

# ਇੰਟਰਨਸ਼ਿਪ ਕੈਰੀਅਰ ਵਿੱਚ ਸਫਲਤਾ ਦੀ ਨੀਂਹ ਹੈ

ਵਿਜੈ ਗਰਗ

ਇੱਕ ਚੰਗੇ ਅਕਾਦਮਿਕ ਪਿਛੋਕੜ ਦੇ ਨਾਲ, ਇੰਟਰਨਸ਼ਿਪ ਇੱਕ ਸਫਲ ਪੇਸ਼ੇਵਰ ਕੈਰੀਅਰ ਦੀ ਨੀਂਹ ਰੱਖਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਨਾ ਸਿਰਫ਼ ਤੁਹਾਡੇ ਕਰੀਅਰ ਦੇ ਵਾਧੇ ਨੂੰ ਸੁਧਾਰਦਾ ਹੈ ਸਗੋਂ ਤੁਹਾਡੇ ਰੈਜ਼ਿਊਮੇ ਨੂੰ ਆਕਰਸ਼ਕ ਵੀ ਬਣਾਉਂਦਾ ਹੈ, ਜੋ ਕਿ ਕਾਰਪੋਰੇਟ ਜਗਤ ਵਿੱਚ ਦਾਖਲ ਹੋਣ ਲਈ ਬਹੁਤ ਲਾਭਦਾਇਕ ਹੈ। ਜ਼ਰੂਰੀ ਹੈ। ਜਦੋਂ ਤੁਸੀਂ ਇੱਕ ਪ੍ਰੋਫੈਸ਼ਨਲ ਕੋਰਸ ਪੂਰਾ ਕਰਨ ਤੋਂ ਬਾਅਦ ਇੰਟਰਨਸ਼ਿਪ ਕਰਦੇ ਹੋ, ਤਾਂ ਇਹ ਤੁਹਾਨੂੰ ਅਸਲ ਸੰਸਾਰ ਦਾ ਅਨੁਭਵ ਦਿੰਦਾ ਹੈ। ਹੁਨਰ ਅਤੇ ਨੈਟਵਰਕ ਨੂੰ ਨਿਖਾਰਨ ਦਾ ਮੌਕਾ ਵੀ ਹੈ,ਜੋ ਤੁਹਾਡੇ ਬਿਹਤਰ ਭਵਿੱਖ ਦੀ ਨੀਂਹ ਰੱਖਦਾ ਹੈ। ਨਵੇਂ ਹੁਨਰ ਸਿੱਖਣ ਦਾ ਮੌਕਾ: ਪੜ੍ਹਾਈ ਤੋਂ ਬਾਅਦ ਹੁਨਰ ਨੂੰ ਨਿਖਾਰਨ ਲਈ ਇੰਟਰਨਸ਼ਿਪ ਤੋਂ ਵਧੀਆ ਹੋਰ ਕੋਈ ਮੌਕਾ ਨਹੀਂ ਹੋ ਸਕਦਾ। ਇਹ ਸੱਚ ਹੈ ਕਿ ਚੰਗੇ ਕੈਰੀਅਰ ਲਈ ਤੁਹਾਡੀ ਡਿਗਰੀ ਅਤੇ ਗ੍ਰੇਡ ਬਹੁਤ ਮਾਇਨੇ ਰੱਖਦੇ ਹਨ, ਪਰ ਜਦੋਂ ਤੁਸੀਂ ਇੰਟਰਨਸ਼ਿਪ ਕਰ ਕੇ ਪ੍ਰੋਫੈਸ਼ਨਲ ਕਰੀਅਰ ਵਿੱਚ ਦਾਖਲ ਹੁੰਦੇ ਹੋ, ਤਾਂ ਇਹ ਮੰਨਿਆ ਜਾਂਦਾ ਹੈ ਕਿ ਤੁਸੀਂ ਇੱਕ ਪ੍ਰੋਫੈਸ਼ਨਲ ਦੇ ਰੂਪ ਵਿੱਚ ਪਰਫੈਕਟ ਹੋ, ਕਿਉਂਕਿ ਇੰਟਰਨਸ਼ਿਪ ਦੌਰਾਨ ਤੁਸੀਂ ਤਕਨੀਕੀ ਹੁਨਰ ਸਿੱਖਦੇ ਹੋ ਗਿਆਨ ਅਤੇ ਹੁਨਰ ਸਿੱਖੋ, ਪਰ ਸਾਨੂੰ ਇੱਕ ਟੀਮ ਵਜੋਂ ਕੰਮ ਕਰਨ ਦਾ ਮੌਕਾ ਵੀ ਮਿਲਦਾ ਹੈ।




**ਨੈੱਟਵਰਕਿੰਗ ਲਾਭ:** ਕਾਰਪੋਰੇਟ ਜਗਤ ਵਿੱਚ ਸਫਲਤਾ ਦਾ ਸਭ ਤੋਂ ਪੱਕਾ ਫਾਰਮੂਲਾ ਹੁਨਰ ਅਤੇ ਨੈੱਟਵਰਕਿੰਗ ਹੈ। ਜਦੋਂ ਤੁਸੀਂ ਇੰਟਰਨ ਕਰਦੇ ਹੋ, ਤੁਹਾਨੂੰ ਉਦਯੋਗ ਵਿੱਚ ਚੋਟੀ ਦੇ ਪੇਸ਼ੇਵਰਾਂ ਨਾਲ ਮਿਲਣ ਅਤੇ ਕੰਮ ਕਰਨ ਦਾ ਮੌਕਾ ਮਿਲਦਾ ਹੈ। ਉਨ੍ਹਾਂ ਨਾਲ ਕੰਮ ਕਰਕੇ ਤੁਸੀਂ ਬਹੁਤ ਸਾਰੀਆਂ ਚੀਜ਼ਾਂ ਸਿੱਖ ਸਕਦੇ ਹੋ ਜੋ ਭਵਿੱਖ ਵਿੱਚ ਲਾਭਦਾਇਕ ਹੋਣਗੀਆਂ। ਯਹੂਦੀ ਨੂੰ ਤਾਕਤ ਮਿਲਦੀ ਹੈ: ਇੰਟਰਨਸ਼ਿਪ ਦਾ ਤਜਰਬਾ ਤੁਹਾਡੇ ਹੁਨਰ ਦਾ ਸ਼ੁਰੂਆਤੀ ਸਬੂਤ ਹੈ, ਇਸ ਲਈ ਕਿਹਾ ਜਾਂਦਾ ਹੈ ਕਿ ਇਸਦੀ ਜਾਣਕਾਰੀ ਤੁਹਾਡੇ ਰੈਜ਼ਿਊਮੇ ਵਿੱਚ ਚੰਗੀ ਤਰ੍ਹਾਂ ਦਰਜ ਕੀਤੀ ਜਾਣੀ ਚਾਹੀਦੀ ਹੈ।

**ਕਰੀਅਰ ਦੇ ਟੀਚਿਆਂ ਬਾਰੇ ਸਪੱਸ਼ਟਤਾ:** ਕੰਮ ਦਾ ਤਜਰਬਾ ਹਾਸਲ ਕਰਨ ਲਈਇਸ ਦੌਰਾਨ ਤੁਸੀਂ ਇਹ ਫੈਸਲਾ ਕਰਨ ਦੀ ਸਥਿਤੀ ਵਿੱਚ ਹੋ ਕਿ ਉਦਯੋਗ ਵਿੱਚ ਕਿਹੜੀ ਭੂਮਿਕਾ ਤੁਹਾਡੇ ਲਈ ਸਭ ਤੋਂ ਅਨੁਕੂਲ ਹੋਵੇਗੀ ਅਤੇ ਫਿਰ ਉਸ ਅਧਾਰ 'ਤੇ ਆਪਣੇ ਕਰੀਅਰ ਦੇ ਟੀਚੇ ਨਿਰਧਾਰਤ ਕਰੋ। ਇਸ ਦੇ ਲਈ ਤੁਸੀਂ ਬਜ਼ੁਰਗਾਂ ਤੋਂ ਮਾਰਗਦਰਸ਼ਨ ਅਤੇ ਸੁਝਾਅ ਵੀ ਲੈ ਸਕਦੇ ਹੋ। ਵਰਕ ਕਲਚਰ ਸਿੱਖਣ ਦਾ ਮੌਕਾ: ਜਦੋਂ ਤੁਸੀਂ ਇੰਟਰਨਸ਼ਿਪ ਕਰਨ ਤੋਂ ਬਾਅਦ ਚਲੇ ਜਾਂਦੇ ਹੋ, ਤਾਂ ਤੁਹਾਡਾ ਆਤਮ ਵਿਸ਼ਵਾਸ ਬਹੁਤ ਉੱਚਾ ਹੋ ਜਾਂਦਾ ਹੈ। ਕਿਸੇ ਪ੍ਰੋਜੈਕਟ ਨੂੰ ਪੂਰਾ ਕਰਨ, ਤਣਾਅ ਅਤੇ ਚੁਣੌਤੀਪੂਰਨ ਸਥਿਤੀਆਂ ਦਾ ਸਾਹਮਣਾ ਕਰਦੇ ਹੋਏ ਪ੍ਰਬੰਧਨ ਦੀਆਂ ਕਈ ਚਾਲਾਂ ਸਿੱਖੀਆਂ ਜਾਂਦੀਆਂ ਹਨ। ਇਹ ਕਿਸੇ ਵੀ ਇੰਟਰਵਿਊ ਅਤੇ ਪੇਸ਼ੇਵਰ ਗੱਲਬਾਤ ਵਿੱਚ ਤੁਹਾਡੀ ਮਦਦ ਕਰੇਗਾ। ਇਸ ਨਾਲ ਬਹੁਤ ਫਾਇਦਾ ਹੁੰਦਾ ਹੈ।

# ਰਣਜੀਤ ਸਿੰਘ ਢੀਂਡਸਾ ਮੱਧ ਵਰਗੀ ਕਿਸਾਨ ਪਰਿਵਾਰ 'ਚੋਂ ਸਫਲ ਕਾਰੋਬਾਰੀ ਬਣਿਆ



ਮੇਜਰ ਸਿੰਘ ਨਾਭਾ
91-94635-53962

ਪਰਿਵਾਰ ਦੇ ਸਾਰੇ ਬੱਚੇ ਇੱਕੋ ਮਾਹੌਲ 'ਚ ਮਾਪਿਆਂ ਦੇ ਸਮਾਨ ਪਾਲਣ-ਪੋਸ਼ਣ ਅਧੀਨ ਪਲਦੇ ਹਨ ਪਰ ਬੱਚਿਆਂ ਦੀ ਬੁੱਧੀ, ਕਾਜਕੁਸ਼ਲਤਾ, ਸੋਚ, ਆਦਿ ਕੁਦਰਤ ਵਲੋਂ ਜਰੂਰ ਵੱਖਰੀ ਹੁੰਦੀ ਹੈ। ਭਰਾਵਾਂ ਦੇ ਕਾਰੋਬਾਰ ਦੇ ਖੇਤਰ 'ਚ ਪੈਰ ਧਰਦਿਆਂ ਹੀ ਇਕਸਾਰਤਾ ਤਕਰੀਬਨ ਹੁੰਦੀ ਹੈ। ਪਰ ਕੁਝ ਪਰਿਵਾਰਾਂ ਅੰਦਰ ਭਰਾਵਾਂ ਦੇ ਕਾਰੋਬਾਰਾਂ 'ਚ ਜ਼ਮੀਨ ਅਸਮਾਨ ਦਾ ਫਰਕ ਪੈ ਜਾਂਦਾ ਹੈ, ਇਹ ਜਰੂਰ ਉਨ੍ਹਾਂ ਦੇ ਲਏ ਦ੍ਰਿੜਤਾ ਨਾਲ ਫੈਸ਼ਲੇ ਕਾਰਨ, ਜੋਖਮਤਾ ਲੈਣ ਆਦਿ ਕਰਕੇ ਹੋ ਜਾਂਦਾ ਹੈ। ਇਹੋ ਜਿਹੀ ਹੀ ਢੀਂਡਸਾ ਪਰਿਵਾਰ ਦੀ ਸ਼ਖਸ਼ੀਅਤ ਹੈ ਸ੍ਰ. ਰਣਜੀਤ ਸਿੰਘ ਢੀਂਡਸਾ, ਜਿਨ੍ਹਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਸਵ: ਸ੍ਰ. ਦਰਬਾਰਾ ਸਿੰਘ ਢੀਂਡਸਾ ਪੁੱਤਰ ਸ੍ਰ. ਮੀਹਾਂ ਸਿੰਘ ਦੇ ਘਰ ਸਵ: ਮਾਤਾ ਸਰਦਾਰਨੀ ਨਰਾਤ ਕੌਰ ਦੀ ਕੁੱਖੋਂ 21 ਅਕਤੂਬਰ 1949 ਨੂੰ ਹੋਇਆ। ਉਨ੍ਹਾਂ ਦੇ ਵੱਡੇ ਭਰਾ ਸ੍ਰ. ਰਣ ਸਿੰਘ ਢੀਂਡਸਾ ਛੋਟੇ ਭਰਾ ਸਵ: ਸ੍ਰ. ਸੁਰਜੀਤ ਸਿੰਘ ਢੀਂਡਸਾ ਅਤੇ ਇੱਕਲੌਤੀ ਭੈਣ ਰਣਜੀਤ ਕੌਰ ਜੋ ਕਿ ਧੀਰੋਮਾਜਰਾ ਵਿਖੇ ਸ੍ਰ. ਕਮਿੱਕਰ ਸਿੰਘ ਨਾਲ ਵਿਆਹੇ ਹੋਏ ਹਨ। ਉਨ੍ਹਾਂ ਨੇ ਮੁੱਢਲੀ ਅੱਠਵੀਂ ਤੱਕ ਦੀ ਵਿੱਦਿਆ ਪਿੰਡ ਦੇ ਸਰਕਾਰੀ ਮਿਡਲ ਸਕੂਲ ਤੋਂ ਪ੍ਰਾਪਤ ਕਰਨ ਉਪਰੰਤ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਚੌਂਦਾ (ਸੰਗਰੂਰ) ਤੋਂ ਪ੍ਰਾਪਤ ਕੀਤੀ। ਉਚੇਰੀ ਪੜ੍ਹਾਈ ਲਈ ਉਨ੍ਹਾ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈ ਲਿਆ ਅਤੇ ਮਈ 1973 ਵਿੱਚ ਬੀ,ਏ. ਪਾਸ ਕਰ ਲਈ। ਉਨ੍ਹਾਂ ਨੇ ਮੁਜੱਫਰਨਗਰ ਵਿਖੇ ਕਿਸੇ ਪ੍ਰਾਈਵੇਟ ਕਾਲਜ ਵਿੱਚ ਡੀ.ਪੀ.ਈ. ਦੇ ਕੋਰਸ 'ਚ ਦਾਖਲਾ ਲੈ ਲਿਆ। ਬਾਅਦ 'ਚ ਉਨ੍ਹਾਂ ਨੂੰ ਪਤਾ ਲਗਿਆ ਕਿ ਇਹ ਕਾਲਜ ਮਾਨਤਾ ਪ੍ਰਾਪਤ ਨਹੀਂ ਜੋ ਕਿ ਠੱਗੀ ਲੱਗਦੀ ਹੈ ਤਾਂ ਪਹਿਲੇ ਸਾਲ ਹੀ ਉਨ੍ਹਾਂ ਨੇ ਇਹ ਕੋਰਸ ਅੱਧਵਾਟੇ ਹੀ ਛੱਡ ਦਿੱਤਾ। ਹੁਣ ਉਨ੍ਹਾ ਦਾ ਧਿਆਨ ਕਿਸੇ ਕਾਰੋਬਾਰ ਨੂੰ ਸ਼ੁਰੂ ਕਰਨ ਵੱਲ ਹੋ ਗਿਆ। ਉਸ ਸਮੇਂ ਪੀਟਰ ਇੰਜਨ ਨਵੇਂ ਨਵੇਂ ਆਏ ਸਨ ।ਕਿਸਾਨੀ ਨਾਲ ਸਬੰਧਤ ਹੋਣ ਕਾਰਨ ਉਨ੍ਹਾਂ ਨੇ ਕਿਸਾਨਾਂ ਨਾਲ ਸਬੰਧਤ ਕਾਰੋਬਾਰ 1973 ਵਿੱਚ ਪੀਟਰ ਇੰਜਨ ਦੇ ਸਪੇਅਰ ਪਾਰਟਸ ਦੀ ਦੁਕਾਨ ਖੋਲ ਲਈ। ਉਨ੍ਹਾਂ ਦਾ ਵਿਆਹ ਪਿੰਡ ਬਾਲੀਆਂ (ਸੰਗਰੂਰ) ਵਿਖੇ ਸਵ: ਕੈਪਟਨ ਬਲਵੰਤ ਸਿੰਘ ਦੀ ਪੁੱਤਰੀ ਸੁਖਜੀਤ ਕੌਰ ਨਾਲ 1975 ਵਿੱਚ ਹੋਇਆ। ਪਰਮੇਸ਼ਵਰ ਦੀ ਕਿਰਪਾ ਨਾਲ ਉਨ੍ਹਾ ਦੇ ਘਰ ਦੋ ਬੇਟਿਆਂ ਨੇ ਜਨਮ ਲਿਆ। ਇਹ ਕਾਰੋਬਾਰ ਉਨ੍ਹਾਂ ਨੇ 1986 ਤੱਕ ਕੀਤਾ ਕਿਉਂ ਕਿ ਬਿਜਲੀ ਪਿੰਡਾਂ 'ਚ ਆਉਣ ਕਾਰਨ ਬਿਜਲੀ ਮੋਟਰਾਂ ਦਾ ਰੁਝਾਨ ਵਧਣਾ ਸ਼ੁਰੂ ਹੋ ਗਿਆ, ਮੂਹਰੇ ਇਸ ਕਾਰੋਬਾਰ ਦਾ ਭਵਿੱਖ ਧੁੰਦਲਾ ਦਿਖਾਈ ਦਿੰਦਾ ਸੀ। ਉਨ੍ਹਾਂ ਨੇ ਫਿਰ ਪ੍ਰਾਪਰਟੀ ਸਲਾਹਕਾਰ ਦਾ ਕੰਮ ਸ਼ੁਰੂ ਕਰ ਲਿਆ ਜੋ ਅੱਜ ਵੀ ਜਾਰੀ ਹੈ। ਇਹ ਪ੍ਰਾਪਰਟੀ ਦਾ ਕਾਰੋਬਾਰ ਅੱਜ ਕੁਝ ਕੱਲ੍ਹ ਕੁਝ ਹੋਰ ਏਨਾ ਵੱਧਿਆ ਕਿ ਢੀਂਡਸਾ ਪਰਿਵਾਰ ਨੂੰ ਸਫਲ ਕਾਰੋਬਾਰੀ ਬਣਾ ਦਿੱਤਾ। ਉਨ੍ਹਾਂ ਨੇ ਚੋਧਰੀ ਮਾਜਰਾ ਰੋਡ ਤੇ ਇੱਕ ਕਾਲੋਨੀ ਦੇ ਪਲਾਟ ਕੱਟਣੇ ਤਕਰੀਬਨ 1987 'ਚ ਸ਼ੁਰੂ ਕੀਤੇ ਜਿਸ ਦਾ ਨਾਮ ਉਨ੍ਹਾਂ ਨੇ ਨੌਵੇਂ ਗੁਰੂ ਸਾਹਿਬਾਨ ਨੂੰ ਸਮਰਪਿਤ ਕਰਕੇ ਉਸ ਦਾ ਨਾਂ ਸ਼੍ਰੀ ਗੁਰੂ ਤੇਗ ਬਹਾਦਰ ਨਗਰ ਰੱਖਿਆ। ਇਸ ਕਾਲੋਨੀ 'ਚ ਉਨ੍ਹਾਂ ਇੱਕ ਪਲਾਟ ਆਲੋਹਰਾਂ ਵਾਲੇ ਮਹਾਂਪੁਰਸ਼ ਸੰਤ ਸੁਖਦੇਵ ਸਿੰਘ ਦੇ ਨਾਂ ਗੁਰੂ ਘਰ ਲਈ ਕਰਵਾ ਦਿੱਤਾ ਜਿਸ ਦਾ ਉਸਾਰੀ ਦੇ ਕੰਮ ਦਾ ਉਦਘਾਟਨ ਮਹਾਂਪੁਰਸ਼ਾਂ ਨੇ ਨੀਂਹ ਦੀ ਇੱਟ ਆਪ ਰੱਖ ਕੇ ਕੀਤਾ ਸੀ, ਉਨ੍ਹਾਂ ਉਸ ਸਮੇਂ ਵਚਨ ਕੀਤੇ ਸੀ ਕਿ ਇਥੇ ਸ਼ਾਨਦਾਰ ਗੁਰੂ ਘਰ ਬਣੇਗਾ। ਥੋੜੇ ਚਿਰ ਬਾਅਦ ਇੱਕ ਕਮਰਾ ਉਸਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਨਿੱਤਨੇਮ ਦੀਆਂ ਬਾਣੀਆਂ ਦੇ ਜਾਪ ਹੋਣੇ ਸ਼ੁਰੂ ਹੋ ਗਏ। ਹੌਲੀ ਹੌਲੀ ਹੋਰ ਕਮਰੇ ਬਣ ਗਏ। ਅੱਜ ਇਸ ਗੁਰੂ ਘਰ ਦੀ ਸ਼ਾਨਦਾਰ ਇਮਾਰਤ ਬਣ ਗਈ ਹੈ। ਉਨ੍ਹਾਂ ਕਾਲੋਨੀ ਦੇ ਬੱਚਿਆਂ ਲਈ ਵਿੱਦਿਆ ਦੇਣ ਲਈ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦੀ ਸ਼ੁਰੂਆਤ ਵੀ ਕੀਤੀ ਜੋ ਬਾਅਦ 'ਚ ਕਿਸੇ ਹੋਰ ਵਿਅਕਤੀ ਨੇ ਲੈ ਲਿਆ ਅਤੇ ਉਹੀ ਸਕੂਲ ਹੁਣ 'ਔਕਸਫੋਰਡ ਸਕੂਲ' ਦੇ ਨਾਂ ਤੇ ਚਲ ਰਿਹਾ ਹੈ। ਇਹ ਸਾਰੇ ਕਾਰਜਾਂ ਨੂੰ ਸ਼ੁਰੂ ਕਰਨ 'ਚ ਸ੍ਰ. ਰਣਜੀਤ ਸਿੰਘ ਢੀਂਡਸਾ ਨੇ ਅਹਿਮ ਭੂਮਿਕਾ ਨਿਭਾਈ । ਇਸ ਕਾਲੋਨੀ 'ਚ ਏਨੀ ਸੰਘਣੀ ਆਬਾਦੀ ਹੋ ਗਈ ਹੈ, ਹੁਣ 2024 ਦੀਆਂ ਪੰਚਾਇਤੀ ਚੋਣਾਂ ਹੋਣ ਤੇ ਇਸ ਕਾਲੋਨੀ ਦੀ ਚੌਥੀ ਆਪਣੀ ਗ੍ਰਾਮ ਪੰਚਾਇਤ ਬਣੀ ਹੈ। ਉਨ੍ਹਾਂ ਨੇ ਨਾਭਾ ਅਨਾਜ ਮੰਡੀ ਵਿਖੇ 1997 ਤੋਂ 2017 ਤੱਕ ਆੜ੍ਹਤ ਦਾ ਕੰਮ ਵੀ ਕੀਤਾ। ਉਨ੍ਹਾਂ ਪਿੰਡ ਦੰਦਰਾਲਾ ਢੀਂਡਸਾ ਦੇ ਖ੍ਰੀਦ ਕੇਂਦਰ 'ਚ ਵੀ ਆੜ੍ਹਤ ਦਾ ਕੰਮ ਕੀਤਾ ਅਤੇ ਆੜ੍ਹਤੀ ਯੂਨੀਅਨ ਦੇ ਪ੍ਰਧਾਨ ਵੀ ਰਹੇ। ਉਨ੍ਹਾਂ ਨੇ ਆਪਣੇ ਭਤੀਜੇ ਮਹਿੰਦਰ ਸਿੰਘ ਢੀਂਡਸਾ ਅਤੇ ਭਾਣਜੇ ਦਵਿੰਦਰ ਸਿੰਘ ਨੂੰ ਵੀ ਪ੍ਰਾਪਰਟੀ ਸਲਾਹਕਾਰ ਦਾ ਕੰਮ ਸ਼ੁਰੂ ਕਰਨ ਲਈ ਪ੍ਰੇਰਿਆ ਜੋ ਆਪਣਾ ਵਧੀਆ ਕੰਮ ਚਲਾ ਰਹੇ ਹਨ। ਉਨ੍ਹਾਂ ਜਦੋਂ ਗੁਰੂ ਤੇਗ ਬਹਾਦਰ ਨਗਰ ਕਾਲੋਨੀ ਕੱਟਣੀ ਸ਼ੁਰੂ ਕੀਤੀ ਤਾਂ ਉਨ੍ਹਾਂ ਸਾਨੂੰ ਪਹਿਲਾਂ ਮੇਨ ਰੋਡ ਉੱਪਰ ਇੱਕ ਪਲਾਟ ਦੇ ਦਿੱਤਾ ਉਦੋਂ ਸਾਨੂੰ ਪਲਾਟਾਂ ਦੀ ਕੋਈ ਜਾਣਕਾਰੀ ਨਹੀਂ ਸੀ ਨਾ ਸੋਚਿਆ ਸੀ ਕਿ ਨਾਭੇ ਰਿਹਾਇਸ ਕਰਾਂਗੇ। ਚਲੋ ਇਸ ਪਲਾਟ ਦੀ ਰਜਿਸਟਰੀ ਹੋ ਗਈ। ਢੀਂਡਸਾ ਸਾਬ੍ਹ ਨੇ ਕਿਹਾ ਕਿ ਜੋ ਪਲਾਟ ਪਿਛਾਂਹ ਗਲੀ ਦੇ ਸਾਹਮਣੇ ਹੈ ਤੁਹਾਨੂੰ ਹੀ ਦੇਣਾ ਹੈ ਜਿਸ ਦਾ ਰੇਟ ਕਾਫੀ ਘੱਟ ਸੀ, ਉਹ ਵੀ ਉਨ੍ਹਾਂ ਦੀ ਹੀ ਦੇਣ ਹੈ। ਅਸੀਂ ਇਥੇ ਕਦੇ ਵੀ ਪਲਾਟ ਨਹੀਂ ਖਰੀਦ ਸਕਦੇ ਸੀ ਕਿਉਂ ਕਿ ਆਰਥਿਕ ਹਾਲਾਤ ਚੰਗੇ ਨਹੀਂ ਸਨ ਜੋ ਕਿ ਕਿਸ਼ਤਾਂ 'ਚ ਪੈਸੇ ਦੇਣ ਕਾਰਨ ਕੰਮ ਚਲ ਗਿਆ । ਅੱਜ ਵੀ ਇਥੇ ਜ਼ਿਆਦਾ ਰੇਟ ਕਾਰਨ ਜਗ੍ਹਾ ਖਰੀਦਣੀ ਔਖੀ ਲੱਗਦੀ ਹੈ। ਇਹ ਪਿੰਡ 'ਚ ਢੀਂਡਸਾ ਪਰਿਵਾਰ ਨਾਲ ਪਰਿਵਾਰਿਕ ਸਾਂਝ ਕਾਰਨ ਹੀ ਹੋ ਸਕਿਆ।



ਧਾਰਮਿਕ ਬਿਰਤੀ ਹੋਣ ਕਾਰਨ ਉਨ੍ਹਾ ਨੇ 1986 ਵਿੱਚ ਸ੍ਰੀ ਗੁਰੂ ਗਬਿੰਦ ਸਿੰਘ ਜੀ ਵਲੋਂ ਬਖਸ਼ੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ। ਗੁਰੂ ਘਰ ਨਿੱਤਨੇਮ ਨਾਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਦੀ ਤਾਂਘ ਨੇ ਉਨ੍ਹਾਂ ਦੀ ਪਟਿਆਲਾ ਰੋਡ ਤੇ ਰਿਹਾਇਸ਼ ਨੂੰ ਬਦਲ ਕੇ ਘੋੜਿਆਂ ਵਾਲਾ ਗੁਰੂਦੁਆਰਾ ਸਾਹਿਬ ਨੇੜੇ ਨਵੀਂ ਰਿਹਾਇਸ਼ ਮੋਤੀ ਬਾਗ ਨਾਭਾ ਵਿੱਚ ਬਣਾ ਲਈ।

ਉਹ ਧਾਰਮਿਕ ਸਮਾਗਮਾਂ ਵਿੱਚ ਅਕਸਰ ਹਾਜ਼ਰੀ ਭਰਨ ਦੇ ਨਾਲ ਸਹਿਯੋਗ ਵੀ ਦਿੰਦੇ ਰਹਿੰਦੇ ਹਨ ।ਸੰਨ 2023 ਵਿੱਚ 'ਗੁਰੂ ਹਰਗੋਬਿੰਦ ਸਾਹਿਬ ਸੇਵਾ ਸੋਸਾਇਟੀ' ਹੋਂਦ 'ਚ ਆਈ ਜਿਸ ਦੇ ਲੱਗਭੱਗ ਸੌ ਮੈਂਬਰ ਹਨ ਤਾਂ ਇਨ੍ਹਾਂ ਨੂੰ ਇਸ ਸੋਸਾਇਟੀ ਦੇ ਸ੍ਰਪਰਸ਼ਤ ਦੀ ਸੇਵਾ ਬਖਸ਼ਿਸ਼ ਹੋਈ। ਇਸ ਸੋਸਾਇਟੀ ਨੇ ਗਰੀਬ ਬੱਚਿਆਂ ਦੀ ਵਿੱਦਿਆ ਲਈ ਮਦਦ, ਪੜ੍ਹਾਈ 'ਚ ਅੱਵਲ ਬੱਚਿਆਂ ਨੂੰ ਸਨਮਾਨਿਤ ਕਰਨਾ, ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਕਰਾਉਣੇ ਆਦਿ ਕਾਰਜ ਆਰੰਭ ਕੀਤੇ ਹੋਏ ਹਨ। ਸ੍ਰ. ਰਣਜੀਤ ਸਿੰਘ ਢੀਂਡਸਾ ਦੇ ਵੱਡਾ ਬੇਟਾ ਪਰਮਿੰਦਰ ਸਿੰਘ ਢੀਂਡਸਾ ਜੋ ਕਿ ਐਮ.ਏ., ਐਲ.ਐਲ.ਬੀ. (ਪੰਜਾਬੀ ਯੂਨੀਵਰਸਿਟੀ) ਤੋਂ ਕਰਕੇ ਨਾਭਾ ਕੋਰਟ ਕੰਪਲੈਕਸ ਵਿਖੇ ਪ੍ਰੈਕਟਿਸ ਕਰ ਰਿਹਾ ਹੈ। ਉਸ ਦਾ ਵਿਆਹ ਸ੍ਰ. ਬਲਜੀਤ ਸਿੰਘ ਢਿੱਲੋਂ ਪਿੰਡ ਸਿੰਘੇਵਾਲਾ (ਬਠਿੰਡਾ) ਦੀ ਪੁੱਤਰੀ ਵਿਪਨਪ੍ਰੀਤ ਕੌਰ ਨਾਲ ਹੋਇਆ, ਉਨ੍ਹਾਂ ਦੀ ਬੇਟੀ ਗੁਰਚਿਤਵਨ ਕੌਰ ਪੜ੍ਹ ਰਹੀ ਹੈ। ਦੂਸਰਾ ਬੇਟਾ ਵਰਿੰਦਰ ਸਿੰਘ ਢੀਂਡਸਾ ਐਮ.ਏ. (ਇੰਗਲਸ), ਐਲ.ਐਲ.ਬੀ. (ਪੰਜਾਬ ਯੂਨੀਵਰਸਿਟੀ) ਕਰਕੇ ਚੰਡੀਗੜ੍ਹ ਹਾਈ ਕੋਰਟ ਵਿਖੇ ਪ੍ਰੈਕਟਿਸ ਕਰ ਰਿਹਾ ਹੈ । ਉਸ ਦਾ ਵਿਆਹ ਕੂਮ ਕਲਾਂ (ਸਮਰਾਲਾ) ਵਿਖੇ ਡਾ. ਸੁਮਨਪ੍ਰੀਤ ਕੌਰ ਪੁੱਤਰੀ ਸਵ: ਸ੍ਰ. ਤਰਲੋਚਨ ਸਿੰਘ ਨਾਲ ਹੋਇਆ। ਉਨ੍ਹਾ ਦੀਆਂ ਦੋ ਬੇਟੀਆਂ ਅਵੀਰੂਪ ਕੌਰ ਅਤੇ ਅਨੀਤ ਕੌਰ ਹਨ ਜੋ ਕਿ ਮੋਹਾਲੀ ਵਿਖੇ ਰਹਿ ਰਹੇ ਹਨ। ਸ੍ਰ. ਰਣਜੀਤ ਸਿੰਘ ਦੀਆਂ ਪੋਤਰੀਆਂ ਚੰਡੀਗੜ੍ਹ ਦੇ ਨਾਮਵਰ ਸਕੂਲ 'ਕਾਰਮਲ ਪਬਲਿਕ ਸਕੂਲ' ਵਿਖੇ ਪੜ੍ਹ ਰਹੀਆਂ ਹਨ। ਪਰਮੇਸ਼ਵਰ ਉਨ੍ਹਾਂ ਨੂੰ ਹੋਰ ਵਧੇਰੇ ਸਮਾਜ ਭਲਾਈ ਕੰਮਾਂ ਨੂੰ ਕਰਨ ਲਈ ਤੰਦਰੁਸਤੀ, ਸੁਮੱਤ ਅਤੇ ਚੜ੍ਹਦੀਕਲਾ ਬਖਸ਼ਣ।

## ਦੋ .ਗ਼ਜ਼ਲਾਂ

ਅਜਕਲ ਜੇਕਰ ਕਰਦਾ ਨਈਂ ਏਂ ਸਾਡੀ ਉਹ ਪਰਵਾਹ।
ਆਪਾਂ ਨੇ ਵੀਂ ਕਹਿ ਦਿੱਤਾ ਏ ਜਾ ਖ਼ਸਮਾਂ ਨੂੰ ਖਾਹ।
ਨਈਂ ਮਿਲਣਾ ਤਾਂ ਨਾ ਫਿਰ ਮਿਲ ਤੂੰ ਢੱਠੇ ਖੂਹ ਵਿਚ ਪੈ,
ਤੇਰੇ ਬਾਝੋਂ ਸਾਡਾ ਕਿਹੜਾ ਰੁਲਦਾ ਜਾਂਦਾ ਸਾਹ।
ਹਿੰਮਤ ਨੂੰ ਹੀ ਰੱਬ ਕਹਿੰਦੇ ਨੇ ਹਿੰਮਤ ਹੁਣ ਨਾ ਛੱਡੀਂ,
ਅੱਧ ਤੋਂ ਬਹੁਤੀ ਬੇੜੀਆਂ ਆ ਗਈ ਐਵੇਂ ਨਾ ਘਬਰਾ।
ਕਹਿੰਦੇ ਇਸ ਦਾ ਡੰਗਿਆ ਕੋਈ ਪਾਣੀ ਤਕ ਨਈਂ ਮੰਗਦਾ,
ਗੋਰੀ ਸਪਨੀ ਨੇ ਹੈ ਡੰਗਿਆ ਬਚਦਾ ਅਗਰ ਬਚਾ।
ਪਿਆਸੇ ਦੀ ਤੂੰ ਪਿਆਸ ਬੁਝਾ ਦੇ ਭੁੱਖੇ ਨੂੰ ਦੇ ਰੋਟੀ,
ਇਸ ਦੇ ਵਿਚ ਹੀ ਈਸ਼ਵਰ ਹੁੰਦਾ ਇਸ ਦੇ ਵਿੱਚ ਖੁਦਾ।
ਸਿੱਧੀ ਸਿੱਧੀ ਗੱਲ ਕਰ ਤੂੰ ਕੋਈ ਗ਼ੈਰ ਬਿਗਾਨਾ ਨਈਂ,
ਮਕੜੀ ਵਾਲੇ ਜਾਲੇ ਵਾਗੂੰ ਤੂੰ ਸਾਨੂੰ ਨਾ ਉਲਝਾ।
ਗੱਲ ਸੁਣ ਦਾਦੂ ਮੇਰੀ ਗੁੱਡੀ ਅੰਬਰ ਨੂੰ ਛੂਹ ਜਾਏ,
ਫੜ੍ਹ ਲੈ ਗੁੱਡੀ ਤਣੀਆਂ ਦੇ ਦੇ ਜਿੱਧਰ ਦੀ ਤੇਜ਼ ਹਵਾ।
ਜਿਸ ਨੇ ਮੰਜ਼ਿਲ ਪਾਉਣੀ ਮੁਸ਼ਕਿਲ ਵਿਚ ਵੀ ਪਾ ਲੈਂਦਾ ਹੈ,
ਪਥਰਾਂ ਵਿਚ ਵੀ ਉਗ ਪੈਂਦਾ ਹੈ ਉਗਣ ਵਾਲਾ ਘਾਹ।
ਐਵੇਂ ਕਿਧਰੇ ਹੱਡੀ ਪਸਲੀ ਇੱਕ ਕਰਾ ਨਾ ਬੈਠੀ,
ਪਰਬਤ 'ਤੇ ਜੇ ਚੜ੍ਹ ਨਈਂ ਸਕਦਾ ਕਿਉਂ ਲੈਣਾਂ ਏ ਫਾਹ।
ਬਸ ਤੇਰੀ ਇਕ ਇਸ ਆਦਤ ਨੇ ਦੂਰੀ ਪਾ ਦੇਣੀ ਹੈ,
ਐਵੇਂ ਡੰਗ ਟਪਾਈ ਜਾਣੈਂ ਝੂਠੀਆਂ ਕਸਮਾਂ ਖਾ।
ਵੇਖੀ ਰੱਬ ਫਿਰ ਤੇਰੇ ਦਰ ਤੇ ਦਸਤਕ ਦੇਵੇਗਾ,
ਰੁਸਦੇ ਜਾਂਦੇ ਸਜਣਾਂ ਨੂੰ ਤੂੰ ਸੀਨੇ ਨਾਲ ਲਗਾ।
ਮਹਿਫ਼ਿਲ ਦੇ ਵਿਚ ਹਰ ਇਕ ਬੰਦਾ ਅਸ਼-ਅਸ਼ ਫਿਰ ਕਰ ਉਠੇ,
ਬਾਲਮ ਰੂਹ ਵਿਚ ਮਿਸ਼ਰੀ ਘੋਲੇ ਐਸੀ ਗ਼ਜ਼ਲ ਸੁਣਾ।

-------------

ਮਹਿਲਾਂ ਨਾਲੋਂ ਵੀਂ ਚੰਗੀ ਹੈ ਅਪਣੀਂ ਚਾਰ ਦਿਵਾਰੀ।
ਲੂਣੀਂ ਮਿੱਸੀ ਰੋਟੀ ਦੇ ਨਾਲ ਛੋਟੀ ਜਿਹੀ ਇਕ ਯਾਰੀ।
ਪੈਸੇ ਦੇ ਨਾਲ, ਆਕੜ ਦੇ ਨਾਲ, ਸ਼ੁਹਰਤ ਨਾਲ ਨਈਂ ਮਿਲਦੀ,
ਭੈਣ ਭਰਾਵਾਂ, ਰਿਸ਼ਤੇਦਾਰਾਂ, ਯਾਰਾਂ ਨਾਲ ਸਰਦਾਰੀ।
ਇਤਿਹਾਸ ਗਵਾਹ ਹੈ ਮੱਧ ਵਰਗ 'ਚੋਂ ਉਠਦੀ ਇੱਕ ਕਰਾਂਤੀ,
ਅਕਸਰ ਸੁੱਕੇ ਹੋਏ ਘਾਹ 'ਚੋਂ ਉਠਦੀ ਹੈ ਚਿੰਗਾਰੀ।
ਸੂਰਜ ਵਰਗੀ ਲੋਅ ਦਿੰਦੀ ਹੈ ਘਰ ਦੇ ਵਿਹੜੇ ਅੰਦਰ,
ਸਵਰਗ ਦੀ ਅਸਲੀ ਪਰਿਭਾਸ਼ਾ ਹੈ ਬੱਚੇ ਦੀ ਕਿਲਕਾਰੀ।
ਜੇ ਕਰਤੂਤ ਨਹੀਂ ਹੈ ਚੰਗੀ ਸਭ ਕੁਝ ਮਿੱਟੀ ਵਰਗਾ,
ਸੂਰਤ ਸੀਰਤ ਬੇਸ਼ਕ ਹੋਵੇ ਪਿਆਰੀ ਤੋਂ ਵੀਂ ਪਿਆਰੀ।
ਰੰਗਾਂ ਦੀ ਤਰਤੀਬ ਅਤੇ ਤਰਕੀਬ 'ਚੋਂ ਧੋਖਾ ਦੇਵੇ,
ਨੀਅਤ ਮਾੜੀ ਦੇ ਵਿਚ ਆਕੇ ਜੇ ਚਾਹਵੇ ਲੱਲਾਰੀ।
ਬਾਅਦ 'ਚ ਉਸ ਦੀ ਸਾਰੀ ਹਸਤੀ ਪਾਣੀ-ਪਾਣੀ ਕੀਤੀ,
ਤੜਕ ਸਵੇਰੇ ਨੇ ਤਾਂ ਪਹਿਲਾਂ ਸ਼ਬਨਮ ਖ਼ੂਬ ਸ਼ਿੰਗਾਰੀ।
ਗੰਦਾ ਬੰਦਾ ਜਦ ਵੀ ਬੋਲੇ ਇੱਕ ਖਿਲਾਰਾ ਪਾਵੇ,
ਚਾਰ-ਚੁਫੇਰੇ ਨੇਰ੍ਹੀ ਨੇ ਹੈ ਜਿੱਦਾਂ ਰੇਤ ਖਿਲਾਰੀ।
ਇੱਕ ਥਕੇਵਾਂ ਲਹਿ ਕੇ ਸਾਰਾ ਗਲ੍ਹਵਕੜੀ ਵਿਚ ਆਇਆ,
ਥੱਕੇ ਹਾਰੇ ਦਾਦੇ ਦੀ ਜਦ ਪੋਤੇ ਪੱਗ ਉਤਾਰੀ।
ਮੂੰਹ ਵਿਚ ਜੀਭਾਂ ਪਾ ਕੇ ਰੱਖੀਏ ਨਿਭਦੀ ਰਿਸ਼ਤੇਦਾਰੀ,
ਮੋਹ ਨਾ ਜਾਣਨ, ਤੇਹ ਨਾ ਜਾਣਨ ਮੰਡੀ ਵਿਚ ਵਿਉਪਾਰੀ।
ਸਰਲ ਅਤੇ ਸਾਧਾਰਣਤਾ ਦੀ ਪਧਰੀ ਧਰਤੀ ਉਤੇ,
ਬਾਲਮ ਤੇਰੀਆਂ ਗ਼ਜ਼ਲਾਂ ਅੰਦਰ ਬਿੰਬਾਂ ਦੀ ਸਰਦਾਰੀ।

- ਬਲਵਿੰਦਰ ਬਾਲਮ 91- 98156-25409

# ਬੰਦੀ ਛੋੜ (ਦਿਵਾਲੀ) ਮੌਕੇ 'ਵੀ ਕੇਅਰ ਟ੍ਰਸਟ' ਵੱਲੋਂ ਥੇਮਸ ਖੇਤਰ ਨੂੰ ਨਵੀਂ ਨਿਕੋਰ ਐਂਬੂਲੈਂਸ ਭੇਟ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**ਨਿਊਜ਼ੀਲੈਂਡ ਦੇ ਵਿਚ ਸੇਂਟ ਜੌਹਨ ਦੀ ਸਥਾਪਨਾ 30 ਅਪ੍ਰੈਲ 1885 ਦੇ ਵਿਚ ਕ੍ਰਾਈਸਟਚਰਚ ਦੇ ਵਿਚ ਹੋਈ ਸੀ, ਅੱਜ ਇਹ ਦੇਸ਼ ਦੀ ਇਕ ਵੱਡੀ ਸਿਹਤ ਸੇਵਾਵਾਂ ਦੇਣ ਵਾਲੀ ਚੈਰੀਟੇਬਲ ਸੰਸਥਾ ਬਣੀ ਹੋਈ ਹੈ। ਭਾਰਤੀਆਂ ਦੀ ਆਮਦ ਵੀ ਇਥੇ 1890 ਦੇ ਕਰੀਬ ਦੀ ਹੈ ਅਤੇ ਹੁਣ ਇਸ ਗੱਲ ਦਾ ਭਾਰਤੀ ਕਮਿਊਨਿਟੀ ਨੂੰ ਮਾਣ ਹੋਵੇਗਾ ਕਿ ਅਜਿਹੀਆਂ ਸੰਸਥਾਵਾਂ ਦੇ ਵਿਚ ਵੀ ਭਾਰਤੀਆਂ ਦੇ ਯੋਗਦਾਨ ਸਦੀਆਂ ਤੱਕ ਯਾਦ ਰਹਿਣਗੇ। 'ਵੀ ਕੇਅਰ ਟ੍ਰਸਟ' ਇਕ ਅਜਿਹਾ ਟ੍ਰਸਟ ਹੈ ਜੋ ਕਿ ਬਾਕੀ ਸਮਾਜਿਕ ਕਾਰਜਾਂ ਦੇ ਨਾਲ-ਨਾਲ ਸਿਹਤ ਸੇਵਾਵਾਂ ਦੇ ਰਾਹੀਂ ਲੋਕਾਂ ਦੀ ਜਾਨ ਬਚਾਉਣ ਵਾਲੀ ਸੰਸਥਾ ਸੇਂਟ ਜੌਹਨ ਨੂੰ ਹਮੇਸ਼ਾਂ ਪਹਿਲ ਦਿੰਦਾ ਹੈ। ਅੱਜ ਇਸ ਟ੍ਰਸਟ ਵੱਲੋਂ ਸ. ਰਘਬੀਰ ਸਿੰਘ ਜੇ.ਪੀ. ਦੇ ਯਤਨਾ ਸਦਕਾ ਇਕ ਹੋਰ ਅਤਿ ਆਧੁਨਿਕ ਐਂਬੂਲੈਂਸ ਥੇਮਸ ਖੇਤਰ ਵਿਖੇ ਭੇਟ ਕੀਤੀ ਗਈ। ਇਸ ਵੱਡੇ ਇਲਾਕੇ ਵਿੱਚ ਸਿਹਤ ਸਬੰਧੀ ਦੇਖਭਾਲ ਕਰਨ ਵਾਲੇ ਅਮਲੇ ਨੂੰ ਸ਼ਾਨਦਾਰ ਐਂਬੂ-ਲੈਂਸ ਮਿਲੀ ਜੋ ਕਿ ਕਾਰਗਾਰ ਸਾਬਿਤ ਹੋਵੇਗੀ। ਇਸ ਮੌਕੇ ਸੇਂਟ ਜੌਹਨ ਐਂਬੂਲੈਂਸ ਨਾਲ ਜੁੜੀਆਂ ਪ੍ਰਮੁੱਖ ਸ਼ਖਸ਼ੀਅਤਾਂ ਨੇ ਇਸ ਸ਼ਾਨਦਾਰ ਭੇਟ ਦੇ ਲਈ ਟ੍ਰਸਟ ਦਾ ਧੰਨਵਾਦ ਕੀਤਾ ਤੇ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਪੁੱਜੇ ਸ। ਰਘਬੀਰ ਸਿੰਘ ਜੇ।ਪੀ। ਹੋਰਾਂ ਨੇ ਵਾਅਦਾ ਕੀਤਾ ਕਿ ਆਉਂਦੇ ਸਮੇਂ ਵੀ ਇਸੇ ਤਰ੍ਹਾਂ ਦੇ ਹੋਰ ਯਤਨ ਕੀਤੇ ਜਾਂਦੇ ਰਹਿਣਗੇ।




ਇਸ ਮੌਕੇ ਮਾਓਰੀ ਭਾਈਚਾਰੇ ਅਤੇ ਇੰਗਲਿਸ਼ ਭਾਈਚਾਰੇ ਦੀ ਰਸਮੀ ਅਰਦਾਸ ਤੋਂ ਇਲਾਵਾ ਸਿੱਖ ਧਰਮ ਦੀ ਹਾਜ਼ਰੀ ਲਗਵਾਉਂਦਿਆਂ ਸ। ਪਰਮਿੰਦਰ ਸਿੰਘ ਪਾਪਾਟੋਏਟੋਏ ਹੋਰਾਂ ਨੇ ਵੀ ਸਿੱਖ ਅਰਦਾਸ ਕਰਕੇ ਹਾਜ਼ਰੀ ਲਗਵਾਈ। ਇਹ ਸਬੱਬ ਵਾਲੀ ਗੱਲ ਸੀ ਕਿ ਜਿੱਥੇ ਦੇਸ਼ ਵਿਦੇਸ਼ ਵਿੱਚ ਸਾਡਾ ਭਾਈਚਾਰਾ ਬੰਦੀ ਛੋੜ੍ਹ ਦਿਵਸ ਅਤੇ ਦਿਵਾਲੀ ਮਨਾ ਰਿਹਾ ਹੈ ਉਥੇ ਮਨੁੱਖਤਾ ਦੇ ਭਲੇ ਵਾਸਤੇ ਇਸ ਤਰ੍ਹਾਂ ਦੇ ਨਿਵੇਕਲੇ ਯਤਨ ਵੀ ਇਥੇ ਜਾਰੀ ਹਨ। ਇਸ ਐਂਬੂਲੈਂਸ ਦੀ ਕੀਮਤ ਲਗਭਗ 2 ਲੱਖ 19 ਹਜਾਰ ਡਾਲਰ ਦੇ ਕਰੀਬ ਹੈ।

ਇਸ ਮੌਕੇ ਥੇਮਸ ਦੇ ਕਾਰੋਬਾਰੀ ਪੰਕਜ ਗੁਪਤਾ ਤੇ ਰੂਹੀ ਗੁਪਤਾ ਵੱਲੋਂ ਦੀ ਤਰਫ ਤੋਂ ਸੌਰਵ ਗੁਪਤਾ ਨੇ ਹਾਜ਼ਰੀ ਲਗਵਾਈ, ਜਿਨ੍ਹਾਂ ਨੇ ਥੇਮਸ ਇਲਾਕੇ ਵਿੱਚ ਐਂਬੂਲੈਂਸ ਦਾਨ ਦੇਣ ਦਾ ਸਬੱਬ ਬਣਾਇਆ। ਵਾਕਿਆ ਹੀ ਸਿੱਖ ਧਰਮ ਵਿੱਚ ਸਰਬੱਤ ਦੇ ਭਲੇ ਦੇ ਸਿਧਾਂਤ ਅਤੇ ਭਾਈ ਘਨੱਈਆ ਜੀ ਦੇ ਪਾਏ ਪੂਰਨਿਆਂ ਨੂੰ ਜ਼ਿਹਨ ਦੇ ਵਿਚ ਰੱਖਦਿਆਂ ਅਜਿਹੇ ਕਾਰਜ ਮਨ ਨੂੰ ਵੱਡੀ ਤਸੱਲੀ ਬਖਸ਼ਦੇ ਹਨ। ਵੀ ਕੇਅਰ ਟ੍ਰਸਟ ਵਾਲਿਆਂ ਨੂੰ ਬਹੁਤ-ਬਹੁਤ ਵਧਾਈ।

# ਗੜ੍ਹੀ ਅਜੀਤ ਸਿੰਘ ਦੇ ਨਵੇਂ ਬਣੇ ਸਰਪੰਚ ਬਹਾਦਰ ਸਿੰਘ ਥਿਆੜਾ ਨੇ ਕੀਤਾ ਪਹਿਲੀ ਵਾਰ ਖ਼ੂਨਦਾਨ

**ਟਾਂਡਾ ਉੜਮੁੜ (ਬੱਗਾ ਸੇਲਕੀਆਣਾ)**- ਸੁਰ ਸੰਗੀਤ ਸੰਸਥਾ ਦੋਆਬਾ ਬੰਗਾ ਵਲੋਂ ਭਾਰਤ ਰਤਨ ਡਾ ਭੀਮ ਰਾਓ ਅੰਬੇਦਕਰ ਜੀ ਦੀ ਯਾਦ ਵਿੱਚ ਸਮਾਜ ਸੇਵੀ ਕਾਰਜਾਂ ਲਈ ਸਹਿਯੋਗ ਦਿੰਦੇ ਹਾਂ ਉਸੇ ਤਰਾਂ ਖ਼ੂਨਦਾਨ ਵੀ ਕਰਿਆ ਕਰੋ ਕਿਉਕਿ ਖ਼ੂਨਦਾਨ ਮਹਾਂ ਦਾਨ ਹੈ।



ਪਹਿਲਾ ਖ਼ੂਨ ਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਇਸ ਸ਼ੁਭ ਕਾਰਜ ਲਈ ਕਲਾਕਾਰ, ਗੀਤਕਾਰ, ਸੰਗੀਤਕਾਰ, ਸਮਾਜਿਕ ਸਖਸ਼ੀਅਤਾਂ ਵਲੋਂ ਖ਼ੂਨਦਾਨ ਕਰਕੇ ਆਪਣਾ ਯੋਗਦਾਨ ਪਾਇਆ ਤੇ ਉਥੇ ਨਾਲ ਹੀ ਬਲਾਕ ਔੜ ਦੇ ਇਤਿਹਾਸਕ ਪਿੰਡ ਗੜ੍ਹੀ ਅਜੀਤ ਸਿੰਘ ਦੇ 307ਵੋਟਾਂ ਪ੍ਰਾਪਤ ਕਰਕੇ ਪਹਿਲੀ ਵਾਰ ਬਣੇ ਸਰਪੰਚ ਬਹਾਦਰ ਸਿੰਘ ਥਿਆੜਾ (ਬਿੱਲੂ)ਨੇ ਵੀ ਖ਼ੂਨਦਾਨ ਕਰਕੇ ਪੰਚਾਂ ਸਰਪੰਚਾਂ ਨੂੰ ਸੇਧ ਦੇਣ ਦਾ ਕੰਮ ਕੀਤਾ ਇਸ ਮੌਕੇ ਸਰਪੰਚ ਬਹਾਦਰ ਸਿੰਘ ਥਿਆੜਾ ਨੇ ਆਖਿਆ ਕਈ ਖ਼ੂਨਦਾਨ ਕਰਨਾ ਕਿਸੇ ਦੀ ਜਿੰਦਗੀ ਬਚਾਉਣ ਦੇ ਬਰਾਬਰ ਹੈ ਜਿਵੇਂ ਬਾਕੀ

ਇਸ ਕਾਰਜ ਲਈ ਸੁਰ ਸੰਗੀਤ ਸੰਸਥਾ ਦੋਆਬਾ ਬੰਗਾ ਦੇ ਪ੍ਰਧਾਨ ਤੇ ਨੰਬਰਦਾਰ ਰਾਜ ਦਦਰਾਲ ਗੜ੍ਹੀ ਅਜੀਤ ਸਿੰਘ ਨੇ ਸਰਪੰਚ ਬਹਾਦਰ ਸਿੰਘ ਥਿਆੜਾ ਦਾ ਧੰਨਵਾਦ ਕੀਤਾ ਤੇ ਨਾਲ ਸਨਮਾਨਿਤ ਵੀ ਕੀਤਾ ਗਿਆ ਉਨਾਂ ਕਿਹਾ ਕਿ ਅਗਰ ਕਿਸੇ ਨੇ ਖ਼ੂਨਦਾਨ ਕਰਨਾਂ ਹੈ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦਾ ਹੈ ਇਸ ਮੌਕੇ ਲੋਕ ਗਾਇਕ ਰੂਪ ਲਾਲ ਧੀਰ,ਵਿਜੇ ਗੁਣਾਚੌਰ, ਗੀਤਕਾਰ ਬਹਾਦਰ ਸਿੰਘ ਜਰਮਨੀ, ਮੱਖਣ ਬਖਲੌਰ, ਅਮਰੀਕ ਸਿੰਘ ਪੁਰੇਵਾਲ, ਜਗਦੀਸ਼ ਜਾਡਲਾ ਤੋ ਇਲਾਵਾ ਹੋਰ ਵੀ ਹਾਜ਼ਰ ਸਨ।




ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਰਾਮਨੀਤੂ ਚੌਧਰੀ ਬੰਦ ਦਰਵਾਜੇ ਕੇ ਪੀਛੇ

ਕੁੜੀ ਪੰਜਾਬ ਦੀ, ਜੱਟੀ ਲੁਧਿਆਣੇ ਦੀ ਰਮਨੀਤੂ ਚੌਧਰੀ ਅੱਜ ਕੱਲ ਡਰਾਵਣੀ ਫ਼ਿਲਮ ਦੇ ਬਾਦਸ਼ਾਹ ਬੈਨਰ ਰਾਮਸੇ ਭਰਾਵਾਂ ਦੇ ਡਰਾਉਣੇ ਸੀਰੀਅਲ "ਬੰਦ ਦਰਵਾਜੇ ਕੇ ਪੀਛੇ" ਵਿੱਚ ਆ ਰਹੀ ਹੈ। ਇੱਕ ਪ੍ਰੇਮ ਦੇ





ਆਲਿੰਗਨ ਦ੍ਰਿਸ਼ ਵਿੱਚ ਜਦ ਹ ਆਰੀਆ ਬੱਬਰ ਨਾਲ ਕੈਮਰੇ ਮੂਹਰੇ ਆਈ ਤਾਂ ਡਰ ਜਿਹਾ ਗਈ ਪਰ ਸਥਿਤੀ ਸੰਭਾਲ ਲਈ ਆਰੀਆ ਨੇ ਤੇ ਫਿਰ ਸਹਿਜ ਹੋ ਕਿ ਰਮਨੀਤੂ ਨੇ ਦ੍ਰਿਸ਼ ਦਿੱਤੇ। ਪੰਜਾਬੀ ਗੀਤਾਂ ਦੀ ਮਾਡਲ ਰਹੀ ਹ ਗਾਇਕ ਹਾਕਮ ਬਖਤੜੀਵਾਲਾ ਦੀ ਬੇਟੀ ਹੈ ਤੇ ਸ ਦੀ ਕਲਾਕਾਰ ਮਾਂ ਦਲਜੀਤ ਕੌਰ ਸ ਦੀ ਸਹੇਲੀ ਤਰਾਂ ਹੈ। ਮਾਂ ਧੀ ਦਾ ਕਾਹਦਾ ਪਰਦਾ ਤੇ ਇਸ ਹੌਸਲੇ ਨਾਲ ਹ ਸਾਊਥ ਦੀ ਫ਼ਿਲਮ ਸਟਾਰ ਬਣ ਹੁਣ ਬਾਲੀਵੁੱਡ ਤਰੱਕੀ ਕਰੇਗੀ।

### ਠਾਕਰ ਤਪੱਸਵੀ ਸੰਗੀਤ ਖੇਤਰ ਵੱਲ ਵੀ

ਪੰਜਾਬੀ ਫ਼ਿਲਮਾਂ ਦੇ ਸਟਾਰ ਨਿਰਦੇਸ਼ਕ ਠਾਕਰ ਤਪੱਸਵੀ ਹੁਣ ਪੰਜਾਬੀ ,ਹਿੰਦੀ ਤੇ ਮਰਾਠੀ ਸੰਗੀਤ ਵੀ ਬੀਟ ਐਂਡ ਬਕ ਇਟ ਮਿਊਜ਼ਿਕ ਦੇ ਪਰਚਮ ਹੇਠ ਰਲੀਜ਼ ਕਰਦੇ ਹਨ। ਗੁੱਗੂ ਗਿੱਲ ਨਾਲ "ਜੰਗ ਦਾ ਮੈਦਾਨ" ਟੀਨਾ ਘਈ ਨਾਲ "ਰਾਜਨੀਤੀ " ਤੇ ਪਾਕਸਤਾਨੀ ਹੀਰੋਇਨ ਸਨਾ ਨਾਲ "ਦਿਲ ਪਰਦੇਸੀ ਹੋ ਗਿਆ" ਡਾਇਰੈਕਟ ਕਰਨ ਵਾਲੇ ਠਾਕਰ ਤਪੱਸਵੀ ਅਸਲ ਵਿੱਚ ਗੀਤਕਾਰ ਬਣ ਫਿਲਮੀ ਦੁਨੀਆਂ ਵਿੱਚ ਆਏ ਸਨ। ਇਸ ਲਈ ਸੰਗੀਤ ਨਾਲ ਹਨਾਂ ਦਾ ਪਿਆਰ ਹੋਣਾ ਸੁਭਾਵਿਕ ਹੈ। ਠਾਕਰ ਤਪੱਸਵੀ ਪਹਿਲਾਂ ਸਾਊਥ ਦੀਆਂ ਫ਼ਿਲਮਾਂ ਦੇ ਡਬਿੰਗ ਅਧਿਕਾਰ ਵੀ ਲੈਂਦੇ ਰਹੇ ਹਨ।

### ਜਿੰਦ ਕਾਹਲੋਂ ਦਾ ਨਿਸ਼ਾਨਾ ਫ਼ਿਲਮਾਂ ਹਨ

ਪ੍ਰਵਾਸੀ ਪੰਜਾਬੀ ਗਾਇਕ ਜਿੰਦ ਕਾਹਲੋਂ ਹੁਣ ਪੰਜਾਬੀ ਫ਼ਿਲਮਾਂ ਵਿੱਚ ਅਦਾਕਾਰੀ ਕਰਨਾ ਚਾਹੁੰਦੇ ਹਨ ਤੇ ਨਾਲ ਹੀ ਪਲੇ ਬੈਕ ਸਿੰਗਰ ਬਣ ਅੱਗੇ ਆ ਣ ਲਈ ਸਰਗਰਮ ਹਨ। ਧਰਮ ਦੇ ਨਾਮ ਤੇ ਪਾਖੰਡ ਤੇ ਨਸ਼ੇ ਵਿੱਚ ਰੁਲਦੀ ਪੰਜਾਬੀ ਜਵਾਨੀ ਤੇ ਹਨਾਂ ਦਾ ਗਾਇਆ ਗੀਤ "ਬਲੈਕ ਤਰੁਥ" ਕਾਫੀ ਚਰਚਿਤ ਹੋਇਆ ਹੈ। ਕੰਵਲਜੀਤ





ਮਾਨਾਂਵਾਲਾ ਦੇ ਉਤਸ਼ਾਹ ਨਾਲ ਹ ਦੱਸਦੇ ਹਨ ਕਿ ਕੁੱਝ ਫ਼ਿਲਮਾਂ ਦੇ ਸੱਦੇ ਹਨਾਂ ਨੂੰ ਆਏ ਹਨ। ਕਾਹਲੋਂ ਖੁਦ ਅੱਛੇ ਸੰਗੀਤਕਾਰ ਵੀ ਹਨ ਤੇ ਕਨੇਡਾ ਵਾਸੀ ਹਨ। ਹਨਾਂ ਦਾ ਪਿਛੋਕੜ ਬਟਾਲਾ ਪੰਜਾਬ ਤੋਂ ਹੈ।

### ਬਲਜਿੰਦਰ ਸਿੱਧੂ ਨੇ ਪੂਨਮ ਸੂਦ ਤੇ ਪ੍ਰਭ ਗਰੇਵਾਲ ਨੂੰ ਬਣਾਇਆ "ਟਰੈਵਲ ਏਜੰਟ"

ਜਿਸ ਫ਼ਿਲਮ ਦਾ ਮਹੂਰਤ ਧਰਮਿੰਦਰ ਕਰਨ ਹ ਵੱਡੇ ਪੱਧਰ ਦੀ ਫ਼ਿਲਮ ਹੋਊ ਤੇ ਨਿਰਦੇਸ਼ਕ ਵੀ ਕੋਈ ਕਾਬਿਲ ਹੀ ਹੋਏਗਾ। ਬਲਜਿੰਦਰ ਸਿੱਧੂ ਜਿਹਨਾਂ ਦਾ ਲੰਬਾ ਫ਼ਿਲਮ ਤਜ਼ਰਬਾ ਹੈ ਇਸ ਫ਼ਿਲਮ ਜਿਸ ਦਾ ਨਾਮ "ਟਰੈਵਲ ਏਜੰਟ" ਹੈ ਨੂੰ ਡਾਇਰੈਕਟ ਕਰ ਰਹੇ ਹਨ ਤੇ ਧਰਮ ਭਾਜੀ ਨੇ ਫ਼ਿਲਮ ਦਾ ਮਹੂਰਤ ਕੀਤਾ ਹੈ। ਜਿੱਥੇ ਸੋਨੂੰ ਬੱਗੜ ਨੂੰ ਹ ਲਿਆ ਰਹੇ ਹਨ ਥੇ ਹ ਗੁਲਸ਼ਨ ਗਰੋਵਰ ਨੂੰ ਵੀ ਫ਼ਿਲਮ ਵਿੱਚ ਲਿਆ ਰਹੇ ਹਨ। ਖਾਸ ਗੱਲ ਇਹ ਕਿ ਤੇਜ਼ੀ ਨਾਲ ਉਭਰਦੀ ਨਾਇਕਾ ਪ੍ਰਭ ਗਰੇਵਾਲ ਨੂੰ ਹ ਚਮਕਾ ਰਹੇ ਹਨ। ਖਾਸ ਇਹ ਕਿ ਬਹੁਤ ਟੈਲੇਂਟ ਵਾਲੀ ਪੂਨਮ ਸੂਦ ਨੂੰ ਹਨਾਂ ਦੂਜੀ ਨਾਇਕਾ ਵੱਜੋਂ ਲਿਆ ਹੈ। ਬਲਜਿੰਦਰ ਸਿੱਧੂ ਦੀ ਖਾਸੀਅਤ ਇਹ ਹੈ ਕਿ ਹ ਪੂਰਾ ਪੇਪਰ ਵਰਕ ਕਰ ਕਿ ਫ਼ਿਲਮ ਨੂੰ ਸੈਟ ਤੇ ਲਿਜਾਂਦੇ ਹਨ।

### ਤੇਜੀ ਸੰਧੂ ਨੇ ਫੜ੍ਹ ਲਈ ਫਿਰ ਰਫ਼ਤਾਰ

ਕੁੱਝ ਘਰੇਲੂ ਕੰਮ ਕਾਰ ਤੇ ਰਾਜਨੀਤੀ ਵਿੱਚ ਸਰਗਰਮੀ ਕਾਰਣ ਕੁੱਝ ਦੇਰ ਫਿਲਮੀ ਆਰਾਮ ਦੇ ਬਾਅਦ ਸੋਨ ਪਰੀ ਤੇਜੀ ਸੰਧੂ ਫਿਰ ਫ਼ਿਲਮਾਂ ਲਈ ਸਰਗਰਮ ਹੋਈ ਹੈ। ਫ਼ਿਲਮਾਂ ਨੇ ਹੀ ਰਾਜਨੀਤੀ ਦਾ ਰਸਤਾ ਦਿਖਾਇਆ ਸੀ ਤੇ ਫ਼ਿਲਮਾਂ ਹ ਕਿਵੇਂ ਛੱਡ ਸਕਦੀ ਹੈ, ਇਹ ਤਾਂ ਜਨੂੰਨ ਹੈ। ਤੇਜ਼ੀ ਜਿੱਥੇ ਆਪਣਿਆਂ ਨਾਲ "ਆਖਰੀ ਵਾਰਿਸ" ਮੁਕੰਮਲ ਕਰੇਗੀ ਥੇ ਸ ਨੇ ਕਿਹਾ ਕਿ ਸਾਊਥ ਵਿੱਚ





ਜਿਵੇਂ ਨੇਤਾ ਅਭਿਨੇਤਾ ਹੁੰਦੇ ਉਮੀਦ ਹੈ ਕਿ ਹ ਪੰਜਾਬ ਭਾਜਪਾ ਦੇ ਕਿਸਾਨ ਮਹਿਲਾ ਮੋਰਚੇ ਦੀ ਅਗਵਾਈ ਕਰੇਗੀ ਤੇ ਪੰਜਾਬੀ ਫ਼ਿਲਮਾਂ ਵੀ ਜ਼ੋਰ ਅਜ਼ਮਾਈ ਕਰੇਗੀ। ਤੇਜ਼ੀ ਦਾ ਮੁੱਕਦਰ ਪਹਿਲਾਂ ਹੀ ਤੇਜ਼ ਹੈ।

### ਗੁਰਪ੍ਰੀਤ ਘੁੱਗੀ ਸਾਥੀਆ ਸਾਥ ਨਿਭਾਨਾ

ਘੁੱਗੀ ਭਾਜੀ ਅੱਜ ਸਟਾਰ ਨੇ ਤਾਂ ਸ਼੍ਰੀਮਤੀ ਘੁੱਗੀ ਦਾ ਪੂਰਾ ਸਹਿਯੋਗ ਹੈ। ਸੰਘਰਸ਼ ਦੇ ਦੌਰ ਵਿੱਚ ਪੂਰਾ ਸਾਥ ਦਿੱਤਾ ਤੇ ਟੀਵੀ ਤੇ ਨਾਲ ਮਿਲ ਅਦਾਕਾਰੀ ਤੇ ਸ਼ੋ ਵਿੱਚ ਆ ਕਿ ਪੂਰੇ ਇੰਡੀਆ ਦੀ ਵਾਹ ਵਾਹ ਲਈ ਸੀ। ਗੁਰਪ੍ਰੀਤ ਘੁੱਗੀ ਵੀ ਅਕਸਰ ਆਖਦੇ ਨੇ ਕਿ ਮੇਰੀ ਸਰਦਾਰਨੀ ਨੇ ਮੈਨੂੰ ਕਦੇ ਮੁਸ਼ਕਿਲ ਵਿੱਚ ਰਹਿਣ ਹੀ ਨਹੀਂ ਦਿੱਤਾ। ਘਰ ਵੀ ਸਾਂਭਿਆ ਤੇ ਮਾਤਾ ਪਿਤਾ ਤੇ ਬੱਚਿਆਂ ਦਾ ਵੀ ਪੂਰਾ ਖਿਆਲ ਰੱਖਿਆ। ਗੁਰਪ੍ਰੀਤ ਘੁੱਗੀ ਗੁਰਦਾਸਪੁਰ ਜਿਲ੍ਹੇ ਦੀ ਸ਼ਾਨ ਹਨ ।ਵੈਸੇ ਹੱਸ ਕਿ ਆਖਦੇ ਨੇ ਹਨਾਂ ਨੂੰ ਗੀਤਕਾਰ ਸ ਦੀ ਪਤਨੀ ਨੇ ਹੀ ਬਣਾਇਆ।ਜਿਸ ਤਰਾਂ ਦਾ ਪੂਰਾ ਸਾਥ, ਪ੍ਰੇਮ ਤੇ ਸਹਿਯੋਗ ਦੋਨਾਂ ਵਿੱਚ ਹੈ ਹ ਕਲਾਕਾਰ ਵਰਗ ਲਈ ਇੱਕ ਮਿਸਾਲ ਹੈ। ਗੁਰਪ੍ਰੀਤ ਘੁੱਗੀ ਅੱਜ ਵੀ ਫ਼ਿਲਮਾਂ ਵਿੱਚ ਪੂਰੇ ਐਕਟੀਵ ਹਨ। ਇਹਨਾਂ ਦੀ ਸਰਦਾਰਨੀ ਇਹੀ ਦੁਆ ਕਰਦੀ ਹੈ ਕਿ ਹ ਹਰ ਤਰਾਂ ਦੇ ਵੱਖਰੇ ਕਿਰਦਾਰ ਕਰਦੇ ਰਹਿਣ ਤੇ ਪੰਜਾਬੀਆਂ ਨੂੰ ਹਸਾ ਹਸਾ ਕਿ ਮੰਤਰ ਮੁਗਧ ਕਰਦੇ ਰਹਿਣ।

## ਅੱਧੀ ਬਾਲੀਵੁੱਡ ਦੇ ਗਾਇਕ ਕਲਾਕਾਰਾਂ ਦੇ ਐਲਬਮ ਗੀਤ ਪੇਸ਼ ਕਰ ਕਿ ਸਟਾਰ ਸੰਗੀਤ ਪੇਸ਼ਕਾਰ ਹਨ-ਰਾਮ ਭੋਗਪੁਰ

ਜ਼ਿੰਦਗੀ ਕਈ ਰੰਗ ਦਿਖਾ ਦਿੰਦੀ ਹੈ ਇਨਸਾਨ ਨੂੰ ਤੇ ਕਿਸਮਤ ਇਸ ਵਿੱਚ ਵੱਡਾ ਰੋਲ ਅਦਾ ਕਰਦੀ ਹੈ। ਗੱਲ ਰਾਮ ਭੋਗਪੁਰ ਦੀ ਜਿਸ ਨੂੰ ਅੱਜ ਭਾਰਤ ਦੀ ਅੱਧੀ ਬਾਲੀਵੁੱਡ ਸੰਗੀਤ ਪੇਸ਼ਕਾਰ ਵਜੋਂ ਜਾਣਦੀ ਹੈ ਜਿਵੇਂ ਟਿਪਸ ਦੇ





ਰਮੇਸ਼ ਤੋਰਾਨੀ ਤੇ ਟੀ ਸੀਰੀਜ਼ ਦੇ ਗੁਲਸ਼ਨ ਕੁਮਾਰ ਨੂੰ ਜਾਣਦੀ ਰਹੀ ਹੈ। ਜਲੰਧਰ ਜਿਲੇ ਦੇ ਕਸਬੇ ਭੋਗਪੁਰ ਦੇ ਰਾਮ ਨੂੰ ਕਲਾਕਾਰੀ ਦਾ ਸ਼ੌਂਕ ਸੀ ਪਰ ਘਰ ਦੇ ਹਲਾਤ ਸਧਾਰਨ ਸਨ। ਹਿੰਮਤ ਨਹੀਂ ਹਾਰੀ ਸਟੇਜ ਕਮੇਡੀ ਨੇ ਦੂਰਦਰਸ਼ਨ ਪਹੁੰਚਾ ਦਿੱਤਾ ਤੇ ਵਿਚਾਲੇ ਹੀ ਗਾਇਕੀ ਕਰ ਗੁਜਰ ਵੀ ਕੀਤੀ ਤੇ ਥੋੜ੍ਹਾ ਬਹੁਤ ਨਾਮ ਵੀ ਬਣਾ ਲਿਆ। ਵੱਡੀ ਪਲਟੀ ਕਿਸਮਤ ਨੇ ਮਾਰੀ ਤੇ ਯੂ ਐਸ ਏ ਜਿਹੇ ਦੇਸ਼ ਜਾ ਕਿ ਮਿਹਨਤ ਕਰ ਪਤਾ ਹੀ ਤਦ ਚਲਿਆ ਜਦ ਆਰ ਜੇ ਬੀਟ ਦਾ ਮਾਲਿਕ ਬਣ ਗਿਆ।

ਹੁਣ ਤੇ ਆਰ ਜੇ ਭਗਤੀ ਵੀ ਰਾਮ ਦਾ ਹੀ ਚੈਨਲ ਹੈ। ਪੰਮਾ ਮੱਲ੍ਹੀ, ਗੁਰਲੇਜ਼ ਅਖਤਰ ਕਲਾਕਾਰਾਂ ਦੇ ਟਰੈਕ ਪੇਸ਼ ਕਰਦੇ ਕਰਦੇ ਸੁਰਿੰਦਰ ਮਕਸੂਦਪੁਰੀ ਤੇ ਰੁਪੀਨ ਕਾਹਲੋ ਦੇ ਟਰੈਕ ਰਾਮ ਜੀ ਨੇ ਪੇਸ਼ ਕੀਤੇ। ਹੁਣ ਪੰਜਾਬੀ ਸੰਗੀਤ ਤੇ ਚਲ ਹੀ ਰਿਹਾ ਸੀ ਕਿ ਹਿਮਾਚਲੀ ਸੰਗੀਤ ਵਿੱਚ ਵੀ ਰਾਮ ਦਾ ਨਾਮ ਬਣ ਗਿਆ। ਹੁਣ ਗੱਲ ਵੱਡੀਆਂ ਪ੍ਰਾਪਤੀਆਂ ਦੀ ਤਾਂ ਅਨੁਰਾਧਾ ਪੌਡਵਾਲ ਨੂੰ ਪੇਸ਼ ਕੀਤਾ ਤੇ ਅਨੂਪ ਜਲੋਟਾ ਦੇ ਭਜਨ ਲੋਕਾਂ ਤੱਕ ਪਹੁੰਚਦੇ ਕੀਤੇ। ਸੁਰੇਸ਼ ਵਾਦੇਕਰ ਤੇ ਕਵਿਤਾ ਪੌਡਵਾਲ ਤੋ ਬਾਅਦ ਬਾਲੀਵੁੱਡ ਦੀ ਸਟਾਰ ਗਾਇਕਾ ਸਾਧਨਾ ਸਰਗਮ ਦੇ ਟਰੈਕ ਰਾਮ ਭੋਗਪੁਰ ਦੀ ਪੇਸ਼ਕਸ਼ ਬਣੇ ਹਨ।ਰਾਮ ਦੀ ਖ਼ੂਬੀ ਇਹ ਕਿ ਉਹ ਸਮੇਂ ਦੀ ਨਬਜ਼ ਅਨੁਸਾਰ ਚਲਦੇ ਹਨ। ਹਿੰਦੂ ਤਿਉਹਾਰਾਂ ਤੇ "ਮਾਤਾ ਦੀਆਂ ਭੇਟਾਂ, ਰਾਮ ਚਰਿਤ ਮਾਨਸ, ਰਮਾਇਣ ਦੇ ਸਲੋਕ, ਰਵਿਦਾਸ ਮਹਾਰਾਜ ਦੇ ਟਰੈਕ, ਵਾਲਮੀਕ ਮਹਾਰਾਜ ਉੱਪਰ ਧਾਰਮਿਕ ਗੀਤ ਤੇ ਗੁਰਪੁਰਬ ਤੇ ਮੂਲ ਮੰਤਰ ਉਹਨਾਂ ਅਨੁਜਾ ਸਿਨ੍ਹਾ, ਤ੍ਰਿਪਤੀ ਸਕਿਆ, ਸੁਦੇਸ਼ ਭੋਂਸਲੇ ਸਮੇਤ ਅਨੇਕਾਂ ਬਾਲੀਵੁੱਡ ਆਵਾਜ਼ਾਂ ਵਿੱਚ ਜ਼ਾਰੀ ਕੀਤੇ ਹਨ। ਉਹ ਆਖਦੇ ਨੇ ਮੇਰੀ ਇੱਕ ਚੰਗੀ ਟੀਮ ਹੈ ਜਿਸ ਵਿੱਚ ਵੀਡਿਓ ਨਿਰਦੇਸ਼ਕ ਬਾਬਾ ਕਮਲ ਹਨ, ਮੁਨੀਸ਼ ਸ਼ਰਮਾ ਹਨ ਤੇ ਹੁਣ ਬੰਨੀ ਸ਼ਰਮਾ ਵੀ ਇਸ ਟੀਮ ਲਈ ਪ੍ਰੋਜੈਕਟ ਦੇ ਰਹੇ ਹਨ। ਰਾਮ ਭੋਗ ਪੁਰੀਆ ਕਨੇਡਾ ਤੱਕ ਗਾਇਕੀ ਦਾ ਵਿਸਥਾਰ ਕਰ ਰਹੇ ਹਨ।

ਉਹ ਭਵਿੱਖ ਵਿੱਚ ਪੰਜਾਬੀ ਫ਼ਿਲਮਾਂ ਦਾ ਸੰਗੀਤ ਰਲੀਜ਼ ਕਰਿਆ ਕਰਨਗੇ ਤੇ ਫਿਰ ਬਾਲੀਵੁੱਡ ਵੱਲ ਜਾਣਗੇ। ਇਸ ਤੋਂ ਬਾਅਦ ਉਹ ਆਪਣੇ ਮਨਪਸੰਦ ਵਿਸ਼ੇ ਕਮੇਡੀ ਤੇ ਇੱਕ ਵੱਡੀ ਪੰਜਾਬੀ ਫ਼ਿਲ੍ਮ ਦਾ ਨਿਰਮਾਣ ਕਰਨਗੇ। ਰਾਮ ਇੱਕ ਚੋਟੀ ਦੇ ਐਕਟਰ ਵੀ ਰਹੇ ਹਨ ਤੇ ਅਮਰੀਕਾ ਵਿਖੇ ਬਲਵਿੰਦਰ ਬਾਜਵਾ ਦੇ ਭਾਰਤੀ ਕਲਾਕਾਰਾਂ ਦੇ ਸ਼ੋ ਨਾਲ ਵੀ ਜੁੜੇ ਰਹਿੰਦੇ ਹਨ। ਡਿਜੀਟਲ ਯੁੱਗ ਵਿੱਚ ਉਹ ਸੰਗੀਤ ਕੰਪਨੀਆਂ ਵਿੱਚ ਮੁਕਾਬਲਾ ਸਮਝਦੇ ਹਨ ਪਰ ਜਿਸ ਕੋਲ ਟੀਮ ਚੰਗੀ ਹੋਊ ਇਹ ਮੁੱਕਦਰ ਕਾ ਸਿਕੰਦਰ ਬਣੇਗਾ ਅਕਸਰ ਉਹ ਆਖਦੇ ਹਨ। ਸ਼ਿਲਪਾ ਸ਼ੈਟੀ, ਮਮਤਾ, ਭਾਰਤੀ ਸਿੰਘ, ਨੀਲਮ ਭੁਪਿੰਦਰ ਗਿੱਲ ਜਿਹੇ ਸਟਾਰ ਗਾਇਕ ਅਕਸਰ ਰਾਮ ਦੇ ਸੱਦੇ ਤੇ ਚਲੇ ਆ ਂਦੇ ਰਹੇ ਹਨ। ਰਾਮ ਭੋਗ ਪੁਰੀਆ ਦਾ ਮੰਤਵ ਪੰਜਾਬੀ ਦੇ ਸੁਰੀਲੇ ਸੰਗੀਤ ਨੂੰ ਵਿਸ਼ਵ ਪੱਧਰ ਤੇ ਵਧੀਆ ਥਾਂ ਦਿਵਾਉਣ ਦਾ ਹੈ। ਪੰਜਾਬੀ ਬੋਲੀ ਤੇ ਸੱਭਿਆਚਾਰ ਨਾਲ ਵਿਦੇਸ਼ ਰਹਿੰਦੀ ਪੀੜ੍ਹੀ ਨੂੰ ਜੋੜਨ ਦਾ ਹੈ। ਰਾਮ ਭੋਗ ਪੁਰੀਆ ਇਸ ਸਮੇਂ ਭਾਰਤੀ ਸੰਗੀਤ ਦੁਨੀਆਂ ਦੇ ਆਪਣੇ ਰੁਤਬੇ ਮੁਤਾਬਿਕ ਸਟਾਰ ਪੇਸ਼ਕਾਰ ਹਨ।

**ਪੇਸ਼ਕਸ਼-ਅੰਮ੍ਰਿਤ ਪਵਾਰ**

## ਭਾਰਤ 'ਚ 2033 ਤੱਕ ਸਾਲਾਨਾ 1 ਟ੍ਰਿਲੀਅਨ ਸਾਈਬਰ ਹਮਲੇ ਹੋਣ ਦੀ ਸੰਭਾਵਨਾ

**ਨਵੀਂ ਦਿੱਲੀ-** ਭਾਰਤ ਵਿੱਚ ਸਾਈਬਰ ਹਮਲਿਆਂ ਦੇ ਮਾਮਲੇ ਬਹੁਤ ਤੇਜ਼ੀ ਨਾਲ ਵੱਧ ਰਹੇ ਹਨ। ਇਸ ਸਮੱਸਿਆ ਬਾਰੇ ਸਾਈਬਰ ਸੁਰੱਖਿਆ ਮਾਹਿਰਾਂ ਨੇ ਸਾਈਬਰ ਹਮਲਿਆਂ ਦੇ ਮਾਮਲਿਆਂ 'ਚ ਵਾਧੇ 'ਤੇ ਚਿੰਤਾ ਪ੍ਰਗਟਾਈ ਅਤੇ ਇਸ ਸਮੱਸਿਆ ਨਾਲ ਨਜਿੱਠਣ ਲਈ ਸਖ਼ਤ ਕਦਮ ਚੁੱਕਣ ਦੀ ਲੋੜ 'ਤੇ ਜ਼ੋਰ ਦਿੱਤਾ । ਉਨ੍ਹਾਂ ਮੁਤਾਬਕ ਜੇਕਰ ਇਸ 'ਤੇ ਕਾਬੂ ਨਾ ਪਾਇਆ ਗਿਆ ਤਾਂ 2033 ਤੱਕ ਭਾਰਤ 'ਚ ਹਰ ਸਾਲ ਲਗਭਗ 1 ਟ੍ਰਿਲੀਅਨ ਸਾਈਬਰ ਹਮਲੇ ਹੋ ਸਕਦੇ ਹਨ ਅਤੇ ਸਾਲ 2047 ਤੱਕ ਦੇਸ਼ 'ਤੇ 17 ਖਰਬ ਸਾਈਬਰ ਹਮਲੇ ਹੋ ਸਕਦੇ ਹਨ। ਗੈਰ-ਲਾਭਕਾਰੀ ਸੰਗਠਨ ਪ੍ਰਹਾਰ ਨੇ "ਦ ਇਨਵਿਜ਼ੀਬਲ ਹੈਂਡ" ਸਿਰਲੇਖ ਵਾਲੀ ਇੱਕ ਰਿਪੋਰਟ ਜਾਰੀ ਕੀਤੀ ਹੈ, ਜੋ ਇੱਕ ਮਜ਼ਬੂਤ ਅਤੇ ਵੱਡੇ ਪੈਮਾਨੇ ਦੇ ਸਾਈਬਰ ਸੁਰੱਖਿਆ ਤੰਤਰ ਦੀ ਫੌਰੀ ਲੋੜ ਨੂੰ ਦਰਸਾਉਂਦੀ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਭਾਰਤ ਦੇ ਡਿਜੀਟਲ ਈਕੋਸਿਸਟਮ ਦਾ ਤੇਜ਼ੀ ਨਾਲ ਵਿਸਤਾਰ ਇਸ ਦੇ ਜ਼ੋਖਮਾਂ ਨੂੰ ਵਧਾ ਰਿਹਾ ਹੈ। ਏਮਜ਼ ਅਤੇ ਏਅਰਲਾਈਨਜ਼ 'ਤੇ ਸਾਈਬਰ ਹਮਲੇ ਇਸ ਦੀਆਂ ਉਦਾਹਰਣਾਂ ਹਨ। ਰਿਪੋਰਟ ਮੁਤਾਬਕ ਦੇਸ਼ ਨੂੰ ਪਿਛਲੇ ਸਾਲ 79 ਮਿਲੀਅਨ ਤੋਂ ਵੱਧ ਸਾਈਬਰ ਹਮਲਿਆਂ ਦਾ ਸਾਹਮਣਾ ਕਰਨਾ ਪਿਆ, ਜੋ ਸਾਲ 2022 ਦੇ ਮੁਕਾਬਲੇ 15 ਫੀਸਦੀ ਵੱਧ ਹੈ। ਅਜਿਹੀਆਂ ਘਟਨਾਵਾਂ ਦੀ ਗਿਣਤੀ ਦੇ ਮਾਮਲੇ ਵਿੱਚ ਇਹ ਦੁਨੀਆ ਭਰ



ਵਿੱਚ ਤੀਜੇ ਨੰਬਰ 'ਤੇ ਹੈ। ਇਹ ਵਾਧਾ ਇਸ ਸਾਲ ਪਹਿਲੀ ਤਿਮਾਹੀ ਵਿੱਚ 500 ਮਿਲੀਅਨ ਤੋਂ ਵੱਧ ਘਟਨਾਵਾਂ ਦੇ ਨਾਲ ਜਾਰੀ ਰਿਹਾ। ਵਿਸ਼ਵ ਪੱਧਰ 'ਤੇ, ਇਸ ਸਾਲ ਦੀ ਪਹਿਲੀ ਤਿਮਾਹੀ ਵਿੱਚ ਸਾਈਬਰ ਹਮਲਿਆਂ ਵਿੱਚ 76 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਿਸ ਵਿੱਚ ਭਾਰਤ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ ਵਿੱਚੋਂ ਇੱਕ ਹੈ।

ਇਸ ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿੱਚ, ਭਾਰਤੀ ਸਾਈਬਰ ਅਪਰਾਧੀਆਂ ਦਾ ਸ਼ਿਕਾਰ ਹੋਏ ਅਤੇ 1,750 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ, ਰਾਸ਼ਟਰੀ ਸਾਈਬਰ ਅਪਰਾਧ ਰਿਪੋਰਟਿੰਗ ਪੋਰਟਲ 'ਤੇ 7.4 ਲੱਖ ਸ਼ਿਕਾਇਤਾਂ ਰਾਹੀਂ ਰਿਪੋਰਟ ਕੀਤੀ ਗਈ। ਇਹ ਰਿਪੋਰਟ ਕੰਮ 'ਤੇ ਸੰਗਠਿਤ ਰਣਨੀਤੀਆਂ ਦੇ ਨਾਲ ਸੱਟੇਬਾਜ਼ੀ ਅਤੇ ਗੇਮਿੰਗ ਐਪਸ ਦੁਆਰਾ ਵਧ ਰਹੇ ਖਤਰਿਆਂ ਦੀ ਵੀ ਪੜਚੋਲ ਕਰਦੀ ਹੈ। ਪ੍ਰਹਾਰ ਦੇ ਪ੍ਰਧਾਨ ਅਭੈ ਮਿਸ਼ਰਾ ਨੇ ਕਿਹਾ ਕਿ ਸਾਈਬਰ ਹਮਲੇ ਦੋ ਤਰ੍ਹਾਂ ਦੇ ਹੁੰਦੇ ਹਨ। ਪਹਿਲੇ ਵਿੱਚ ਰਵਾਇਤੀ ਹੈਕਰ ਸ਼ਾਮਲ ਹੁੰਦੇ ਹਨ ਜੋ ਵਿੱਤੀ ਲਾਭ ਜਾਂ ਵਿਘਨ ਲਈ ਪ੍ਰਣਾਲੀਆਂ ਵਿੱਚ ਕਮਜ਼ੋਰੀਆਂ ਦਾ ਸ਼ੋਸ਼ਣ ਕਰਦੇ ਹਨ। ਦੂਜਾ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ, ਉਹਨਾਂ ਨੂੰ ਹੇਰਾਫੇਰੀ, ਜ਼ਬਰਦਸਤੀ ਜਾਂ ਧਮਕੀਆਂ ਦੁਆਰਾ ਰਾਸ਼ਟਰ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਭਰਤੀ ਕਰਦਾ ਹੈ। ਇਸ ਕਿਸਮ ਦੀ ਰਣਨੀਤੀ ਸਭ ਤੋਂ ਵੱਧ ਗੈਰ-ਕਾਨੂੰਨੀ ਸੱਟੇਬਾਜ਼ੀ ਐਪਸ 'ਤੇ ਵਰਤੀ ਜਾਂਦੀ ਹੈ। ਇਹ ਰਣਨੀਤੀ ਵੀ ਬੰਗਲਾਦੇਸ਼ ਵਿੱਚ ਅਪਣਾਈ ਗਈ ਰਣਨੀਤੀ ਵਰਗੀ ਹੈ, ਜਿੱਥੇ ਵਿਰੋਧੀਆਂ ਨੇ ਆਮ ਨਾਗਰਿਕਾਂ ਦੇ ਨਾਲ-ਨਾਲ ਸਰਕਾਰੀ ਅਦਾਰਿਆਂ ਨੂੰ ਕਮਜ਼ੋਰ ਕੀਤਾ।

NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

Raja SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

